PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

1st - 8th August 2024 • Issue No. 3041

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ ਅਜਾਇਬਘਰ ਡਰਬੀ ਦੇ ਦੌਰੇ ਦੌਰਾਨ ਸਿਰਦਾਰ ਗਜਿੰਦਰ ਸਿੰਘ ਦਾ ਚਿੱਤਰ ਅਜਾਇਬ ਘਰ ਵਿਖੇ ਲਾਇਆ- ਸਿੰਘ ਸਾਹਿਬ ਵੱਲੋਂ ਸਿੱਖ ਅਜਾਇਬ ਘਰ ਅਤੇ ਸ਼ਹੀਦੀ ਯਾਦਗਾਰ ਬਣਾਉਣ ਲਈ ਗੁਰਦੁਆਰਾ ਸਿੰਘ ਸਭਾ ਡਰਬੀ ਦੇ ਸੇਵਾਦਾਰਾਂ ਦੀ ਭਰਪੂਰ ਸ਼ਲਾਘਾ















ਉਪਰ ਤਸਵੀਰਾਂ ਵਿੱਚ ਖੱਬੇ ਤੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦੇ ਨਾਲ ਸ਼ਹੀਦੀ ਯਾਦਗਾਰ ਦੇ ਸਾਹਮਣੇ ਸੰਗਤਾਂ, ਸੱਜੇ ਪਾਸੇ ਸਿੰਘ ਸਾਹਿਬ ਇਕ ਪੁਰਾਤਨ ਸ੍ਰੀ ਸਾਹਿਬ ਅਜਾਇਬਘਰ ਡਰਬੀ ਵਾਸਤੇ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਸ: ਰਘਬੀਰ ਸਿੰਘ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਨੂੰ ਭੇਂਟ ਕਰਦੇ ਹੋਏ, ਹੇਠਲੀਆਂ ਤਸਵੀਰਾਂ ਵਿੱਚ ਸ: ਗਜਿੰਦਰ ਸਿੰਘ ਦੀ ਬੇਟੀ ਬਿਕਰਮਜੀਤ ਕੌਰ, ਦਾਮਾਦ ਸ: ਗੁਰਪ੍ਰੀਤ ਸਿੰਘ, ਸ: ਰਣਜੀਤ ਸਿੰਘ ਰਾਣਾ, ਪ੍ਰੋ: ਦਲਜੀਤ ਸਿੰਘ ਵਿਰਕ, ਸ: ਮਹਾਂਬੀਰ ਸਿੰਘ ਅਤੇ ਹੋਰ ਪਤਵੰਤੇ ਸੱਜਣ ਅਜਾਇਬਘਰ ਵਿਖੇ ਜੂਨ 1984 ਘੱਲੂਘਾਰੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਾਡਲ ਦੇਖਦੇ ਹੋਏ

## ਗੁਰੂ ਨਾਨਕ ਗੁਰਦੁਆਰਾ ਸਮੈਦਿਕ ਅਤੇ ਬ੍ਰਮਿੰਘਮ ਕਬੱਡੀ ਕਲੱਬ ਵੱਲੋਂ ਕਰਵਾਇਆ ਗਿਆ ਬ੍ਰਮਿੰਘਮ ਸ਼ਹੀਦੀ ਕਬੱਡੀ ਕੱਪ 2024 ਟੈਲਫੋਰਡ ਨੇ ਜਿੱਤਿਆ

## ਲੈਸਟਰ/ਡਰਬੀ ਦੀ ਟੀਮ ਉੱਪ ਜੇਤੂ ਰਹੀ ਐਮ ਪੀ ਗੁਰਿੰਦਰ ਸਿੰਘ ਜੋਸਨ ਦੀ ਹਾਜ਼ਰੀ 'ਚ ਸਾਬਕਾ ਕਬੱਡੀ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ





ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ - ਰਿਪੋਰਟ ਅੰਦਰ ਦੇਖੋ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ

# ਇੰਗਲੈਂਡ ਦੇ ਉਘੇ ਬਿਜਨੈਸਮੈਨ, ਯੌਰਕਸ਼ਾਇਰ ਸਿੱਖ ਫੋਰਮ ਦੇ ਚੇਅਰਮੈਨ (ਐਮ ਬੀ ਈ) ਸ: ਨਿਰਮਲ ਸਿੰਘ ਸੇਖੋਂ ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਨਾਲ ਸਨਮਾਨਿਤ

## ਸਮੁੱਚੇ ਭਾਈਚਾਰੇ ਦੀਆਂ ਵਡਮੁੱਲੀਆਂ ਸੇਵਾਵਾਂ ਕਰਨ ਵਾਲੇ ਸ: ਨਿਰਮਲ ਸਿੰਘ ਸੇਖੋਂ ਨੂੰ ਸ਼ੁੱਭ ਚਿੰਤਕਾਂ ਵੱਲੋਂ ਵਧਾਈਆਂ

ਇੰਗਲੈਂਡ ਦੇ ਉੱਘੇ ਬਿਜਨੈਸਮੈਨ, ਬਹੁਤ ਸਾਰੀਆਂ ਸੰਸਥਾਵਾਂ ਦੇ ਮਾਨਯੋਗ ਮੈਂਬਰ ਅਤੇ ਸਮਾਜ ਸੇਵੀ ਸ: ਨਿਰਮਲ ਸਿੰਘ ਸੇਖੋਂ ਨੂੰ ਬੀਤੇ ਦਿਨੀਂ ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਸਨਮਾਨ ਜਨਕ ਆਨਰੇਰੀ ਡਾਕਟਰੇਟ ਦੀ ਡਿਗਰੀ ਦੇ ਕੇ ਨਿਵਾਜਿਆ ਗਿਆ ਹੈ।


ਸ: ਨਿਰਮਲ ਸਿੰਘ ਸੇਖੋਂ ਜਨਵਰੀ 1952 ਨੂੰ ਪੰਜਾਬ ਵਿੱਚ ਪੈਦਾ ਹੋਏ ਅਤੇ 15 ਸਾਲ ਦੀ ਉਮਰ ਵਿੱਚ 1967 ਨੂੰ ਇੰਗਲੈਂਡ ਆ ਗਏ। ਇਥੇ ਆ ਕੇ ਉਹਨਾਂ ਨੇ ਬੜੀ ਸਖਤ ਮਿਹਨਤ ਨਾਲ ਕਾਰੋਬਾਰ ਸਥਾਪਤ ਕੀਤਾ ਤੇ ਅੱਗੇ ਹੀ ਅੱਗੇ ਵਧਦੇ ਗਏ । ਆਮ ਤੌਰ ਤੇ ਦੂਜੇ ਮੁਲਕਾਂ ਤੋਂ ਆ ਕੇ ਲੋਕ ਕੰਮ ਕਾਰ ਬੜੀ ਮੁਸ਼ਕਿਲ ਨਾਲ ਲੱਭਦੇ ਹਨ, ਪਰ ਸ: ਨਿਰਮਲ ਸਿੰਘ ਨੇ ਹਜ਼ਾਰਾਂ ਲੋਕਾਂ ਨੂੰ ਕੰਮ ਪੈਦਾ ਕਰਕੇ ਦਿੱਤਾ । ਜਿੱਥੇ ਉਹ ਇੱਕ ਵਧੀਆ ਕਾਰੋਬਾਰੀ ਸਾਬਤ ਹੋਏ, ਉਥੇ ਉਹਨਾਂ ਨੇ ਸਮਾਜ ਦੇ ਵੱਖ-ਵੱਖ ਵਰਗ ਦੇ ਲੋਕਾਂ ਲਈ ਸੇਵਾਵਾਂ ਵੀ ਪ੍ਰਦਾਨ ਕੀਤੀਆਂ । ਉਹ ਯੂ ਕੇ ਦੇ ਸਰਕਾਰੀ, ਗੈਰ ਸਰਕਾਰੀ ਅਦਾਰਿਆਂ, ਕੌਂਸਲ, ਚਰਚ, ਪੁਲਿਸ, ਭਾਰਤ ਦੇ ਸਰਕਾਰੀ ਅਦਾਰਿਆਂ ਹੋਮ ਆਫ਼ਿਸ ਅਤੇ ਹਾਈ ਕਮਿਸ਼ਨ ਤੱਕ ਸੰਪਰਕ ਰੱਖਦੇ ਹੋਏ ਸਮਾਜ ਦੇ ਲੋੜਵੰਦ ਲੋਕਾਂ ਦੀ ਹਮੇਸ਼ਾਂ ਮਦਦ ਕਰਨ ਲਈ ਤਤਪਰ ਰਹੇ ਹਨ । ਸ: ਸੇਖੋਂ ਨੇ ਵੱਖ-ਵੱਖ ਧਰਮਾਂ ਤੇ ਭਾਈਚਾਰਿਆਂ ਦੇ ਆਗੂਆਂ ਨਾਲ ਵੀ ਹਮੇਸ਼ਾਂ ਵਧੀਆ ਰਾਬਤਾ ਕਾਇਮ ਰੱਖਿਆ ਜਿਸ ਨਾਲ ਭਾਈਚਾਰੇ ਦੇ ਸਾਰੇ ਵਰਗਾਂ ਵਿੱਚ ਆਪਸੀ ਨੇੜਤਾ ਤੇ ਭਰਾਤਰੀ ਭਾਵ ਨੂੰ ਉਤਸ਼ਾਹ ਮਿਲਿਆ ।

ਸ: ਨਿਰਮਲ ਸਿੰਘ ਸੇਖੋਂ ਵੱਲੋਂ ਸਥਾਪਿਤ ਕੀਤੀ ਗਈ ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਜਿੱਥੇ ਵੱਖ-ਵੱਖ ਭਾਈਚਾਰਿਆਂ ਨਾਲ ਬਹੁਤ ਵਧੀਆ ਸਬੰਧ ਬਣਾ ਕੇ ਸੰਸਾਰ ਦੀ ਖੁਸ਼ਹਾਲੀ ਤੇ ਸ਼ਾਂਤੀ ਲਈ ਹਰ ਸਾਲ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਉਥੇ ਨਾਲ ਹੀ ਯੂ ਕੇ ਦੀਆਂ ਵੱਖ ਵੱਖ ਅਥਾਰਟੀਆਂ, ਪਾਰਲੀਮੈਂਟ ਮੈਂਬਰਾਂ, ਕੌਂਸਲਰਾਂ ਅਤੇ ਸਿਆਸੀ ਆਗੂਆਂ ਅਤੇ ਭਾਰਤੀ ਹਾਈਕਮਿਸ਼ਨ ਔਫਿਸ ਦੇ ਨਾਲ ਰਾਬਤਾ ਕਾਇਮ ਕਰਕੇ ਭਾਈਚਾਰੇ ਦੀਆਂ ਲੋੜਾਂ ਮੁਤਾਬਕ ਮਦਦ ਕੀਤੀ ਜਾਂਦੀ। ਉਹਨਾਂ ਟੈਕਸਟਾਈਲ ਮਿਲ, ਮਿਡਲੈਂਡ ਬੇਕਰੀ, ਤੋਂ ਲੈ ਕੇ ਟੈਕਸਟਾਈਲ ਮਿਲ ਵਿੱਚ ਅਤੇ ਬੱਸ ਕੰਡਕਟਰ ਵਜੋਂ ਵੀ ਕੰਮ ਕੀਤਾ। ਫਿਰ ਉਹ ਨਿਰਮਲ ਰਜ਼ਾਈ ਮਾਰਟ ਕੰਪਨੀ ਦੇ 1978 ਵਿੱਚ ਡਾਇਰੈਕਟਰ ਬਣੇ । ਉਹਨਾਂ ਦਾ ਯੂ ਕੇ ਵਿੱਚ ਪੰਜਾਬੀ ਮੀਡੀਏ ਨੂੰ ਵੀ ਬਹੁਤ ਸਹਿਯੋਗ ਪ੍ਰਾਪਤ ਹੈ।

ਸ: ਨਿਰਮਲ ਸਿੰਘ ਸੇਖੋਂ ਦੀਆਂ ਹੁਣ ਤੱਕ ਦੀਆਂ ਬਹੁੱਤ ਪ੍ਰਾਪਤੀਆਂ ਹਨ । ਉਹਨਾਂ ਦੇ ਸਮਾਜਿਕ ਕੰਮਾਂ ਵਿੱਚ ਯੋਗਦਾਨ ਨੂੰ ਦੇਖਦਿਆਂ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਉਹਨਾਂ ਦਾ ਮਾਣ ਸਨਮਾਨ ਕੀਤਾ ਗਿਆ। ਉਹਨਾਂ 1978 ਤੋਂ 1991 ਤੱਕ ਯੂਨਾਈਟਿਡ ਸਿੱਖ ਐਸੋਸੀਏਸ਼ਨ ਸਿੱਖ ਟੈਂਪਲ ਬ੍ਰੈਡਫੋਰਡ ਦੀ ਸੇਵਾ ਨਿਭਾਈ, ਇਸੇ ਸਮੇਂ ਦੌਰਾਨ ਉਹ ਗੁਰੂ ਗੋਬਿੰਦ ਸਿੰਘ ਗੁਰਦੁਆਰੇ ਦੇ ਚੇਅਰਮੈਨ ਤੇ ਟਰੱਸਟੀ ਵੀ ਰਹੇ। ਬਟਰਸ਼ਾਅ ਅੱਪਰ ਸਕੂਲ ਦੇ ਗਵਰਨਰ, ਬ੍ਰੈਡਫੋਰਡ ਸਿੱਖ ਪੇਅਰੈਂਟਸ ਐਸੋਸੀਏਸ਼ਨ ਦੇ ਬਾਨੀ ਚੇਅਰਮੈਨ, ਵੈਸਟ ਯੌਰਕਸ਼ਾਇਰ ਪੁਲਿਸ ਫੋਰਮ ਦੇ ਚੇਅਰਮੈਨ, ਸ਼ਿੱਪਲੀ ਕਾਲਜ ਦੇ ਗਵਰਨਰ, ਬ੍ਰੈਡਫੋਰਡ ਸਿੱਖ ਆਰਗੇਨਾਈਜੇਸ਼ਨ ਦੇ ਖਜ਼ਾਨਚੀ, ਯੌਰਕਸ਼ਾਇਰ ਬਿਜਨੈਸ ਫੋਰਮ ਦੇ ਚੇਅਰਮੈਨ, ਬ੍ਰੈਡਫੋਰਡ ਵੈਸਟ ਕ੍ਰਾਈਮ ਪ੍ਰਵੈਨਸ਼ਨ ਪੈਨਲ ਦੇ ਚੇਅਰਮੈਨ, ਯੌਰਕਸ਼ਾਇਰ ਸਿੱਖ ਫੋਰਮ ਦੇ ਬਾਨੀ ਚੇਅਰਮੈਨ ਅਤੇ ਪੇਟਰਨ, ਖਾਲਸਾ ਕ੍ਰੈਡਿਟ ਯੂਨੀਅਨ ਦੇ ਪ੍ਰਮੋਟਰ ਤੇ ਡਾਇਰੈਕਟਰ, ਬ੍ਰੈਡਫੋਰਡ ਕੰਨਜ਼ਰਵੇਟਿਵ ਪਾਰਟੀ ਦੇ (ਹਾਊਸ ਆਫ ਕੌਮਨਜ਼) ਦੇ ਵੰਨ ਨੇਸ਼ਨ ਫੋਰਮ ਦੇ ਮੈਂਬਰ, ਏਸ਼ੀਅਨ ਬਿਜਨੈਸ ਫੋਰਮ ਬ੍ਰੈਡਫੋਰਡ ਕੌਂਸਲ ਦੇ ਮੈਂਬਰ, ਡਾਇਰੈਕਟਰ ਤੇ ਫਾਊਂਡਰ ਮੈਂਬਰ ਬ੍ਰੈਡਫੋਰਡ ਏਸ਼ੀਅਨ ਬਿਜਨੈਸ, ਬ੍ਰੈਡਫੋਰਡ ਰੇਸ਼ਲ ਈਕੁਐਲਟੀ ਕੌਂਸਲ ਦੇ ਮੈਂਬਰ, ਬ੍ਰੈਡਫੋਰਡ ਡਿਊਕ ਆਫ਼ ਐਡਨਬਰਾ ਐਵਾਰਡ ਸੈਂਟਰ ਦੇ ਟਰੱਸਟੀ, ਬ੍ਰੈਡਫੋਰਡ ਰੋਟਰੀ ਕਲੱਬ ਦੇ ਮੈਂਬਰ, ਚੇਅਰਮੈਨ ਓਵਰਸੀਜ਼ ਕੌਂਗਰਸ ਪਾਰਟੀ ਯੂ ਕੇ, ਚੇਅਰਮੈਨ ਕ੍ਰਾਈਮ ਪ੍ਰੀਵੈਨਸ਼ਨ ਪੈਨਲ, ਨੈਸ਼ਨਲ ਹੈਲਥ ਕਮਿਊਨਿਟੀ ਦੇ ਪ੍ਰਤੀਨਿੱਧ, ਘੱਟ ਗਿਣਤੀਆਂ ਲਈ ਪੁਲਿਸ ਲੇਜ਼ਨ ਕਮੇਟੀ ਦੇ ਫਾਊਂਡਰ, ਵਾਈਸ ਚੇਅਰਮੈਨ ਅਤੇ ਚੇਅਰਮੈਨ ਵਜੋਂ ਸੇਵਾਵਾਂ ਨਿਭਾਈਆਂ।

1999 ਵਿੱਚ ਉਹਨਾਂ ਨੂੰ ਭਾਈਚਾਰੇ ਦੀਆਂ ਸੇਵਾਵਾਂ ਲਈ ਬਰਤਾਨੀਆ ਦੇ ਮਹਾਰਾਣੀ ਵੱਲੋਂ ਐਮ ਬੀ ਈ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੇ ਇਲਾਵਾ ਹੁਣ ਤੱਕ ਉਹ ਹੇਠ ਲਿਖੀਆਂ ਸੰਸਥਾਵਾਂ ਦੇ ਮੈਂਬਰ ਤੇ ਸੰਸਥਾਪਕ ਵਜੋਂ ਸਰਗਰਮ ਰਹੇ ਹਨ:

* ਮੈਂਬਰ ਆਫ਼ ਹਾਰਟ ਗਰੁੱਪ ਟੀਮ
* ਮੈਂਬਰ ਆਫ਼ ਚਹਾਸ (ਏ ਹੋਮ ਫਾਰ ਆਲ ਅਪੀਲ)
* ਐਗਜ਼ੈਕਟਿਵ ਮੈਂਬਰ ਚੈਂਬਰ ਆਫ ਕਮਰਸ
* ਚੇਅਰਮੈਨ, ਬ੍ਰੈਡਫੋਰਡ ਅਤੇ ਜਲੰਧਰ ਟਵਿੰਨਿੰਗ ਬੋਰਡ
* ਡਾਇਰੈਕਟਰ ਰੀਅਲ ਰੇਡੀਓ ਯੌਰਕਸ਼ਾਇਰ
* ਮੈਂਬਰ ਫੰਡਰੇਜ਼ਿੰਗ ਬ੍ਰੈਡਫੋਰਡ ਗਰਾਮਰ ਸਕੂਲ
* ਮੈਂਬਰ ਬ੍ਰੈਡਫੋਰਡ ਚਾਨ ਅਪੀਲ ਕੈਂਸਰ ਰਿਸਰਚ ਕੈਂਪੇਨ
* ਡਾਇਰੈਕਟਰ ਟਰਾਈ ਮਿਲਜ਼ ਲਿਮ: ਬ੍ਰੈਡਫੋਰਦ
* ਐਵਾਰਡ - ਏਸ਼ੀਅਨ ਟਰੇਡ ਲਿੰਕ
* ਬ੍ਰੈਡਫੋਰਡ ਸਿਟੀ ਕੌਂਸਲ ਵੱਲੋਂ ਜੀਵਨ ਭਰ ਦੀਆਂ ਪ੍ਰਾਪਤੀਆਂ ਐਵਾਰਡ
* ਪੇਟਰਨ ਏਸ਼ੀਅਨ ਬਿਜ਼ਨੈਸ ਐਸੋਸੀਏਸ਼ਨ



Nirmal Singh Sekhon Phd. Chairman YSF, (MBE), FRSA

* ਪੇਟਰਨ ਬ੍ਰੈਡਫੋਰਡ ਪੁਲਿਸ ਲੀਏਜ਼ਨ
* ਸੈਂਟ ਜੇਮਜ਼ ਹੌਸਪੀਟਲ ਕੈਂਸਰ ਅਪੀਲ ਦੇ ਮੈਂਬਰ
* ਅੰਬੈਸਡਰ ਯੌਰਕਸ਼ਾਇਰ ਸੋਸਾਇਟੀ
* ਫੈਲੋਸ਼ਿੱਪ ਦਾ ਰੌਇਲ ਸੋਸਾਇਟੀ ਆਫ਼ ਆਰਟਸ
* ਏਸ਼ੀਅਨ ਜਿਊਲ ਐਵਾਰਡ (ਮਾਨਚੈਸਟਰ)
* ਭਾਈਚਾਰੇ ਦੇ ਪ੍ਰਤੀਨਿਧੀਆਂ ਨੂੰ ਹਾਊਸ ਆਫ਼ ਲੌਰਡਜ਼ ਵਿਖੇ ਲਿਜਾਣ ਦਾ ਪ੍ਰਬੰਧ ਕੀਤਾ
* ਅਲਫ਼ਾ ਐਵਾਰਡ
* 2007 ਵਿੱਚ ਭਾਰਤ ਤੇ ਪਾਕਿਸਤਾਨ ਲਈ ਵਿਸ਼ੇਸ਼ ਡੈਲੀਗੇਸ਼ਨ ਲਈ ਕੰਮ ਕੀਤਾ, ਜਿਸ ਤਹਿਤ ਪੁਲਿਸ, ਕਾਲਜਾਂ ਤੇ ਯੂਨੀਵਸਿਟੀਆਂ ਨਾਲ ਸਬੰਧ ਸਥਾਪਤ ਕੀਤੇ ਗਏ। ਭਾਰਤ ਦੇ ਪ੍ਰਧਾਨ ਮੰਤਰੀ ਸ: ਮਨਮੋਹਨ ਸਿੰਘ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮਿ: ਅਜ਼ੀਜ਼ ਨੂੰ ਮਿਲੇ।
* ਯੂਨੀਸਿਫ਼ ਦੇ ਇੱਕ ਪ੍ਰੋਗਰਾਮ ਤਹਿਤ ਵਰਲਡ ਏਡ ਡੇਅ ਲਈ ਹਾਊਸ ਆਫ਼ ਲੌਰਡਜ਼ ਵਿਖੇ ਲੌਰਡ ਪਟੇਲ ਅਤੇ ਚੈਰੀ ਬੂਥ ਨੂੰ ਮਿਲੇ।
* ਕੰਨਜ਼ਰਵੇਟਿਵ ਪਾਰਟੀ ਦੇ ਪੇਟਰਨ
* ਏਸ਼ੀਅਨ ਭਾਈਚਾਰੇ ਦੇ ਬਜ਼ੁਰਗਾਂ ਲਈ ਯਾਤਰਾ ਦਾ ਪ੍ਰਬੰਧ ਕੀਤਾ
* ਹਾਰਟ ਸੁਪੋਰਟ ਦੇ ਟਰੱਸਟੀ ਵਜੋਂ ਬੇਘਰੇ ਲੋਕਾਂ ਲਈ ਫੰਡ ਇਕੱਠੇ ਕੀਤੇ
* 2012 ਵਿੱਚ ਵਿਸਾਖੀ ਸਮਾਗਮ ਦਾ ਪ੍ਰਬੰਧ ਕੀਤਾ ਜਿਸ ਵਿੱਚ ਭਾਰਤ ਤੇ ਯੂ ਕੇ ਦੀਆਂ ਸੇਵਾ ਸੰਸਥਾਵਾਂ ਦੀ ਮਦਦ ਲਈ ਅਹਿਮ ਸ਼ਖਸੀਅਤਾਂ ਸ਼ਾਮਿਲ ਹੋਈਆਂ
* ਭਾਈਚਾਰੇ ਦੀ ਮਦਦ ਲਈ ਭਾਰਤੀ ਹਾਈ ਕਮਿਸ਼ਨ ਵਿਖੇ ਕਈ ਵਾਰ ਗਏ
* ਦੋ ਵਿਸ਼ਵ ਯੁੱਧਾਂ ਵਿੱਚ ਜਾਨਾਂ ਵਾਰਨ ਵਾਲੇ ਫੌਜੀਆਂ ਦੀ ਯਾਦ ਵਿੱਚ ਬੁੱਤ ਸਥਾਪਤ ਕਰਨ ਲਈ ਫੰਡ ਇਕੱਠਾ ਕੀਤਾ।
* 2017 - ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਫੈਲੋਸ਼ਿੱਪ ਦੇ ਕੇ ਸਨਮਾਨ ਕੀਤਾ ਗਿਆ
* 2018 - ਬ੍ਰੈਡਫੋਰਡ ਯੂਨੀਵਰਸਿਟੀ ਦੇ ਇੱਕ ਡੈਲੀਗੇਸ਼ਨ ਦੇ ਮੈਂਬਰ ਵਜੋਂ ਭਾਰਤ ਨੂੰ ਗਏ, ਜਿਸ ਵਿੱਚ ਵਾਈਸ ਚਾਂਸਲਰ ਸ਼ਾਮਿਲ ਸਨ।
* 2019 - ਪੁਲਿਸ ਮਿਊਜ਼ੀਅਮ ਦੇ ਟਰੱਸਟੀ ਵਜੋਂ ਸੇਵਾਵਾਂ ਨਿਭਾਈਆਂ।

ਇਸ ਤਰ੍ਹਾਂ ਸ: ਨਿਰਮਲ ਸਿੰਘ ਸੇਖੋਂ ਨੇ ਬਹੁਤ ਸਾਰੀਆਂ ਸੇਵਾ ਸੰਸਥਾਵਾਂ ਅਤੇ ਕਾਰੋਬਾਰੀ ਅਦਾਰਿਆਂ ਰਾਹੀਂ ਭਾਈਚਾਰੇ ਦੀ ਜੋ ਸੇਵਾ ਕੀਤੀ ਉਸ ਲਈ ਉਹਨਾਂ ਨੂੰ ਵੱਖ ਵੱਖ ਅਹਿਮ ਅਦਾਰਿਆਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਦੇ ਕੇ ਨਿਵਾਜਿਆ ਗਿਆ, ਜਿਸ ਨਾਲ ਸਾਰੇ ਪੰਜਾਬੀ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਭਾਈਚਾਰੇ ਵੱਲੋਂ ਉਹਨਾਂ ਦੇ ਕੰਮਾਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ।

**YORKSHIRE SIKH FORUM**

# ਡੇਰਾ ਪ੍ਰੇਮੀ ਪ੍ਰਦੀਪ ਕਲੇਰ ਦਾ ਬਿਆਨ ਕਾਰਣ ਸੁਖਬੀਰ ਗੰਭੀਰ ਸੰਕਟ ਵਿਚ

**✪ ਡੇਰੇ ਦੀ ਸਿਆਸੀ ਵਿੰਗ ਨਾਲ ਜੁੜੇ ਪ੍ਰਦੀਪ ਨੇ ਕੀਤਾ ਸੌਦਾ ਸਾਧ ਤੇ ਬਾਦਲ ਪਰਿਵਾਰ ਦੇ ਗਠਜੋੜ ਦਾ ਪਰਦਾਫਾਸ਼ ✪ 'ਸੁਖਬੀਰ ਬਾਦਲ ਨੇ ਹਿਕ ਕੇ ਹੱਥ ਮਾਰ ਕੇ ਕਿਹਾ ਸੀ ਕਿ ਸਾਰੇ ਸਿਸਟਮ ਦਾ ਮੈਂ ਬਾਬਾ ਹਾਂ'! ਸੁਖਬੀਰ ਨੇ ਖਿਮਾ ਯਾਚਨਾ ਸ਼ਬਦ ਮੁਆਫੀਨਾਮੇ ਵਿੱਚ ਪਾਇਆ ✪ ਔਖਾ ਹੋਏਗਾ ਜਥੇਦਾਰ ਲਈ ਫੈਸਲਾ ਕਰਨਾ, ਸਿਖ ਪੰਥ ਕਿਸੇ ਵੀ ਅਕਾਲੀ ਧੜੇ ਨਾਲ ਸਹਿਮਤ ਨਹੀਂ**

## ਉਹ ਸਰਕਾਰੀ ਗਵਾਹ ਹੈ। ਸਾਰਾ ਕੁਝ ਝੂਠ ਬੋਲਦਾ ਹੈ-ਸੁਖਬੀਰ ਸਿੰਘ ਬਾਦਲ




### ਬਾਦਲ ਦਲ ਨੇ ਕਿਹਾ 'ਆਪ' ਤੇ ਭਾਜਪਾ ਦੇ ਇਸ਼ਾਰੇ ਉਪਰ ਕਲੇਰ ਨੇ ਝੂਠੀ ਬਿਆਨਬਾਜ਼ੀ ਕੀਤੀ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਵਿਰਸਾ ਸਿੰਘ ਵਲਟੋਹਾ ਨੇ ਸਖ਼ਤ ਭਾਸ਼ਾ ਵਿੱਚ ਕਿਹਾ ਕਿ ਪਿਛਲੇ 10 ਸਾਲਾਂ ਤੋਂ ਸਿੱਖ ਵਿਰੋਧੀ, ਪੰਥ ਵਿਰੋਧੀ ਤੇ ਸ਼੍ਰੋਮਣੀ ਅਕਾਲੀ ਦਲ ਵਿਰੋਧੀ ਭਾਜਪਾ ਅਤੇ ਆਮ ਆਦਮੀ ਪਾਰਟੀ ਤੇ ਹੋਰਾਂ ਵੱਲੋਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਚਾਲਾਂ ਚੱਲੀਆਂ ਜਾ ਰਹੀਆਂ ਹਨ। ਡੇਰਾ ਸਿਰਸਾ ਅਤੇ ਬੇਅਦਬੀ ਮਾਮਲਿਆਂ ਸਬੰਧੀ ਅਕਾਲੀ ਦਲ ਵਿਰੁੱਧ ਝੂਠਾ ਪ੍ਰਾਪੇਗੰਡਾ ਚਲਾਇਆ ਜਾ ਰਿਹਾ ਹੈ। ਵਲਟੋਹਾ ਨੇ ਪ੍ਰਦੀਪ ਕਲੇਰ ਤੇ ਤਿੱਖਾ ਨਿਸ਼ਾਨਾ ਸਾਧਦੇ ਕਿਹਾ ਕਿ ਉਸ ਨੂੰ ਇਕ ਧਾਰਮਿਕ ਸ਼ਖ਼ਸੀਅਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਲਟੋਹਾ ਨੇ ਕਿਹਾ ਬੇਅਦਬੀ ਕਰਨ ਵਾਲੇ ਮੁਲਜ਼ਮਾਂ ਨੂੰ ਮਹਾਨ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਹੈ, ਇਸ ਕਰਕੇ ਇਸ ਮੁੱਦੇ ਤੇ ਗੱਲ ਨਹੀਂ ਹੋਣੀ ਚਾਹੀਦੀ ਹੈ। ਡੇਰਾ ਸਿਰਸਾ ਪ੍ਰੇਮੀ ਪ੍ਰਦੀਪ ਕਲੇਰ ਜਿਸ ਦੇ ਸਿਰ ਬੇਅਦਬੀਆਂ ਦਾ ਇਲਜ਼ਾਮ ਹੈ ਸਰਕਾਰ ਇਸ ਨੂੰ ਸਰਕਾਰੀ ਗਵਾਹ ਬਣਾ ਕੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੀ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਸਰਕਾਰੀ ਗਵਾਹ ਹੈ। ਸਾਰਾ ਕੁਝ ਝੂਠ ਬੋਲਦਾ ਹੈ । ਇਸ ਪਾਪੀ ਦੇ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ ।

**• ਪੰਥਕ ਹਲਚਲ •**

ਕਰੀਬ ਇਕ ਦਹਾਕੇ ਪਹਿਲਾਂ ਵਾਪਰੀਆਂ ਬੇਅਦਬੀ ਤੇ ਬਹਿਬਲ ਕਲਾਂ ਦੀਆਂ ਘਟਨਾਵਾਂ ਨੂੰ ਲੈ ਪੰਜਾਬ ਦੀ ਪੰਥਕ ਸਿਆਸਤ ਇਕ ਵਾਰ ਮੁੜ ਭਖ਼ਣ ਲੱਗੀ ਹੈ। ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਅੰਦਰ ਵੱਡੇ ਪੱਧਰ 'ਤੇ ਧੜੇਬੰਦੀ ਉਭਰ ਚੁੱਕੀ ਹੈ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਵੱਲੋਂ ਬੇਅਦਬੀ ਦੇ ਸੰਗੀਨ ਮਾਮਲਿਆਂ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਬੰਦ ਚਿੱਠੀ ਸਪਸ਼ਟੀਕਰਨ ਲਿਆ ਗਿਆ ਹੈ, ਉਸੇ ਦੌਰਾਨ ਡੇਰਾ ਮੁਖੀ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿਚ ਨਾ ਲਿਆਉਣ ਕਾਰਣ ਪੰਜਾਬ ਸਰਕਾਰ ਖ਼ਾਸ ਕਰ ਕੇ ਆਮ ਆਦਮੀ ਪਾਰਟੀ 'ਤੇ ਵੀ ਉਂਗਲ ਉੱਠਣ ਲੱਗੀ ਹੈ। ਇਸ ਸੰਵੇਦਨਸ਼ੀਲ ਮੁੱਦੇ ਨੂੰ ਲੈ ਕੇ ਸੂਬਾ ਸਰਕਾਰ ਖ਼ਾਸ ਕਰਕੇ 'ਆਪ' ਲੀਡਰਸ਼ਿਪ ਲਈ ਚੁਣੌਤੀ ਖੜ੍ਹੀ ਹੋ ਸਕਦੀ ਹੈ, ਕਿਉਂਕਿ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਦੋ ਲੋਕ ਸਭਾ ਹਲਕਿਆਂ ਖਡੂਰ ਸਾਹਿਬ ਅਤੇ ਫਰੀਦਕੋਟ ਵਿਚ ਪੰਥਕ ਸਿਆਸਤ ਨੇ ਮੋੜਾ ਕੱਟਿਆ ਹੈ। ਆਉਣ ਵਾਲੇ ਦਿਨਾਂ ਵਿਚ ਪੰਥਕ ਸਿਆਸਤ ਖ਼ਾਸ ਕਰ ਕੇ ਅਕਾਲੀ ਸਿਆਸਤ ਵਿਚ ਹੋਰ ਵੀ ਉਥਲ ਪੁਥਲ ਦੀਆਂ ਸੰਭਾਵਨਾਵਾਂ ਹਨ।

ਡੇਰਾ ਪ੍ਰੇਮੀ ਕਲੇਰ ਦੀ ਬਿਆਨਬਾਜ਼ੀ ਨੇ ਸੁਖਬੀਰ ਲਈ ਵਡਾ ਸਿਆਸੀ ਤੇ ਧਰਮ ਸੰਕਟ ਖੜਾ ਕਰ ਦਿਤਾ ਹੈ। ਜਥੇਦਾਰ ਅਕਾਲ ਤਖਤ ਲਈ ਫੈਸਲਾ ਕਰਨਾ ਸੌਖਾ ਨਹੀਂ ਹੋਵੇਗਾ।

ਪੰਥਕ ਹਲਕਿਆਂ ਅਨੁਸਾਰ ਸੁਖਬੀਰ ਬਾਦਲ ਸਿਖ ਪੰਥ ਦਾ ਵਡਾ ਗੁਨਾਹਗਾਰ ਹੈ। ਸੌਦਾ ਸਾਧ ਨਾਲ ਉਸਦੀ ਪ੍ਰੇਮ ਕਹਾਣੀ ਦਾ ਅਟੁਟ ਬੰਧਨ ਸਾਹਮਣੇ ਆ ਗਿਆ ਹੈ। ਬੇਅਦਬੀਆਂ ਕਿਉ ਹੋਈਆਂ, ਕੋਟਕਪੂਰਾ, ਬਹਿਬਲ ਗੋਲੀ ਕਾਂਡ ਸ਼ਾਂਤਮਈ ਸਿਖਾਂ ਵਿਰੁਧ ਕਿਉਂ ਹੋਇਆ ਇਸ ਦੀਆਂ ਕੜੀਆਂ ਖੁਲ ਗਈਆਂ ਹਨ। ਸਿਖ ਇਤਿਹਾਸ ਵਿਚ ਇਹ ਨਿੰਰਕਾਰੀ ਕਾਂਡ ਵਾਲਾ ਵਰਤਾਰਾ ਸੀ ਜੋ ਉਸ ਸਮੇਂ ਸੁਖਬੀਰ ਸਿੰਘ ਬਾਦਲ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੇ 1978 ਵਿਸਾਖੀ ਦੌਰਾਨ ਮੁਖ ਮੰਤਰੀ ਵਜੋਂ ਪ੍ਰਗਟਾਇਆ ਸੀ। ਪਰ ਉਸ ਕਹਾਣੀ ਦੇ ਭੇਦ ਅਜੇ ਖੁਲਣੇ ਬਾਕੀ ਹਨ।

ਯਾਦ ਰਹੇ ਕਿ ਪੁਲਿਸ ਨੂੰ ਦਿੱਤੇ ਗਏ ਬਿਆਨ ਵਿੱਚ ਪ੍ਰਦੀਪ ਕਲੇਰ ਨੇ ਸੌਦਾ ਸਾਧ ਅਤੇ ਹਨੀਪ੍ਰੀਤ ਨੂੰ ਬੇਅਦਬੀ ਦਾ ਮੁਖ ਮੁਲਜ਼ਮ ਦੱਸਿਆ ਸੀ। ਜਦੋਂ ਇੱਕ ਸਿੱਖ ਪ੍ਰਚਾਰਕ ਦੇ ਪ੍ਰਚਾਰ ਤੋਂ ਬਾਅਦ ਡੇਰੇ ਦੇ ਲਾਕੇਟ ਲੋਕਾਂ ਨੇ ਸੁੱਟ ਦਿੱਤੇ ਤਾਂ ਉਸ ਸਮੇਂ ਪ੍ਰਦੀਪ ਦਿੱਲੀ ਵਿੱਚ ਬਾਬੇ ਨੂੰ ਮਿਲਣ ਦੇ ਲਈ ਪਹੁੰਚਿਆ ਸੀ ਤਾਂ ਕਿਸੇ ਨੇ ਸੌਦਾ ਸਾਧ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ ਤਾਂ ਹਨੀਪ੍ਰੀਤ ਨੇ ਵੀ ਸਿੱਖਾਂ ਦਾ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਦੇ ਨਿਰਦੇਸ਼ ਪੰਜਾਬ ਦੀ ਸਿਆਸੀ ਵਿੰਗ ਦੇ ਮੁਖੀ ਮਹਿੰਦਰ ਪਾਲ ਬਿੱਟੂ ਨੂੰ ਦਿੱਤੇ ਜਿਸ ਤੋਂ ਬਾਅਦ ਬੇਅਦਬੀ ਹੋਈ। ਪਰ ਹੁਣ ਮੁਆਫ਼ੀਨਾਮੇ ਨੂੰ ਲੈਕੇ ਕਲੇਰ ਨੇ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਨੂੰ ਲੈਕੇ ਹੁਣ ਜਿਹੜਾ ਖੁਲਾਸਾ ਕੀਤਾ ਹੈ ਉਹ ਸੁਖਬੀਰ ਬਾਦਲ ਦੇ ਸਿਆਸੀ ਭਵਿੱਖ ਲਈ ਮੁਸੀਬਤ ਪੈਦਾ ਕਰਨ ਵਾਲਾ ਹੈ।

ਹੁਣੇ ਜਿਹੇ ਕਲੇਰ ਨੇ ਅਕਾਲ ਤਖਤ ਸਾਹਿਬ ਦੇ ਹਕਮਨਾਮੇ ਵਿਰੁੱਧ ਜਾਕੇ ਸੁਖਬੀਰ ਸਿੰਘ ਬਾਦਲ ਦੇ ਸੌਦਾ ਸਾਧ ਨੂੰ ਮੁਆਫੀ ਦਿਵਾਉਣ ਤੋਂ ਲੈਕੇ ਬਾਬੇ ਨਾਲ ਚੁੱਪ-ਚਪੀਤੇ ਕੀਤੀਆਂ ਕਈ ਮੁਲਾਕਾਤਾਂ ਬਾਰੇ ਵੱਡਾ ਖੁਲਾਸਾ ਕੀਤਾ ਹੈ। ਪ੍ਰਦੀਪ ਕਲੇਰ ਨੇ ਦਾਅਵਾ ਕੀਤਾ ਹੈ ਕਿ ਉਹ ਆਪਣੇ ਬਿਆਨ ਤੋਂ ਪਿੱਛੇ ਨਹੀਂ ਹੱਟਣਗੇ ਉਨ੍ਹਾਂ ਕੋਲ ਪੂਰੇ ਸਬੂਤ ਹਨ। ਇਸ ਦੌਰਾਨ ਪ੍ਰਦੀਪ ਕਲੇਰ ਨੇ ਸਿੱਖ ਭਾਈਚਾਰੇ ਕੋਲੋ ਸੱਚ ਤੇ ਖੜੇ ਰਹਿਣ ਦੇ ਲਈ ਸਾਥ ਦੇਣ ਦੀ ਅਪੀਲ ਵੀ ਕੀਤੀ ਹੈ।

ਡੇਰੇ ਦੀ ਸਿਆਸੀ ਕਮੇਟੀ ਦੇ ਮੁੱਖੀ ਪ੍ਰਦੀਪ ਕਲੇਰ ਨੇ ਦੱਸਿਆ ਸਤੰਬਰ 2015 ਵਿੱਚ ਸੌਦਾ ਸਾਧ ਦਾ ਪੱਤਰ ਸ੍ਰੀ ਅਕਾਲ ਤਖਤ ਨੂੰ ਭੇਜਿਆ ਗਿਆ ਸੀ। ਮੁਆਫ਼ੀਨਾਮਾ ਦੀ ਘਟਨਾ ਮੇਰੇ ਸਾਹਮਣੇ ਹੋਈ ਸੀ ਅਤੇ ਉਹ ਇਸ ਵਿੱਚ ਗਵਾਹ ਹੈ । ਕਲੇਰ ਨੇ ਦੱਸਿਆ ਸੌਦਾ ਸਾਧ ਦੀ ਪਹਿਲੀ ਐਮਐਸਜੀ ਫਿਲਮ ਸਿੱਖ ਸੰਗਤ ਦੇ ਵਿਰੋਧ ਕਾਰਣ ਪੰਜਾਬ ਵਿੱਚ ਰਿਲੀਜ਼ ਨਹੀਂ ਹੋ ਸਕੀ ਸੀ। ਹਨੀਪ੍ਰੀਤ ਚਾਹੁੰਦੇ ਸਨ ਕਿ ਪੰਜਾਬ ਵਿੱਚ ਐਮ ਐਸ ਜੀ-2 ਰਿਲੀਜ਼ ਜ਼ਰੂਰ ਹੋਵੇ ਤਾਂਕਿ ਉਨ੍ਹਾਂ ਨੂੰ 200 ਕਰੋੜ ਦਾ ਫਾਇਦਾ ਹੋਵੇ। ਕਲੇਰ ਨੇ ਦੱਸਿਆ ਕਿ ਉਸ ਤੋਂ ਬਾਅਦ ਸੌਦਾ ਸਾਧ ਅਤੇ ਹਨੀਪ੍ਰੀਤ ਨੇ ਮੈਨੂੰ ਅਤੇ ਬਾਬੇ ਦੇ ਪੰਜਾਬ ਵਿੱਚ ਸਿਆਸੀ ਵਿੰਗ ਦੇ ਮੁਖੀ ਹਰਸ਼ ਕਲੇਰ ਨੂੰ ਸੁਖਬੀਰ ਸਿੰਘ ਬਾਦਲ ਕੋਲ ਭੇਜਿਆ ਅਤੇ ਕਿਹਾ ਕਿ ਉਸ ਨੂੰ ਕਹੋ ਕਿ ਅਸੀਂ 2012 ਵਿੱਚ ਤੁਹਾਡੀ ਅਤੇ ਬੀਬਾ ਜੀ ਦੀ ਮਦਦ ਕੀਤੀ ਸੀ ਹੁਣ ਤੁਸੀਂ ਸਾਡੀ ਫਿਲਮ ਰਿਲੀਜ਼ ਕਰਵਾਉ। ਅਸੀਂ ਤੁਹਾਨੂੰ ਅੱਗੇ ਵੀ ਮਦਦ ਕਰਦੇ ਰਹਾਂਗੇ।

ਪ੍ਰਦੀਪ ਕਲੇਰ ਨੇ ਦੱਸਿਆ ਕਿ ਮੈਂ ਹਰਸ਼ ਧੁਰੀ ਦੇ ਨਾਲ ਹਰਸਿਮਰਤ ਕੌਰ ਬਾਦਲ ਦੀ 12 ਸਫਦਰਜੰਗ ਬੰਗਲੇ ਗਏ,ਸੁਖਬੀਰ ਸਿੰਘ ਬਾਦਲ ਸ਼ਨਿੱਚਰਵਾਰ ਅਤੇ ਐਤਵਾਰ ਉੱਥੇ ਹੀ ਮਿਲਦਾ ਸੀ। ਇਹ ਜੁਲਾਈ ਅਤੇ ਅਗਸਤ ਦਾ ਮਹੀਨਾ ਸੀ। ਅਸੀਂ ਸੁਖਬੀਰ ਬਾਦਲ ਨੂੰ ਬਾਬੇ ਦੇ ਮੈਸੇਜ ਬਾਰੇ ਜਾਣਕਾਰੀ ਦਿੱਤੀ ਤਾਂ ਸੁਖਬੀਰ ਬਾਦਲ ਨੇ ਕਿਹਾ ਮੈਂ 2012 ਵਿੱਚ ਜਦੋਂ ਸੌਦਾ ਸਾਧ ਨੂੰ ਮਿਲਿਆ ਸੀ ਤਾਂ ਮੈਂ ਬਾਬੇ ਨੂੰ ਕਿਹਾ ਸੀ,ਤੁਸੀਂ ਮੁਆਫੀਨਾਮਾ ਭੇਜੋ। ਕਲੇਰ ਨੇ ਕਿਹਾ ਬਾਬੇ ਨੂੰ ਪੰਥ ਤੋਂ ਛੇਕ ਦਿੱਤਾ ਸੀ ਇਸ ਦੇ ਬਾਵਜੂਦ ਸੁਖਬੀਰ ਬਾਦਲ ਲੁੱਕ ਕੇ ਡੇਰਾ ਸਿਰਸਾ ਸਫਿਟ ਗੱਡੀ ਵਿੱਚ ਬੈਠ ਕੇ 2012 ਵਿੱਚ ਆਇਆ ਸੀ ਤੇ ਹੁਕਮਨਾਮੇ ਦੀ ਉਲੰਘਣਾ ਕੀਤੀ।

ਬਾਕੀ ਹਿਸਾ ਸਫਾ 4 ਤੇ ਪੜ੍ਹੋ

### ਜਸਟਿਸ ਜੋਰਾ ਸਿੰਘ ਸੁਖਬੀਰ ਵਿਰੁੱਧ ਅਕਾਲ ਤਖਤ ਜਾ ਸਕਦੇ ਨੇ

ਬੇਅਦਬੀ ਮਾਮਲੇ ਨੂੰ ਲੈ ਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਬਾਦਲ ਸਰਕਾਰ ਵੱਲੋਂ ਬੇਅਦਬੀ ਕਾਂਡ ਦੀ ਜਾਂਚ ਬਣਾਏ ਗਏ ਜ਼ੋਰਾ ਸਿੰਘ ਕਮਿਸ਼ਨ ਦੇ ਮੁਖੀ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਹੋ ਕੇ ਆਪਣੀ ਗੱਲ ਰੱਖਣਗੇ। ਉਨ੍ਹਾਂ ਨੇ ਕਿਹਾ ਮੇਰੀ ਰਿਪੋਰਟ ਜਨਤਕ ਨਹੀਂ ਕੀਤੀ ਗਈ ਜਦਕਿ ਉਸ ਵਿੱਚ ਸਿਆਸਤਦਾਨਾਂ, ਆਈਏਐਸ ਅਤੇ ਆਈਪੀਐਸ ਅਫ਼ਸਰਾਂ ਦੇ ਨਾਂ ਸਨ। ਉਨ੍ਹਾਂ ਕਿਹਾ ਮੇਰੀ ਰਿਪੋਰਟ ਵਿਧਾਨਸਭਾ ਵਿੱਚ ਪੇਸ਼ ਹੋਣੀ ਚਾਹੀਦੀ ਸੀ, ਐਕਸ਼ਨ ਲੈਣਾ ਜਾਂ ਨਹੀਂ ਲੈਣਾ ਉਹ ਸਰਕਾਰ ਦਾ ਫੈਸਲਾ ਹੋਣਾ ਸੀ ਪਰ ਵਿਧਾਨਸਭਾ ਵਿੱਚ ਪੇਸ਼ ਤੱਕ ਨਹੀਂ ਕੀਤੀ ਗਈ, ਇਸ ਤੋਂ ਬਾਅਦ ਕਾਂਗਰਸ ਸਰਕਾਰ ਨੇ ਵੀ ਇਸ ਨੂੰ ਟੇਬਲ ਨਹੀਂ ਕੀਤਾ ਅਤੇ ਰਣਜੀਤ ਸਿੰਘ ਕਮਿਸ਼ਨ ਕੋਲੋਂ ਮੁੜ ਤੋਂ ਜਾਂਚ ਕਰਵਾਈ। ਰਿਟਾਇਡ ਜਸਟਿਸ ਜ਼ੋਰਾ ਸਿੰਘ ਨੇ ਕਿਹਾ ਦੋਵੇ ਸਰਕਾਰਾਂ ਇਸੇ ਲਈ ਗਈਆਂ ਕਿਉਂਕਿ ਉਨ੍ਹਾਂ ਨੇ ਬੇਅਦਬੀ ਮਾਮਲੇ ਵਿੱਚ ਕੋਈ ਐਕਸ਼ਨ ਨਹੀਂ ਲਿਆ। ਇਸ ਤੋਂ ਬਾਅਦ ਮੈਂ ਆਮ ਆਦਮੀ ਪਾਰਟੀ ਨੂੰ ਵੀ ਕਿਹਾ ਕਿ ਮੇਰੀ ਰਿਪੋਰਟ ਨੂੰ ਜਨਤਕ ਕਰੋ ਤਾਂ ਕਿ ਲੋਕਾਂ ਨੂੰ ਪਤਾ ਚੱਲੇ ਕਿ ਇਸ ਰਿਪੋਰਟ ਵਿੱਚ ਕੀ ਹੈ। ਦਿੱਲੀ ਤੋਂ ਲੈ ਕੇ ਪੰਜਾਬ ਤੱਕ ਦੇ ਆਗੂਆਂ ਨੂੰ ਰਿਪੋਰਟ ਜਨਤਕ ਕਰਨ ਦੀ ਅਪੀਲ ਕੀਤੀ ਪਰ ਕਿਸੇ ਨੇ ਨਾ ਸੁਣੀ। ਸੇਵਾ ਮੁਕਤ ਜਸਟਿਸ ਜ਼ੋਰਾ ਸਿੰਘ ਨੇ ਕਿਹਾ ਹੁਣ ਜਦੋਂ ਮੈਂ ਵੇਖਿਆ ਕਿ ਬੇਅਦਬੀ ਮਾਮਲੇ ਵਿੱਚ ਸਾਬਕਾ ਸਿਟ ਮੁਖੀ ਆਰ ਐਸ ਖੱਟਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਹੋ ਕੇ ਆਪਣੀ ਗੱਲ ਰੱਖੀ ਹੈ ਤਾਂ ਮੈਨੂੰ ਵੀ ਸ੍ਰੀ ਅਕਾਲ ਤਖਤ ਜਾ ਕੇ ਰਿਪੋਰਟ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

### 3 ਸਫ਼ੇ ਦੀ ਬਾਕੀ

ਫਿਰ ਕਲੇਰ ਨੇ ਕਿਹਾ ਸੁਖਬੀਰ ਬਾਦਲ ਨੇ ਸਾਨੂੰ ਕਿਹਾ ਤੁਸੀਂ ਬਾਬੇ ਨੂੰ ਕਹੋ ਮੁਆਫੀਨਾਮੇ ਭੇਜੇ ਫਿਰ ਮੈਂ ਸਭ ਠੀਕ ਕਰਵਾ ਦੇਵਾਂਗਾ, ਜਦੋਂ ਹਰਸ਼ ਨੇ ਪੁੱਛਿਆ ਕੀ ਫਿਰ ਸਭ ਕੁਝ ਠੀਕ ਹੋ ਜਾਵੇਗਾ ਤਾਂ ਸੁਖਬੀਰ ਬਾਦਲ ਨੇ ਹਿੱਕ ਕੇ ਹੱਥ ਮਾਰ ਦੇ ਹੋਏ ਕਿਹਾ ਕਿ 'ਜਿਵੇਂ ਤੁਹਾਡੇ ਸਿਸਟਮ ਦਾ ਉਹ ਬਾਬਾ ਹੈ ਇੱਥੇ ਸਾਰੇ ਪੰਥਕ ਸਿਸਟਮ ਦਾ ਮੈਂ ਬਾਬਾ ਹਾਂ'। ਅਰਥਾਤ ਅਕਾਲ ਤਖਤ ਤੇ ਸਮੁਚੇ ਪੰਥ ਦਾ ਸਿਸਟਮ ਮੇਰੇ ਅਧੀਨ ਹੈ।

ਕਲੇਰ ਨੇ ਦੱਸਿਆ ਫਿਰ ਅਸੀਂ ਮੁੰਬਈ ਦੇ ਜੇ ਡਬਲਯੂ ਮੈਰੀਅਟ ਫਾਈਵ ਸਟਾਰ ਹੋਟਲ ਗਏ ਜਿੱਥੇ ਬਾਬਾ ਆਪਣੀ ਫਿਲਮ ਦੀ ਪ੍ਰੀ ਪ੍ਰੋਡਕਸ਼ਨ 'ਤੇ ਕੰਮ ਕਰ ਰਿਹਾ ਸੀ। ਅਸੀਂ ਬਾਬੇ ਨੂੰ ਕਿਹਾ ਸਪਸ਼ਟੀਕਰਨ ਦੇਣਾ ਹੋਵੇਗਾ ਤਾਂ ਸੌਦਾ ਸਾਧ ਸੋਚਾਂ ਵਿੱਚ ਪੈ ਗਿਆ, ਹਨੀਪ੍ਰੀਤ ਨੇ ਸਮਝਾਇਆ ਕਿ ਇਕ ਹਸਤਾਖਰ ਨਾਲ 200 ਕਰੋੜ ਆ ਜਾਣਗੇ ਤਾਂ ਸਪੱਸ਼ਟੀਕਰਨ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ। ਅਗਲੇ ਦਿਨ ਸਵੇਰੇ ਬਾਬੇ ਦੇ ਪ੍ਰੇਮੀ ਰਾਕੇਸ਼ ਦਿੜਬਾ ਨੇ ਸਾਰਾ ਸਪੱਸ਼ਟੀਕਰਨ ਹਿੰਦੀ ਵਿੱਚ ਤਿਆਰ ਕੀਤਾ, ਬਾਬੇ ਨੇ ਹਸਤਾਖਰ ਕੀਤੇ ।

ਕਲੇਰ ਨੇ ਦੱਸਿਆ ਫਿਰ ਅਸੀਂ ਚੰਡੀਗੜ੍ਹ ਸੁਖਬੀਰ ਸਿੰਘ ਬਾਦਲ ਕੋਲ ਪਹੁੰਚੇ ਉਨ੍ਹਾਂ ਦਲਜੀਤ ਸਿੰਘ ਚੀਮਾ ਨੂੰ ਕਿਹਾ ਮੁਆਫੀਨਾਮਾ ਅੰਮ੍ਰਿਤਸਰ ਦੇ ਦਿਉ,ਚੀਮਾ ਨੇ ਕਿਹਾ ਇਹ ਹਿੰਦੀ ਵਿੱਚ ਹੈ ਤਾਂ ਸੁਖਬੀਰ ਨੇ ਪੰਜਾਬ ਵਿੱਚ ਟਰਾਂਸਲੇਟ ਦੇ ਨਿਰਦੇਸ਼ ਦਿੱਤੇ। ਪੰਜਾਬ ਵਾਲੇ ਮੁਆਫੀਨਾਮੇ ਵਿੱਚ 'ਖਿਮਾ ਦਾ ਯਾਚਨਾ' ਸ਼ਬਦ ਸੁਖਬੀਰ ਬਾਦਲ ਵੱਲੋਂ ਪਾਇਆ ਗਿਆ ਜੋ ਕਿ ਸੌਦਾ ਸਾਧ ਦੇ ਸਪੱਸ਼ਟੀਕਰਨ ਵਿੱਚ ਨਹੀਂ ਸੀ । ਫਿਰ ਸਕੈਨ ਕਰਵਾ ਕੇ ਬਾਬੇ ਦੇ ਹਸਤਾਖਰ ਵੀ ਕਾਪੀ ਕਰ ਲਏ ਗਏ । ਪੰਜ ਸਿੰਘ ਸਾਹਿਬਾਨਾਂ ਨੇ ਸੌਦਾ ਸਾਧ ਨੂੰ ਮੁਆਫ਼ੀ ਦੇ ਦਿੱਤੀ ਤਾਂ ਸਿੱਖ ਸੰਗਤ ਨੇ ਕਰੜਾ ਇਤਰਾਜ਼ ਕੀਤਾ । ਮੁਆਫੀਨਾਮਾ ਜਦੋਂ ਮੀਡੀਆ ਵਿੱਚ ਆਇਆ ਤਾਂ ਬਾਬਾ ਗੁੱਸੇ ਵਿੱਚ ਆਇਆ ਮੈਂ ਤਾਂ ਮੁਆਫ਼ੀ ਮੰਗੀ ਨਹੀਂ 'ਖਿਮਾਂ ਦਾ ਯਾਚਨਾ' ਕਿਉਂ ਲਿਖਿਆ ? ਬਾਬਾ ਮੇਰੇ ਅਤੇ ਹਰਸ਼ ਧੁਰੀ 'ਤੇ ਗੁੱਸਾ ਹੋਏ। ਫਿਰ ਸੁਖਬੀਰ ਬਾਦਲ ਦੇ ਔਖੇ ਹੋਏ।

ਜਦੋਂ ਵਿਰੋਧ ਸ਼ੁਰੂ ਹੋਇਆ ਤਾਂ ਸੁਖਬੀਰ ਸਿੰਘ ਬਾਦਲ ਨੇ ਹਰਸ਼ ਧੁਰੀ ਨੂੰ ਕਿਹਾ ਬਾਬੇ ਨੂੰ ਅੰਮ੍ਰਿਤਸਰ ਜਾਣਾ ਹੋਵੇਗਾ ਮੈਂ ਚਾਰਟਰਡ ਪਲੇਨ ਭੇਜ ਦੇਵਾਂਗਾ। ਸਵੇਰੇ ਤਿੰਨ ਵਜੇ ਬਾਬਾ ਅੰਮ੍ਰਿਤਸਰ ਪਹੁੰਚ ਜਾਵੇਗਾ, ਸੁਰੱਖਿਆ ਦਾ ਇੰਤਜ਼ਾਮ ਮੈਂ ਕਰਾਂਗਾ,ਬਾਬੇ ਨੇ ਕਿਹਾ ਮੈਂ ਨਹੀਂ ਜਾ ਸਕਦਾ। ਕਲੇਰ ਨੇ ਦੱਸਿਆ ਕਿ ਫਿਰ ਸੁਖਬੀਰ ਨੇ ਹਰਸ਼ ਧੁਰੀ ਅਤੇ ਮੈਨੂੰ ਫੋਨ ਕੀਤਾ ਦਿੱਲੀ ਬੁਲਾਇਆ ਕਿਹਾ ਮੁੜ ਤੋਂ ਲਿਖੋ ਅਸੀਂ ਗੁਰੂ ਸਾਹਿਬ ਨੂੰ ਮੰਨਦੇ ਹਾਂ, ਸਤਿਕਾਰ ਕਰਦੇ ਹਾਂ। ਅਸੀਂ ਸਿੱਖਾਂ ਦੇ ਨਾਲ ਹਾਂ। ਉਸ ਸਮੇਂ ਦਿੱਲੀ ਵਾਲੇ ਘਰ ਵਿੱਚ ਬਲਵੰਤ ਸਿੰਘ ਰਾਮੂਵਾਲੀਆ ਵੀ ਮੌਜੂਦ ਸੀ।

ਪ੍ਰਦੀਪ ਨੇ ਦਾਅਵਾ ਕੀਤਾ ਅਸੀਂ ਮੁੜ ਤੋਂ 2017 ਵਿੱਚ ਅਕਾਲੀ ਦਲ ਦੀ ਹਮਾਇਤ ਕੀਤੀ। ਚੋਣਾਂ ਤੋਂ ਠੀਕ ਪਹਿਲਾਂ ਸੁਖਬੀਰ ਬਾਦਲ ਲੁੱਕ ਕੇ ਜੈਪੁਰ ਸ਼ਹਿਰ ਤੋਂ ਬਾਅਦ ਬਾਬੇ ਦੇ ਡੇਰੇ ਵਿੱਚ ਮਿਲ ਕੇ ਗਿਆ। ਪਹਿਲਾਂ ਫਾਈਵ ਸਟਾਰ ਹੋਟਲ ਵਿੱਚ ਰੁਕਿਆ ਫਿਰ ਡੇਰੇ ਦੀ ਗੱਡੀ ਵਿੱਚ ਗਿਆ ਹੈ।

4 ਫਰਵਰੀ 2017 ਨੂੰ ਵੋਟਿੰਗ ਸੀ 2 ਫਰਵਰੀ ਨੂੰ ਸੁਖਬੀਰ ਸਿੰਘ ਬਾਦਲ ਓਡੀ ਗੱਡੀ ਵਿੱਚ ਬੈਕੇ ਦਿੱਲੀ ਦੇ ਗ੍ਰੇਟਰ ਕਲਾਸ਼ ਵਿੱਚ ਰਾਤ 9 ਵਜੇ ਆਉਂਦਾ ਹੈ। ਸੁਖਬੀਰ ਸਿੰਘ ਬਾਦਲ ਉਸ ਵੇਲੇ ਡਿਪਟੀ ਸੀਐੱਮ ਸੀ, ਸਾਰਾ ਰਿਕਾਰਡ ਚੈੱਕ ਕੀਤਾ ਜਾ ਸਕਦਾ ਹੈ । ਕਲੇਰ ਨੇ ਦੱਸਿਆ ਕਿ ਇਸ ਤੋਂ ਬਾਅਦ 2019 ਦੀਆਂ ਲੋਕਸਭਾ ਚੋਣਾਂ ਵਿੱਚ ਡੇਰੇ ਨੇ ਸੁਖਬੀਰ ਅਤੇ ਹਰਸਿਮਰਤ ਕੌਰ ਬਾਦਲ ਦੀ ਮਦਦ ਕੀਤੀ।

ਪ੍ਰਦੀਪ ਕਲੇਰ ਨੇ ਇੰਟਰਵਿਊ ਦੌਰਾਨ ਪੁਲਿਸ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਉਨ੍ਹਾਂ ਕਿਹਾ ਮੈਂ ਹੈਰਾਨ ਹਾਂ ਕਿ ਮੇਰਾ ਨਾਂ ਰਕੇਸ਼ ਦਿੜਬਾ, ਹਰਸ਼ ਧੁਰੀ ਤੇ ਗਗਨ ਬਰੇਟਾ ਵਾਂਗ ਫਰਾਰ ਦੀ ਲਿਸਟ ਵਿੱਚ ਸੀ । ਮੈਂ ਕਦੇ ਵੀ ਫਰਾਰ ਨਹੀਂ ਸੀ, ਕਈ ਵਾਰ ਹਵਾਈ ਜਹਾਜ਼ ਦੇ ਰਾਹੀਂ ਯਾਤਰਾ ਕੀਤੀ,ਦੇਸ਼ ਦੇ ਹਰ ਸ਼ਹਿਰ ਵਿੱਚ ਕੰਮ ਕਰਨ ਲਈ ਜਾਂਦਾ ਸੀ, ਮੈਨੂੰ ਕਦੇ ਵੀ ਪੁਲਿਸ ਦਾ ਪੇਸ਼ੀ ਦਾ ਨੋਟਿਸ ਨਹੀਂ ਮਿਲਿਆ। ਜਦੋਂ ਇਸੇ ਸਾਲ ਪੁਲਿਸ ਗੁਰੂਗਰਾਮ ਮੈਨੂੰ ਮਿਲਣ ਪਹੁੰਚੀ ਤਾਂ ਮੈਂ ਇੱਕ ਦਮ ਤਿਆਰ ਹੋ ਗਿਆ ਅਤੇ ਸਿਟ ਨੂੰ ਕਿਹਾ ਤੁਸੀਂ ਮੈਨੂੰ ਖੁੱਲ੍ਹ ਕੇ ਪੁੱਛ ਸਕਦੇ ਹੋ ਮੈਂ ਸਾਰੀਆਂ ਚੀਜ਼ਾ ਦੱਸਾਂਗਾ । ਪ੍ਰਦੀਪ ਕਲੇਰ ਦੀ ਗੱਲ ਤੇ ਯਕੀਨ ਮੰਨੀਏ ਤਾਂ ਪੁਲਿਸ ਨੇ ਗਵਾਹਾਂ ਨੂੰ ਲੱਭਣ ਦੀ ਕੋਸ਼ਿਸ਼ ਵੀ ਨਹੀਂ ਕੀਤੀ । ਯਾਨੀ ਕੇਸ ਨੂੰ ਲੈਕੇ ਪੁਲਿਸ ਤੇ ਵੀ ਦਬਾਅ ਸੀ ।

ਇਸ ਤੋਂ ਸਪੱਸ਼ਟ ਹੈ ਕਿ ਸੁਖਬੀਰ ਬਾਦਲ ਨੇ ਸਿਖ ਪੰਥ ਵਿਰੁਧ ਵਡਾ ਅਪਰਾਧ ਕੀਤਾ ਤੇ ਸੌਦਾ ਸਾਧ ਲਈ ਅਕਾਲ ਤਖਤ ਦੇ ਜਥੇਦਾਰ ਨੂੰ ਇਸ ਸਿਆਸੀ ਝੂਠ ਤੇ ਡੇਰੇ ਦੀ ਮਾਫੀ ਦੇ ਜਾਹਲੀ ਪੱਤਰ ਵਿਚ ਅਕਾਲ ਤਖਤ ਸਾਹਿਬ ਨੂੰ ਗੁਮਰਾਹ ਕੀਤਾ ਹੈ। ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਲਈ ਸੁਖਬੀਰ ਆਪ ਦੋਸ਼ੀ ਹੈ।

# ਸੁਖਬੀਰ ਦਾ ਲਿਫਾਫਾ ਬੰਦ ਸਪਸ਼ਟੀਕਰਨ ਉਪਰ ਸੁਆਲ ਉਠੇ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਸੱਦੇ ਜਾਣ ਦੇ ਜਵਾਬ ਵਿਚ ਪੇਸ਼ ਹੋਣ ਤੋਂ ਬਾਅਦ ਸੋਸ਼ਲ ਮੀਡੀਆ ਅਤੇ ਵੱਖ ਵੱਖ ਵੈੱਬ ਚੈਨਲਾਂ ਅਤੇ ਸ਼ੋਸ਼ਲ ਮੀਡੀਆ 'ਤੇ 2 ਸਵਾਲਾਂ ਦੀ ਚਰਚਾ ਜ਼ਿਆਦਾ ਹੋ ਰਹੀ ਹੈ । ਪਹਿਲਾ ਸਵਾਲ ਕਿ ਜਦੋਂ ਸੁਖਬੀਰ ਨੇ ਆਪਣੀ ਚਿੱਠੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦਿੱਤੀ ਪਰ ਖ਼ੁਦ ਪੱਤਰਕਾਰਾਂ ਦੇ ਕਿਸੇ ਸਵਾਲ ਦਾ ਜਵਾਬ ਨਹੀ ਦਿੱਤਾ ਅਤੇ ਦੂਜੇ ਪਾਸੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਇਹ ਕਹਿ ਦਿੱਤਾ ਕਿ ਇਹ ਚਿੱਠੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਹੀ ਖੋਲ੍ਹੀ ਜਾਵੇਗੀ ਤਾਂ ਫਿਰ ਸੁਖਬੀਰ ਦੇ ਕਿਸੇ ਨਜ਼ਦੀਕੀ ਨੇ ਮੁਆਫ਼ੀ-ਨਾਮੇ ਵਾਲੀ ਚਿੱਠੀ ਚੈਨਲਾਂ ਨੂੰ ਲੀਕ ਕੀਤੀ ਅਤੇ ਇਹ ਵੀ ਦੱਸਿਆ ਕਿ ਇਸ ਦੇ ਨਾਲ ਹੀ ਸਵ. ਸ. ਪ੍ਰਕਾਸ਼ ਸਿੰਘ ਬਾਦਲ ਦੀ 17 ਅਕਤੂਬਰ 2015 ਨੂੰ ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖੀ ਪਛਤਾਵੇ ਦੀ ਚਿੱਠੀ ਵੀ ਸੁਖਬੀਰ ਦੇ ਜਵਾਬ ਨਾਲ ਨੱਥੀ ਹੈ ?

ਜਦੋਂ ਕਿ ਬਾਗ਼ੀ ਅਕਾਲੀ ਧੜੇ ਦੇ ਨੇਤਾ ਜਥੇ. ਸੁੱਚਾ ਸਿੰਘ ਛੋਟੇਪੁਰ ,ਬੀਬੀ ਜਾਗੀਰ ਕੌਰ ਅਤੇ ਹੋਰ ਨੇਤਾ ਅਜੇ ਵੀ ਇਹ ਮੰਗ ਕਰ ਰਹੇ ਹਨ ਕਿ ਸੁਖਬੀਰ ਦੀ ਬੰਦ ਲਿਫ਼ਾਫ਼ੇ ਵਾਲੀ ਚਿੱਠੀ ਜਨਤਕ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਡੇਰਾ ਸਿਰਸਾ ਵੱਲੋਂ ਜਿਹੜਾ ਮੁਆਫੀ ਨਾਮਾ ਆਇਆ ਸੀ ਜਾਂ ਖੁੱਦ ਲਿਖਿਆ ਸੀ ਜਾ ਉਹ ਬੰਦ ਜਾਂ ਖੁੱਲ੍ਹੇ ਲਿਫਾਫੇ ਵਿਚ ਆਇਆ ਸੀ। ਇਹ ਭੇਦ ਬਣਿਆ ਹੋਇਆ ਹੈ। ਸੋ ਇਸ ਲਿਫ਼ਾਫ਼ਾ ਕਲਚਰ ਤੇ ਬੰਦ ਕਮਰਾ ਮੀਟਿੰਗਾਂ ਨੂੰ ਪੂੱਰੀ ਤਰਾਂ ਠੱਲ ਪਾਈ ਜਾਵੇ। ਪੰਥਕ ਹਲਕੇ ਬੰਦ ਚਿਠੀ ਨੂੰ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਉਲਟ ਮੰਨ ਰਹੇ ਹਨ ਕਿ ਸਿਖ ਪੰਥ ਵਿਚ ਲਿਫਾਫਾ ਕਲਚਰ ਨਹੀਂ ਹੈ। ਗੁਰੂ ਪੰਥ ਸਾਹਮਣੇ ਭੁਲਾਂ ਬਖਸ਼ਾਉਣ ਦੀ ਮਰਿਯਾਦਾ ਹੈ।



ਸੁਚਾ ਸਿੰਘ ਛੋਟੇਪੁਰ ਅਤੇ ਭਾਈ ਮਨਜੀਤ ਸਿੰਘ ਨੇ ਕਿਹਾ ਕਿ ਡੇਰੇ ਦੀ ਮੁਆਫ਼ੀ ਵਿੱਚ ਸਭ ਤੋਂ ਵੱਡਾ ਹੱਥ ਸੁਖਬੀਰ ਸਿੰਘ ਬਾਦਲ ਦਾ ਹੀ ਹੈ ਤੇ ਉਹਨਾਂ ਵੱਲੋਂ ਜਿਹੜਾ ਕੱਲ ਸਪੱਸ਼ਟੀਕਰਨ ਦਿੱਤਾ ਗਿਆ ਉਹ ਲੁਕਾ ਕੇ ਨਹੀਂ ਰੱਖਿਆ ਜਾਣਾ ਚਾਹੀਦਾ ਅਤੇ ਉਸ ਨੂੰ ਤੁਰੰਤ ਜਨਤਕ ਕਰਨਾ ਚਾਹੀਦਾ ਹੈ ਤਾਂ ਜੋ ਸਿੱਖ ਪੰਥ ਵਿਚ ਉਸ ਦੀ ਚਰਚਾ ਹੋ ਸਕੇ ਅਤੇ ਜਿਹੜਾ ਵੀ ਫੈਸਲਾ ਹੋਵੇ ਉਹ ਸਿੱਖ ਪੰਥ ਦੇ ਆਸ਼ੇ ਮੁਤਾਬਕ ਹੋਵੇ ਅਤੇ ਨਾਂ ਕਿ ਡੇਰੇ ਸਿਰਸਾ ਮੁਆਫ਼ੀ ਦੇ ਫੈਸਲੇ ਵਾਂਗ ਲੁਕਾ ਕੇ ਹੋਵੇ।

ਸੂਤਰਾਂ ਮੁਤਾਬਿਕ ਸੁਖਬੀਰ ਸਿੰਘ ਬਾਦਲ ਨੇ ਬੰਦ ਲਿਫਾਫੇ ਰਾਹੀਂ ਦੋ ਪੱਤਰ ਜਥੇਦਾਰ ਨੂੰ ਸੌਂਪੇ ਹਨ, ਜਿੰਨਾ ਵਿੱਚੋਂ ਇਕ ਪੱਤਰ ਸੁਖਬੀਰ ਸਿੰਘ ਬਾਦਲ ਦਾ ਸਪੱਸ਼ਟੀਕਰਨ, ਜਦਕਿ ਦੂਜਾ ਪੱਤਰ ਪ੍ਰਕਾਸ਼ ਸਿੰਘ ਬਾਦਲ ਵਲੋਂ 17 ਅਕਤੂਬਰ 2015 ਨੂੰ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੇ ਗਏ ਪੱਤਰ ਦੀ ਫ਼ੋਟੋ ਕਾਪੀ ਹੈ, ਜਿਸ ਵਿਚ ਸਵ: ਬਾਦਲ ਨੇ ਬੇਅਦਬੀ ਮਾਮਲਿਆਂ ਦੇ ਸਬੰਧ ਵਿਚ ਦੁੱਖ ਅਤੇ ਅਫ਼ਸੋਸ ਜਾਹਰ ਕਰਨ ਦੇ ਨਾਲ-ਨਾਲ ਪਸ਼ਚਾਤਾਪ ਵੀ ਕੀਤਾ। ਮੀਡੀਆ ਮੰਚਾਂ 'ਤੇ ਇਹ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਜਿਵੇਂ ਪ੍ਰਕਾਸ਼ ਸਿੰਘ ਬਾਦਲ ਦੀ 2015 ਵਾਲੀ ਪਛਤਾਵੇ ਵਾਲੀ ਚਿੱਠੀ ਬਾਰੇ ਜਿਵੇਂ ਕਿਸੇ ਨੂੰ ਪਹਿਲਾਂ ਪਤਾ ਹੀ ਨਹੀਂ ਸੀ। ਸੋਸ਼ਲ ਮੀਡੀਆ ਉਪਰ ਕਾਫੀ ਸਿਖਾਂ ਨੇ ਪ੍ਰਕਾਸ਼ ਸਿੰਘ ਬਾਦਲ ਦੀ ਚਿੱਠੀ ਨੂੰ ਨਕਲੀ ਤੇ ਡਰਾਮਾ ਕਰਾਰ ਦਿਤਾ ਹੈ।

ਸੁਖਬੀਰ ਸਿੰਘ ਬਾਦਲ ਦੇ ਨੇੜਲੇ ਸੂਤਰਾਂ ਅਨੁਸਾਰ ਸਤੰਬਰ 2015 ਵਿੱਚ ਬੇਅਦਬੀ ਦੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਸਨ ਅਤੇ ਉਸ ਵੇਲੇ ਦੀ ਅਕਾਲੀ ਸਰਕਾਰ ਵੱਲੋਂ ਦੋਸ਼ੀਆਂ ਨੂੰ ਕਾਬੂ ਨਾ ਕਰਨ ਸਬੰਧੀ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਉਂਗਲ ਉੱਠੀ ਸੀ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 17 ਅਕਤੂਬਰ 2015 ਨੂੰ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਹ ਪੱਤਰ ਸੌਂਪਿਆ ਸੀ। ਉਨ੍ਹਾਂ ਲਿਖਿਆ, "ਪੰਜਾਬ ਦਾ ਪ੍ਰਸ਼ਾਸਨਿਕ ਮੁਖੀ ਹੋਣ ਕਾਰਨ ਵਾਪਰ ਰਹੇ ਅਜਿਹੇ ਅਣਕਿਆਸੇ ਘਟਨਾਕ੍ਰਮ ਦਾ ਪੂਰਾ ਅਹਿਸਾਸ ਹੈ। ਮੈਂ ਸੌਂਪੇ ਫਰਜ਼ਾਂ ਦੀ ਪਾਲਣਾ ਪੂਰੀ ਤਨਦੇਹੀ ਅਤੇ ਸ਼ਿੱਦਤ ਨਾਲ ਕਰਨ ਦਾ ਯਤਨ ਕੀਤਾ ਹੈ ਪਰ ਸਿਦਕਦਿਲੀ ਨਾਲ ਆਪਣੇ ਫਰਜ਼ਾਂ ਦੀ ਪਾਲਣਾ ਕਰਦਿਆਂ ਕਈ ਵਾਰ ਅਜਿਹਾ ਕੁਝ ਵਾਪਰ ਜਾਂਦਾ ਹੈ, ਜੋ ਕਿਆਸ ਤੋਂ ਬਾਹਰ ਹੁੰਦਾ ਹੈ, ਜਿਸ ਨਾਲ ਤੁਹਾਡੇ ਮਨ ਨੂੰ ਗਹਿਰੀ ਪੀੜਾ 'ਚੋਂ ਲੰਘਣਾ ਪੈਂਦਾ ਹੈ ਅਤੇ ਤੁਸੀਂ ਆਤਮਿਕ ਤੌਰ 'ਤੇ ਝੰਜੋੜੇ ਜਾਂਦੇ ਹੋ। ਤੁਹਾਡੇ ਅੰਦਰ ਪਸ਼ਚਾਤਾਪ ਦੀ ਭਾਵਨਾ ਪ੍ਰਬਲ ਹੋ ਜਾਂਦੀ ਹੈ। " ਮਰਹੂਮ ਮੁੱਖ ਮੰਤਰੀ ਨੇ ਪੱਤਰ 'ਚ ਅੱਗੇ ਲਿਖਿਆ, "ਅਜਿਹੇ ਸਮੇਂ ਉਹ ਵੀ ਅੰਤਰਮਨ ਦੀ ਪੀੜਾ 'ਚੋਂ ਲੰਘ ਰਹੇ ਹਨ। ਅਜਿਹੀ ਭਾਵਨਾ ਨੂੰ ਲੈ ਕੇ ਉਹ ਗੁਰੂ ਦਰ 'ਤੇ ਨਤਮਸਤਕ ਹੋ ਰਹੇ ਹਨ ਅਤੇ ਅਰਦਾਸ ਕਰਦੇ ਹਨ ਕਿ ਗੁਰੂ ਸਾਹਿਬ ਬਲ ਬਖਸ਼ਣ ਅਤੇ ਮਿਹਰ ਕਰਨ। "

ਸੁਆਲ ਇਹ ਹੈ ਕਿ ਮੀਡੀਆ ਤੇ ਸਿਖ ਪੰਥ ਵਿਚ ਇਸ ਚਿਠੀ ਦਾ ਜ਼ਿਕਰ ਕਿਉਂ ਨਹੀਂ ਹੋਇਆ। ਅਕਾਲ ਤਖਤ ਦਾ ਉਸ ਸਮੇਂ ਦਾ ਜਥੇਦਾਰ ਇਸ ਚਿਠੀ ਨੂੰ ਸਿਖ ਪੰਥ ਸਾਹਮਣੇ ਜਨਤਕ ਕਿਉਂ ਨਹੀਂ ਕੀਤਾ।

## ਬੇਅਦਬੀ ਦੇ ਮਾਮਲੇ ਵਿਚ 'ਆਪ' ਸਰਕਾਰ ਦੀ ਬੇਇਨਸਾਫ਼ੀ


ਸਾਬਕਾ ਪੁਲਿਸ ਅਧਿਕਾਰੀ ਨੂੰ ਵਿਸ਼ੇਸ਼ ਜਾਂਚ ਟੀਮ ਵੱਲੋਂ ਪੁਲਿਸ ਹੈਡਕੁਆਰਟਰ ਚੰਡੀਗੜ੍ਹ ਬੁਲਾ ਕੇ ਪੁੱਛਗਿੱਛ ਕਰਨੀ ਅਤੇ ਫਿਰ ਪੁਲਿਸ ਅਧਿਕਾਰੀ ਵੱਲੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਨਾਲ ਮੁਲਾਕਾਤ ਕਰਨਾ, ਇਸ ਗੱਲ ਦਾ ਸੰਕੇਤ ਹੈ ਕਿ ਆਗਾਮੀ ਦਿਨਾਂ ਵਿਚ ਇਹ ਵੱਡਾ ਮੁੱਦਾ ਬਣ ਸਕਦਾ ਹੈ। ਬੀਤੇ ਦਿਨੀਂ ਕਾਂਗਰਸ ਦੇ ਸੀਨੀਅਰ ਆਗੂਆਂ ਵਿਧਾਇਕ ਪਰਗਟ ਸਿੰਘ ਤੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਜਿਥੇ ਪ੍ਰੈੱਸ ਕਾਨਫਰੰਸ ਕਰ ਕੇ ਸਰਕਾਰ ਤੇ ਡੇਰਾ ਮੁਖੀ ਖ਼ਿਲਾਫ਼ ਅਦਾਲਤੀ ਕਾਰਵਾਈ ਸ਼ੁਰੂ ਕਰਨ ਲਈ ਪ੍ਰੋਸੀਕਿਊਸ਼ਨ ਮਨਜ਼ੂਰੀ ਨਾ ਦੇਣ ਦਾ ਦੋਸ਼ ਲਾਇਆ ਸੀ, ਉਥੇ ਸਾਬਕਾ ਪੁਲਿਸ ਅਧਿਕਾਰੀ ਰਣਬੀਰ ਸਿੰਘ ਖਟੜਾ ਨੂੰ ਵੀ ਤੰਗ ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ। ਕਾਂਗਰਸੀ ਆਗੂਆਂ ਦਾ ਦੋਸ਼ ਹੈ ਕਿ ਸਾਬਕਾ ਪੁਲਿਸ ਅਧਿਕਾਰੀ ਰਣਬੀਰ ਸਿੰਘ ਖਟੜਾ ਦੀ ਡੇਰਾ ਮੁਖੀ ਦੇ ਵਿਰੁਧ ਨਾ ਭੁਗਤਣ ਲਈ ਬਾਂਹ ਮਰੋੜੀ ਜਾ ਰਹੀ ਹੈ। ਇਸੇ ਤਰ੍ਹਾਂ ਸੂਬੇ ਦੇ ਅੱਧਾ ਦਰਜਨ ਦੇ ਕਰੀਬ ਸਾਬਕਾ ਆਈਏਐੱਸ ਅਧਿਕਾਰੀਆਂ ਸਵਰਨ ਸਿੰਘ ਬੋਪਾਰਾਏ, ਡਾ. ਮਨਜੀਤ ਸਿੰਘ ਰੰਧਾਵਾ, ਜੀਪੀਐੱਸ ਸਾਹੀ, ਕੁਲਬੀਰ ਸਿੰਘ ਸਿੱਧੂ, ਜੀਕੇ ਸਿੰਘ ਅਤੇ ਹਰਕੇਸ਼ ਸਿੰਘ, ਸਾਬਕਾ ਡੀਜੀਪੀ ਜੀਐੱਸ ਪੰਧੇਰ, ਡਾ. ਐੱਚਐੱਮ ਸਿੰਘ, ਬ੍ਰਿਗੇਡੀਅਰ ਇੰਦਰ ਮੋਹਨ ਸਿੰਘ, ਬ੍ਰਿਗੇਡੀਅਰ ਹਰਵੰਤ ਸਿੰਘ, ਕਰਨਲ ਅਵਤਾਰ ਸਿੰਘ ਹੀਰਾ, ਬ੍ਰਿਗੇਡੀਅਰ ਜੀਜੇ ਸਿੰਘ, ਡਾ. ਐੱਚਐੱਸ ਸਿੱਧੂ ਸਮੇਤ ਕਈਆਂ ਨੇ ਵੀ ਸਰਕਾਰ 'ਤੇ ਸਾਬਕਾ ਪੁਲਿਸ ਅਧਿਕਾਰੀ ਨੂੰ ਤੰਗ ਪਰੇਸ਼ਾਨ ਕੀਤੇ ਜਾਣ ਦਾ ਦੋਸ਼ ਲਾਇਆ ਸੀ।

# ਮੈਂ ਜਗਤਾਰ ਸਿੰਘ ਜੌਹਲ ਦੇ ਪ੍ਰੀਵਾਰ ਨੂੰ ਮਿਲਾਂਗਾ ਵਿਦੇਸ਼ ਮੰਤਰੀ ਡੇਵਿਡ ਲੈਮੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੀ ਕੱਲ ਸੰਸਦ ਵਿੱਚ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ (ਐਫ ਸੀ ਡੀ ਓ) ਸ਼ੈਡੋ ਮੰਤਰੀ ਅਤੇ ਵਿਦੇਸ਼ੀ ਮਾਮਲਿਆਂ ਦੀ ਚੋਣ ਕਮੇਟੀ ਦੀ ਸਾਬਕਾ ਚੇਅਰ ਅਲੀਸੀਆ ਕੇਅਰਨਜ਼ ਨੇ ਭਾਰਤ ਵਿੱਚ ਨਜ਼ਰਬੰਦ ਜਗਤਾਰ ਸਿੰਘ ਜੱਗੀ ਜੌਹਲ ਦਾ ਮਾਮਲਾ ਉਠਾਇਆ। ਉਹਨਾਂ ਵਿਦੇਸ਼ ਮੰਤਰੀ ਡੇਵਿਡ ਲੈਮੀ ਦੀ ਭਾਰਤ ਯਾਤਰਾ ਅਤੇ ਜੱਗੀ ਜੌਹਲ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਵਾਲ ਕੀਤੇ। ਉਹਨਾਂ ਕਿਹਾ ਕਿ ਕੰਜ਼ਰਵੇਟਿਵ ਵੱਲੋਂ ਵਿਦੇਸ਼ ਮੰਤਰੀ ਦਾ ਭਾਰਤੀ ਵਿਦੇਸ਼ ਮੰਤਰੀ ਕੋਲ ਜਗਤਾਰ ਸਿੰਘ ਜੌਹਲ ਦਾ ਮਾਮਲਾ ਉਠਾਉਣ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਜੱਗੀ ਇੱਕ ਬ੍ਰਿਟਿਸ਼ ਨਾਗਰਿਕ ਹੈ, ਜਿਸ ਦੀ ਨਜ਼ਰਬੰਦੀ ਨੂੰ ਸੰਯੁਕਤ ਰਾਸ਼ਟਰ ਨੇ ਮਨਮਾਨੇ ਢੰਗ ਨਾਲ ਕੀਤੀ ਗਈ ਕਿਹਾ ਹੈ।

ਅਲੀਸੀਆ ਕੇਅਰਨਜ਼ ਨੇ ਪੁੱਛਿਆ: "ਕੀ ਵਿਦੇਸ਼ ਮੰਤਰੀ ਅੱਜ ਸਦਨ ਦੇ ਸਾਹਮਣੇ ਪੁਸ਼ਟੀ ਕਰਨਗੇ ਕਿ ਉਹ ਅਜੇ ਵੀ ਵਿਸ਼ਵਾਸ ਕਰਦੇ ਹਨ, ਜਿਵੇਂ ਕਿ ਉਸਨੇ ਇੱਕ ਮਹੀਨਾ ਪਹਿਲਾਂ ਕੀਤਾ ਸੀ, ਕਿ ਜਗਤਾਰ ਨੂੰ ਮਨਮਾਨੇ ਢੰਗ ਨਾਲ ਹਿਰਾਸਤ ਵਿੱਚ ਲਿਆ ਜਾ ਹੈ? "ਕੀ ਉਹ ਅੱਜ ਜਨਤਕ ਤੌਰ 'ਤੇ ਜਗਤਾਰ ਦੀ ਰਿਹਾਈ ਦੀ ਮੰਗ ਕਰਨਗੇ, ਜਿਵੇਂ ਉਹਨਾਂ ਸਾਬਕਾ ਵਿਦੇਸ਼ ਮੰਤਰੀ ਨੂੰ ਵਾਰ-ਵਾਰ ਕਰਦੇ ਸਨ ਅਤੇ ਕੀ ਉਹ ਜੱਗੀ ਜੌਹਲ ਦੇ ਪਰਿਵਾਰ ਨੂੰ ਵੀ ਮਿਲਣਗੇ ਅਤੇ ਗਲਤ ਤਰੀਕੇ ਨਾਲ ਵਿਦੇਸ਼ ਵਿੱਚ ਨਜ਼ਰਬੰਦ ਕੀਤੇ ਬਰਤਾਨਵੀ ਨਾਗਰਿਕ ਲਈ ਵਿਸ਼ੇਸ਼ ਦੂਤ ਦੀ ਨਿਯੁਕਤੀ ਦਾ ਐਲਾਨ ਕਦੋਂ ਕਰਨਗੇ।


ਜਗਤਾਰ ਸਿੰਘ ਜੱਗੀ ਜੌਹਲ


ਵਿਦੇਸ਼ ਮੰਤਰੀ ਡੇਵਿਡ ਲੈਮੀ

ਡੇਵਿਡ ਲੈਮੀ ਨੇ ਨਵੰਬਰ 2017 ਤੋਂ ਭਾਰਤੀ ਜੇਲ੍ਹ ਵਿੱਚ ਜਗਤਾਰ ਸਿੰਘ ਜੌਹਲ ਦੀ ਨਜ਼ਰਬੰਦੀ ਦੇ ਜਵਾਬ ਵਿੱਚ ਕਿਹਾ ਕਿ ਇਹ ਇੱਕ ਬਹੁਤ ਗੰਭੀਰ ਮਾਮਲਾ ਹੈ ਅਤੇ ਉਹ ਇਸ ਦੇ ਜਲਦੀ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹਨ। ਮੈਂ ਪਿਛਲੇ ਹਫ਼ਤੇ ਭਾਰਤ ਵਿੱਚ ਵਿਦੇਸ਼ ਮੰਤਰੀ ਕੋਲ ਇਹ ਮਾਮਲਾ ਉਠਾਇਆ ਸੀ। ਡੇਵਿਡ ਲੈਮੀ ਨੇ ਅੱਗੇ ਕਿਹਾ ਕਿ ਅਸੀਂ ਆਪਣੀਆਂ ਚਿੰਤਾਵਾਂ ਨੂੰ ਭਾਰਤ ਅੱਗੇ ਖਾਸ ਤੌਰ 'ਤੇ ਤਸ਼ੱਦਦ ਦੇ ਦੋਸ਼ਾਂ ਅਤੇ ਨਿਰਪੱਖ ਸੁਣਵਾਈ ਦੇ ਅਧਿਕਾਰ ਬਾਰੇ ਰੱਖਦੇ ਰਹਾਂਗੇ। ਉਹਨਾਂ ਸ਼ਪਸ਼ਟ ਕੀਤਾ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਪਰਿਵਾਰ ਨੂੰ ਮਿਲਣਗੇ। ਪਰ ਉਹਨਾਂ ਜੱਗੀ ਦੀ ਰਿਹਾਈ ਦੀ ਮੰਗ ਬਾਰੇ ਕੁਝ ਨਹੀਂ ਕਿਹਾ।

ਸਿੱਖ ਫੈਡਰੇਸ਼ਨ (ਯੂ.ਕੇ.) ਦੇ ਪ੍ਰਮੁੱਖ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਪ੍ਰੀਤੀਕ੍ਰਿਆ ਦਿੰਦਿਆਂ ਕਿਹਾ ਕਿ ਡੇਵਿਡ ਲੈਮੀ ਆਉਣ ਵਾਲੇ ਹਫ਼ਤਿਆਂ ਵਿੱਚ ਜਗਤਾਰ ਦੇ ਪਰਿਵਾਰ ਨੂੰ ਮਿਲਣ ਲਈ ਰਾਜ਼ੀ ਹਨ। ਪਰ ਵੇਖਣਾ ਇਹ ਹੋਵੇਗਾ ਕਿ ਜਗਤਾਰ ਦੀ ਰਿਹਾਈ ਦੀ ਮੰਗ ਬਾਰੇ ਉਹ ਪ੍ਰੀਵਾਰ ਨੂੰ ਜੀ ਜਵਾਬ ਦਿੰਦੇ ਹਨ।

## ਕੈਲੀਫੋਰਨੀਆ ਦੇ ਜੰਗਲ ਵਿਚ ਲੱਗੀ ਅੱਗ ਵਿਚੋਂ ਕਤੂਰਿਆਂ ਨੂੰ ਹੈਲੀਕਾਪਟਰ ਰਾਹੀਂ ਬਚਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸੈਕਰਾਮੈਂਟੋ, ਕੈਲੀਫੋਰਨੀਆ ਦੇ ਉੱਤਰ ਵਿਚ ਲੱਗੀ ਅੱਗ ਜਿਸ ਨੂੰ ਪਾਰਕ ਫਾਇਰ ਦਾ ਨਾਂ ਦਿੱਤਾ ਗਿਆ ਹੈ, ਵੱਲੋਂ ਮਚਾਈ ਭਾਰੀ ਤਬਾਹੀ ਦਰਮਿਆਨ ਹੈਲੀਕਾਪਟਰ ਦੀ ਮੱਦਦ ਨਾਲ ਇਕ ਰੋਟਵੀਲਰ ਨਸਲ ਦੇ ਕੁੱਤੇ ਤੇ 4 ਕਤੂਰਿਆਂ ਨੂੰ ਬਚਾ ਲੈਣ ਦੀ ਖਬਰ ਹੈ। ਇਹ ਜਾਣਕਾਰੀ ਬੂਟੇ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਦਿੱਤੀ ਹੈ। ਸ਼ੈਰਿਫ ਦਫਤਰ ਦੇ ਫੇਸਬੁੱਕ ਸਫੇ ਉਪਰ ਪਾਈ ਇਕ ਪੋਸਟ ਅਨੁਸਾਰ ਕੈਂਪਬੈਲਵਿਲੇ ਦੇ ਦੂਰ ਦਰਾਜ ਦੇ ਖੇਤਰ ਨੇੜੇ ਰਹਿੰਦੇ ਇਕ ਵਿਅਕਤੀ ਨੂੰ ਹੋਰਨਾਂ ਲੋਕਾਂ ਨਾਲ ਬਚਾ ਲਿਆ ਗਿਆ ਸੀ ਪਰੰਤੂ ਉਹ ਆਪਣੇ ਕੁੱਤਿਆਂ ਨੂੰ ਨਾਲ ਨਹੀਂ ਲਿਆ ਸਕਿਆ ਸੀ। ਕਾਊਂਟੀ ਦੀ ਬਚਾਅ ਤੇ ਰਾਹਤ ਟੀਮ ਦਾ ਇਕ ਮੈਂਉਰ ਟਰੇਵਰ ਸਕਾਗਸ ਪਾਇਲਟ ਕੋਨੋਰ ਸਮਿੱਥ ਨਾਲ ਇਕ ਹੈਲੀਕਾਪਟਰ ਰਾਹੀਂ ਸਬੰਧਤ ਖੇਤਰ ਵਿਚ ਗਿਆ ਤੇ ਉਹ ਕੁੱਤਿਆਂ ਨੂੰ ਲੱਭਣ ਵਿਚ ਸਫਲ ਹੋ ਗਏ। ਮੌਕੇ 'ਤੇ ਇਕ ਰੋਟਵੀਲਰ ਨਸਲ ਦੀ ਕੁੱਤੀ ਮ੍ਰਿਤਕ ਹਾਲਤ ਵਿਚ ਮਿਲੀ ਜਦ ਕਿ ਦੋ ਹੋਰ ਕਤੂਰੇ ਨਹੀਂ ਮਿਲੇ। ਮਿਲੇ ਕੁੱਤੇ ਤੇ ਕਤੂਰਿਆਂ ਨੂੰ ਪਾਣੀ ਪਿਆ ਗਿਆ ਤੇ ਖਾਣ ਲਈ ਕੁਝ ਦਿੱਤਾ ਗਿਆ। ਬਾਅਦ ਵਿਚ ਉਨਾਂ ਨੂੰ ਚੀਕੋ ਹਵਾਈ ਅੱਡੇ 'ਤੇ ਨਾਰਥ ਵੈਲੀ ਐਨੀਮਲ ਡਿਜਾਸਟਰ ਗਰੁੱਪ ਦੇ ਹਵਾਲੇ ਕਰ ਦਿੱਤਾ ਗਿਆ ਜੋ ਅੱਗ ਤੋਂ ਪ੍ਰਭਾਵਿਤ ਘੋੜਿਆਂ, ਸੂਰਾਂ ਤੇ ਹੋਰ ਪਸ਼ੂਆਂ ਦੀ ਦੇਖਭਾਲ ਕਰਦਾ ਹੈ।


ਹੈਲੀਕਾਪਟਰ ਰਾਹੀਂ ਬਚਾਏ ਰੋਟਵੀਲਰ ਨਸਲ ਦਾ ਕੁੱਤਾ ਤੇ ਕਤੂਰੇ


## ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਅਤੇ ਡਾਕਟਰ ਕਲਿਆਣ ਸਿੰਘ ਯੂ ਕੇ ਦੇ ਦੌਰੇ 'ਤੇ


ਪ੍ਰੋ: ਕਲਿਆਣ ਸਿੰਘ

**ਡਾ: ਕਲਿਆਣ ਸਿੰਘ ਅਤੇ ਬੀਬੀ ਸਤਵੰਤ ਕੌਰ**
**ਐਤਵਾਰ 11 ਅਗਸਤ ਨੂੰ 11:00 ਵਜੇ**
**ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਪਹੁੰਚ ਰਹੇ ਹਨ**

**ਯੂ ਕੇ ਦੇ ਪੰਥਕ ਆਗੂ ਵੀ ਵਿਚਾਰ ਸਾਂਝੇ ਕਰਨਗੇ**


ਬੀਬੀ ਸਤਵੰਤ ਕੌਰ

ਗੁਰੂ ਪਿਆਰੀ ਸਾਧ ਸੰਗਤ ਜੀ, ਸੁਪਰੀਮ ਸਿੱਖ ਕੌਂਸਲ ਯੂ ਕੇ ਦੇ ਇੰਡੀਅਨ ਸਬ-ਕੌਂਟੀਨੈਂਟ ਅਫੇਅਰ ਕਮੇਟੀ ਦੇ ਚੇਅਰਮੈਨ ਸ: ਹਰਦਿਆਲ ਸਿੰਘ ਧਮੜੈਤ ਦੇ ਸੱਦੇ 'ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਅਤੇ ਉਹਨਾਂ ਦੇ ਨਾਲ ਡਾਕਟਰ ਕਲਿਆਣ ਸਿੰਘ ਯੂ ਕੇ ਦੇ ਦੌਰੇ 'ਤੇ ਪਹੁੰਚੇ ਹੋਏ ਹਨ।

ਇਸ ਦੌਰਾਨ ਉਹ 11 ਅਗਸਤ ਨੂੰ ਡਰਬੀ ਵਿਖੇ ਸਿੱਖ ਅਜਾਇਬਘਰ ਦੇ ਦਰਸ਼ਨ ਕਰਨਗੇ ਅਤੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੂੰ ਸੰਬੋਧਨ ਕਰਨਗੇ ਅਤੇ ਪਾਕਿਸਤਾਨ ਵਿੱਚ ਇਤਿਹਾਸਕ ਸਿੱਖ ਗੁਰ ਅਸਥਾਨਾਂ 'ਤੇ ਚੱਲ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਦੇਣਗੇ। ਪਾਕਿਸਤਾਨ ਵਿੱਚ ਢਾਈ ਸੌ ਦੇ ਕਰੀਬ ਸਿੱਖ ਗੁਰ ਅਸਥਾਨ ਹਨ, ਜਿਹਨਾਂ ਵਿੱਚੋਂ ਬਹੁਤਿਆਂ ਦੀ ਸੇਵਾ ਚੱਲ ਵੀ ਰਹੀ ਹੈ, ਪਰ ਸੌ ਦੇ ਕਰੀਬ ਅਜਿਹੇ ਅਸਥਾਨ ਹਨ, ਜਿਹਨਾਂ ਦੀ ਸੇਵਾ ਕਰਨੀ ਬਹੁਤ ਜ਼ਰੂਰੀ ਹੈ।

ਇਸ ਦੌਰਾਨ ਯੂ ਕੇ ਦੀਆਂ ਸਿੱਖ ਸੰਗਤਾਂ ਉਹਨਾਂ ਦੇ ਨਾਲ ਪਾਕਿਸਤਾਨ ਵਿਚਲੇ ਗੁਰ ਅਸਥਾਨਾਂ ਮੁਤੱਲਕ ਗੱਲਬਾਤ ਕਰ ਸਕਣਗੀਆਂ। ਸੰਗਤਾਂ ਨੂੰ ਇਸ ਮੌਕੇ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਉਹ 11 ਤੋਂ 1 ਵਜੇ ਤੱਕ ਗੁਰੂ ਘਰ ਵਿਖੇ ਸੰਗਤਾਂ ਨੂੰ ਸੰਬੋਧਨ ਕਰਨਗੇ।

**ਇਸ ਉਪਰੰਤ 2:00 ਵਜੇ ਉਹਨਾਂ ਦੇ ਨਾਲ ਯੂ ਕੇ ਦੇ ਪੰਥਕ ਆਗੂਆਂ ਅਤੇ ਸਿੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਮੀਟਿੰਗ ਕੀਤੀ ਜਾਵੇਗੀ।**

**ਬੇਨਤੀ ਕਰਤਾ : ਗੁਰੂ ਪੰਥ ਦੇ ਦਾਸ - ਪ੍ਰਬੰਧਕ ਕਮੇਟੀ ਗੁਰਦੁਆਰਾ ਸਿੰਘ ਸਭਾ ਡਰਬੀ**

**GURDWARA SRI GURU SINGH SABHA, PRINCES STREET, DERBY, DE23 8NT. TEL: 01332 773010**

ਪ੍ਰਧਾਨ - ਭਾਈ ਰਘਬੀਰ ਸਿੰਘ, ਜਨਰਲ ਸਕੱਤਰ - ਭਾਈ ਰਾਜਿੰਦਰ ਸਿੰਘ ਪੁਰੇਵਾਲ, ਖਜ਼ਾਨਚੀ - ਭਾਈ ਅਜੀਤ ਸਿੰਘ, ਭਾਈ ਮਹਿੰਦਰ ਸਿੰਘ ਚੀਮਾ, ਭਾਈ ਬਹਾਦਰ ਸਿੰਘ

# ਕੋਹੇਜ਼ਨ ਪਲੱਸ ਨੇ ਦੱਖਣ ਏਸ਼ੀਆਈ ਵਿਰਾਸਤੀ ਮਹੀਨਾ ਮਨਾਇਆ


ਦੱਖਣ ਏਸ਼ੀਆਈ ਵਿਰਾਸਤੀ ਮਹੀਨਾ ਸਮਾਗਮ ਮੌਕੇ ਸਨਮਾਨ ਪ੍ਰਾਪਤ ਕਰਨ ਵਾਲੀਆਂ ਸਖਸ਼ੀਅਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗ੍ਰੇਵਜ਼ੈਂਡ ਵਿਖੇ ਸਮਾਜ ਸੇਵੀ ਸੰਸਥਾ ਕੋਹੇਜ਼ਨ ਪਲੱਸ ਨੇ ਦੱਖਣ ਏਸ਼ੀਆਈ ਵਿਰਾਸਤੀ ਮਹੀਨਾ ਮਨਾਉਂਦਿਆਂ "ਬਿਗ ਸਟੋਰੀਜ਼ ਲੋਕਲ ਲੈਜੈਂਡਜ਼" ਦੇ ਸਿਰਲੇਖ ਹੇਠ ਦੱਖਣੀ ਏਸ਼ੀਆਈ ਮੂਲ ਦੇ ਸਥਾਨਕ ਨਿਵਾਸੀਆਂ ਵੱਲੋਂ ਪਾਏ ਸਕਾਰਾਤਮਕ ਯੋਗਦਾਨ ਨੂੰ ਪਰਦੇ 'ਤੇ ਪੇਸ਼ ਕੀਤਾ ਗਿਆ। ਇਸ ਮੌਕੇ ਗ੍ਰੇਵਸ਼ੈਮ ਦੇ ਮੇਅਰ ਕਲੇਰ ਡੈਨੀਅਲ ਅਡਵੇਲੇ ਕਿੰਗ, ਐਂਡਰਿਊ ਵੁੱਡ ਡੀ ਐਲ, ਜੋ ਹੋਮਜ਼ ਡੀ ਐਲ ਅਤੇ ਜੇਨ ਲੋਂਡੇਨ ਡੀ ਐਲ ਤੋਂ ਇਲਾਵਾ ਐਨ ਐਚ ਐਸ ਕੈਂਟ ਅਤੇ ਮਿਡਵੇ ਦੀ ਚੇਅਰ ਸੇਡੀ ਫਰੈਡਰਿਕ ਨੇ ਸ਼ਿਰਕਤ ਕੀਤੀ। ਗੁਰਵਿੰਦਰ ਸੰਧਰ ਐਮ.ਬੀ.ਈ. ਡੀ.ਐਲ. ਨੇ ਬਤੌਰ ਡਿਪਟੀ ਲੈਫਟੀਨੈਂਟ ਵਜੋਂ ਭਾਗ ਲੈਂਦਿਆਂ ਕੈਂਟ ਦੀ ਲਾਰਡ ਲੈਫਟੀਨੈਂਟ ਦਿ ਲੇਡੀ ਕੋਲਗ੍ਰੇਨ ਦੀ ਨੁਮਾਇੰਦਗੀ ਕੀਤੀ।

ਇਸ ਮੌਕੇ ਪੰਜਾਬ ਯੂਨਾਈਟਿਡ ਫੁੱਟਬਾਲ ਕਲੱਬ ਦੀ ਕਹਾਣੀ ਅਤੇ ਪੁਰਸ਼ਾਂ ਦੀ ਖੇਡ ਵਿੱਚ ਪਹਿਲੀ ਪੰਜਾਬੀ ਮਹਿਲਾ ਕੋਚ ਕਰਨ ਸੰਘੇੜਾ ਦੇ ਸਫ਼ਰ, ਦੱਖਣ ਪੂਰਬ ਵਿੱਚ ਪਹਿਲੀ ਭਾਰਤੀ ਮਿਠਾਈ ਦੀ ਦੁਕਾਨ, ਵਿਰਦੀ ਸਟੋਰਜ਼ ਦੇ ਸੰਘਰਸ਼, ਇਤਿਹਾਸ ਅਤੇ ਯੋਗਦਾਨ ਸਬੰਧੀ ਸੁਰਿੰਦਰ ਕੌਰ ਵਿਰਦੀ ਅਤੇ ਗੁਰਪ੍ਰੀਤ ਕੌਰ ਵਿਰਦੀ ਨੇ 1960 ਦੇ ਦਹਾਕੇ ਦੇ ਅਖੀਰ ਤੋਂ ਹੁਣ ਤੱਕ ਦੇ ਸਫ਼ਰ ਅਤੇ ਚਣੌਤੀਆਂ ਬਾਰੇ ਦੱਸਿਆ। ਇਸ ਤੋਂ ਇਲਾਵਾ ਢੋਲੀ ਭਵਿੰਦਰ (ਬਿੱਲ) ਸੰਧਰ ਦੇ ਕਲਾਤਮਕ ਸਫ਼ਰ ਨੂੰ ਪੇਸ਼ ਕੀਤਾ ਗਿਆ, ਉਸਦੀ ਢੋਲ ਵਜਾਉਣ ਦੇ ਹੁਨਰ ਅਤੇ ਵੰਨਗੀਆਂ ਨੂੰ ਪੇਸ਼ ਕਰਦਿਆਂ ਪੰਜਾਬੀ ਵਿਰਾਸਤ ਨੂੰ ਯੂ ਕੇ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਣ ਦੇ ਸਫ਼ਰ ਦੀ ਕਹਾਣੀ ਪੇਸ਼ ਕੀਤੀ।

ਉਪਰੰਤ ਵੱਖ-ਵੱਖ ਖੇਤਰਾਂ ਵਿੱਚ ਗ੍ਰੇਵਸ਼ਮ ਲਈ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ ਜਿਹਨਾਂ ਵਿੱਚ ਏਸ਼ੀਅਨ ਵੂਮੈਨ ਗਰੁੱਪ ਤੋਂ ਬਲਬੀਰ ਕੌਰ ਅਲੂਹਵਾਲੀਆ ਅਤੇ ਸੁਖਦੇਵ ਕੌਰ ਸੰਧੂ ਨੂੰ ਸਿਹਤ ਅਤੇ ਸੰਭਾਲ ਲਈ, ਪੰਜਾਬੀ ਕਲਾ ਅਤੇ ਸੱਭਿਆਚਾਰ ਲਈ ਮੋਰਨੀ ਢੀਂਸਾ ਨੂੰ ਅਤੇ ਏਸ਼ੀਅਨ ਭਾਈਚਾਰਕ ਸਫਲਤਾਵਾਂ ਨੂੰ ਨਿੱਕੇ ਪਰਦੇ ਤੇ ਪੇਸ਼ ਕਰਨ ਲਈ ਯੋਗਦਾਨ ਪਾਉਣ ਵਾਲਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਮੁੱਖ ਪ੍ਰਬੰਧਕ ਗੁਰਵਿੰਦਰ ਸੰਧਰ ਨੇ ਕਿਹਾ ਕਿ ਦੱਖਣ ਏਸ਼ੀਆਈ ਵਿਰਾਸਤੀ ਮਹੀਨੇ ਦੌਰਾਨ ਲਘੂ ਫਿਲਮਾਂ ਦੀ ਇਸ ਲੜੀ ਰਾਹੀਂ ਸਾਡੇ ਆਪਣੇ ਲੋਕਾਂ ਦੇ ਸੰਘਰਸ਼ਮਈ ਜੀਵਨ ਨੂੰ ਪਛਾਣਨਾ ਇੱਕ ਸਨਮਾਨ ਦੀ ਗੱਲ ਹੈ। ਉਹਨਾਂ ਆਏ ਮਹਿਮਾਨਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਅਜੇਹੀਆਂ ਖੋਜ ਭਰਪੂਰ ਜਾਣਕਾਰੀਆਂ ਸਾਂਝੀਆਂ ਕਰਨ ਅਤੇ ਅਗਲੀ ਪੀੜੀ ਤੱਕ ਪਹੁੰਚਾਉਣ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ।

# ਗ੍ਰਹਿ ਰਾਜ ਮੰਤਰੀ ਸੀਮਾ ਮਲਹੋਤਰਾ ਨੇ ਹਲਕੇ ਦੇ ਲੋਕਾਂ ਦਾ ਕੀਤਾ ਧੰਨਵਾਦ


ਸੀਮਾ ਮਲਹੋਤਰਾ ਆਪਣੇ ਸਾਥੀਆਂ ਨਾਲ ਧੰਨਵਾਦ ਸਮਾਗਮ ਮੌਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਗਰਹਿ ਰਾਜ ਮੰਤਰੀ ਸੀਮਾ ਮਲਹੋਤਰਾ ਨੇ ਬੀਤੇ ਦਿਨੀ ਹੰਸਲੋ ਵਿਖੇ ਇੱਕ ਧੰਨਵਾਦ ਸਮਾਗਮ ਦੌਰਾਨ ਇਕੱਤਰ ਹੋਏ ਆਪਣੇ ਸਹਿਯੋਗੀਆਂ ਅਤੇ ਹਲਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਅਤੇ ਉਹਨਾਂ ਦੀ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਵਚਨਵੱਧ ਹੈ। ਸੀਮਾ ਮਲਹੋਤਰਾ ਨੇ ਕਿਹਾ ਕਿ ਪਿਛਲੇ 14 ਸਾਲਾਂ ਵਿੱਚ ਦੇਸ਼ ਬਹੁਤ ਪਿਛਾਂ ਚਲਾ ਗਿਆ ਸੀ, ਅਸੀਂ ਦੇਸ਼ ਅਤੇ ਦੇਸ਼ ਦੇ ਢਾਂਚੇ ਨੂੰ ਮੁੜ ਲੀਹਾਂ 'ਤੇ ਲਿਆਉਣ ਲਈ ਯਤਨਸ਼ੀਲ ਰਹਾਂਗੇ। ਉਹਨਾਂ ਖਾਸ ਤੌਰ ਤੇ ਸਿਹਤ ਸੰਸਥਾ ਐਨ ਐਚ ਐਸ, ਵਿ-ਦਅਕ ਕੇਂਦਰਾਂ ਵਿੱਚ ਸੁਧਾਰ ਨਵੇਂ ਅਧਿਆਪਕਾਂ ਦੀ ਭਰਤੀ, ਆਰਥਿਕਤ ਹਾਲਾਤਾਂ ਨੂੰ ਸੁਧਾਰਨ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਨੂੰ ਤਰਜੀਹ ਦੇਣ ਦੀ ਗੱਲ ਕਹੀ। ਇਸ ਮੌਕੇ ਐਮ ਪੀ ਰੂਡ ਕੈਡਬਰੀ, ਐਮ ਪੀ ਡੀਡ੍ਰੇ ਕੋਸਟਿਗਨ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਕੌਂਸਲ ਲੀਡਰ ਸ਼ੰਤਨੂੰ ਰਾਵਤ, ਸਾਬਕਾ ਮੇਅਰ ਰਘਵਿੰਦਰ ਸਿੰਘ ਸਿੱਧੂ, ਕੌਂਸਲਰ ਹਰਲੀਨ ਅਟਵਾਲ ਹੀਰ, ਕਾਰੋਬਾਰੀ ਤੇਜਿੰਦਰ ਸਿੰਘ ਸੇਖੋਂ, ਤਲਵਿੰਦਰ ਸਿੰਘ ਢਿਲੋਂ, ਕੁਲਵਿੰਦਰ ਪੋਲ ਆਦਿ ਹਾਜ਼ਰ ਸਨ।


# ਯੂਰਪ ਅਤੇ ਇੰਗਲੈਂਡ ਦੇ ਸਭ ਤੋਂ ਪੁਰਾਤਨ ਗੁਰੂ ਘਰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮਾਨਚੈਸਟਰ ਦੀ 70ਵੀ ਵਰੇਗੰਢ ਦੇ ਸਬੰਧ ਚ ਦੋ ਰੋਜ਼ਾ ਵਿਸ਼ਾਲ ਧਾਰਮਿਕ ਸਮਾਗਮ

## *ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਵਿਸ਼ੇਸ਼ ਤੌਰ ਤੇ ਕੀਤੀ ਸ਼ਿਰਕਤ


ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਦੇ ਆਗੂ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਮਾਨਚੈਸਟਰ ਦੇ ਯੂਰਪ ਅਤੇ ਇੰਗਲੈਂਡ ਦੇ ਸਭ ਤੋਂ ਪੁਰਾਤਨ ਗੁਰੂ ਘਰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮਾਨਚੈਸਟਰ ਦੀ 70ਵੀ ਵਰੇਗੰਢ ਬੜੇ ਵੱਡੇ ਪੱਧਰ ਤੇ ਮਨਾਈ ਗਈ।ਇਸ ਸਬੰਧ ਚ ਦੋ ਰੋਜ਼ਾ ਧਾਰਮਿਕ ਦੀਵਾਨ ਸਜਾਏ ਗਏ, ਜਿਸ ਦੌਰਾਨ ਪਹਿਲੇ ਦਿਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਯੂਨੀਵਰਸਿਟੀ ਤੋਂ ਗੁਰੂ ਘਰ ਲਿਆਂਦੀ ਗਈ ਪੁਰਾਤਨ ਲੜੀਵਾਰ ਬੀੜ ਦੇ ਸੰਗਤਾਂ ਨੂੰ ਦਰਸ਼ਨ ਵੀ ਕਰਵਾਏ ਗਏ। ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਵਿਸ਼ੇਸ਼ ਤੌਰ ਤੇ ਪੰਜਾਬ ਤੋਂ ਸ਼ਿਰਕਤ ਕਰਕੇ ਸੰਗਤਾਂ ਨੂੰ ਸੰਬੋਧਨ ਕੀਤਾ।ਇਸ ਸਬੰਧੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਆਗੂ ਅਤੇ ਸਟੇਜ ਸਕੱਤਰ ਗਿਆਨੀ ਅਮਰੀਕ ਸਿੰਘ ਰਾਠੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਇੰਗਲੈਂਡ ਭਰ ਚੋਂ ਸੰਗਤਾਂ ਨੇ ਵੱਡੀ ਗਿਣਤੀ ਚ ਸ਼ਿਰਕਤ ਕੀਤੀ। ਇਸ ਮੌਕੇ ਤੇ ਸ਼੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਮਨਿੰਦਰ ਸਿੰਘ , ਲੰਡਨ ਤੋਂ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਅਤੇ ਸੁਖਮਨੀ ਸੇਵਾ ਸੁਸਾਇਟੀ ਮਾਨਚੈਸਟਰ ਦੇ ਜਥੇ ਨੇ ਗੁਰਬਾਣੀ ਸਰਵਣ ਕੀਤੀ।ਇਸ ਮੌਕੇ ਤੇ ਸ਼੍ਰੀ ਆਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੇ ਗੁਰੂ ਘਰ ਦੀ 70ਵੀ ਵਰੇਗੰਢ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਤੇ ਦੋਵੇਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਬੀ ਬੀ ਸੀ ਤੇ ਸੀਨੀਅਰ ਨਿਊਜ਼ਐਡੀਟਰ ਨੇ ਆਪਣੇ ਤੇ ਲੱਗੇ ਦੋਸ਼ਾਂ ਨੂੰ ਕੀਤਾ ਸਵੀਕਾਰ



ਡਰਬੀ-(ਪੰਜਾਬ ਟਾਈਮਜ਼)- ਬੀ ਬੀ ਸੀ ਦੇ ਮੰਨੇ ਪ੍ਰਮੰਨੇ ਨਿਊਜ਼ ਰੀਡ ਹਉ ਐਡਵਰਡ ਨੇ ਆਪਣੇ ਤੇ ਲੱਗੇ ਦੋਸ਼ ਸਵੀਕਾਰ ਕਰ ਲਏ ਹਨ । ਹੁਣ ਉਨ੍ਹਾਂਨੂੰ ਸਜ਼ਾ ਵੀ ਹੋ ਸਕਦੀ ਹੈ। ਉਸ ਤੇ 41 ਬੱਚਿਆਂ ਦੀਆ ਫੋਟੋਆਂ ਵਟਸ ਐਪ ਗਰੁੱਪਾਂ ਵਿੱਚ ਪਾਉਣ ਦੇ ਦੋਸ਼ਲੱਗੇ ਹਨ । ਬੱਚਿਆਂ ਵਿਚੋਂ ਕੁਝ ਤਾਂ ਦਸਾਂ ਸਾਲਾਂ ਤੋਂ ਵੀ ਘੱਟ ਉਮਰ ਦੇ ਸਨ । ਯੂ ਕੇ ਦੇ ਸੀਨੀਅਰ ਨਿਊਜ਼ ਰੀਡਰ ਜੋ ਪਿਛਲੇ 30 ਸਾਲਾਂ ਤੋਂ ਬੀ ਬੀ ਸੀ ਲਈ ਕੰਮ ਕਰਦਾ ਸੀ ਜਿਸ ਦੀ ਤਨਖਾਹ ਵੀ ਚਾਰ ਲੱਖ ਪੌਂਡ ਤੋਂ ਉਪਰ ਸੀ ।

# ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵਲੋਂ 13 ਮੈਂਬਰੀ ਪ੍ਰਜ਼ੀਡੀਅਮ ਦਾ ਐਲਾਨ

## ✪ ਵਡਾਲਾ ਨੇ ਕਿਹਾ ਕਿ ਅਹੁਦੇ ਤੋਂ ਲਾਂਭੇ ਹੋ ਕੇ ਪੰਥ ਤੇ ਸਿੱਖੀ ਦੀ ਸੇਵਾ ਕਰਨ ਸੁਖਬੀਰ

ਜਲੰਧਰ-ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨੇ ਸੁਧਾਰ ਲਹਿਰ ਨੂੰ ਅੱਗੇ ਤੋਰਦਿਆਂ 13 ਮੈਂਬਰੀ ਪ੍ਰਜ਼ੀਡੀਅਮ ਦਾ ਐਲਾਨ ਕੀਤਾ ਹੈ। ਸੁਧਾਰ ਲਹਿਰ ਦੇ ਕਨਵੀਨਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਇਨ੍ਹਾਂ 13 ਮੈਂਬਰਾਂ ਦੇ ਨਾਵਾਂ ਦਾ ਐਲਾਨ ਕੀਤਾ, ਜਿਨ੍ਹਾਂ ਵਿੱਚ ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਹਰਿੰਦਰ ਪਾਲ ਸਿੰਘ ਚੰਦੂਮਾਜਰਾ, ਗਗਨਜੀਤ ਸਿੰਘ ਬਰਨਾਲਾ, ਬੀਬੀ ਪਰਮਜੀਤ ਕੌਰ ਗੁਲਸ਼ਨ, ਬੀਬੀ ਕਿਰਨਜੀਤ ਕੌਰ, ਚਰਨਜੀਤ ਸਿੰਘ ਬਰਾੜ, ਬੀਬੀ ਪਰਮਜੀਤ ਕੌਰ ਲਾਂਡਰਾ ਤੇ ਹਰਿੰਦਰ ਪਾਲ ਸਿੰਘ ਟੌਹੜਾ ਸ਼ਾਮਲ ਹਨ।

ਜਥੇਦਾਰ ਵਡਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਨਾਜ਼ੁਕ ਹਾਲਾਤ



ਵਿੱਚੋਂ ਲੰਘ ਰਿਹਾ ਹੈ ਅਤੇ ਇਹ ਸਿੱਖ ਪੰਥ ਲਈ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਜੇ ਝੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਹੁੰਦੀਆਂ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਇਹ ਦਿਨ ਨਾ ਦੇਖਣਾ ਪੈਂਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦਾ ਮਨੋਰਥ ਸਿੱਖ ਕੌਮ ਦੇ ਸਾਹਮਣੇ ਅਜਿਹਾ ਏਜੰਡਾ ਲੈ ਕੇ ਜਾਣਾ ਹੈ, ਜੋ ਸਮੁੱਚੇ ਪੰਥ ਅਤੇ ਸੰਗਤ ਅੱਗੇ ਸੁਹਿਰਦ ਸਿੱਖ ਲੀਡਰਸ਼ਿਪ ਖੜ੍ਹੀ ਕਰ ਸਕੇ ਤੇ ਸਿੱਖ ਪੰਥ ਦਾ ਵਿਸ਼ਵਾਸ ਮੁੜ ਹਾਸਲ ਹੋ ਸਕੇ। ਜਥੇਦਾਰ ਵਡਾਲਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੁੜ ਅਪੀਲ ਕਰਦਿਆਂ ਕਿਹਾ ਕਿ ਉਹ ਸਿੱਖ ਪੰਥ ਦੀ ਨਬਜ਼ ਪਛਾਣਦਿਆਂ ਤਿਆਗ ਦੀ ਭਾਵਨਾ ਦਿਖਾਉਣ ਅਤੇ ਅਹੁਦੇ ਤੋਂ ਲਾਂਭੇ ਹੋ ਕੇ ਪੰਥ ਤੇ ਸਿੱਖੀ ਦੀ ਸੇਵਾ ਕਰਨ।

ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੂਬੇ ਦੇ ਵਿਕਾਸ ਅਤੇ ਪੰਥ ਦੀ ਚੜ੍ਹਦੀ ਕਲਾਂ ਲਈ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਮਜ਼ਬੂਤੀ ਲਈ ਪਿੰਡ ਪੱਧਰ 'ਤੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਝੂੰਦਾ ਕਮੇਟੀ ਦੀਆਂ ਸਿਫਾਰਿਸ਼ਾਂ ਲਾਗੂ ਕਰਨ ਅਤੇ ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨਗੀ ਤੋਂ ਲਾਂਭੇ ਹੋਣ ਨਾਲ ਹੀ ਪੰਥਕ ਸਫ਼ਾਂ 'ਤੇ ਲੋਕਾਂ ਦਾ ਅਕਾਲੀ ਦਲ ਪ੍ਰਤੀ ਵਿਸ਼ਵਾਸ ਬਹਾਲ ਹੋ ਸਕਦਾ ਹੈ। ਚੰਦੂਮਾਜਰਾ ਨੇ ਕਿਹਾ ਕਿ ਸਿੱਖ ਪੰਥ ਦੇ ਵਡੇਰੇ ਹਿੱਤਾਂ ਖਾਤਰ ਸੁਖਬੀਰ ਸਿੰਘ ਬਾਦਲ ਨੂੰ ਤਿਆਗ ਦੀ ਭਾਵਨਾ ਦਿਖਾਉਣੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਨੂੰ ਸ਼ਹੀਦੀ ਸਮਾਗਮ ਵਜੋਂ 20 ਅਗਸਤ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਇਸੇ ਤਰ੍ਹਾਂ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਜਥੇਦਾਰ ਮੋਹਨ ਸਿੰਘ ਤੁੜ ਨਾਲ ਸਬੰਧਿਤ ਸਮਾਗਮ ਵੀ ਕਰਵਾਏ ਜਾਣਗੇ।

## ਪ੍ਰੋ. ਮਨਜੀਤ ਸਿੰਘ ਨੇ ਬਾਦਲ ਧੜੇ ਉਪਰ ਲਗਾਏ ਦੋਸ਼

# ਸੰਨ 1995 ਵਿਚ ਬਾਦਲ ਧੜੇ ਨੇ ਨਹੀਂ ਸਵੀਕਾਰਿਆ ਸੀ ਪੰਥਕ ਏਕਤਾ ਨੂੰ

ਪਟਿਆਲਾ-ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਕਿਹਾ ਹੈ ਕਿ 1995 ਵਿਚ ਪੰਥਕ ਏਕਤਾ ਦੀ ਚੱਲੀ ਗੱਲ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਸਵੀਕਾਰ ਨਹੀਂ ਸੀ ਕੀਤਾ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਵੀ ਪਿੱਠ ਦਿਖਾ ਦਿੱਤੀ ਸੀ। ਪ੍ਰੋ. ਮਨਜੀਤ ਸਿੰਘ ਨੇ ਇੱਥੇ ਗੱਲਬਾਤ ਕਰਦਿਆਂ ਪੰਥਕ ਸਮਾਜ ਵਿਚ ਚੱਲ ਰਹੀਆਂ ਚਰਚਾਵਾਂ ਕਿ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰੋ. ਮਨਜੀਤ ਸਿੰਘ ਦੀ ਬੇਇੱਜ਼ਤੀ ਕੀਤੀ ਸੀ, ਨੂੰ ਕੋਰਾ ਝੂਠ ਦੱਸਿਆ। ਉਨ੍ਹਾਂ ਮੌਜੂਦਾ ਅਕਾਲੀ ਦਲ ਦੇ ਸੰਕਟ ਬਾਰੇ ਕਿਹਾ ਕਿ ਜਦੋਂ ਤੱਕ ਮੌਜੂਦਾ ਲੀਡਰਸ਼ਿਪ ਤਿਆਗ ਦੀ ਭਾਵਨਾ ਨਾਲ ਕੁਰਸੀ ਦਾ ਮੋਹ ਨਹੀਂ ਛੱਡਦੀ, ਉਦੋਂ ਤੱਕ ਅਕਾਲੀ ਦਲ ਮੁੜ ਪੈਰਾਂ ਸਿਰ ਨਹੀਂ ਹੋ ਸਕੇਗਾ।

ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ 1995 ਵਿੱਚ ਦੂਜਾ ਖ਼ਾਲਸਾ ਮਾਰਚ ਸ੍ਰੀ ਹਰਿਗੋਬਿੰਦਪੁਰ ਤੋਂ ਦਮਦਮਾ ਸਾਹਿਬ ਤਕ ਕੀਤਾ ਗਿਆ ਸੀ। ਇਸ ਵਿਚ ਸਾਰੇ ਆਗੂ ਸ਼ਾਮਲ ਹੋਏ ਸਨ। ਉਦੋਂ ਪੰਥ ਨੇ ਕਿਹਾ ਸੀ ਕਿ ਸਾਰੇ ਅਕਾਲੀ ਦਲਾਂ ਨੂੰ ਇਕਮੰਚ 'ਤੇ ਇਕੱਠੇ ਕਰੋ। ਮਾਰਚ ਦੀ ਸਮਾਪਤੀ ਤੋਂ ਬਾਅਦ ਰਾਤ ਨੂੰ ਦੀਵਾਨ ਵਿਚ ਸਿਮਰਨਜੀਤ ਸਿੰਘ ਮਾਨ, ਕੈਪਟਨ ਅਮਰਿੰਦਰ ਸਿੰਘ, ਤੋਤਾ ਸਿੰਘ, ਸੁਰਜੀਤ ਸਿੰਘ ਬਰਨਾਲਾ ਆਦਿ ਨੇ ਸਾਰੇ ਅਕਾਲੀ ਦਲਾਂ ਦੀ ਏਕਤਾ ਬਾਰੇ ਮੰਚ ਤੋਂ ਕਿਹਾ ਸੀ। ਉਸ ਮਗਰੋਂ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਏਕਤਾ ਦੀ ਗੱਲ ਚੱਲੀ ਸੀ। ਦੀਵਾਨ ਸਮਾਪਤ ਹੋਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਬੁਲਾ ਕੇ ਕਿਹਾ ਸੀ, ਇਨ੍ਹਾਂ ਵਿੱਚ ਏਕਤਾ ਮੁਸ਼ਕਲ ਹੈ ਕਿਉਂਕਿ ਇਨ੍ਹਾਂ 'ਚੋਂ ਹਰ ਕੋਈ ਪ੍ਰਧਾਨ ਬਣਨਾ ਚਾਹੁੰਦਾ ਹੈ। ਸ੍ਰੀ ਬਾਦਲ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਤੇ ਗੁਰਚਰਨ ਸਿੰਘ



ਟੌਹੜਾ ਨੂੰ ਇਕੱਠੇ ਬਿਠਾ ਦਿਓ।

ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਜਦੋਂ ਅੰਮ੍ਰਿਤਸਰ ਐਲਾਨਨਾਮੇ ਬਾਰੇ ਪੰਥਕ ਸਫ਼ਾ ਵਿਚ ਗੱਲ ਚੱਲ ਰਹੀ ਸੀ ਤਾਂ ਪੰਥਕ ਏਕਤਾ ਦੀ ਗੱਲ ਨੇ ਜ਼ੋਰ ਫੜਿਆ ਸੀ। ਉਸ ਵੇਲੇ ਸਾਰੇ ਅਕਾਲੀ ਦਲਾਂ ਦੇ ਆਗੂਆਂ ਨੂੰ ਬੁਲਾਇਆ ਗਿਆ ਸੀ ਪਰ ਪ੍ਰਕਾਸ਼ ਸਿੰਘ ਬਾਦਲ ਨਹੀਂ ਸਨ ਆਏ। ਇਸ ਮਗਰੋਂ ਸ੍ਰੀ ਬਾਦਲ ਨੂੰ ਸਖ਼ਤੀ ਨਾਲ ਕਿਹਾ ਗਿਆ ਸੀ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਪਿੱਠ ਨਹੀਂ ਦਿਖਾ ਸਕਦੇ ਤਾਂ ਉਹ ਆਪਣੇ ਨਾਲ ਹਜ਼ਾਰਾਂ ਅਕਾਲੀ ਵਰਕਰਾਂ ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਆਏ ਸਨ। ਪਰ ਜਦੋਂ ਬਾਕੀ ਆਗੂ ਲੰਗਰ ਛਕਣ ਲੱਗੇ ਤਾਂ ਬਾਹਰ ਬਲਵਿੰਦਰ ਸਿੰਘ ਭੂੰਦੜ ਬੋਲ ਰਹੇ ਸਨ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਮਨਜੀਤ ਸਿੰਘ ਨੇ ਸਾਨੂੰ ਆਪਣਾ ਵੱਖਰਾ ਅਕਾਲੀ ਦਲ ਬਣਾਉਣ ਦੀ ਹਾਮੀ ਭਰ ਦਿੱਤੀ ਹੈ, ਜੋ ਸਰਾਸਰ ਝੂਠ ਸੀ।

ਇਸ ਤੋਂ ਬਾਅਦ ਉਨ੍ਹਾਂ (ਪ੍ਰੋ. ਮਨਜੀਤ ਸਿੰਘ) ਬਾਹਰ ਆਏ 'ਤੇ ਸੰਗਤ ਨੂੰ ਕਿਹਾ ਸੀ ਕਿ ਪ੍ਰਕਾਸ਼ ਸਿੰਘ ਬਾਦਲ ਦਾ ਖੇਮਾ ਝੂਠ ਬੋਲ ਰਿਹਾ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਏਕਤਾ ਦੀ ਗੱਲ ਨਹੀਂ ਮੰਨ ਰਿਹਾ। ਇਸ ਕਰ ਕੇ ਅੱਜ ਤੋਂ ਬਾਅਦ ਪੰਥਕ ਸੰਗਤ ਬਾਦਲ ਖੇਮੇ ਨੂੰ ਕੋਈ ਸਹਿਯੋਗ ਨਾ ਕਰੇ। ਇਕ ਦਿਨ ਬਾਅਦ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਕੈਪਟਨ ਕਵਲਜੀਤ ਸਿੰਘ, ਕੁਲਦੀਪ ਸਿੰਘ ਵਡਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ ਨਹੀਂ ਚਾਹੁੰਦੇ ਸਨ ਕਿ ਪੰਥਕ ਏਕਤਾ ਹੋਵੇ ਜਦੋਂਕਿ ਉਹ (ਬਾਦਲ) ਇਸ ਲਈ ਰਾਜ਼ੀ ਸਨ।

# ਕੋਵਿਡ ਦੀ ਦਵਾਈ ਹੈ 'ਕੋਰੋਨਿਲ', ਬਾਬਾ ਰਾਮਦੇਵ ਦਾ ਦਾਅਵਾ ਝੂਠਾ, ਹਾਈਕੋਰਟ ਵਲੋਂ ਝਟਕਾ

## ✪ ਪਖੰਡੀ ਰਾਮਦੇਵ ਨੇ ਕੋਰੋਨਾ ਕਾਰਨ ਹੋਈਆਂ ਮੌਤਾਂ ਲਈ ਐਲੋਪੈਥੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ ✪ ਹਾਈ ਕੋਰਟ ਨੇ ਕਿਹਾ-ਯੋਗ ਗੁਰੂ ਆਪਣਾ ਬਿਆਨ ਵਾਪਸ ਲਵੇ

ਨਵੀਂ ਦਿੱਲੀ-ਯੋਗ ਗੁਰੂ ਬਾਬਾ ਰਾਮਦੇਵ ਨੂੰ ਦਿੱਲੀ ਹਾਈਕੋਰਟ ਤੋਂ ਝਟਕਾ ਲੱਗਾ ਹੈ। ਵੱਖ-ਵੱਖ ਡਾਕਟਰਾਂ ਦੀਆਂ ਐਸੋਸੀਏਸ਼ਨਾਂ ਦੀ ਪਟੀਸ਼ਨ 'ਤੇ ਆਪਣਾ ਫੈਸਲਾ ਸੁਣਾਉਂਦੇ ਹੋਏ, ਦਿੱਲੀ ਹਾਈ ਕੋਰਟ ਨੇ ਬਾਬਾ ਰਾਮਦੇਵ ਨੂੰ ਕੋਰੋਨਾ ਕਾਰਨ ਹੋਈਆਂ ਮੌਤਾਂ ਲਈ ਐਲੋਪੈਥੀ ਨੂੰ ਜ਼ਿੰਮੇਵਾਰ ਠਹਿਰਾਉਣ ਅਤੇ ਕੋਰੋਨਿਲ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਦਾਅਵਿਆਂ ਨੂੰ ਵਾਪਸ ਲੈਣ ਦਾ ਨਿਰਦੇਸ਼ ਦਿੱਤਾ।

ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਤੁਰੰਤ ਦਾਅਵੇ ਨੂੰ ਹਟਾਓ-ਅਦਾਲਤ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਜੇਕਰ ਬਾਬਾ ਰਾਮਦੇਵ ਤਿੰਨ ਦਿਨਾਂ ਦੇ ਅੰਦਰ ਆਪਣਾ ਬਿਆਨ ਵਾਪਸ ਨਹੀਂ ਲੈਂਦੇ ਹਨ, ਤਾਂ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਤੁਰੰਤ ਇਸ ਨੂੰ ਹਟਾ ਦੇਣਾ ਚਾਹੀਦਾ ਹੈ।



ਬਾਬਾ ਰਾਮਦੇਵ, ਉਨ੍ਹਾਂ ਦੇ ਸਹਿਯੋਗੀ ਆਚਾਰੀਆ ਬਾਲਕ੍ਰਿਸ਼ਨ ਅਤੇ ਪਤੰਜਲੀ ਆਯੁਰਵੇਦ ਦੇ ਖਿਲਾਫ ਕਈ ਡਾਕਟਰਾਂ ਦੇ ਸੰਗਠਨਾਂ ਦੁਆਰਾ ਯੋਗ ਗੁਰੂ ਰਾਮਦੇਵ ਦੇ ਖਿਲਾਫ ਕੋਰੋਨਿਲ ਨੂੰ ਕੋਰੋਨਾ ਮਹਾਮਾਰੀ ਦਾ ਇਲਾਜ ਹੋਣ ਦੇ ਦਾਅਵੇ ਨੂੰ ਲੈ ਕੇ ਮਾਮਲਾ ਵੀ ਦਰਜ ਕੀਤਾ ਗਿਆ ਸੀ।

ਰਣਨੀਤਕ ਮੁਹਿੰਮ-ਪਟੀਸ਼ਨ 'ਚ ਡਾਕਟਰ ਸੰਗਠਨਾਂ ਨੇ ਦੋਸ਼ ਲਗਾਇਆ ਹੈ ਕਿ ਰਾਮਦੇਵ ਵੱਲੋਂ ਉਤਪਾਦ ਦੀ ਵਿਕਰੀ ਵਧਾਉਣ ਲਈ ਗਲਤ ਸੂਚਨਾ ਦੇਣ ਵਾਲੀ ਮੁਹਿੰਮ ਚਲਾਈ ਗਈ ਸੀ। ਇਸ ਰਣਨੀਤੀ ਵਿੱਚ, ਕੋਰੋਨਿਲ ਨੂੰ ਕੋਰੋਨਾ ਮਹਾਂਮਾਰੀ ਦਾ ਵਿਕਲਪਕ ਇਲਾਜ ਹੋਣ ਦਾ ਦਾਅਵਾ ਕੀਤਾ ਗਿਆ ਸੀ।

**ਵਿਚਾਰ :–** ਤੁਸੀਂ ਉਸ ਵਿਅਕਤੀ ਨੂੰ ਭੁੱਲ ਸਕਦੇ ਹੋ ਜਿਸ ਨਾਲ ਤੁਸੀਂ ਕਦੇ ਗੁੱਸੇ ਹੋਏ ਸੀ ਪਰ ਉਸ ਵਿਅਕਤੀ ਨੂੰ ਕਦੇ ਵੀ ਨਹੀਂ ਭੁੱਲ ਸਕਦੇ ਜਿਸ ਨਾਲ ਤੁਸੀਂ ਰੋਏ ਸੀ।



ਰਜਿੰਦਰ ਸਿੰਘ ਪੁਰੇਵਾਲ

## ਸੌਦਾ ਪ੍ਰੇਮੀ ਪਰਦੀਪ ਕਲੇਰ ਸੁਖਬੀਰ ਸਿੰਘ ਬਾਦਲ ਬਾਰੇ ਦੋਸ਼ ਕਿੰਨੇ ਕੁ ਸੱਚ ਤੇ ਬਾਗੀ ਅਕਾਲੀਆਂ ਵਿਰੁੱਧ ਕਾਰਵਾਈ ਕਿੰਨੀ ਕੁ ਸਹੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਘਿਨਾਉਣੇ ਅਪਰਾਧ ਦੇ ਮੁੱਖ ਦੋਸ਼ੀ ਪਰਦੀਪ ਕਲੇਰ ਵਲੋਂ ਸੁਖਬੀਰ ਸਿੰਘ ਬਾਦਲ ਵਿਰੁਧ ਦੋਸ਼ ਕਿੰਨੇ ਕੁ ਸਚੇ ਹਨ, ਇਹ ਜੁਆਬ ਸਮੇਂ ਦੇ ਗਰਭ ਵਿਚ ਹੈ।ਪਰ ਜੋ ਦੋਸ਼ ਬਾਗੀ ਅਕਾਲੀਆਂ ਨੇ ਲਗਾਏ ਹਨ ਉਹ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖਤ ਸਾਹਿਬ ਦੇ ਸਨਮੁੱਖ ਸਵੀਕਾਰੇ ਹਨ। ਸੁਖਬੀਰ ਬਾਦਲ ਦਾ ਕਲੇਰ ਵਲੋਂ ਲਗਾਏ ਦੋਸ਼ਾਂ ’ਤੇ ਸਖਤ ਇਤਰਾਜ਼ ਹੈ। ਉਹ ਆਖਦੇ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਇਸ ਮਾਮਲੇ ਨੂੰ ਲੈ ਕੇ ਪਹਿਲਾਂ ਹੀ ਮੈਨੂੰ ਤਲਬ ਕਰ ਚੁੱਕਾ ਹੈ ਤੇ ਮੈਂ ਖਾਲਸਾ ਪੰਥ ਦੇ ਸਰਵਉੱਚ ਧਾਰਮਿਕ ਅਸਥਾਨ ਅੱਗੇ ਪੇਸ਼ ਹੋ ਚੁੱਕਾ ਹਾਂ ਤੇ ਮੈਂ ਉਨ੍ਹਾਂ ਦੇ ਫੈਸਲੇ ਦੀ ਉਡੀਕ ਕਰਾਂਗਾ ਤੇ ਇਸ ਤੋਂ ਬਾਅਦ ਇਸ ਪਾਪੀ ਵਿਰੁੱਧ ਸਖਤ ਕਾਰਵਾਈ ਕਰਾਂਗਾ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਦਾ ਕਹਿਣਾ ਹੈ ਕਿ ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਮੁਖੀ ਪ੍ਰਦੀਪ ਕਲੇਰ ਵਲੋਂ ਇਕ ਟੀ. ਵੀ. ਇੰਟਰਵਿਊ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਡੇਰਾ ਸਿਰਸਾ ਮੁਖੀ ਦੀ ਪੁਸ਼ਤਪਨਾਹੀ ਸੰਬੰਧੀ ਲਾਏ ਗਏ ਦੋਸ਼ ਕਾਫੀ ਅਹਿਮ ਤੇ ਗੰਭੀਰ ਹਨ । ਉਨ੍ਹਾਂ ਕਿਹਾ ਕਿ ਵੱਖ-ਵੱਖ ਜਾਂਚ ਟੀਮਾਂ ਵਲੋਂ ਕੀਤੀ ਗਈ ਜਾਂਚ ’ਚ ਜਦ ਇਹ ਸਾਬਤ ਹੋ ਚੁੱਕਾ ਹੈ ਕਿ ਪਿਛਲੇ ਸਮੇਂ ਦੌਰਾਨ ਸੂਬੇ ’ਚ ਵੱਖ-ਵੱਖ ਥਾਂਵਾਂ ’ਤੇ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਲਈ ਡੇਰਾ ਸਿਰਸਾ ਮੁਖੀ ਸਿੱਧੇ ਤੌਰ ’ਤੇ ਜ਼ਿੰਮੇਵਾਰ ਹੈ ਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਵੀ ਜਿਸ ਡੇਰਾ ਮੁਖੀ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੋਵੇ ਤੇ ਸਿੱਖ ਕੌਮ ਨੂੰ ਉਸ ਨਾਲ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਤੇ ਸਮਾਜਿਕ ਮੇਲ ਜੋਲ ਰੱਖਣ ਤੋਂ ਵਰਜਿਤ ਕੀਤਾ ਗਿਆ ਹੋਵੇ ਉਸ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਇਕ ਵਾਰ ਨਹੀਂ ਸਗੋਂ ਕਈ ਵਾਰ ਮੁਲਾਕਾਤ ਕਰਨੀ ਕਾਫੀ ਗੰਭੀਰ ਮਾਮਲਾ ਹੈ। ਉਨ੍ਹਾਂ ਡੇਰਾ ਮੁਖੀ ਖਿਲਾਫ ਚਲਾਨ ਨਾ ਪੇਸ਼ ਕਰਨ ’ਤੇ ਸੂਬੇ ਦੀ ’ਆਪ’ ਸਰਕਾਰ ਦੀ ਵੀ ਆਲੋਚਨਾ ਕੀਤੀ।

ਇਸ ਸਾਰੀਆਂ ਘਟਨਾਵਾਂ ਤੋਂ ਪਰਤਖ ਹੈ ਕਿ ਸੁਖਬੀਰ ਸਿੰਘ ਬਾਦਲ ਦੂ ਪ੍ਰਧਾਨਗੀ ਨਾ ਛਡਣ ਦੀ ਜਿਦ ਕਾਰਣ ਅਕਾਲੀ ਦਲ ਦਾ ਨੁਕਸਾਨ ਹੋ ਰਿਹਾ ਹੈ। ਉਹ ਇਸ ਸੰਕਟ ਤੋਂ ਚਿੰਤਤ ਨਹੀਂ ਹਨ। ਹੁਣੇ ਜਿਹੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਤੋਂ ਨਰਾਜ਼ ਚੱਲ ਰਹੇ ਆਗੂਆਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਅੱਠ ਆਗੂਆਂ ਨੂੰ ਪਾਰਟੀ ’ਚੋਂ ਬਾਹਰ ਕੱਢ ਦਿੱਤਾ ਹੈ। ਇਨ੍ਹਾਂ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਸੁਰਿੰਦਰ ਸਿੰਘ ਠੇਕੇਦਾਰ ਤੇ ਚਰਨਜੀਤ ਸਿੰਘ ਬਰਾੜ ਦੇ ਨਾਂ ਸ਼ਾਮਲ ਹਨ। ਇਹ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਕੀਤੀ ਗਈ ਹੈ ਜਿਸ ਨੇ ਇਨ੍ਹਾਂ ਅੱਠ ਆਗੂਆਂ ਦੀ ਮੁੱਢਲੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਹੈ। ਪਾਰਟੀ ਨੇ ਸੱਤ ਵਿਧਾਨ ਸਭਾ ਹਲਕਿਆਂ ਦੇ ਮੌਜੂਦਾ ਹਲਕਾ ਇੰਚਾਰਜਾਂ ਨੂੰ ਵੀ ਹਟਾ ਦਿੱਤਾ ਹੈ। ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਸ਼੍ਰੋਮਣੀ ਅਕਾਲੀ ਦੀ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਕਮੇਟੀ ਮੈਂਬਰ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਗੁਲਜ਼ਾਰ ਸਿੰਘ ਰਣੀਕੇ (ਟੈਲੀਫੋਨ ਰਾਹੀਂ) ਸ਼ਾਮਲ ਹੋਏ। ਉਨ੍ਹਾਂ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਵੱਲੋਂ ਕੀਤੀਆਂ ਜਾ ਰਹੀਆਂ ਪਾਰਟੀ ਵਿਰੋਧੀ ਕਾਰਵਾਈਆਂ ਬਾਰੇ ਚਰਚਾ ਕੀਤੀ। ਅਨੁਸ਼ਾਸਨੀ ਕਮੇਟੀ ਨੇ ਵਿਚਾਰ-ਵਟਾਂਦਰੇ ਮਗਰੋਂ ਆਖਿਆ ਕਿ ਇਨ੍ਹਾਂ ਆਗੂਆਂ ਵੱਲੋਂ ਪਾਰਟੀ ਦੇ ਅਕਸ ਨੂੰ ਢਾਹ ਲਾਉਣ ਵਾਲੀਆਂ ਕਾਰਵਾਈਆਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ ਜਿਸ ਕਾਰਨ ਉਕਤ ਆਗੂਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਹੈ। ਭੂੰਦੜ ਦਾ ਮੰਨਣਾ ਹੈ ਕਿ ਉਪਰੋਕਤ ਸਾਰੇ ਆਗੂਆਂ ਦਾ ਇੱਕੋ-ਇੱਕ ਮਕਸਦ ਪਾਰਟੀ ਦੇ ਦੁਸ਼ਮਣਾਂ ਦੀ ਸ਼ਹਿ ’ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਹੈ। ਪਾਰਟੀ ਇਨ੍ਹਾਂ ਹਰਕਤਾਂ ਨੂੰ ਬਰਦਾਸ਼ਤ ਨਹੀਂ ਕਰੇਗੀ, ਇਸ ਲਈ ਉਪਰੋਕਤ ਆਗੂਆਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਗਿਆ ਹੈ। ਸਾਡਾ ਮੰਨਣਾ ਹੈ ਕਿ ਇਸ ਸੰਕਟ ਭਰੀ ਸਥਿਤੀ ਵਿਚ ਬਾਦਲ ਧੜੇ ਵਲੋਂ ਕਾਹਲੀ ਨਾਲ ਗਲਤ ਫੈਸਲਾ ਲਿਆ ਹੈ। ਇਸ ਨਾਲ ਅਕਾਲੀ ਦਲ ਦਾ ਵਡਾ ਨੁਕਸਾਨ ਹੋਵੇਗਾ।ਅਕਾਲ ਤਖਤ ਸਾਹਿਬ ਨੂੰ ਅਕਾਲੀ ਦਲ ਬਚਾਉਣ ਲਈ ਨੁਮਾਇੰਦਾ ਇਕਠ ਸਦਕੇ ਅਗਵਾਈ ਕਰਨੀ ਚਾਹੀਦੀ ਹੈ।

## ਪ੍ਰਵਾਸੀ ਭਾਰਤੀਆਂ ਨੇ 115 ਅਰਬ ਡਾਲਰ ਦੀ ਰਕਮ ਵਤਨ ਭੇਜੀ, ਪਰ ਪ੍ਰਵਾਸੀ ਭਾਰਤੀਆਂ ਦੀ ਕਦਰ ਕਿਉਂ ਨਹੀਂ

ਭਾਰਤ ਜਲਦੀ ਹੀ ਦੁਨੀਆ ਭਰ ਨੂੰ ਸਭ ਤੋਂ ਜ਼ਿਆਦਾ ਹੁਨਰਮੰਦ ਕਾਮੇ ਪ੍ਰਦਾਨ ਕਰਨ ਵਾਲਾ ਪਹਿਲਾ ਦੇਸ਼ ਬਣਨ ਦੇ ਰਾਹ ’ਤੇ ਹੈ। ਇਹ ਦਾਅਵਾ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੀ ਇੱਕ ਰਿਪੋਰਟ ਵਿੱਚ ਕੀਤਾ ਗਿਆ ਹੈ। ਹਰ ਸਾਲ ਭਾਰਤ ਤੋਂ ਲੱਖਾਂ ਲੋਕ ਰੁਜ਼ਗਾਰ ਅਤੇ ਨੌਕਰੀਆਂ ਲਈ ਵਿਦੇਸ਼ ਜਾਂਦੇ ਹਨ ਅਤੇ ਡਾਲਰ, ਪੌਂਡ ਅਤੇ ਦਿਰਹਾਮ ਵਿੱਚ ਪੈਸਾ ਕਮਾ ਕੇ ਭਾਰਤ ਵਿਚ (ਰੇਮਿਟੈਂਸ ਦੇ ਰੂਪ ਵਿੱਚ) ਭੇਜਦੇ ਹਨ। ਸਾਲ 2023 ਵਿੱਚ, ਭਾਰਤੀਆਂ ਨੇ ਇਸ ਮਾਮਲੇ ਵਿੱਚ ਇੱਕ ਰਿਕਾਰਡ ਬਣਾਇਆ ਹੈ ਅਤੇ ਜਲਦੀ ਹੀ ਦੁਨੀਆ ਵਿੱਚ ਨੰਬਰ 1 ਬਣ ਸਕਦਾ ਹੈ। ਆਰਬੀਆਈ ਦੀ ਤਾਜ਼ਾ ਮੁਦਰਾ ਅਤੇ ਵਿੱਤ ਰਿਪੋਰਟ (ਆਰਸੀਐਫ) ਵਿੱਚ ਕਿਹਾ ਗਿਆ ਹੈ ਕਿ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਨੇ 2023 ਵਿੱਚ 115 ਅਰਬ ਡਾਲਰ ਦੀ ਰਕਮ ਘਰ ਵਾਪਸ ਭੇਜੀ ਹੈ। ਭਾਰਤੀ ਮੁਦਰਾ ਵਿੱਚ ਇਹ ਰਕਮ ਲਗਭਗ 9.6 ਲੱਖ ਕਰੋੜ ਰੁਪਏ ਹੈ। *ਬਾਕੀ ਹਿਸਾ ਸਫ਼ਾ 9 ਤੇ ਪੜ੍ਹੋ* →

# NEWS & VIEWS

## SRI AKAL TAKH SAHIB, THE ORGANISATIONAL ASPECT OF GURU GRANTH AND GLOBAL GURU PANTH



Gurmukh Singh OBE

The dire state of Sikh politics brings Panthic focus back to the basics of effective Sikh *organisation* capable of delivering Sikhi Miri-Piri (temporal-spiritual) objectives.

The distinction between the historical *Miri-Piri Institution* of Sri Akal Takht Sahib established by Guru Hargobind, and the administrative role of the incumbent office holders at the Takht, the jathedars, must be understood. The Institution is permanent. It cannot be ignored or abolished. The jathedars should be selected men or women of the highest calibre and should have the approval, confidence and respect of the entire Khalsa Panth. They are replaceable in the same way as heads of modern civil service.

We need to look at components of Sikh organisation from different angles. *The Guru Granth Sahib is a philosophical text without dogma or ritual. From this philosophy there are religious, cultural, social, political and scientific derivatives. It is erroneous to describe Sikhi merely a religious doctrine and Sikhs merely as a religious people.* (Sukhvinder Singh Thand, *State Policy and Legislation Affecting Sikhs*, SHRG, 2001.)

Sikhi is a movement or panth started by Guru Nanak Sahib. The aims and objectives of any movement can only be achieved through *organisation* (*jathebandi*). Realising this, the Sikhi movement was given an embryonic organisation by Guru Nanak Sahib at Kartarpur Sahib to be built upon by later Gurus. Today, the *Sikh Reht Maryada* makes it clear that the objectives of the corporate entity of the Panth can be achieved through *organised* collective action. Accordingly, the organisation supporting the Guru Granth and Guru Panth, as the spiritual and temporal (*piri-miri*) twin-track Sikhi movement, is provided through the Institution of Sri Akal Takht Sahib linked to network of Sangats worldwide.

The high office of the jathedar is onerous regarding global Sikh consultation and in seeking continual Gurbani guidance. Ideally, the jathedar should seek and implement the wishes of the Panth as guided by Guru Granth Sahib. He needs advisory panels of Gursikh scholars of the highest calibre in different fields. That is the organisational ideal the Panth should aim for, albeit, learning from the great Sikhi tradition while interpreting it to meet 21st century needs.

As discussed in this column last week, there have been continual failures in Sikh organisation over the decades and Panthic temporal objectives have not been delivered. Global Sikh focus needs to be brought back to the real source of Panthic power. Traditionally, that source is the Guru Granth-Guru Panth ideal society (temporal objective) interpreted through the Institution of Sri Akal Takht Sahib.

A related thought about *Sikh Society and Organisation* is from Gurmit Singh (advocate): *Before Sikh Gurus the world knew of Monarchy, Aristocracy and Democracy in the realm of politics only, but when we find the 10th Guru bowing his head before and begging from the five Piaras, we come to realise that he is doing nothing else but democratising the office of prophetship, a thing so far unknown to the religions of the world. No other prophet had so far ever assigned an equal or a higher status to his own disciples during his life time. Thus the application of divine right theory was denied both to the king and the priest.* (*A Critique of Sikhism*, 1967)

As discussed last week, for too long successive jathedars have became party to anti-Panthic decisions and compromises. Urgent organisational and decision-making reforms are needed to ensure independent operation of central Sikh institutions led by Sri Akal Takht Sahib.

Gurmukh Singh OBE, Ret'd Principal Civil Servant (UK) sewauk2005@yahoo.co.uk

# ਇੰਗਲੈਂਡ ਦੇ ਸਾਊਥਪੋਰਟ ਵਿੱਚ ਚਾਕੂ ਨਾਲ ਹਮਲਾ - 3 ਬੱਚਿਆਂ ਦੀ ਮੌਤ ਹਮਲਾਵਰ ਗ੍ਰਿਫਤਾਰ- 5 ਬੱਚਿਆਂ ਅਤੇ 2 ਬਾਲਗਾਂ ਦੀ ਹਾਲਤ ਅਜੇ ਵੀ ਗੰਭੀਰ







ਗ੍ਰਿਹ ਮੰਤਰੀ ਯਵੇਟ ਕੂਪਰ ਸ਼ਰਧਾ ਦੇ ਫੁੱਲ ਭੇਂਟ ਕਰਨ ਮੌਕੇ ਅਤੇ ਲੀਨੇ ਲੂਕਾਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਸਾਊਥਪੋਰਟ ਵਿਚ ਚਾਕੂ ਨਾਲ ਹਮਲਾ ਕਰਕੇ ਇਕ ਵਿਅਕਤੀ ਵਲੋਂ ਬੀਤੇ ਕੱਲ 6 ਅਤੇ 7 ਸਾਲ ਦੀ ਉਮਰ ਦੇ 2 ਬੱਚਿਆਂ ਨੂੰ ਕਤਲ ਅਤੇ 9 ਹੋਰਾਂ ਨੂੰ ਜਖ਼ਮੀ ਕਰ ਦਿੱਤਾ ਗਿਆ ਸੀ। ਜਦ ਕਿ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਇੱਕ ਹੋਰ 9 ਸਾਲਾ ਬੱਚੀ ਨੇ ਦਮ ਤੋੜ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 5 ਬੱਚਿਆਂ ਅਤੇ 2 ਬਾਲਗਾਂ ਦੀ ਹਾਲਤ ਅਜੇ ਵੀ ਗੰਭੀਰ ਬਣੀ ਹੋਈ ਹੈ। ਉਕਤ ਮਾਮਲੇ 'ਚ ਪੁਲਿਸ ਨੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਤੇਜ਼ਧਾਰ ਹਥਿਆਰ ਜ਼ਬਤ ਕਰ ਲਿਆ ਹੈ। ਜਖ਼ਮੀਆਂ ਨੂੰ ਐਲਡਰ ਹੇ ਚਿਲਡਰਨ ਹਸਪਤਾਲ, ਐਂਨਟਰੀ ਯੂਨੀਵਰਸਿਰੀ ਹਸਪਤਾਲ ਅਤੇ ਸਾਊਥਾਲ ਐਂਡ ਫੌਰਮਬੇਅ ਹਸਪਤਾਲ ਵਿੱਚ ਲਿਜਾਇਆ ਗਿਆ। ਬਚਾਅ ਲਈ ਹਵਾਈ ਐਂਬੂਲੈਂਸ ਦੀ ਵਰਤੋਂ ਵੀ ਕੀਤੀ ਗਈ। ਇਹ ਘਟਨਾ ਯੂ ਕੇ ਸਮੇਂ ਅਨੁਸਾਰ 11:48 ਵਜੇ ਵਾਪਰੀ। ਘਟਨਾਂ ਸਥਾਨ ਨੇੜੇ 6 ਤੋਂ 11 ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਯੋਗਾ ਅਤੇ ਡਾਂਸ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ ਸੀ। ਜਿਸ ਵਿੱਚ 25 ਦੇ ਕਰੀਬ ਬੱਚੇ ਭਾਗ ਲੈ ਰਹੇ ਸਨ। ਖ਼ਬਰਾਂ ਅਨੁਸਾਰ ਜਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਇੱਕ ਬੱਚੇ ਦੀ ਮੌਤ ਹੋ ਗਈ ਹੈ। ਮੌਕੇ ਦੇ ਗਵਾਹਾਂ ਅਨੁਸਾਰ ਇੱਕ ਕਾਲੀ ਹੁੱਡੀ ਪਹਿਨੀ ਇੱਕ ਟੈਕਸੀ ਰਾਹੀਂ ਆਇਆ ਜਿਸ ਕੋਲ ਚਾਕੂ ਸੀ। ਉਹਨਾਂ ਨੇ ਬੱਚਿਆਂ ਨੂੰ ਇਧਰ ਉੱਧਰ ਭੱਜਦੇ ਅਤੇ ਚੀਕਾਂ ਮਾਰਦੇ ਵੇਖਿਆ, ਹਰ ਪਾਸੇ ਖ਼ੂਨ ਹੀ ਖ਼ੂਨ ਸੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਘਟਨਾਂ ਦੀ ਨਿੰਦਾ ਸਖ਼ਤ ਨਿੰਦਾ ਕੀਤੀ ਹੈ।

ਪੁਲਿਸ ਨੇ ਉਕਤ ਮਾਮਲੇ 'ਚ ਜਿਸ 17 ਸਾਲਾ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਹੈ ਉਸ ਦੇ ਜਨਮ ਕਾਰਡਿਫ ਵਿੱਚ ਹੋਇਆ, ਜਿਸ ਦੇ ਮਾਪੇ ਰਵਾਂਡੀਅਨ ਮੂਲ ਦੇ ਹਨ। ਉਹ 2013 ਵਿੱਚ ਸਾਊਥਪੋਰਟ ਖੇਤਰ ਵਿੱਚ ਚਲਾ ਗਿਆ ਸੀ। ਪੁਲਿਸ ਵੱਲੋਂ ਉਸ ਤੋਂ ਅਜੇ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।ਗ੍ਰਿਹ ਮੰਤਰੀ ਯਵੇਟ ਕੂਪਰ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਕਤ ਘਟਨਾ ਨੂੰ ਲੈ ਕੇ ਸਥਾਨਕ ਭਾਈਚਾਰਾ ਬੇਹੱਤ ਦੁਖੀ ਅਤੇ ਉਦਾਸ ਹੈ।

ਯੋਗਾ ਜਮਾਤ ਦੀ ਆਯੋਜਿਕ 35 ਸਾਲਾ ਲੀਨੇ ਲੂਕਾਸ ਨੇ ਬਹਾਦਰੀ ਨਾਲ ਹਮਲਾਵਰ ਦਾ ਸਾਹਮਣਾ ਕੀਤਾ ਅਤੇ ਹੁਣ ਹਸਪਤਾਲ ਵਿੱਚ ਆਪਣੀ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੀ ਹੈ।ਪ੍ਰਾਇਮਰੀ ਸਕੂਲ ਦੀ ਅਧਿਆਪਕਾ ਅਤੇ ਡਾਂਸ ਅਧਿਆਪਕਾ ਹੇਡੀ ਬਾਰਲੋ ਨੇ ਛੇ ਅਤੇ 11 ਸਾਲ ਦੀ ਉਮਰ ਦੇ 16 ਬੱਚਿਆਂ ਦੀ ਜਾਨ ਬਹਾਦਰੀ ਨਾਲ ਬਚਾਈ। ਮੌਕੇ ਤੇ ਪਹੁੰਚੇ ਇੱਕ ਹੋਰ ਵਿਅਕਤੀ ਜੋਏਲ ਵੇਰੀਟ ਨੇ ਵੀ ਬਹਾਦਰੀ ਨਾਲ ਬੱਚਿਆਂ ਨੂੰ ਬਚਾਉਣ ਲਈ ਮਦਦ ਕੀਤੀ।

## ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਸਾਊਥਪੋਰਟ ਘਟਨ ਸਥਾਨ ਦਾ ਦੌਰਾ ਸਾਊਥਪੋਰਟ ਵਿੱਚ ਭੜਕੇ ਦੰਗੇ ਅਤੇ ਲੱਗੀਆਂ ਅੱਗਾਂ



ਮ੍ਰਿਤਕ ਬੱਚੀਆਂ ਅਤੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਪੋਰਟ ਵਿਖੇ ਇੱਕ ਸਰਿਫਿਰੇ 17 ਸਾਲਾ ਨੌਜਵਾਨ ਵੱਲੋਂ ਤੇਜ਼ਧਾਰ ਹਥਿਆਰ ਨਾਲ ਤਿੰਨ ਬੱਚਿਆਂ ਦਾ ਕਤਲ ਅਤੇ 11 ਹੋਰਾਂ ਨੂੰ ਜਖ਼ਮੀ ਕਰਨ ਦੀ ਘਟਨਾ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਇਸ ਘਟਨਾਂ ਵਿੱਚ 6 ਸਾਲਾ ਬੇਬੇ ਕਿੰਗ, 7 ਸਾਲਾ ਐਲਸੀ ਡਾਟ ਸਟੈਨਕੋਮਬੇ, 9 ਸਾਲਾ ਐਲਿਸ ਐਗੁਆਰ ਦੀ ਮੌਤ ਹੋ ਗਈ ਸੀ। ਜਦ ਕਿ 5 ਹੋਰਾਂ ਦੀ ਹਾਲਤ ਅਜੇ ਗੰਭੀਰ ਬਣੀ ਹੋਈ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਘਟਨਾ ਸਥਾਨ ਦਾ ਦੌਰਾ ਕਰਦਿਆਂ ਮ੍ਰਿਤਕਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ। ਉਹਨਾਂ ਬਚਾਅ ਟੀਮਾਂ ਦਾ ਧੰਨਵਾਦ ਵੀ ਕੀਤਾ। ਪ੍ਰਧਾਨ ਮੰਤਰੀ ਸਟਾਰਮਰ ਨੇ ਟੇਲਰ ਸਵਿਫਟ ਥੇਮਡ ਡਾਂਸ ਵਰਕਸ਼ਾਪ ਵਿਖੇ ਪਹੁੰਚ ਕੇ ਫੁੱਲ ਮਾਲਾਵਾਂ ਭੇਂਟ ਕੀਤੀਆਂ, ਜਿੱਥੇ ਬੱਚੇ ਯੋਗਾ ਅਤੇ ਡਾਂਸ ਕਲਾਸਾਂ ਲੈ ਰਹੇ ਸਨ। ਪੱਤਰਕਾਰਾਂ ਨਾਲ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਬਹੁਤ ਦੁੱਖਦਾਈ ਹੈ ਇੱਕ ਪਿਤਾ ਹੋਣ ਦੇ ਨਾਤੇ ਮੈਨੂੰ ਪਤਾ ਹੈ ਕਿ ਪ੍ਰੀਵਾਰ ਕਿਸ ਪੀੜਾ ਵਿੱਚੋਂ ਗੁਜ਼ਰ ਰਹੇ ਹਨ। ਉਹਨਾਂ ਕਿਹਾ ਕਿ ਸਾਡੀ ਸਰਕਾਰ ਅਜੇਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤੀ ਨਾਲ ਕੰਮ ਕਰ ਰਹੀ ਹੈ।

## ਪ੍ਰਵਾਸੀ ਭਾਰਤੀ-8 ਸਫ਼ੇ ਦੀ ਬਾਕੀ

ਆਰਬੀਆਈ ਦਾ ਅੰਦਾਜ਼ਾ ਹੈ ਕਿ 2029 ਤੱਕ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ 160 ਬਿਲੀਅਨ ਡਾਲਰ ਦੀ ਰਕਮ ਭਾਰਤ ਨੂੰ ਭੇਜਣਾ ਸ਼ੁਰੂ ਕਰ ਦੇਣਗੇ। ਭਾਰਤੀ ਮੁਦਰਾ ਵਿੱਚ ਇਹ ਰਕਮ ਲਗਭਗ 13.6 ਲੱਖ ਕਰੋੜ ਰੁਪਏ ਹੋਵੇਗੀ। ਭਾਰਤ ਅਜੇ ਵੀ ਆਪਣੇ ਲੋਕਾਂ ਤੋਂ ਰੈਮਿਟੈਂਸ ਪ੍ਰਾਪਤ ਕਰਨ ਵਾਲੇ ਦੁਨੀਆ ਦੇ ਚੋਟੀ ਦੇ ਦੇਸ਼ਾਂ ਵਿੱਚੋਂ ਇੱਕ ਹੈ। ਜੇਕਰ ਅਸੀਂ 10 ਸਾਲਾਂ ਦੀ ਔਸਤ 'ਤੇ ਨਜ਼ਰ ਮਾਰੀਏ ਤਾਂ ਹਰ ਸਾਲ ਭਾਰਤੀਆਂ ਨੇ ਵਿਦੇਸ਼ਾਂ ਤੋਂ ਲਗਭਗ 80 ਅਰਬ ਡਾਲਰ ਘਰ ਭੇਜੇ ਹਨ।

ਜੇਕਰ ਅੰਕੜਿਆਂ ਦੇ ਲਿਹਾਜ਼ ਨਾਲ ਸਮਝਣਾ ਹੋਵੇ, ਤਾਂ ਤੁਸੀਂ ਇਸ ਤਰ੍ਹਾਂ ਸਮਝ ਸਕਦੇ ਹੋ, ਦੁਨੀਆ ਭਰ ਦੇ ਸਾਰੇ ਲੋਕ ਜੋ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਵਿੱਚ ਕੰਮ ਕਰਦੇ ਹਨ ਅਤੇ ਆਪਣੇ ਦੇਸ਼ਾਂ ਨੂੰ ਪੈਸੇ ਭੇਜਦੇ ਹਨ, ਤਾਂ ਹਰ 100 ਰੁਪਏ ਵਿੱਚੋਂ 13.5 ਰੁਪਏ ਭਾਰਤ ਵਿਚ ਰਹਿ ਰਹੇ ਆਪਣੇ ਰਿਸ਼ਤੇਦਾਰਾਂ ਨੂੰ ਭੇਜਦੇ ਹਨ। ਜੇਕਰ ਪਿਛਲੇ 23 ਸਾਲਾਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2000 'ਚ ਵਿਦੇਸ਼ਾਂ 'ਚ ਰਹਿੰਦੇ ਭਾਰਤੀਆਂ ਵੱਲੋਂ ਭਾਰਤ ਨੂੰ ਭੇਜੀ ਗਈ ਰਕਮ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦਾ 2.8 ਫੀਸਦੀ ਸੀ, ਜਦੋਂ ਕਿ 2023 'ਚ ਇਹ 3.2 ਫੀਸਦੀ ਤੱਕ ਪਹੁੰਚ ਗਈ ਹੈ। ਇੰਨਾ ਹੀ ਨਹੀਂ, ਇਹ ਦੇਸ਼ ਵਿੱਚ ਆਉਣ ਵਾਲੇ ਕੁੱਲ ਐਫਡੀਆਈ ਤੋਂ ਵੱਧ ਪੈਸਾ ਹੈ। ਪਰ ਸੁਆਲ ਇਹ ਹੈ ਕਿ ਆਪਣੇ ਵਤਨ ਭਾਰਤ ਵਿਚ ਪ੍ਰਵਾਸੀ ਭਾਰਤੀਆਂ ਦੀ ਕਦਰ ਕਿਉਂ ਨਹੀਂ। ਪਰਵਾਸੀ ਭਾਰਤੀਆਂ ਦੇ ਮਸਲੇ ਬਹੁਤ ਵੱਡੇ ਹਨ। ਇਹ ਮਸਲੇ ਜਿਥੇ ਉਹਨਾਂ ਦੀ ਜਾਇਦਾਦ ਨਾਲ ਜੁੜੇ ਹੋਏ ਹਨ, ਉਥੇ ਉਨ੍ਹਾਂ ਦੀ ਭਾਰਤ ਫੇਰੀ ਦੌਰਾਨ ਉਹਨਾਂ ਨਾਲ ਹੁੰਦੇ ਵਿਵਹਾਰ, ਉਨ੍ਹਾਂ ਦੇ ਜੀਵਨ ਦੀ ਸੁਰੱਖਿਆ, ਉਹਨਾਂ ਵੱਲੋਂ ਉਦਯੋਗ ਜਾਂ ਵਿਉਪਾਰ ਵਿੱਚ ਲਗਾਏ ਗਏ ਜਾਂ ਜਾਣ ਵਾਲੇ ਧੰਨ ਨਾਲ ਜੁੜੇ ਹੋਏ ਹਨ ਤੇ ਉਹਨਾਂ ਦੇ ਬੱਚਿਆਂ ਦੇ ਭਵਿੱਖ ਨਾਲ ਵੀ ਜਿਹੜੇ ਦੇਸ਼ ਦੀ ਭੈੜੀ ਸਿਆਸੀ, ਸਮਾਜਿਕ, ਆਰਥਿਕ ਸਥਿਤੀ ਕਾਰਨ ਦੇਸ਼ ਵੱਲ ਨੂੰ ਮੂੰਹ ਵੀ ਨਹੀਂ ਕਰਨਾ ਚਾਹੁੰਦੇ। ਪੰਜਾਬ ਵਿਚ ਉਨ੍ਹਾਂ ਦੀਆਂ ਜ਼ਮੀਨਾਂ ਉਪਰ ਕਬਜੇ ਕਿਉਂ ਹੋ ਰਹੇ ਹਨ ? ਭ੍ਰਿਸ਼ਟ ਅਫਸਰਸ਼ਾਹੀ ਉਨ੍ਹਾਂ ਦੇ ਬਿਜਨਸ ਵਿਚ ਅੜਿਕਾ ਕਿਉਂ ਹੈ ?ਪੁਲਿਸ ਉਨ੍ਹਾਂ ਵਿਰੁੱਧ ਝੂਠੇ ਕੇਸ ਦਰਜ ਕਿਉਂ ਕਰਦੀ ਹੈ ?ਪਰਵਾਸੀ ਪੰਜਾਬੀਆਂ ਦੇ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਜਜ਼ਬਾਤੀ ਮਸਲਿਆਂ ਨੂੰ ਸਮਝਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਤੋੜ ਹਾਲੀ ਤੱਕ ਨਾ ਤਾਂ ਕਿਸੇ ਸਰਕਾਰ ਨੂੰ ਮਿਲ ਸਕਿਆ ਹੈ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਜਾਂ ਧਿਰ ਨੇ ਉਹਨਾ ਦੇ ਅੰਦਰੂਨੀ ਭਾਵਾਂ ਨੂੰ ਸਮਝਣ ਦਾ ਯਤਨ ਕੀਤਾ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਵਾਸੀ ਭਾਰਤੀਆਂ ਦੇ ਮਸਲੇ ਹਲ ਕਰੇ। ਪੰਜਾਬ ਅਤੇ ਉਨ੍ਹਾਂ ਦੇਸ਼ਾਂ ਵਿਚ ਜਿਥੇ ਪੰਜਾਬੀਆਂ ਦੀ ਜ਼ਿਆਦਾ ਵਸੋਂ ਹੈ ਉਥੇ ਉਹਨਾਂ ਦੇ ਮਸਲਿਆਂ, ਮੁਸ਼ਕਲਾਂ ਨੂੰ ਸਮਝਣ ਵਾਲੇ ਸਟੱਡੀ ਸੈਂਟਰਾਂ ਦੀ ਸਥਾਪਨਾ ਹੋਵੇ ਅਤੇ ਉਹਨਾਂ ਵਿੱਚ ਪੰਜਾਬ ਦੇ ਇਤਹਾਸਕ ਪਿਛੋਕੜ ਅਤੇ ਪ੍ਰਾਪਤੀਆਂ ਸਬੰਧੀ ਭਰਪੂਰ ਜਾਣਕਾਰੀ ਵੀ ਉਲੱਬਧ ਕੀਤੀ ਜਾਵੇ। ਕਿੰਨਾ ਚੰਗਾ ਹੋਵੇ ਜੇਕਰ ਪਰਵਾਸੀਆਂ ਲਈ ਹਵਾਈ ਅੱਡਿਆਂ ਉਤੇ ਸਰਕਾਰ ਸਵਾਗਤੀ ਕੇਂਦਰ ਸਥਾਪਤ ਕਰੇ ਤਾਂ ਕਿ ਪਰਵਾਸੀ ਘਰ ਪਰਤਣ 'ਤੇ ਅਪਣਤ ਅਤੇ ਮਾਣ ਮਹਿਸੂਸ ਕਰ ਸਕਣ।

-ਰਜਿੰਦਰ ਸਿੰਘ ਪੁਰੇਵਾਲ

# ਸਿੱਖਾਂ ਖ਼ਿਲਾਫ਼ ਫਿਰਕੂ ਟਿੱਪਣੀ ਕਰਨ ਵਾਲੇ ਪੁਲਿਸ ਅਧਿਕਾਰੀ ਵਿਰੁੱਧ ਯੂਪੀ ਸਰਕਾਰ ਕਰੇ ਕਾਰਵਾਈ

## ✪ ਅਕਾਲ ਤਖਤ, ਸ਼੍ਰੋਮਣੀ ਕਮੇਟੀ ਬਾਦਲ ਦਲ ਵਲੋਂ ਨਿੰਦਾ







ਅੰਮ੍ਰਿਤਸਰ-ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ 'ਚ ਬੀਤੇ ਦਿਨੀਂ ਇੱਕ ਪੁਲਿਸ ਅਧਿਕਾਰੀ ਵੱਲੋਂ ਸਿੱਖਾਂ ਨੂੰ ਅੱਤਵਾਦੀ ਕਹਿ ਕੇ ਬੁਲਾਉਣ ਦੀ ਘਟਨਾ 'ਤੇ ਗਿਆਨੀ ਰਘਬੀਰ ਸਿੰਘ, ਜਥੇਦਾਰ ਅਕਾਲ ਤਖਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਖ ਵਖ ਬਿਆਨਾਂ ਰਾਹੀਂ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸਿੱਖਾਂ ਦੀਆਂ ਕੁਰਬਾਨੀਆਂ ਬਦੌਲਤ ਹੀ ਭਾਰਤ ਦੇਸ਼ ਦਾ ਸੱਭਿਆਚਾਰ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੀ ਸਰਕਾਰ ਸਬੰਧਤ ਅਧਿਕਾਰੀ ਖ਼ਿਲਾਫ਼ ਸਖ਼ਤ ਕਾਰਵਾਈ ਕਰੇ।

ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾਂ ਹੀ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹਨ। ਕੁਦਰਤੀ ਆਫ਼ਤਾਂ ਸਮੇਂ ਸਿੱਖਾਂ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਪੂਰੀ ਦੁਨੀਆਂ ਨੇ ਸਲਾਹਿਆ ਹੈ। ਪਿਛਲੇ ਕੁਝ ਸਮੇਂ ਤੋਂ ਭਾਰਤ ਅੰਦਰ ਘੱਟਗਿਣਤੀਆਂ ਅਤੇ ਖਾਸ ਕਰ ਕੇ ਸਿੱਖਾਂ 'ਤੇ ਨਫਰਤੀ ਹਮਲੇ ਕੀਤੇ ਜਾ ਰਹੇ ਹਨ। ਕੁਝ ਫ਼ਿਰਕੂ ਮਾਨਸਿਕਤਾ ਵਾਲੇ ਲੋਕ ਅਜਿਹੀਆਂ ਹਰਕਤਾਂ ਕਰ ਕੇ ਸਮਾਜਿਕ ਭਾਈਚਾਰੇ ਨੂੰ ਵੀ ਸੱਟ ਮਾਰਦੇ ਹਨ, ਜੋ ਦੇਸ਼ ਹਿੱਤ ਵਿੱਚ ਨਹੀਂ।

ਉਨ੍ਹਾਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਸਿੱਖਾਂ ਖ਼ਿਲਾਫ਼ ਟਿੱਪਣੀ ਕਰਨ ਵਾਲੇ ਪੁਲਿਸ ਅਧਿਕਾਰੀ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੇਸ਼ ਵਿਚ ਨਫ਼ਰਤੀ ਮਾਹੌਲ ਪੈਦਾ ਕਰਨ ਵਾਲੇ ਅਜਿਹੇ ਲੋਕਾਂ ਨੂੰ ਜ਼ਾਬਤੇ ਵਿਚ ਰਹਿਣ ਦੀ ਹਦਾਇਤ ਵੀ ਕੀਤੀ ਜਾਵੇ।

# ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ 8 ਨੂੰ ਕੇਂਦਰੀ ਮੰਤਰੀ ਨੂੰ ਮਿਲਣਗੇ ਸਾਂਸਦ ਖਾਲਸਾ



ਅੰਮ੍ਰਿਤਸਰ-ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਨਤਮਸਤਕ ਹੋਏ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਕੇਂਦਰੀ ਮੰਤਰੀ ਨੂੰ 8 ਅਗਸਤ ਨੂੰ ਮਿਲਨ ਦਾ ਸਮਾਂ ਮਿਲਿਆ ਹੈ। ਉਨ੍ਹਾਂ ਨਵੀਂ ਪਾਰਟੀ ਬਾਰੇ ਗੱਲਬਾਤ ਕਰਦੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੇ ਬਾਹਰ ਆਉਣ 'ਤੇ ਹੀ ਨਵੀਂ ਪਾਰਟੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਾਂਗੇ।

# ਸੁਪਰੀਮ ਕੋਰਟ ਨੇ ਖ਼ਾਰਜ ਕੀਤੀ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਪਟੀਸ਼ਨ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇਕ ਪਟੀਸ਼ਨ ਖ਼ਾਰਜ ਕਰ ਦਿੱਤੀ। ਬਿਸ਼ਨੋਈ ਨੇ ਜੇਲ੍ਹ 'ਚ ਰਹਿੰਦੇ ਹੋਏ ਟੀਵੀ ਚੈਨਲ ਨੂੰ ਇੰਟਰਵਿਊ ਦੇਣ ਦੇ ਮਾਮਲੇ 'ਚ ਐੱਸਆਈਟੀ ਗਠਿਤ ਕਰਨ ਤੇ ਉਸ ਖ਼ਿਲਾਫ਼ ਐੱਫਆਈਆਰਜ਼ ਦਰਜ ਕਰਨ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਸੀ। ਜਸਟਿਸ ਬੇਲਾ ਐੱਮ ਤ੍ਰਿਵੇਦੀ ਤੇ ਜਸਟਿਸ ਐੱਸਸੀ ਸ਼ਰਮਾ ਦੇ ਬੈਂਚ ਨੇ ਕਿਹਾ ਕਿ ਉਹ ਹਾਈ ਕੋਰਟ ਦੇ ਆਦੇਸ਼ 'ਚ ਦਖ਼ਲ ਨਹੀਂ ਦੇਣਾ ਚਾਹੁੰਦੇ। ਬੈਂਚ ਨੇ ਕਿਹਾ ਕਿ ਜਾਂਚ ਹੋਣੀ ਚਾਹੀਦੀ ਹੈ।

# ਇਜ਼ਰਾਈਲ ਨੇ ਖਾੜਕੂ ਜਥੇਬੰਦੀ ਹਿਜ਼ਬੁੱਲਾ ਨੂੰ ਨਿਸ਼ਾਨਾ ਬਣਾ ਕੇ ਬੇਰੂਤ 'ਤੇ ਕੀਤਾ ਹਵਾਈ ਹਮਲਾ, ਇਕ ਹਲਾਕ



ਬੇਰੂਤ-ਇਜ਼ਰਾਈਲ ਨੇ ਬੇਰੂਤ 'ਤੇ ਅਚਾਨਕ ਹਵਾਈ ਹਮਲਾ ਕੀਤਾ, ਜਿਸ ਵਿਚ ਘੱਟੋ-ਘੱਟ ਇਕ ਵਿਅਕਤੀ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਲੇਬਨਾਨ ਵਿਚ ਸਰਗਰਮ ਕੱਟੜਪੰਥੀ ਸਮੂਹ ਹਿਜ਼ਬੁੱਲਾ ਨਾਲ ਇਜ਼ਰਾਈਲ ਦਾ ਤਣਾਅ ਹੋਰ ਵਧ ਗਿਆ

ਇਜ਼ਰਾਈਲੀ ਫੌਜ ਨੇ ਕਿਹਾ ਕਿ ਇਸ ਹਮਲੇ ਨੇ ਆਪਣੇ ਕੰਟਰੋਲ ਅਧੀਨ ਗੋਲਾਨ ਹਾਈਟਸ ਖੇਤਰ ਵਿਚ ਪਿਛਲੇ ਹਫਤੇ ਦੇ ਰਾਕੇਟ ਹਮਲੇ ਲਈ ਜ਼ਿੰਮੇਵਾਰ ਇਕ ਖਖਾੜਕੂ ਕਮਾਂਡਰ ਦੇ ਟਿਕਾਣੇ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ 12 ਬੱਚਿਆਂ ਦੀ ਮੌਤ ਹੋ ਗਈ ਸੀ, ਨਾਲ ਹੀ ਹੋਰ ਹਮਲੇ ਜਿਨ੍ਹਾਂ ਵਿਚ ਕਈ ਇਜ਼ਰਾਈਲੀ ਨਾਗਰਿਕ ਮਾਰੇ ਗਏ ਸਨ। ਇਜ਼ਰਾਈਲ ਨੇ ਮਜਦਲ ਸ਼ਮਸ ਸ਼ਹਿਰ ਵਿਚ ਸ਼ਨੀਵਾਰ ਨੂੰ ਹੋਏ ਰਾਕੇਟ ਹਮਲੇ ਲਈ ਹਿਜ਼ਬੁੱਲਾ ਨੂੰ ਜ਼ਿੰਮੇਵਾਰ ਠਹਿਰਾਇਆ। ਹਾਲਾਂਕਿ ਕੱਟੜਪੰਥੀ ਸੰਗਠਨ ਨੇ ਹਮਲੇ 'ਚ ਕਿਸੇ ਵੀ ਤਰ੍ਹਾਂ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ। ਇਜ਼ਰਾਈਲ ਦੇ ਰੱਖਿਆ ਮੰਤਰੀ ਯੋਆਵ ਗੈਲੈਂਟ ਨੇ ਮੰਗਲਵਾਰ ਨੂੰ ਹੋਏ ਹਮਲੇ ਤੋਂ ਤੁਰੰਤ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਪੋਸਟ 'ਚ ਲਿਖਿਆ, "ਹਿਜ਼ਬੁੱਲਾ ਨੇ ਆਪਣੀ ਸੀਮਾ ਪਾਰ ਕਰ ਲਈ ਹੈ ਅਤੇ ਕਈ ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਹੈ। ਏਜੰਸੀ ਮੁਤਾਬਕ ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ 'ਚ ਲਿਜਾਇਆ ਗਿਆ।

ਧਮਾਕੇ ਵਾਲੀ ਥਾਂ ਦੇ ਨੇੜੇ ਸਥਿਤ ਬਾਹਮਨ ਹਸਪਤਾਲ ਨੇ ਲੋਕਾਂ ਨੂੰ ਖੂਨਦਾਨ ਕਰਨ ਦਾ ਸੱਦਾ ਦਿੱਤਾ। ਹਿਜ਼ਬੁੱਲਾ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਸ਼ਾਮ ਨੂੰ ਬੇਰੂਤ ਦੇ ਦੱਖਣ ਵਿਚ ਹਿਜ਼ਬੁੱਲਾ ਦੇ ਇਕ ਗੜ੍ਹ 'ਤੇ ਇਜ਼ਰਾਈਲੀ ਹਵਾਈ ਹਮਲੇ ਨੇ ਕਾਫ਼ੀ ਨੁਕਸਾਨ ਕੀਤਾ।"

### -ਮਾਮਲਾ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਦਾ-

# ਜਗਦੀਸ਼ ਭੋਲਾ ਦੋਸ਼ੀ ਕਰਾਰ, ਦਸ ਸਾਲ ਜੇਲ੍ਹ 'ਚ ਰਹਿਣਗੇ



6 ਹਜ਼ਾਰ ਕਰੋੜ ਦੇ ਡਰੱਗ ਰੈਕਟ ਮਾਮਲੇ ਵਿੱਚ ਈ.ਡੀ ਦੀ ਅਦਾਲਤ ਨੇ ਜਗਦੀਸ਼ ਭੋਲਾ ਸਮੇਤ 17 ਹੋਰ ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿੱਚ ਅਦਾਲਤ ਨੇ ਆਪਣਾ ਫੈਸਲਾ ਸੁਣਾ ਦਿੱਤਾ ਹੈ। ਜਗਦੀਸ਼ ਭੋਲਾ ਦੇ ਨਾਲ ਮਨਪ੍ਰੀਤ, ਸੁਖਰਾਜ, ਸੁਖਜੀਤ ਸ਼ੁਕਲਾ, ਮਨਿੰਦਰ, ਦਵਿੰਦਰ ਸਿੰਘ ਹੈਪੀ, ਅਵਤਾਰ ਸਿੰਘ ਨੂੰ 10-10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਦੇ ਨਾਲ ਹੀ ਭੋਲਾ ਦੀ ਪਤਨੀ ਗੁਰਪ੍ਰੀਤ ਕੌਰ, ਅਵਤਾਰ ਦੀ ਪਤਨੀ ਸੰਦੀਪ ਕੌਰ, ਜਗਮਿੰਦਰ ਕੌਰ ਔਲਖ, ਗੁਰਮੀਤ ਕੌਰ, ਅਰਮਜੀਤ ਸਿੰਘ ਅਤੇ ਭੋਲਾ ਦੇ ਸਹੁਰੇ ਦਲੀਪ ਮਾਨ ਨੂੰ 3-3 ਸਾਲ ਦੀ ਸਜ਼ਾ ਸੁਣਾਈ ਗਈ ਹੈ। ਈ.ਡੀ ਦੀ ਅਦਾਲਤ ਨੇ ਇਸ ਦੇ ਨਾਲ ਹੀ ਗੁਰਪ੍ਰੀਤ ਸਿੰਘ, ਸੁਭਾਸ਼ ਬਜਾਜ ਅਤੇ ਅੰਕੁਰ ਬਜਾਜ ਨੂੰ 5-5 ਸਾਲ ਦੀ ਸਜ਼ਾ ਸੁਣਾਈ ਗਈ ਹੈ।

ਦੱਸ ਦੇਈਏ ਕਿ ਇਸ ਮਾਮਲੇ ਵਿੱਚ ਕੁੱਲ 23 ਮੁਲਜ਼ਮ ਸਨ। ਇਨ੍ਹਾਂ ਵਿੱਚੋਂ ਚਾਰ ਦੀ ਮੌਤ ਹੋ ਚੁੱਕੀ ਹੈ। ਭੋਲਾ ਦਾ ਪਿਤਾ ਬਲਸ਼ਿੰਦਰ ਵੀ ਇਸ ਕੇਸ ਵਿੱਚ ਮੁਲਜ਼ਮ ਸੀ, ਉਸ ਦੀ ਕੁਝ ਦਿਨ ਪਹਿਲਾਂ ਹੀ ਮੌਤ ਹੋਈ ਹੈ। ਜਦੋਂਕਿ ਦੋ ਵਿਅਕਤੀ ਮਾਮਲੇ ਵਿੱਚ ਪੀ.ਓ ਸਨ।


ਇੱਥੇ ਦੱਸਣਾ ਜਰੂਰੀ ਹੈ ਇਹ ਮਾਮਲਾ 2013 ਦਾ ਹੈ। ਜਦੋਂ ਇਹ ਮਾਮਲਾ ਸਾਹਮਣੇ ਆਇਆ ਸੀ ਤਾਂ ਇਸ ਨੂੰ ਜਾਣ ਕੇ ਹਰ ਇਕ ਦੇ ਹੋਸ਼ ਉੱਡ ਗਏ ਸਨ ਕਿਉਂਕਿ ਇਸ ਮਾਮਲੇ ਦੇ ਵਿਦੇਸ਼ਾਂ ਨਾਲ ਤਾਰ ਜੁੜੇ ਸਨ।

ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਰੁਸਤਮੇ ਹਿੰਦ ਤੇ ਅਰਜੁਨ ਐਵਾਰਡ ਪ੍ਰਾਪਤ ਜਗਦੀਸ਼ ਭੋਲਾ ਨੂੰ ਗ੍ਰਿਫਤਾਰ ਕੀਤਾ ਸੀ। ਇਸ ਮਾਮਲੇ ਵਿੱਚ ਕਈ ਸਿਆਸੀ ਲੀਡਰਾਂ ਤੇ ਵੀ ਸਵਾਲ ਖੜੇ ਹੋਏ ਸੀ। ਇਸ ਤੋਂ ਬਾਅਦ ਸਾਲ 2019 ਵਿੱਚ ਸੀਬੀਆਈ ਨੇ 25 ਲੋਕਾਂ ਐਨ. ਡੀ. ਪੀ. ਐਸ. ਐਕਟ ਤਹਿਤ ਸਜ਼ਾ ਸੁਣਾਈ ਸੀ

ਕੁਝ ਦਿਨ ਪਹਿਲਾਂ ਹੀ ਜਗਦੀਸ਼ ਭੋਲਾ ਦੇ ਪਿਤਾ ਦਾ ਦੇਹਾਂਤ ਹੋਇਆ ਸੀ। ਉਸ ਮੌਕੇ ਜਗਦੀਸ਼ ਭੋਲਾ ਨੇ ਹਰ ਸਰਕਾਰ 'ਤੇ ਉਸ ਨਾਲ ਧੱਕਾ ਕਰਨ ਦਾ ਅਰੋਪ ਲਗਾਉਂਦਿਆਂ ਕਿਹਾ ਸੀ ਕਿ ਜੇਕਰ ਉਹ ਦੋਸ਼ੀ ਪਾਇਆ ਗਿਆ ਤਾਂ ਉਹ ਫਾਂਸੀ ਲਈ ਵੀ ਤਿਆਰ ਹੈ।

# ਸ਼੍ਰੋਮਣੀ ਕਮੇਟੀ ਨੇ ਰਾਏ ਬੁਲਾਰ ਜੀ ਦੇ ਵੰਸ਼ਜਾਂ ਨੂੰ ਭਾਰਤ ਆਉਣ ਦਾ ਦਿਤਾ ਸੱਦਾ

## ✪ ਭਾਰਤ ਸਰਕਾਰ ਨੇ ਪਹਿਲਾਂ ਨਹੀਂ ਦਿਤੀ ਇਜ਼ਾਜਤ





ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਹਰ ਸਾਲ ਸਰਧਾ ਭਾਵਨਾ ਨਾਲ ਮਨਾਉਂਦੀ ਹੈ। ਐਸਜੀਪੀਸੀ ਵੱਲੋਂ ਇਸ ਵਾਰ ਗੁਰੂ ਨਾਨਕ ਦੇਵ ਜੀ ਦੇ ਭਗਤ ਰਾਏ ਬੁਲਾਰ ਜੀ ਦੇ ਪਾਕਿਸਤਾਨ ਵਿੱਚ ਰਹਿੰਦੇ ਚਾਰ ਪਰਿਵਾਰਾਂ ਨੂੰ ਨਵੰਬਰ ਵਿੱਚ ਪ੍ਰਕਾਸ਼ ਗੁਰਪੁਰਬ ਤੇ ਆਉਣ ਦਾ ਸੱਦਾ ਭੇਜਿਆ ਹੈ। ਰਾਏ ਬੁਲਾਰ ਜੀ ਦੇ ਵੰਸ਼ਜ ਰਾਏ ਮੁਹੰਮਦ ਸਲੀਮ ਭੱਟੀ ਸਮੇਤ ਚਾਰ ਪਰਿਵਾਰਾਂ ਨੂੰ ਭੇਜੇ ਗਏ ਸੱਦਾ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਇਸ ਸਾਲ 15 ਨਵੰਬਰ 2024 ਨੂੰ ਸ੍ਰੀ ਅੰਮ੍ਰਿਤਸਰ, ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ, ਬਟਾਲਾ, ਦਿੱਲੀ, ਨਾਨਕਮੱਤਾ (ਉਤਰਾਖੰਡ) ਵਿਖੇ ਸਥਿਤ ਕਈ ਗੁਰਧਾਮਾਂ ਉੱਤੇ ਮਨਾਇਆ ਜਾ ਰਿਹਾ ਹੈ, ਇਸ ਲਈ ਰਾਏ ਬੁਲਾਰ ਜੀ ਦੇ ਵੰਸ਼ਜ ਪਰਿਵਾਰ 1 ਤੋਂ 30 ਨਵੰਬਰ 2024 ਦੇ ਵਿਚਕਾਰ ਭਾਰਤ ਆ ਕੇ ਗੁਰੂ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਦੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਪਰਿਵਾਰਾਂ ਦੇ ਭਾਰਤ ਪਹੁੰਚਣ ਉੱਤੇ ਉਨ੍ਹਾਂ ਦੀ ਰਿਹਾਇਸ਼ ਅਤੇ ਯਾਤਰਾ ਦੇ ਸਾਰੇ ਖਰਚੇ ਦਾ ਪ੍ਰਬੰਧ ਕਰਨ ਦੀ ਵੀ ਗੱਲ ਆਖੀ ਹੈ।

ਇਸ ਮੌਕੇ ਐਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਰਾਏ ਬੁਲਾਰ ਪਰਿਵਾਰ ਵੀਜ਼ਾ ਜਾਰੀ ਕੀਤਾ ਜਾਵੇ ਤਾਂ ਜੋ ਉਹ ਪ੍ਰਕਾਸ਼ ਗੁਰਪੁਰਬ ਵਿੱਚ ਸ਼ਾਮਲ ਹੋ ਸਕਣ। ਇਸ ਦੇ ਨਾਲ ਹੀ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਏ ਗਈ ਰਾਏ ਬੁਲਾਰ ਜੀ ਦੀ ਤਸਵੀਰ ਨੂੰ ਯਾਦਗਾਰ ਨੂੰ ਦੇਖ ਸਕਣ। ਉਨ੍ਹਾਂ ਕਿਹਾ ਕਿ ਰਾਏ ਬੁਲਾਰ ਜੀ ਦੇ ਪਰਿਵਾਰ ਦਾ ਸਿੱਖਾਂ ਨਾਲ ਆਪਸੀ ਸਤਿਕਾਰ ਵਾਲਾ ਰਿਸ਼ਤਾ ਹੈ ਕਿਉਂਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸ਼ਰਧਾਲੂ ਵਜੋਂ ਰਾਏ ਬੁਲਾਰ ਜੀ ਦਾ ਇਤਿਹਾਸ ਅੰਦਰ ਸਥਾਨ ਮਹੱਤਵਪੂਰਨ ਹੈ। ਧਾਮੀ ਨੇ ਕਿਹਾ ਕਿ ਇਸ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਕਈ ਵਾਰ ਸੱਦਾ ਪੱਤਰ ਦੇਣ ਅਤੇ ਸਰਕਾਰ ਨੂੰ ਲਿਖਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਵੀਜ਼ਾ ਨਹੀਂ ਦਿੱਤਾ ਗਿਆ ਸੀ ਅਤੇ ਹੁਣ ਸਰਕਾਰ ਨੂੰ ਇਸ ਉੱਤੇ ਸੰਜੀਦਗੀ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਦੇ ਪਿਤਾ ਮਹਿਤਾ ਕਲਿਆਨ ਦਾਸ ਜੀ ਰਾਏ ਬੁਲਾਰ ਜੀ ਦੇ ਕੋਲ ਨੌਕਰੀ ਕਰਦੇ ਸਨ। ਰਾਏ ਬੁਲਾਰ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸ਼ਰਧਾਲੂ ਸਨ, ਜਿਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਗੁਰੂ ਸਾਹਿਬ ਅੰਦਰ ਰੱਬੀ ਜੋਤ ਦੀ ਪਛਾਣ ਕਰ ਲਈ ਸੀ। ਰਾਏ ਬੁਲਾਰ ਜੀ ਨੇ ਆਪਣੀ ਜਾਇਦਾਦ ਵਿੱਚੋਂ ਹਜ਼ਾਰਾਂ ਏਕੜ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਕਰ ਦਿੱਤੀ ਸੀ, ਜੋ ਕਿ ਇਸ ਸਮੇਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਨਾਂ ਹੈ।

# ਇਕ ਕਿਲੋ ਆਈਸ ਡਰੱਗ ਤੇ 2 ਲੱਖ ਡਰੱਗ ਮਨੀ ਸਮੇਤ ਦੋ ਸਮਗਲਰ ਗ੍ਰਿਫਤਾਰ

## ✪ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਕੇ ਵੇਚਦੇ ਸੀ ਨਸ਼ਾ



ਅੰਮ੍ਰਿਤਸਰ-ਥਾਣਾ ਛਾਉਣੀ ਦੀ ਪੁਲਿਸ ਨੇ ਬੀਤੇ ਦਿਨੀਂ ਗਵਾਲ ਮੰਡੀ ਨੇੜਿਓਂ ਨਸ਼ੇ ਦਾ ਕਾਰੋਬਾਰ ਕਰਨ ਦੇ ਦੋਸ਼ ਵਿਚ ਦੋ ਮੁਲਜਮਾਂ ਬਹਾਦਰ ਸਿੰਘ ਅਤੇ ਮੋਨੂੰ ਕੁਮਾਰ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ 'ਚੋਂ 1 ਕਿਲੋ ਆਈਸ ਡਰੱਗ ਅਤੇ 2 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੇ ਗਏ ਹਨ ਅਤੇ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਸਬ-ਇੰਸਪੈਕਟਰ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਸ਼ਹਿਰ ਦੇ ਨਾਮੀ ਕਾਲਜਾਂ ਦੇ ਵਿਦਿਆਰਥੀਆਂ ਨੂੰ ਨਸ਼ਾ ਦੀ ਲਤ ਲਗਾ ਕੇ ਪੈਸੇ ਕਮਾ ਰਹੇ ਹਨ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਸਿੱਖਾਂ ਵਿੱਚ ਵੋਟਾਂ ਬਣਾਉਣ ਦਾ ਰੁਝਾਨ ਨਹੀਂ

## ✪ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਸਿੱਖਾਂ ਦੀ ਗਿਣਤੀ ਪਿਛਲੀਆਂ ਚੋਣਾਂ ਮੁਕਾਬਲੇ ਲਗਪਗ ਅੱਧੀ ਰਹਿ ਗਈ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਗਾਮੀ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਸਿੱਖਾਂ ਦੀ ਗਿਣਤੀ ਪਿਛਲੀਆਂ ਚੋਣਾਂ ਮੁਕਾਬਲੇ ਲਗਪਗ ਅੱਧੀ ਰਹਿ ਗਈ ਹੈ। ਇਸ ਦਾ ਵੱਡਾ ਕਾਰਨ ਸਿੱਖਾਂ ਵਿਚ ਵੋਟਰ ਬਣਨ ਦਾ ਮੱਠਾ ਰੁਝਾਨ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਭਾਰਤ ਸਰਕਾਰ ਦੁਆਰਾ ਬਣਾਏ ਗਏ ਗੁਰਦੁਆਰਾ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕਰਵਾਈਆਂ ਜਾਂਦੀਆਂ ਹਨ। ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵਲੋਂ ਵੋਟਰਾਂ ਦੀ ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ ਨੂੰ ਤਿੰਨ ਵਾਰ ਅੱਗੇ ਵਧਾਉਣ ਦੇ ਬਾਵਜੂਦ, 25 ਜੁਲਾਈ ਤੱਕ ਕੁੱਲ ਰਜਿਸਟਰਡ ਵੋਟਰਾਂ ਦੀ ਗਿਣਤੀ 27.87 ਲੱਖ ਹੈ ਜਦੋਂਕਿ 2011 ਵਿੱਚ ਹੋਈਆਂ ਪਿੱਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਲਗਪਗ 52 ਲੱਖ ਵੋਟਰ ਸਨ। ਵੋਟਰਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 21 ਅਕਤੂਬਰ, 2023 ਨੂੰ ਸ਼ੁਰੂ ਹੋਈ ਸੀ ਅਤੇ ਸ਼ੁਰੂ ਵਿੱਚ ਆਖ਼ਰੀ ਮਿਤੀ 15 ਨਵੰਬਰ 2023 ਸੀ। ਵੋਟਰਾਂ ਦੇ ਮੱਠੇ ਹੁੰਗਾਰੇ ਨੂੰ ਦੇਖਦੇ ਹੋਏ, ਇਸ ਸਬੰਧੀ ਤਰੀਕ ਨੂੰ ਅੱਗੇ ਵਧਾ ਕੇ 29 ਫਰਵਰੀ, 2024 ਅਤੇ ਫਿਰ 30 ਅਪਰੈਲ 2024 ਕਰ ਦਿੱਤਾ ਗਿਆ ਸੀ। ਅੰਤ ਵਿੱਚ ਹੁਣ ਆਖ਼ਰੀ ਮਿਤੀ 31 ਜੁਲਾਈ ਨਿਰਧਾਰਤ ਕੀਤੀ ਗਈ ਹੈ। ਇਸ ਸਬੰਧ ਵਿਚ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਤੋਂ 21 ਸਾਲ ਤੋਂ ਵੱਧ ਉਮਰ ਦੇ 'ਸਾਬਤ ਸੂਰਤ' ਸਿੱਖ ਵੋਟਰ ਬਣਾਏ ਜਾ ਰਹੇ ਹਨ। ਪਤਿਤ ਸਿੱਖ ਵੋਟਰ ਨਹੀਂ ਬਣ ਸਕਦੇ ਹਨ। ਵੋਟਰਾਂ ਦੀ ਰਜਿਸਟ੍ਰੇਸ਼ਨ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ 1959 ਦੇ ਨਿਯਮ ਤਿੰਨ ਤਹਿਤ ਕੀਤੀ ਜਾਂਦੀ ਹੈ। ਰਜਿਸਟ੍ਰੇਸ਼ਨ ਦਾ ਕੰਮ ਇਸ ਵੇਲੇ ਪਟਵਾਰੀਆਂ ਅਤੇ ਬਲਾਕ ਪੱਧਰੀ ਅਫ਼ਸਰਾਂ ਦੁਆਰਾ ਕੀਤਾ ਜਾ ਰਿਹਾ ਹੈ।

# 'ਆਪ' ਵਿਧਾਇਕ ਕੁਲਵੰਤ ਸਿੰਘ ਖ਼ਿਲਾਫ਼ 150 ਕਰੋੜ ਰੁਪਏ ਦਾ ਠਗੀ ਮਾਮਲੇ ਵਿਚ ਕੇਸ ਦਰਜ

## ✪ ਸਮਝੌਤੇ ਤਹਿਤ ਬਣਾਏ ਪ੍ਰਾਜੈਕਟ ਦਾ ਨਹੀਂ ਕੀਤਾ ਸੀ ਭੁਗਤਾਨ



ਗੁਰੂਗ੍ਰਾਮ-ਪੰਜਾਬ ਦੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਐੱਸਏਐੱਸ ਨਗਰ) ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਅਤੇ ਉਨ੍ਹਾਂ ਦੀ ਰੀਅਲ ਅਸਟੇਟ ਕੰਪਨੀ ਜਨਤਾ ਲੈਂਡ ਪ੍ਰਮੋਟਰਜ਼ (ਜੇਐੱਲਪੀਪੀਐੱਲ) ਖ਼ਿਲਾਫ਼ ਡੀਐੱਲਐੱਫ ਫੇਜ਼ 2 ਥਾਣੇ ਵਿੱਚ ਅਦਾਲਤ ਦੇ ਹੁਕਮਾਂ 'ਤੇ 150 ਕਰੋੜ ਰੁਪਏ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਇਹ ਸ਼ਿਕਾਇਤ ਉਨ੍ਹਾਂ ਖ਼ਿਲਾਫ਼ ਐੱਮਜੀਐੱਫ ਬਿਲਡਰਜ਼ ਕੰਪਨੀ ਦੀ ਤਰਫੋਂ ਕੀਤੀ ਗਈ ਸੀ। ਦੋਸ਼ ਲਾਇਆ ਗਿਆ ਸੀ ਕਿ ਜਨਤਾ ਲੈਂਡ ਪ੍ਰਮੋਟਰਜ਼ ਨੇ ਐੱਮਜੀਐੱਫ ਦੀ ਜ਼ਮੀਨ 'ਤੇ ਪ੍ਰਾਜੈਕਟ ਤਿਆਰ ਕੀਤਾ ਸੀ ਪਰ ਸਮਝੌਤੇ ਅਨੁਸਾਰ ਭੁਗਤਾਨ ਨਹੀਂ ਕੀਤਾ ਗਿਆ।

ਐੱਮਜੀਐੱਫ ਵੱਲੋਂ ਅਦਾਲਤ ਵਿੱਚ ਦਾਇਰ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਅਕਤੂਬਰ 2018 ਵਿੱਚ ਜਨਤਾ ਲੈਂਡ ਪ੍ਰਮੋਟਰਜ਼ ਲਿਮਟਿਡ ਨਾਲ ਸਮਝੌਤਾ ਹੋਇਆ ਸੀ। ਇਸ ਤਹਿਤ ਮੁਹਾਲੀ ਦੇ ਸੈਕਟਰ 94 ਵਿੱਚ 117 ਏਕੜ ਜ਼ਮੀਨ ਵਿੱਚੋਂ ਐੱਮਜੀਐੱਫ ਦੀ 58 ਏਕੜ ਜ਼ਮੀਨ ਅਤੇ ਜਨਤਾ ਲੈਂਡ ਪ੍ਰਮੋਟਰਜ਼ ਕੰਪਨੀ ਦੀ 59 ਏਕੜ ਜ਼ਮੀਨ 'ਤੇ ਪ੍ਰਾਜੈਕਟ ਵਿਕਸਤ ਕਰਨ ਦੀ ਜ਼ਿੰਮੇਵਾਰੀ ਕੰਪਨੀ ਨੂੰ ਦਿੱਤੀ ਗਈ ਸੀ। ਜੇਐੱਲਪੀਪੀਐੱਲ ਕੰਪਨੀ ਨੂੰ ਵਿਕਸਤ ਖੇਤਰ ਵੇਚਣ ਲਈ ਵੀ ਅਧਿਕਾਰਤ ਕੀਤਾ ਗਿਆ ਸੀ। ਸਮਝੌਤੇ ਦੇ ਆਧਾਰ 'ਤੇ ਐੱਮਜੀਐੱਫ ਨੂੰ ਕੁੱਲ 180 ਕਰੋੜ, 41 ਲੱਖ, 98 ਹਜ਼ਾਰ ਰੁਪਏ ਦਿੱਤੇ ਜਾਣੇ ਸਨ। ਕੰਪਨੀ ਨੇ ਦੋਸ਼ ਲਾਇਆ ਕਿ ਜੇਐੱਲਪੀਪੀਐੱਲ ਨੇ ਜ਼ਮੀਨ ਦੇ ਸਮਝੌਤੇ ਦੇ ਕਾਗਜ਼ਾਤ ਜਾਅਲੀ ਬਣਾਏ ਹਨ। ਉਸ ਨੂੰ ਜੇਐੱਲਪੀਪੀਐੱਲ ਵੱਲੋਂ ਸਿਰਫ਼ 24 ਕਰੋੜ 10 ਲੱਖ ਰੁਪਏ ਦਾ ਭੁਗਤਾਨ ਕੀਤਾ ਗਿਆ ਸੀ। ਇਸ ਤੋਂ ਬਾਅਦ ਕੋਈ ਪੈਸਾ ਨਹੀਂ ਦਿੱਤਾ ਗਿਆ। ਐੱਮਜੀਐੱਫ ਦੀ ਤਰਫ਼ੋਂ ਦਿੱਤੀ ਸ਼ਿਕਾਇਤ ਵਿੱਚ ਸਮਝੌਤੇ ਅਨੁਸਾਰ ਪੈਸੇ ਨਾ ਦੇਣ ਅਤੇ ਧੋਖੇ ਨਾਲ ਜ਼ਮੀਨ ਹੜੱਪਣ ਦਾ ਦੋਸ਼ ਲਾਇਆ ਗਿਆ ਸੀ।

ਕਿਹਾ ਗਿਆ ਸੀ ਕਿ ਇਸ ਕਾਰਨ ਕੰਪਨੀ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਕੰਪਨੀ ਦੀ ਸ਼ਿਕਾਇਤ 'ਤੇ ਬੀਤੇ ਸੋਮਵਾਰ ਨੂੰ ਡੀਐੱਲਐੱਫ ਫੇਜ਼ 2 ਥਾਣੇ ਵਿੱਚ ਐੱਫਆਈਆਰ ਦਰਜ ਕੀਤੀ ਗਈ ਸੀ। ਆਰਥਿਕ ਅਪਰਾਧ ਸ਼ਾਖਾ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।


# ਡਰਬੀ ਵਿਖੇ ਸ਼ਹੀਦੀ ਟੂਰਨਾਮੈਂਟ

## 4 ਅਗਸਤ 2024 ਦਿਨ ਐਤਵਾਰ ਨੂੰ ਬੜੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ

## G.A.D. KHALSA, KABADDI CLUB DERBY PRESENTS

## SHAHEEDE TOURNAMENT on 4th August 2024 SUNDAY

### FOOTBALL STADIUM, LEICESTER ROAD STADIUM, HINCKLEY, LE10 3DR


ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ



ਸ਼ਹੀਦ ਭਾਈ ਬੇਅੰਤ ਸਿੰਘ


ਸ਼ਹੀਦ ਭਾਈ ਸਤਵੰਤ ਸਿੰਘ


ਸ਼ਹੀਦ ਭਾਈ ਅਮਰੀਕ ਸਿੰਘ


ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ


ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ


ਸ਼ਹੀਦ ਜਨਰਲ ਸੁਬੇਗ ਸਿੰਘ

ਜੀ ਏ ਡੀ ਖਾਲਸਾ ਡਰਬੀ ਵੱਲੋਂ ਡਰਬੀ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਸ਼ਹੀਦੀ ਟੂਰਨਾਮੈਂਟ ਉਪਰ ਦਿੱਤੇ ਅਨੁਸਾਰ ਹੈਂਕਲੀ ਦੀਆਂ ਗਰਾਊਂਡਾਂ ਵਿੱਚ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਕਬੱਡੀ ਟੀਮਾਂ ਦੇ ਫਸਵੇਂ ਮੁਕਾਬਲੇ ਹੋਣਗੇ। ਸਮੂਹ ਡਰਬੀ ਅਤੇ ਯੂ ਕੇ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਮਾਂ-ਖੇਡ ਕਬੱਡੀ ਮੇਲੇ ਦਾ ਅਨੰਦ ਮਾਣੋ ਅਤੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਮੇਲੇ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਾਮਯਾਬ ਕਰੋ। ਡਰਬੀ ਦੇ ਸਾਰੇ ਗੁਰੂ ਘਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਾਂਦਾ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸੇ ਤਰ੍ਹਾਂ ਹੀ ਅੱਗੇ ਤੋਂ ਵੀ ਸਾਥ ਦਿੰਦੇ ਰਹਿਣ।

**ਟਿਕਟ :– ਦਾਖਲਾ ਫੀਸ 15 ਪੌਂਡ ਹੈ**

## ਕੁਝ ਖਾਸ ਧਿਆਨਯੋਗ ਗੱਲਾਂ:

ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਸੂਲਾਂ ਮੁਤਾਬਿਕ ਹੋ ਰਿਹਾ ਹੈ। * ਰੈਫਰੀ ਦਾ ਫੈਸਲਾ ਆਖਰੀ ਹੋਵੇਗਾ । * ਹਰ ਇੱਕ ਟੀਮ ਦਾ ਕੋਚ ਅਤੇ ਮੈਨੇਜਰ ਹੀ ਗਰਾਊਂਡ ਵਿੱਚ ਜਾ ਸਕਦੇ ਹਨ। * ਸ਼ਰਾਬ, ਮੀਟ ਅਤੇ ਨਸ਼ੇ ਦੀ ਵਰਤੋਂ ਦੀ ਸਖਤ ਮਨਾਹੀ ਹੈ ਪੁਲੀਸ ਵੱਲੋਂ ਗੱਡੀਆਂ ਚੈੱਕ ਕੀਤੀਆਂ ਜਾਣਗੀਆਂ, ਸ਼ਰਾਬ ਜਾਂ ਹੋਰ ਕਿਸੇ ਤਰ੍ਹਾਂ ਦਾ ਵੀ ਨਸ਼ਾ ਜ਼ਬਤ ਕਰ ਲਿਆ ਜਾਵੇਗਾ। ਭਾਵੇਂ ਉਹ ਕਿਸੇ ਕਲੱਬ ਜਾਂ ਘਰੇਲੂ ਕਲੱਬ ਦਾ ਪ੍ਰਮੋਟਰ ਵੀ ਕਿਉਂ ਨਾ ਹੋਵੇ।

* ਹਰੇਕ ਕਲੱਬ ਆਪਣੇ ਖਿਡਾਰੀਆਂ ਦੀ ਇੰਨਸ਼ੋਰੈਂਸ ਅਤੇ ਯੂਨੀਫਾਰਮ ਦੀ ਆਪ ਜਿੰਮੇਵਾਰ ਹੋਵੇਗੀ, ਕਿਸੇ ਵੀ ਮਸਲੇ ਸਬੰਧੀ ਆਖਰੀ ਫੈਸਲਾ ਟੂਰਨਾਮੈਂਟ ਕਮੇਟੀ ਦਾ ਹੋਵੇਗਾ।
* ਸਕਿਊਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਗੱਡੀਆਂ ਦੀ ਤਲਾਸ਼ੀ ਲਈ ਜਾਵੇਗੀ।
* ਟੂਰਨਾਮੈਂਟ ਕਮੇਟੀ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਦਾਖਲੇ ਤੋਂ ਮਨ੍ਹਾ ਕਰ ਸਕਦੀ ਹੈ।
* 5 ਮਿੰਟ ਤੋਂ ਵੱਧ ਲੇਟ ਹੋਣ ਵਾਲੀ ਟੀਮ ਨੂੰ ਸਕਰੈਚ ਕਰ ਦਿੱਤਾ ਜਾਵੇਗਾ ਅਤੇ ਟੀਮ ਨੂੰ ਫੈਡਰੇਸ਼ਨ ਦੇ ਅਸੂਲਾਂ ਮੁਤਾਬਕ ਜੁਰਮਾਨਾ ਵੀ ਭਰਨਾ ਪਵੇਗਾ।



## ਬੇਨਤੀ ਕਰਤਾ – ਜੀ ਏ ਡੀ ਖਾਲਸਾ ਕਬੱਡੀ ਕਲੱਬ ਡਰਬੀ ਅਤੇ ਸਮੂਹ ਗੁਰਦੁਆਰਾ ਸਾਹਿਬ ਡਰਬੀ

**ਚੇਅਰਮੈਨ** – ਸੁਖਦੇਵ ਸਿੰਘ ਅਟਵਾਲ, ਕੁਲਵਿੰਦਰ ਸਿੰਘ ਛੋਕਰ, ਜਸਵੀਰ ਸਿੰਘ ਢਿੱਲੋਂ, ਹਰਚਰਨ ਸਿੰਘ ਬੋਲਾ, ਨਛੱਤਰ ਸਿੰਘ ਛੋਕਰ, ਮਹਿੰਦਰ ਸਿੰਘ ਮਾਨ, ਬਾਘਾ ਫਲਪੋਤਾ, ਬੂਟਾ ਸਿੰਘ ਸਹੋਤਾ, ਜੱਸ ਸਿੰਘ ਛੋਕਰ, ਜਸ਼ਨ ਸਿੰਘ, ਸਨੀ ਚੀਮਾ, ਜੀਤਾ ਨਵਾਂ ਸ਼ਹਿਰੀਆ, ਦੀਪਾ ਭੰਗਲ, ਮਹਿੰਦਰ ਸਿੰਘ ਨਾਗਰਾ, ਰਿੱਕੀ ਜੌਹਲ, ਹਰਪ੍ਰੀਤ ਸਿੰਘ ਛੋਕਰ, ਸ਼ਮਸ਼ੇਰ ਸਿੰਘ, ਰੂਬਲ ਸਿੰਘ, ਇੰਦਰਜੀਤ ਸਿੰਘ, ਜਸਵੀਰ ਸ਼ੀਰਾ, ਬਿੰਦਾ ਬੰਸੀਆਂ, ਅਮਰੀਕ ਸਿੰਘ ਮਾਹਲਪੁਰੀਆ, ਤਰਲੋਚਨ ਸਿੰਘ ਬਿਣਿੰਗ, ਗੁਰਮੇਲ ਸਿੰਘ ਕੰਗ, ਹੈਪੀ ਬਿਲਡਰ, ਚੀਮਾ ਬਿਲਡਰ, ਸੁੱਖਾ ਚੱਕਾਂ ਵਾਲਾ, ਗੋਪੀ ਪੰਨੂਆ, ਸੋਨੀ ਲੰਬੜ, ਵਰਿਆਮ ਸਿੰਘ, ਸੁਖਜੀਤ ਸਿੰਘ ਜੌਹਲ, ਰਜਿੰਦਰ ਸਿੰਘ ਪੁਰੇਵਾਲ, ਜਸਵੀਰ ਸਿੰਘ ਜੌਹਲ, ਬਲਵੀਰ ਸਿੰਘ ਸੰਧੂ ਕੌਂਸਲਰ, ਅਮਰੀਕ ਸਿੰਘ ਧਾਮੀ, ਅਮਰਜੀਤ ਸਿੰਘ ਤਾਰੀ ਬਿਧੀਪੁਰੀਆ, ਬਿੱਕਰ ਸਿੰਘ ਚਾਹਲ, ਹਰਦਿਆਲ ਸਿੰਘ ਧਮੜੈਤ, ਡਾ: ਖੇਲਾ, ਸੰਦੀਪ ਸਿੰਘ, ਸੁੱਚਾ ਸਿੰਘ ਬਿਣਿੰਗ, ਸਿਕੰਦਰ ਸਿੰਘ, ਸੁਖਪਾਲ ਸਿੰਘ ਪੱਡਾ, ਜਗਜੀਵਨ ਸਿੰਘ, ਗੁਰਵਿੰਦਰ ਸਿੰਘ, ਧਾਲੀਵਾਲ, ਬਲਵਿੰਦਰ ਸਿੰਘ ਛੋਕਰ, ਗੁਰਸੇਵਕ ਸਿੰਘ ਗਿੱਲ, ਪਵਨਦੀਪ ਸਿੰਘ, ਗੈਰੀ ਸੰਧੂ, ਹਰਦੀਪ ਸਿੰਘ, ਕਾਲਾ ਮੰਨਣ, ਮਨੀ ਬੈਂਸ, ਮਨਜਿੰਦਰ ਇਟਲੀ, ਬਿੰਦਾ ਚਾਹਲ, ਸੰਦੀਪ ਬਾਊਂਸਰ, ਝਲਮਣ ਸਿੰਘ, ਸੰਨੀ ਚਾਹਲ, ਸਤਨਾਮ ਸਿੰਘ, ਜੱਸੀ ਆਲਮਗੀਰ, ਜਤਿੰਦਰ ਸਿੰਘ, ਪਰਮ ਮਾਨਚੈਸਟਰ, ਐਮ ਪੀ ਬੀ ਗੈਂਗ, ਹਰਜਿੰਦਰ ਸਿੰਘ ਸੰਧਰ (ਬੋਈ) ਅਤੇ ਡਰਬੀ ਦੇ ਸਾਰੇ ਗੁਰਦੁਆਰਾ ਸਾਹਿਬਾਨ।

================== PLEASE CONTACT FOR MORE INFORMATION: ==================

**Kulwinder Singh Chhokar 07974 875427 - Harjinder Singh Boy 07852 100653**

**ਜਾਰੀ ਕਰਤਾ**

## GURU ARJAN DEV KHALSA KABADDI CLUB DERBY

## ALL GURDWARA SAHIBS OF DERBY AND SUPPORTERS

# ਲੇਬਰ ਦੇ ਭਾਰਤ ਨਾਲ ਸਬੰਧਾਂ ਨੂੰ ਮਜ਼ਬੂਤ ਕਰਾਂਗੇ – ਜੀਵਨ ਸੰਧਰ



ਜੀਵਨ ਸਿੰਘ ਸੰਧਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੌਫਬਰੋ ਹਲਕੇ ਤੋਂ ਪੰਜਾਬੀ ਮੂਲ ਦੇ ਸੰਸਦ ਮੈਂਬਰ ਜੀਵਨ ਸਿੰਘ ਸੰਧਰ ਨੇ ਕਿਹਾ ਹੈ ਕਿ ਭਾਰਤ ਅਤੇ ਬਰਤਾਨੀਆਂ ਦੀ ਲੇਬਰ ਪਾਰਟੀ ਸਰਕਾਰ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ। ਆਮ ਚੋਣਾਂ ਵਿਚ ਜਿੱਤ ਤੋਂ ਬਾਅਦ ਉਹਨਾਂ ਦਾ ਧਿਆਨ ਲੇਬਰ ਪਾਰਟੀ ਦੇ ਭਾਰਤ ਅਤੇ ਇਸ ਦੇ ਪ੍ਰਵਾਸੀ ਭਾਈਚਾਰੇ ਨਾਲ ਸਬੰਧਾਂ ਨੂੰ ਸੁਧਾਰਨ 'ਤੇ ਹੈ। ਉਹਨਾਂ ਬਰਤਾਨੀਆਂ ਦੇ ਵਿਦੇਸ਼ ਮੰਤਰੀ ਡੇਵਿਡ ਲੈਮੀ ਦੇ ਭਾਰਤ ਦੌਰੇ ਬਾਰੇ ਆਖਿਆਂ ਕਿ ਨਵੀਂ ਸਰਕਾਰ ਦੇਸ਼ ਵਿੱਚ ਬਦਲਾਅ ਲਿਆਉਣ ਵਿੱਚ ਲੱਗੀ ਹੋਈ ਹੈ।

ਐਮ ਪੀ ਸੰਧਰ ਨੇ ਇਹ ਵੀ ਕਿਹਾ ਕਿ ਮੈਂ ਭਾਰਤੀ ਪ੍ਰਵਾਸੀਆਂ ਦਾ ਹਿੱਸਾ ਹਾਂ। ਮੈਂ ਇਸਨੂੰ ਲੇਬਰ ਪਾਰਟੀ ਦੀ ਸਰਕਾਰ ਨਾਲ ਇੱਕ ਖਾਸ ਸਬੰਧ ਸਮਝਦਾ ਹਾਂ। ਭਾਰਤ ਅਤੇ ਬਰਤਾਨੀਆਂ ਦੀ ਮਹੱਤਵਪੂਰਨ ਸਾਂਝੇਦਾਰੀ ਹੈ। ਭਾਰਤ ਨਾਲ ਵਪਾਰ ਸਮਝੌਤੇ 'ਤੇ ਕੰਮ ਚੱਲ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਨਾਲ ਸਾਡੇ ਸਬੰਧ ਮਜ਼ਬੂਤ ਹੋਣ ਤਾਂ ਜੋ ਦੋਵੇਂ ਦੇਸ਼ ਕੁਝ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਮਜ਼ਦੂਰ ਭਾਰਤੀਆਂ ਨੇ ਮੇਰੀ ਬਹੁਤ ਮਦਦ ਕੀਤੀ ਹੈ। ਮੈਨੂੰ ਇੱਕ ਭਾਰਤੀ ਹੋਣ ਅਤੇ ਬਰਤਾਨੀਆਂ ਵਿੱਚ ਮੇਰੇ ਯੋਗਦਾਨ ਅਤੇ ਪਛਾਣ 'ਤੇ ਵੀ ਮਾਣ ਹੈ।





[Frames subject to availability]. Cannot be used with any other offers. Second pair from the same price range or below. Both pairs include standard 1.5 single-vision lenses (or 1.6 for £170 Rimless ranges). Varifocal/bifocal: pay for lenses in first pair only. Both pairs must be purchased in one transaction. Excludes SuperDigital, SuperDrive varifocals, SuperReaders 1-2-3 occupational lenses and safety eyewear. Additional charge for extra lens options.






# ਭੰਗ ਮਨਚੰਦੇ ਦੇ


rajinder.pardesi7@gmail.com
ਤੇਜਿੰਦਰ ਮਨਚੰਦਾ ਪ੍ਰਦੇਸੀ






**Aged 18 or older only. Eligibility criteria applies.**
Issued by HSBC UK Bank plc, 1 Centenary Square, Birmingham, B1 1HQ, United Kingdom. ©HSBC Group 2024. AC65124

CURRENT ACCOUNT SWITCH GUARANTEE

# ਭਾਰਤ ਨਾਲ ਮੁਕਤ ਵਪਾਰ ਸਮਝੌਤਾ ਨੇਪਰੇ ਚਾੜ੍ਹਨ ਲਈ ਮੁੜ ਗੱਲਬਾਤ ਸ਼ੁਰੂ ਕਰਨ ਲਈ ਯਤਨ ਹੋ ਰਹੇ ਹਨ-ਯੂ ਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਨਵੀਂ ਚੁਣੀ ਗਈ ਲੇਬਰ ਸਰਕਾਰ ਨੇ ਸੋਮਵਾਰ ਨੂੰ ਆਪਣੀਆਂ ਵਪਾਰਕ ਤਰਜੀਹਾਂ ਨਿਰਧਾਰਤ ਕਰਦੇ ਹੋਏ ਐਲਾਨ ਕੀਤਾ ਕਿ ਭਾਰਤ ਦੇ ਨਾਲ ਇੱਕ ਮੁਫਤ ਵਪਾਰ ਸਮਝੌਤਾ (ਐਫ ਟੀ ਏ) ਨੇਪਰੇ ਚਾੜ੍ਹਨ ਲਈ ਗੱਲਬਾਤ ਕਰਨ ਵਾਲੀਆਂ ਟੀਮਾਂ ਦੀ ਪ੍ਰਕਿਰਿਆ ਛੇਤੀ ਹੀ ਸ਼ੁਰੂ ਹੋ ਜਾਵੇਗੀ। ਵਪਾਰ ਅਤੇ ਵਪਾਰ ਸਕੱਤਰ ਜੋਨਾਥਨ ਰੇਨੋਲਡਜ਼ ਨੇ ਅੰਤਰਰਾਸ਼ਟਰੀ ਵਪਾਰ ਸੌਦਿਆਂ ਲਈ ਆਪਣੇ ਵਿਭਾਗ ਦੀ ਪਹੁੰਚ ਨੂੰ ਸਪੱਸ਼ਟ ਕੀਤਾ, ਉਹਨਾਂ ਕਿਹਾ ਕਿ ਉੱਚ-ਗੁਣਵੱਤਾ ਵਾਲੇ ਸਮਝੌਤਿਆਂ ਨੂੰ ਪ੍ਰਾਪਤ ਕਰਨ ਲਈ ਇਹ ਗੱਲਬਾਤ ਆਰਥਿਕ ਵਿਕਾਸ ਤੇ ਕੇਂਦਰਿਤ ਹੋਵੇਗੀ ਜੋ ਬਰਤਾਨਵੀ ਕਾਰੋਬਾਰਾਂ ਨੂੰ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਪਹੁੰਚ ਪ੍ਰਦਾਨ ਕਰਦੀ ਹੈ ਅਤੇ ਵਧੇਰੇ ਨੌਕਰੀਆਂ ਨੂੰ ਪੈਦਾ ਕਰਦੀ ਹੈ।

ਵਪਾਰ ਅਤੇ ਵਪਾਰ ਵਿਭਾਗ (ਡੀ ਬੀ ਟੀ) ਨੇ ਕਿਹਾ ਕਿ ਉਹ ਇੱਕ ਵਪਾਰਕ ਰਣਨੀਤੀ ਪ੍ਰਕਾਸ਼ਿਤ ਕਰਨ ਦੀ ਵੀ ਯੋਜਨਾ ਬਣਾ ਰਿਹਾ ਹੈ ਜੋ ਸਰਕਾਰ ਦੀ ਉਦਯੋਗਿਕ ਰਣਨੀਤੀ ਨਾਲ ਮੇਲ ਖਾਂਦਾ ਹੈ, ਆਰਥਿਕ ਸੁਰੱਖਿਆ ਨੂੰ ਵਧਾਉਂਦਾ ਹੈ ਅਤੇ ਸ਼ੁੱਧ ਜ਼ੀਰੋ ਅਭਿਲਾਸ਼ਾਵਾਂ ਦਾ ਸਮਰਥਨ ਕਰਦਾ ਹੈ।

ਰੇਨੋਲਡਜ਼ ਨੇ ਕਿਹਾ "ਇੱਕ ਮਜ਼ਬੂਤ ਅਰਥਵਿਵਸਥਾ ਪ੍ਰਦਾਨ ਕਰਨ ਲਈ ਵਿਦੇਸ਼ ਵਿੱਚ ਵਪਾਰ ਨੂੰ ਵਧਾਉਣਾ ਜ਼ਰੂਰੀ ਹੈ। ਇਸ ਲਈ ਮੈਂ ਤਰੱਕੀ ਦਾ ਜਾਇਜ਼ਾ ਲੈਣ ਅਤੇ ਆਪਣੇ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਵਪਾਰਕ ਗੱਲਬਾਤ ਨੂੰ ਅੱਗੇ ਵਧਾਉਣ ਲਈ ਤਿਆਰ ਹੋਣ ਵਿੱਚ ਕੋਈ ਸਮਾਂ ਬਰਬਾਦ ਨਹੀਂ ਕੀਤਾ,"।

ਖਾੜੀ ਤੋਂ ਭਾਰਤ ਤੱਕ ਅਤੇ ਬ੍ਰਿਟੇਨ ਦੇ ਕਾਰੋਬਾਰਾਂ ਨੂੰ ਦੁਨੀਆ ਦੀਆਂ ਸਭ ਤੋਂ ਦਿਲਚਸਪ ਅਰਥਵਿਵਸਥਾਵਾਂ ਤੱਕ ਪਹੁੰਚ ਪ੍ਰਦਾਨ ਕਰਨਾ ਯੂ ਕੇ ਦਾ ਟੀਚਾ ਹੈ ਤਾਂ ਕਿ ਯੂ ਕੇ ਫਰਮਾਂ ਲਈ ਨਵੇਂ ਮੌਕੇ ਪੈਦਾ ਹੋ ਸਕਣ ਅਤੇ ਉਹ ਦੇਸ਼ ਭਰ ਵਿੱਚ ਨੌਕਰੀਆਂ ਪੈਦਾ ਕਰ ਸਕਣ ਅਤੇ ਵਿਕਾਸ ਪ੍ਰਦਾਨ ਕਰ ਸਕਣ।

ਭਾਰਤ ਅਤੇ ਯੂ ਕੇ ਨੇ ਜਨਵਰੀ 2022 ਵਿੱਚ ਤਤਕਾਲੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਦੇ ਅਧੀਨ ਇੱਕ ਐਫ ਟੀ ਏ ਬਾਰੇ ਗੱਲਬਾਤ ਸ਼ੁਰੂ ਕੀਤੀ ਸੀ ਅਤੇ ਉਦੋਂ ਤੋਂ 38.1 ਬਿਲੀਅਨ ਪੌਂਡ ਪ੍ਰਤੀ ਸਾਲ ਦੀ ਦੁਵੱਲੀ ਭਾਈਵਾਲੀ ਨੂੰ ਵਧਾਉਣ ਲਈ ਗੱਲਬਾਤ ਦੇ 13 ਦੌਰ ਪੂਰੇ ਹੋ ਚੁੱਕੇ ਹਨ। ਰੇਨੋਲਡਜ਼ ਨੇ ਹੁਣ ਨਵੀਂ ਲੇਬਰ ਸਰਕਾਰ ਦੀਆਂ ਯੋਜਨਾਵਾਂ ਨਾ ਸਿਰਫ਼ ਇੱਕ ਸਮਝੌਤੇ 'ਤੇ ਦਸਤਖਤ ਕਰਨਾ ਹਨ, ਸਗੋਂ ਉਸ ਪ੍ਰਕਿਰਿਆ ਨੂੰ ਵੀ ਜਾਰੀ ਰੱਖਣਾ ਹੈ ਜੋ ਆਮ ਚੋਣਾਂ ਦੇ ਦੌਰਾਨ ਚਰਚਾ ਦੇ ਚੌਦਵੇਂ ਦੌਰ ਨੂੰ ਵਿੱਚੇ ਛੱਡ ਦਿੱਤਾ ਸੀ।

# ਐਮਪੀ ਤਨਮਨਜੀਤ ਢੇਸੀ ਨੇ ਸਲੋਹ ਦੇ ਵੇਕਸਹੈਮ ਕੋਰਟ ਕੌਂਸਲ ਦੀਆਂ ਚੋਣਾਂ ਵਿੱਚ ਲੇਬਰ ਕੌਂਸਲਰਾਂ ਦੀ ਹੂੰਝਾ ਫੇਰੂ ਜਿੱਤ 'ਤੇ ਦਿੱਤੀਆਂ ਵਧਾਈਆਂ




ਯੂ.ਕੇ. ਦੇ ਸਲੋਹ ਹਲਕੇ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਵੇਕਸਹੈਮ ਕੋਰਟ ਪੈਰਿਸ਼ ਕੌਂਸਲ ਦੀਆਂ ਚੋਣਾਂ ਵਿੱਚ ਹੂੰਝਾ ਫੇਰੂ ਜਿੱਤ ਪ੍ਰਾਪਤ ਕਰਨ ਵਾਲੇ ਲੇਬਰ ਪਾਰਟੀ ਦੇ ਪੰਜ ਉਮੀਦਵਾਰਾਂ ਨੂੰ ਹਾਰਦਿਕ ਵਧਾਈ ਦਿੱਤੀ ਹੈ।

ਇੱਕ ਬਿਆਨ ਵਿੱਚ, ਢੇਸੀ ਨੇ ਲੇਬਰ ਪਾਰਟੀ ਦੀ ਇਸ ਹਲਕੇ ਤੋਂ ਹੋਈ ਤਾਜ਼ਾ ਪ੍ਰਾਪਤੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ, "ਇਹ ਜਿੱਤ ਪ੍ਰਾਪਤ ਕਰਨ ਵਾਲੇ ਸਾਡੇ ਸਮਰਪਿਤ ਲੇਬਰ ਕੌਂਸਲਰਾਂ ਵਿੱਚ ਮੁਹੰਮਦ ਨਾਸਿਰ ਜਾਵੇਦ, ਕਵਲਜੀਤ ਕੌਰ, ਮਨਦੀਪ ਕੌਰ, ਗੁਰਚਰਨ ਸਿੰਘ ਅਤੇ ਸ਼ਕੀਲਾ ਯਾਸਮੀਨ ਹਨ ਜਿੰਨ੍ਹਾਂ ਦੀ ਇਸ ਹਲਕੇ ਦੇ ਭਾਈਚਾਰੇ ਦੀ ਸੇਵਾ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦੇਖਦਿਆਂ ਵੇਕਸਹੈਮ ਕੋਰਟ ਦੇ ਵੋਟਰਾਂ ਨੇ ਚੁਣਿਆ ਹੈ।"

ਜ਼ਿਕਰਯੋਗ ਹੈ ਕਿ ਇਸ ਮਹੀਨੇ ਹੋਈਆਂ ਰਾਸ਼ਟਰੀ ਚੋਣਾਂ ਦੌਰਾਨ ਸਲੋਹ ਸੰਸਦੀ ਹਲਕੇ ਤੋਂ ਤਨਮਨਜੀਤ ਢੇਸੀ ਦੀ ਜਿੱਤ ਤੋਂ ਬਾਅਦ, ਇਹ ਚੋਣ ਨਤੀਜੇ ਲੇਬਰ ਪਾਰਟੀ ਲਈ ਇੱਕ ਸ਼ਾਨਦਾਰ ਨਿਰਣਾਇਕ ਜਿੱਤ ਨੂੰ ਦਰਸਾਉਂਦੇ ਹਨ ਕਿਉਂਕਿ ਸਾਰੇ ਪੰਜ ਚੁਣੇ ਹੋਏ ਕੌਂਸਲਰ ਲੇਬਰ ਦੀ ਨੁਮਾਇੰਦਗੀ ਕਰਦੇ ਹਨ। ਢੇਸੀ ਨੇ ਇੰਨਾਂ ਕੌਂਸਲਰਾਂ ਵੱਲੋਂ ਪੈਰਿਸ਼ ਕੌਂਸਲ ਹਲਕੇ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਦੀ ਉਨ੍ਹਾਂ ਦੀ ਯੋਗਤਾ 'ਤੇ ਭਰੋਸਾ ਪ੍ਰਗਟਾਉਂਦਿਆਂ ਕਿਹਾ, "ਇਹ ਜਿੱਤ ਭਾਈਚਾਰੇ ਵੱਲੋਂ ਪਾਰਟੀ ਉਮੀਦਵਾਰਾਂ 'ਤੇ ਕੀਤੇ ਗਏ ਭਰੋਸੇ ਦਾ ਪ੍ਰਮਾਣ ਹੈ। ਇਸ ਹਲਕੇ ਨੂੰ ਸੁਧਾਰਨ ਲਈ ਕਾਫੀ ਕੰਮ ਕਰਨਾ ਬਾਕੀ ਹੈ, ਅਤੇ ਮੈਂ ਇਨ੍ਹਾਂ ਕੌਂਸਲਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਪ੍ਰਤੀ ਪੂਰਨ ਆਸ਼ਾਵਾਦੀ ਹਾਂ।"

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU

UK office based matchmaking service for BRITISH ASIANS of all ages from mid 20's to 60's.
Professional, graduates and non-graduates, single, divorced and widowed, with and without children
Guaranteed introduction service - Since 1972



Please feel free to contact Parag or Ashaa Bhargava to discuss your requirements confidentially and without obligation!

*We are available from 10.00am to 5.00pm Monday to Saturday (Closed Sunday and Bank Holiday Weekends)*

*Clients/customers are requested to make an appointment if wishing to visit the office or meet us personally.*

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਜਾਬ ਦੀ ਧਰਤੀ ਹੇਠਲੇ ਪਾਣੀ ਮਾਲੀਨ, ਪੰਜਾਬ ਸਰਕਾਰ ਨੇ ਮੀਟੀਆਂ ਅੱਖਾਂ

## ✪ ਪਾਣੀ ਵਿਚ ਗੰਧਲਾਪਣ, ਦੂਸ਼ਿਤ ਕਣ ਤੇ ਆਰਸੈਨਿਕ, ਯੂਰੇਨੀਅਮ, ਸਿੱਕਾ ਜਿਹੀਆਂ ਭਾਰੀ ਮਿਲ ਰਹੀਆਂ ਨੇ ਧਾਤਾਂ



ਪੰਜਾਬ ਦੇਸ਼ ਦੇ ਉਨ੍ਹਾਂ ਨੌ ਰਾਜਾਂ ਸ਼ਾਮਿਲ ਹੈ ਜਿਨ੍ਹਾਂ ਵਿੱਚ ਐਤਕੀਂ ਮੌਨਸੂਨ ਦੇ ਮੀਂਹ ਬਹੁਤ ਘੱਟ ਪਏ ਹਨ। ਸੂਬੇ ਵਿੱਚ ਜੂਨ ਮਹੀਨੇ ਦੌਰਾਨ ਮੀਂਹ ਦੀ ਕਮੀ 77 ਫ਼ੀਸਦੀ ਦਰਜ ਕੀਤੀ ਗਈ ਸੀ; ਜੁਲਾਈ ਵਿੱਚ ਇਸ ਸਥਿਤੀ ਵਿੱਚ ਕੋਈ ਬਹੁਤਾ ਸੁਧਾਰ ਨਹੀਂ ਆ ਸਕਿਆ। ਰਿਪੋਰਟਾਂ ਆਈਆਂ ਹਨ ਕਿ ਗਹਿਰੇ ਸਮੁੰਦਰ ਵਿੱਚ 'ਲਾ ਨੀਨਾ' ਵਰਤਾਰੇ ਦੀ ਪੂਰਨਤਾ ਵਿੱਚ ਦੇਰੀ ਹੋਣ ਕਰ ਕੇ ਮੌਨਸੂਨ ਦਾ ਮਿਜ਼ਾਜ ਵਿਗੜ ਗਿਆ ਹੈ ਅਤੇ ਟੁੱਟਵੇਂ ਰੂਪ ਵਿੱਚ ਹੀ ਮੀਂਹ ਪੈ ਰਹੇ ਹਨ। ਸਿਰਫ਼ ਛੇ ਰਾਜਾਂ ਵਿੱਚ ਹੀ ਅਜੇ ਤੱਕ ਔਸਤ ਨਾਲੋਂ ਜ਼ਿਆਦਾ ਮੀਂਹ ਪਏ ਹਨ। ਮਾਹਿਰਾਂ ਦਾ ਖਿਆਲ ਹੈ ਕਿ 'ਲਾ ਨੀਨਾ' ਵਰਤਾਰਾ ਬਣਨ ਨਾਲ ਆਉਣ ਵਾਲੇ ਦਿਨਾਂ ਵਿੱਚ ਮੀਂਹਾਂ ਦਾ ਦੌਰ ਤੇਜ਼ ਹੋਣ ਦੀ ਸੰਭਾਵਨਾ ਹੈ।

ਦੇਸ਼ ਦੀ ਖ਼ੁਰਾਕ ਵਿਵਸਥਾ ਮੁੱਖ ਤੌਰ 'ਤੇ ਪੰਜਾਬ ਦੀ ਖੇਤੀਬਾੜੀ 'ਤੇ ਟਿਕੀ ਹੋਈ ਹੈ ਪਰ ਇਸ ਨੂੰ ਦੇਸ਼ ਦਾ ਢਿੱਡ ਭਰਨ ਦੀ ਬਹੁਤ ਵੱਡੀ ਕੀਮਤ ਤਾਰਨੀ ਪੈ ਰਹੀ ਹੈ। ਝੋਨੇ ਦੀ ਫ਼ਸਲ ਨੂੰ ਪਾਲਣ ਲਈ ਬਹੁਤ ਜ਼ਿਆਦਾ ਪਾਣੀ ਦੀ ਲੋੜ ਪੈਂਦੀ ਹੈ ਅਤੇ ਤ੍ਰਾਸਦੀ ਇਹ ਹੈ ਕਿ ਇਸ ਦੀ ਪੂਰਤੀ ਪੰਜਾਬ ਨੂੰ ਜ਼ਮੀਨ ਹੇਠਲਾ ਪਾਣੀ ਕੱਢ ਕੇ ਕਰਨੀ ਪੈ ਰਹੀ ਹੈ।

ਕੇਂਦਰੀ ਭੂ-ਜਲ ਬੋਰਡ ਦੇ ਮਾਹਿਰਾਂ ਦਾ ਅਨੁਮਾਨ ਹੈ ਕਿ ਸਾਲ 2039 ਤਕ ਧਰਤੀ ਹੇਠਲੇ ਪਾਣੀ ਦਾ ਪਧਰ 1,000 ਫ਼ੁਟ ਤਕ ਹੇਠਾਂ ਚਲਾ ਜਾਵੇਗਾ। ਜੇ ਇਸ ਪਾਣੀ ਦੀ ਵਰਤੋਂ ਇੰਨੇ ਵੱਡੇ ਪਧਰ 'ਤੇ ਹੀ ਜਾਰੀ ਰਹੀ, ਤਾਂ ਪੰਜਾਬ ਦੀ ਸੈਂਟਰੀਫ਼ਿਊਗਲ ਪੰਪਿੰਗ ਪ੍ਰਣਾਲੀ ਨਕਾਰਾ ਹੋ ਕੇ ਰਹਿ ਜਾਵੇਗੀ ਤੇ ਇੰਨੀ ਜ਼ਿਆਦਾ ਡੂੰਘਾਈ ਤੋਂ ਪਾਣੀ ਕੱਢਣ ਲਈ ਕਿਸਾਨਾਂ ਕੋਲ ਸਬਮਰਸੀਬਲ ਪੰਪਾਂ ਦੀ ਵਰਤੋਂ ਤੋਂ ਇਲਾਵਾ ਹੋਰ ਕੋਈ ਚਾਰਾ ਬਾਕੀ ਨਹੀਂ ਰਹਿ ਜਾਵੇਗਾ। ਭਾਖੜਾ ਬੰਨ੍ਹ ਦੀ ਗੋਬਿੰਦ ਸਾਗਰ ਝੀਲ 'ਚ ਪਾਣੀ ਦਾ ਪੱਧਰ 55 ਫ਼ੁਟ ਹੇਠਾਂ ਚਲਾ ਗਿਆ ਹੈ, ਜਦ ਕਿ ਰਣਜੀਤ ਸਾਗਰ ਬੰਨ੍ਹ ਦੀ ਝੀਲ ਦਾ ਪਾਣੀ 100 ਫ਼ੁਟ ਤਕ ਹੇਠਾਂ ਚਲਾ ਗਿਆ ਹੈ। ਅਜਿਹਾ ਇਨ੍ਹੀਂ ਦਿਨੀਂ ਸਖ਼ਤ ਗਰਮੀ ਅਤੇ ਮਾਨਸੂਨ ਦੇ ਕਮਜ਼ੋਰ ਪੈਣ ਕਾਰਨ ਹੋਇਆ ਹੈ।

ਪਿਛਲੇ ਵਰ੍ਹੇ ਗੋਬਿੰਦ ਸਾਗਰ ਝੀਲ ਵਿਚ ਪਾਣੀ ਦਾ ਪੱਧਰ 1,654.8 ਫ਼ੁਟ ਸੀ ਪਰ ਹੁਣ ਇਹ ਘਟ ਕੇ 1600.2 ਫ਼ੁਟ ਰਹਿ ਗਿਆ ਹੈ। ਉਧਰ ਰਣਜੀਤ ਸਾਗਰ ਬੰਨ੍ਹ ਦੀ ਝੀਲ ਦਾ ਪਾਣੀ ਪਿਛਲੇ ਸਾਲ ਦੇ 1,720.3 ਫ਼ੁਟ ਦੇ ਮੁਕਾਬਲੇ ਘਟ ਕੇ 1,617.7 ਫ਼ੁਟ ਰਹਿ ਗਿਆ ਹੈ। ਇਸੇ ਤਰ੍ਹਾਂ ਪੌਂਗ ਬੰਨ੍ਹ ਦਾ ਪਾਣੀ ਵੀ ਇਸ ਵਾਰ 59 ਫ਼ੁਟ ਘਟ ਗਿਆ ਹੈ।

ਉਪਰੋਂ ਪੰਜਾਬ ਵਿਚ ਬਿਜਲੀ ਦੀ ਮੰਗ ਇਸ ਵੇਲੇ 15,000 ਮੈਗਾਵਾਟ ਤਕ ਪੁੱਜ ਗਈ ਹੈ। ਬਿਜਲੀ ਦੀ ਮੰਗ ਪੂਰੀ ਕਰਨ ਲਈ ਪਣ-ਬਿਜਲੀ ਪ੍ਰਾਜੈਕਟ ਅਪਣੇ ਪੂਰੀ ਸਮਰਥਾ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਲਈ ਪਾਣੀ ਦਾ ਪੱਧਰ ਘਟਣਾ ਅਪਣੇ-ਆਪ ਵਿਚ ਇਕ ਵੱਡੀ ਸਮੱਸਿਆ ਹੈ। ਉਂਜ ਵੀ ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਪਧਰ ਨਿੱਤ ਦਿਨ ਘਟਦਾ ਜਾ ਰਿਹਾ ਹੈ। ਨਹਿਰਾਂ ਵਿਚ ਪਾਣੀ ਬਹੁਤ ਘੱਟ ਵਗ ਰਿਹਾ ਹੈ।

ਇੰਜ ਖੇਤੀਬਾੜੀ ਦੀਆਂ ਲਾਗਤਾਂ ਵਿਚ ਹੋਰ ਵਾਧਾ ਹੋਵੇਗਾ ਤੇ ਅਨਾਜ ਦੇ ਉਤਪਾਦਨ ਵਿਚ ਕਮੀ ਵੀ ਆਵੇਗੀ। ਅਨਾਜ ਮਹਿੰਗਾ ਤਾਂ ਹੋਵੇਗਾ ਹੀ। ਰਾਜ ਦੇ ਜ਼ਿਆਦਾਤਰ ਗ਼ਰੀਬ ਕਿਸਾਨ ਅਪਣੀਆਂ ਫ਼ਸਲਾਂ ਨੂੰ ਸਿੰਜਣ ਲਈ ਨਹਿਰੀ ਪਾਣੀ 'ਤੇ ਹੀ ਨਿਰਭਰ ਹੁੰਦੇ ਹਨ। ਆਖ਼ਰੀ ਕੋਨਿਆਂ ਵਾਲੇ ਪਿੰਡਾਂ ਵਿਚ ਅਕਸਰ ਪਾਣੀ ਨਹੀਂ ਪੁੱਜਦਾ। ਪਰ ਬਰਸਾਤਾਂ ਦੇ ਦਿਨਾਂ 'ਚ ਨਹਿਰਾਂ ਇੰਨੀਆਂ ਜ਼ਿਆਦਾ ਭਰ ਜਾਂਦੀਆਂ ਹਨ ਕਿ ਉਹ ਹੜ੍ਹ ਲਿਆ ਕੇ ਤਬਾਹੀ ਮਚਾ ਦਿੰਦੀਆਂ ਹਨ।

60ਵਿਆਂ ਦੇ ਅੱਧ ਦੌਰਾਨ ਜਦੋਂ ਪੰਜਾਬ ਵਿਚ ਹਰਾ ਇਨਕਲਾਬ ਆਇਆ, ਤਦ ਬਹੁਤੇ ਸਥਾਨਾਂ 'ਤੇ ਖੂਹਾਂ ਤੇ ਹਲਟਾਂ ਨਾਲ ਖੇਤ ਸਿੰਜੇ ਜਾਂਦੇ ਸਨ। ਫਿਰ ਛੇਤੀ ਹੀ ਉਨ੍ਹਾਂ ਦੀ ਜਗ੍ਹਾ ਟਿਊਬਵੈੱਲਾਂ ਨੇ ਲੈ ਲਈ ਤੇ ਹੁਣ ਸਬਮਰਸੀਬਲਾਂ ਨੇ ਧਰਤੀ ਹੇਠੋਂ ਪਾਣੀ ਕੱਢ-ਕੱਢ ਕੇ ਉਸ ਦਾ ਪੱਧਰ ਬਹੁਤ ਜ਼ਿਆਦਾ ਨੀਵਾਂ ਕਰ ਛਡਿਆ ਹੈ। ਹਰੇ ਇਨਕਲਾਬ ਵੇਲੇ ਰਾਜ ਵਿਚ ਟਿਊਬਵੈੱਲਾਂ ਦੀ ਵਰਤੋਂ ਸਿਰਫ਼ 22 ਫ਼ੀ ਸਦੀ ਸੀ, ਜੋ 1996 'ਚ ਵਧ ਕੇ 57 ਫ਼ੀ ਸਦੀ ਹੋ ਗਈ ਸੀ। ਉਧਰ ਪੰਜਾਬ ਦੇ ਕਿਸਾਨ ਛੇਤੀ ਕਿਤੇ ਕਣਕ ਤੇ ਝੋਨੇ ਦੇ ਚੱਕਰ ਵਿਚੋਂ ਨਿਕਲਣਾ ਹੀ ਨਹੀਂ ਚਾਹੁੰਦੇ ਨਾ ਹੀ ਸਰਕਾਰਾਂ ਸਹਿਯੋਗੀ ਬਣ ਰਹੀਆਂ ਹਨ। ਵਧ ਪਾਣੀ ਪੀਣ ਵਾਲੀਆਂ ਫ਼ਸਲਾਂ ਬੀਜਣ ਤੋਂ ਸੂਬੇ ਦੇ ਕਿਸਾਨਾਂ ਨੂੰ ਗੁਰੇਜ਼ ਕਰਨਾ ਹੀ ਹੋਵੇਗਾ। ਅਜਿਹੇ ਹਾਲਾਤ 'ਚ ਸਾਨੂੰ ਸਭਨਾਂ ਨੂੰ ਪਾਣੀ ਦੀ ਵਰਤੋਂ ਬਹੁਤ ਧਿਆਨ ਨਾਲ ਕਰਨ ਦੀ ਜ਼ਰੂਰਤ ਹੋਵੇਗੀ।

ਨਾਸਾ ਦੀ ਸੰਸਥਾ 'ਗ੍ਰੈਵਿਟੀ ਰਿਕਵਰੀ ਐਂਡ ਕਲਾਈਮੇਟ ਐਕਸਪੈਰੀਮੈਂਟ' (ਗਰੇਸ) ਨੇ 2009 ਵਿੱਚ ਪਤਾ ਲਗਾਇਆ ਸੀ ਕਿ ਉੱਤਰੀ ਭਾਰਤ ਵਿੱਚ ਪਿਛਲੇ ਇੱਕ ਦਹਾਕੇ ਤੋਂ ਜ਼ਮੀਨ ਹੇਠਲੇ ਪਾਣੀ ਦੀ ਸਤਹ ਵਿੱਚ ਹਰ ਸਾਲ ਇੱਕ ਫੁੱਟ ਦੀ ਕਮੀ ਆ ਰਹੀ ਹੈ। ਇਸ ਚਿਤਾਵਨੀ ਤੋਂ ਐਨੇ ਸਾਲ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਸਰਕਾਰ ਵੱਲੋਂ ਜ਼ਮੀਨ ਹੇਠਲੇ ਪਾਣੀ ਦੀ ਸਥਿਤੀ ਨੂੰ ਸੰਭਾਲਣ ਲਈ ਕੋਈ ਠੋਸ ਹੰਭਲਾ ਨਹੀਂ ਮਾਰਿਆ ਗਿਆ ਸਗੋਂ ਇਸ ਅਰਸੇ ਦੌਰਾਨ ਪਾਣੀ ਦੀ ਖ਼ਪਤ ਅਤੇ ਬਰਬਾਦੀ ਵਿੱਚ ਹੋਰ ਤੇਜ਼ੀ ਆਈ ਹੈ।

ਇਸੇ ਦੌਰਾਨ ਇੱਕ ਕੇਂਦਰੀ ਰਿਪੋਰਟ ਮੁਤਾਬਿਕ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਵਿੱਚ ਜ਼ਹਿਰੀਲੇ ਅੰਸ਼ ਦੀ ਮਾਤਰਾ ਖ਼ਤਰਨਾਕ ਹੱਦ ਤੱਕ ਹੈ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਜ਼ਮੀਨ ਹੇਠਲੇ ਨਾਈਟ੍ਰੇਟ, ਸੰਖੀਆ, ਸਿਲੇਨੀਅਮ, ਕ੍ਰੋਮੀਅਮ, ਮੈਂਗਨੀਜ਼, ਨਿਕਲ, ਕੈਡਮੀਅਮ, ਸ਼ੀਸ਼ਾ ਅਤੇ ਯੂਰੇਨੀਅਮ ਜਿਹੇ ਖ਼ਤਰਨਾਕ ਤੱਤ ਮਿਲੇ ਹਨ। ਇਸ ਕਰ ਕੇ ਅੱਜ ਪੰਜਾਬ ਦੇ ਲੋਕਾਂ ਦਾ ਵੱਡਾ ਹਿੱਸਾ ਕੈਂਸਰ, ਪੀਲੀਆ, ਦਮਾ ਅਤੇ ਚਮੜੀ ਦੇ ਰੋਗਾਂ ਦੀ ਲਪੇਟ ਵਿੱਚ ਆ ਗਿਆ ਹੈ। ਕੁਝ ਮਾਹਿਰਾਂ ਦਾ ਖਿਆਲ ਹੈ ਕਿ ਖੇਤੀਬਾੜੀ ਲਈ ਰਸਾਇਣਕ ਖਾਦਾਂ ਦੀ ਵਰਤੋਂ ਕਰ ਕੇ ਜ਼ਮੀਨ ਹੇਠਲੇ ਪਾਣੀ ਵਿੱਚ ਇਨ੍ਹਾਂ ਜ਼ਹਿਰੀਲੇ ਤੱਤਾਂ ਦੀ ਮਾਤਰਾ ਵਧ ਰਹੀ ਹੈ। ਇਸ ਪੱਖੋਂ ਖ਼ਤਰਨਾਕ ਰਸਾਇਣਾਂ ਦੀ ਵਰਤੋਂ ਕਰ ਰਹੀਆਂ ਸਨਅਤੀ ਇਕਾਈਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਬਹੁਤ ਸਾਰੀਆਂ ਸਨਅਤਾਂ ਜ਼ਹਿਰੀਲਾ ਅਤੇ ਗੰਦਾ ਪਾਣੀ ਰਿਵਰਸ ਬੋਰਿੰਗ ਰਾਹੀਂ ਜ਼ਮੀਨ ਵਿੱਚ ਪਾ ਰਹੀਆਂ ਹਨ ਜਾਂ ਫਿਰ ਲਾਗਿਓਂ ਲੰਘਦੇ ਨਦੀਆਂ ਨਾਲਿਆਂ ਦੇ ਪਾਣੀ ਵਿੱਚ ਸੁੱਟ ਦਿੰਦੀਆਂ ਹਨ। ਜ਼ੀਰਾ ਖੇਤਰ ਦੇ ਪਿੰਡਾਂ ਵਿੱਚ ਜਦੋਂ ਗੰਦਾ ਅਤੇ ਕਾਲਾ ਪਾਣੀ ਬੋਰਾਂ 'ਚੋਂ ਆਉਣ ਲੱਗਿਆ ਸੀ ਤਦ ਪਤਾ ਲੱਗਿਆ ਸੀ ਕਿ ਇਹ ਸਭ ਮਨਸੂਰਵਾਲ ਵਿੱਚ ਲੱਗੀ ਐਥਾਨੋਲ ਫੈਕਟਰੀ ਦਾ ਕੀਤਾ ਕਰਾਇਆ ਸੀ ਜਿਸ ਦੇ ਖ਼ਿਲਾਫ਼ ਲੋਕਾਂ ਨੂੰ ਵੱਡਾ ਸੰਘਰਸ਼ ਲੜਨਾ ਪਿਆ ਸੀ। ਲੁਧਿਆਣਾ 'ਚ ਕਈ ਤਰ੍ਹਾਂ ਦੀਆਂ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਅਤੇ ਰਹਿੰਦ-ਖੂੰਹਦ ਨੇ ਬੁੱਢੇ ਦਰਿਆ ਦੇ ਪਾਣੀ ਦਾ ਰੰਗ ਬਦਲ ਦਿੱਤਾ ਹੈ ਅਤੇ ਹੁਣ ਉਸ ਦਾ ਅਸਰ ਦੂਰ ਤੱਕ ਹੋਣ ਲੱਗਾ ਹੈ। ਪੰਜਾਬ ਹੁਣ ਇਸ ਮਾਮਲੇ ਨੂੰ ਹੋਰ ਅੱਖੋਂ-ਪਰੋਖੇ ਨਹੀਂ ਕਰ ਸਕਦਾ ਸਗੋਂ ਇਸ ਦਾ ਢੁਕਵਾਂ ਹੱਲ ਲੱਭਣਾ ਹੀ ਪੈਣਾ ਹੈ।

ਪੰਜਾਬ ਟਾਈਮਜ਼ ਅਨੁਸਾਰ ਸਰਕਾਰ ਨੂੰ ਸਨਅਤੀ ਖੇਤਰ ਵਲੋਂ ਵੱਡੇ ਪਧਰ 'ਤੇ ਵਰਤੇ ਜਾ ਰਹੇ ਧਰਤੀ ਹੇਠਲੇ ਪਾਣੀ ਨੂੰ ਸੰਜਮ ਨਾਲ ਵਰਤਣ ਦੀ ਮੁਹਿੰਮ ਵਿੱਢਣੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਹਰ ਪੱਧਰ ਉਤੇ ਪਾਣੀ ਬਚਾਉਣ 'ਤੇ ਜ਼ੋਰ ਦੇਣਾ ਹੋਵੇਗਾ। ਜੇ ਇੰਜ ਨਾ ਕੀਤਾ ਗਿਆ, ਇਕ ਦਿਨ ਪੰਜਾਬ ਮਾਰੂਥਲ ਨਾ ਬਣ ਜਾਵੇਗਾ।

********

# ਰਾਸ਼ਟਰਪਤੀ ਚੋਣਾਂ ਦੌਰਾਨ ਅਮਰੀਕਾ ਵਿਚ ਸਵਿੰਗ ਸਟੇਟ ਕੌਣ ਹਨ, ਟਰੰਪ ਜਾਂ ਕਮਲਾ, ਕੌਣ ਅੱਗੇ ?

## ✪ ਕਮਲਾ ਹੈਰਿਸ ਦੀ ਐਂਟਰੀ ਕਾਰਣ ਡੈਮੋਕ੍ਰੇਟਿਕ ਪਾਰਟੀ ਹੋਈ ਮਜਬੂਤ

ਅਮਰੀਕਾ ਵਿਚ ਇਸ ਸਾਲ 5 ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਦੀ ਦੌੜ ਤੋਂ ਮੌਜੂਦਾ ਰਾਸ਼ਟਰਪਤੀ ਜੋ ਬਿਡੇਨ ਦੇ ਪਿੱਛੇ ਹਟਣ ਦੇ ਐਲਾਨ ਨੇ ਚੋਣ ਮਾਹੌਲ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ ਅਤੇ ਜੋ ਡੈਮੋਕ੍ਰੇਟਿਕ ਪਾਰਟੀ ਲਗਭਗ ਬਾਹਰ ਹੋ ਗਈ ਸੀ ,ਕਮਲਾ ਹੈਰਿਸ ਦੀ ਐਂਟਰੀ ਨਾਲ ਹੀ ਉਹ ਬਹੁਤ ਮਜ਼ਬੂਤ ਦਿਖਣ ਲੱਗੀ ਹੈ। ਕਮਲਾ ਹੈਰਿਸ, ਜੋ ਕਿ ਡੈਮੋਕ੍ਰੇਟਿਕ ਪਾਰਟੀ ਦੀ ਸੰਭਾਵਿਤ ਉਮੀਦਵਾਰ ਹੈ, ਨੂੰ ਲਿੰਗ, ਨਸਲ, ਨਸਲ, ਉਮਰ ਆਦਿ ਦੇ ਕਾਰਨਾਂ ਕਰਕੇ ਕਾਫੀ ਸਮਰਥਨ ਮਿਲ ਰਿਹਾ ਹੈ, ਇਸ ਲਈ ਸਵਾਲ ਇਹ ਹੈ ਕਿ ਕੀ ਉਹ ਇਨ੍ਹਾਂ 'ਰਾਜਾਂ ਵਿਚ ਸਵਿੰਗ ਵੋਟਰਾਂ 'ਤੇ ਜਿੱਤ ਹਾਸਲ ਕਰ ਸਕੇਗੀ। ਸਵਿੰਗ ਰਾਜ ਉਹ ਹਨ, ਜੋ ਅਕਸਰ ਰਿਪਬਲਿਕਨ ਅਤੇ ਡੈਮੋਕਰੇਟ ਪਾਰਟੀਆਂ ਵਿਚਕਾਰ ਜਿੱਤ ਅਤੇ ਹਾਰ ਦਾ ਫੈਸਲਾ ਕਰਦੇ ਹਨ। ਇਸ ਚੋਣ ਵਿੱਚ ਐਰੀਜ਼ੋਨਾ, ਜਾਰਜੀਆ, ਨੇਵਾਡਾ, ਉੱਤਰੀ ਕੈਰੋਲੀਨਾ, ਮਿਸ਼ੀਗਨ, ਪੈਨਸਿਲਵੇਨੀਆ ਅਤੇ ਵਿਸਕਾਨਸਿਨ ਦੀ ਪਛਾਣ ਸਵਿੰਗ ਰਾਜਾਂ ਵਜੋਂ ਕੀਤੀ ਗਈ ਹੈ। ਅਮਰੀਕਾ ਵਿਚ ਇਨ੍ਹਾਂ ਰਾਜਾਂ ਵਿੱਚ ਰਿਪਬਲਿਕਨ ਅਤੇ ਡੈਮੋਕਰੇਟਿਕ ਉਮੀਦਵਾਰਾਂ ਦੇ ਸਮਰਥਨ ਦੇ ਸਮਾਨ ਪੱਧਰ ਹੁੰਦੇ ਹਨ ਅਤੇ ਜਿਸਨੂੰ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਵਿੱਚ ਮੁੱਖ ਭੂਮਿਕਾ ਮੰਨਿਆ ਜਾਂਦਾ ਹੈਰਾਸ਼ਟਰਪਤੀ ਦੀ ਚੋਣ ਇਲੈਕਟੋਰਲ ਕਾਲਜ ਪ੍ਰਣਾਲੀ ਰਾਹੀਂ ਕੀਤੀ ਜਾਂਦੀ ਹੈ, ਜਿੱਥੇ ਹਰੇਕ ਰਾਜ ਦੀਆਂ ਵੋਟਾਂ ਦੀ ਇੱਕ ਨਿਸ਼ਚਿਤ ਗਿਣਤੀ ਹੁੰਦੀ ਹੈ। ਇਨ੍ਹਾਂ ਰਾਜਾਂ ਦੀਆਂ ਵੋਟਾਂ ਜਿੱਤਣ ਦਾ ਟੀਚਾ ਰੱਖਣ ਵਾਲੇ ਕਿਸੇ ਵੀ ਉਮੀਦਵਾਰ ਲਈ ਅਹਿਮ ਹੁੰਦੀਆਂ ਹਨ।



ਕਮਲਾ ਹੈਰਿਸ ਨਸਲੀ ਘੱਟ ਗਿਣਤੀ ਵੋਟਰਾਂ ਦਾ ਝੁਕਾਅ ਡੋਨਾਲਡ ਟਰੰਪ ਵੱਲ ਘੱਟ ਕਰ ਸਕਦੀ ਹੈ ਅਤੇ ਪ੍ਰਜਨਨ ਅਧਿਕਾਰਾਂ 'ਤੇ ਰਿਪਬਲਿਕਨ ਕਮਜ਼ੋਰੀਆਂ ਦਾ ਜ਼ਬਰਦਸਤ ਫਾਇਦਾ ਉਠਾ ਸਕਦੀ ਹੈ। ਹਾਲਾਂਕਿ, ਉਨ੍ਹਾਂ ਨੂੰ ਕਾਲਜ ਦੇ ਵਿਦਿਆਰਥੀਆਂ ਤੋਂ ਬਿਨਾਂ ਗੋਰੇ ਵੋਟਰਾਂ ਨੂੰ ਆਕਰਸ਼ਿਤ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਜਨਸੰਖਿਆ ਪੈਨਸਿਲਵੇਨੀਆ ਤੇ ਵਿਸਕਾਨਸਿਨ ਵਰਗੇ ਪ੍ਰਮੁੱਖ ਸਵਿੰਗ ਰਾਜਾਂ ਵਿੱਚ ਬਹੁਤ ਜ਼ਿਆਦਾ ਹੈ।

ਉਦਾਹਰਨ ਲਈ, ਪੈਨਸਿਲਵੇਨੀਆ ਵਿੱਚ 19 ਅਤੇ ਕੈਲੀਫੋਰਨੀਆ ਵਿੱਚ 54 ਵੋਟਾਂ ਹਨ। ਇਸ ਪ੍ਰਣਾਲੀ ਨੂੰ ਇਲੈਕਟੋਰਲ ਕਾਲਜ (ਈਸੀ) ਕਿਹਾ ਜਾਂਦਾ ਹੈ, ਅਤੇ ਲਗਭਗ ਸਾਰੇ ਰਾਜਾਂ ਵਿੱਚ, ਜੇਕਰ ਇੱਕੋ ਉਮੀਦਵਾਰ ਜਿੱਤਦਾ ਹੈ, ਤਾਂ ਉਸ ਦੇ ਹੱਕ ਵਿੱਚ ਸਾਰੀਆਂ ਵੋਟਾਂ ਮਿਲ ਜਾਂਦੀਆਂ ਹਨ। ਕਿਉਂਕਿ ਚੋਣ ਕਮਿਸ਼ਨ ਕੋਲ 538 ਵੋਟਾਂ ਹਨ, ਰਾਸ਼ਟਰਪਤੀ ਚੁਣੇ ਜਾਣ ਲਈ ਉਮੀਦਵਾਰਾਂ ਨੂੰ ਉਨ੍ਹਾਂ ਰਾਜਾਂ ਵਿੱਚ ਜਿੱਤਣਾ ਪਵੇਗਾ ਜਿੱਥੇ ਚੋਣ ਕਮਿਸ਼ਨ ਦੀਆਂ ਕੁੱਲ 270 ਵੋਟਾਂ ਹਨ।


ਫਿਲਹਾਲ ਇਹ ਤੈਅ ਨਹੀਂ ਕੀਤਾ ਗਿਆ ਹੈ ਕਿ ਕਮਲਾ ਹੈਰਿਸ ਦੀ ਰਨਿੰਗ ਮੇਟ ਯਾਨੀ ਉਪ-ਰਾਸ਼ਟਰਪਤੀ ਉਮੀਦਵਾਰ ਕੌਣ ਹੋਵੇਗਾ? ਪਰ, ਸਵਿੰਗ ਰਾਜ ਵਿੱਚ ਜਿੱਤਣ ਲਈ, ਉਸਨੂੰ ਆਪਣੇ ਉਪ-ਰਾਸ਼ਟਰਪਤੀ ਦੇ ਉਮੀਦਵਾਰ ਦੀ ਚੋਣ ਬਹੁਤ ਧਿਆਨ ਨਾਲ ਕਰਨੀ ਪਵੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਕਮਲਾ ਹੈਰਿਸ ਖੁਦ ਕਾਲੇ ਜਾਤੀ ਦੀ ਘੱਟ ਗਿਣਤੀ ਉਮੀਦਵਾਰ ਹੈ, ਇਸ ਲਈ ਉਸ ਨੂੰ ਗੋਰੇ ਉਮੀਦਵਾਰ ਨੂੰ ਆਪਣਾ ਰਨਿੰਗ ਮੇਟ ਬਣਾਉਣਾ ਚਾਹੀਦਾ ਹੈ। ਅਤੇ ਇਹੀ ਕਾਰਨ ਹੈ ਕਿ ਕਮਲਾ ਹੈਰਿਸ ਦੀ ਸ਼ੁਰੂਆਤੀ ਪਸੰਦੀਦਾ ਦੌੜਾਕ ਸਾਥੀ ਪੈਨਸਿਲਵੇਨੀਆ ਦੇ ਗਵਰਨਰ ਜੋਸ਼ ਸ਼ਾਪੀਰੋ ਹਨ, ਜਿਨ੍ਹਾਂ ਨੇ 2022 ਵਿੱਚ ਨਿਰਣਾਇਕ ਬਹੁਮਤ ਹਾਸਲ ਕੀਤਾ ਸੀ ਤੇ ਟਰੰਪ ਦੇ ਸਮਰਥਕ ਡੱਗ ਮਾਸਟ੍ਰੀਆਨੋ ਨੂੰ ਹਰਾ ਦਿਤਾ ਸੀ ਜੋ ਅਮਰੀਕੀ ਸੰਸਦ ਵਿਚ 6 ਜਨਵਰੀ, 2021 ਨੂੰ ਹੋਈ ਹਿੰਸਾ ਦੌਰਾਨ ਰੈਲੀ ਦਾ ਹਿੱਸਾ ਸਨ।

# ਹੁਣ ਗੁਰਦੁਆਰਿਆਂ ਉਪਰ ਭਗਵੇਂ ਨਿਸ਼ਾਨ ਸਾਹਿਬ ਨਹੀਂ ਹੋਣਗੇ

## ✪ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਹੋਵੇ ਬਸੰਤੀ ਜਾਂ ਸੁਰਮਈ ਅਕਾਲ ਤਖਤ ਸਾਹਿਬ ਨੇ ਜਾਰੀ ਕੀਤਾ ਹੁਕਮ

ਅੰਮ੍ਰਿਤਸਰ-ਨਿਸ਼ਾਨ ਸਾਹਿਬ ਜਿਉਂਦੀਆਂ-ਜਾਗਦੀਆਂ ਕੌਮਾਂ ਦੀ ਸੁਤੰਤਰਤਾ ਦੇ ਪ੍ਰਤੀਕ ਹਨ। ਜੋ ਕੌਮਾਂ ਆਪਣੇ ਵਜੂਦ ਤੋਂ ਹੀ ਮਰ-ਮੁੱਕ ਚੁੱਕੀਆਂ ਹੋਣ, ਉਹਨਾਂ ਦੇ ਨਿਸ਼ਾਨ ਕਦੇ ਖੜੇ ਨਹੀਂ ਹੁੰਦੇ। ਨਿਸ਼ਾਨ ਹਮੇਸ਼ਾਂ ਉਹਨਾਂ ਦੇ ਹੀ ਉੱਚੇ ਝੂਲਦੇ ਹਨ, ਜੋ ਸੂਰਬੀਰ,ਬਹਾਦਰ ਆਪਣੇ ਬਲ ਦੁਆਰਾ ਸਦਾ ਸੰਘਰਸ਼ਸ਼ੀਲ ਰਹਿਕੇ ਆਪਣੇ ਨਿਸ਼ਾਨ ਨੂੰ ਉੱਚਾ ਚੁੱਕਣਾ ਜਾਣਦੇ ਹਨ। ਸਾਡੇ ਕੇਸਰੀ ਨਿਸ਼ਾਨ ਨੂੰ ਸਤਿਗੁਰੂ ਨੇ ਆਪਣੀ, ਆਪਣੇ ਸਾਹਿਬਜ਼ਾਦਿਆਂ ਦੀ ਅਤੇ ਹਜ਼ਾਰਾਂ ਸੂਰਬੀਰ ਯੋਧਿਆਂ ਸਿੰਘਾਂ ਦੀ ਸ਼ਹਾਦਤ ਨਾਲ ਉੱਚਾ ਝੁਲਾਇਆ ਹੈ। ਮਰਯਾਦਾ ਪੂਰਵਕ ਹਰ ਇਕ ਗੁਰਧਾਮ ਵਿਚ ਸਥਾਪਿਤ ਕੀਤਾ ਜਾਣ ਵਾਲਾ ਇਹ ਨਿਸ਼ਾਨ ਸਾਹਿਬ ਅਕਸਰ ਬਸੰਤੀ ਰੰਗ ਦਾ ਹੁੰਦਾ ਹੈ, ਨਿਹੰਗ ਸਿੰਘਾਂ ਦੁਆਰਾ ਨਿਸ਼ਾਨ ਸਾਹਿਬ ਲਈ ਨੀਲਾ ਰੰਗ ਵਰਤਿਆ ਜਾਂਦਾ ਹੈ ਪਰ ਬੀਤੇ ਸਮੇਂ ਦੌਰਾਨ ਇਸ ਦਾ ਰੰਗ ਭਗਵਾਂ ਬਣਾ ਦਿਤਾ ਗਿਆ ਸੀ।

ਪਰ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਸਰਕੂਲਰ ਜਾਰੀ ਕਰ ਕੇ ਕਿਹਾ ਹੈ ਕਿ ਗੁਰਦੁਆਰਾ ਸਾਹਿਬਾਨ 'ਚ ਲੱਗਣ ਵਾਲੇ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਰਹਿਤ ਮਰਿਆਦਾ ਮੁਤਾਬਕ ਬਸੰਤੀ ਜਾਂ ਸੁਰਮਈ ਹੋਵੇ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਿਚ 15 ਜੁਲਾਈ ਨੂੰ ਹੋਈ ਇਕੱਤਰਤਾ ਵਿਚ ਪੰਜ ਸਿੰਘ ਸਾਹਿਬਾਨ ਨੇ ਫ਼ੈਸਲਾ ਕੀਤਾ ਸੀ ਕਿ ਗੁਰਦੁਆਰਾ ਸਾਹਿਬਾਨ ਵਿਚ ਲੱਗਣ ਵਾਲੇ ਨਿਸ਼ਾਨ ਸਾਹਿਬ ਦੀ ਪੁਸ਼ਾਕੇ ਦਾ ਰੰਗ ਰਹਿਤ ਮਰਿਆਦਾ ਅਨੁਸਾਰ ਬਸੰਤੀ ਜਾਂ ਸੁਰਮਈ ਹੋਵੇ। ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਭੇਜ ਕੇ ਸੰਗਤ ਨੂੰ ਇਸ ਬਾਰੇ ਜਾਗਰੂਕ ਕਰਨ ਲਈ ਕਿਹਾ ਗਿਆ ਸੀ। ਇਸ ਉਪਰੰਤ 26 ਜੁਲਾਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸਰਕੂਲਰ (ਨੰਬਰ 37309) ਜਾਰੀ ਕੀਤਾ।

ਇਸ ਵਿਚ ਸਪਸ਼ਟ ਤੌਰ 'ਤੇ ਲਿਖਿਆ ਗਿਆ ਹੈ ਕਿ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰੁੱਜੀ ਪੱਤਰਕਾ ਨੰ: ਅ:ਤ/24/206/17-07-2024 ਮੁਤਾਬਕ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਪ੍ਰਵਾਨ ਹੋਏ ਮਤਾ ਨੰ:03/15-07-2024 ਦੀ ਮਨਸ਼ਾ ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਨੂੰ ਲੈ ਕੇ ਪੈਦਾ ਹੋਈ ਦੁਬਿਧਾ ਦੂਰ ਕਰਨ ਲਈ ਸਰਬ-ਸੰਮਤੀ ਨਾਲ ਫ਼ੈਸਲਾ ਹੋਇਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦੀ ਰੋਸ਼ਨੀ 'ਚ ਸੰਗਤ/ਪ੍ਰਬੰਧਕ ਨੂੰ ਜਾਣਕਾਰੀ ਮੁਹੱਈਆ ਕਰਵਾਈ ਜਾਵੇ।

ਇਹ ਫ਼ੁਰਮਾਨ ਜਾਰੀ ਹੋਣ ਤੋਂ ਬਾਅਦ ਹੁਣ ਨਿਸ਼ਾਨ ਸਾਹਿਬ ਦਾ ਰੰਗ ਇਤਿਹਾਸ ਤੇ ਮਰਿਯਾਦਾ ਅਨੁਸਾਰ ਬਸੰਤੀ ਤੇ ਸੁਰਮਈ ਹੋਵੇਗਾ।

ਸਿੱਖ ਰਹਿਤ ਮਰਯਾਦਾ ਮੁਤਾਬਕ ਹਰੇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।

ਇਥੇ ਜ਼ਿਕਰਯੋਗ ਹੈ ਕਿ ਗੁਰੂ ਸਾਹਿਬ ਦੇ ਸਮੇਂ ਦੌਰਾਨ ਸਿੱਖਾਂ ਦੇ ਨਿਸ਼ਾਨ ਸਾਹਿਬ (ਝੰਡੇ) ਦਾ ਰੰਗ ਵੀ ਨੀਲਾ ਸੀ ਤੇ ਇਸ ਦਾ ਪੁਸ਼ਾਕਾ (ਬਾਂਸ ਦਾ ਕਪੜਾ) ਸੁਰਮਈ ਸੀ: "ਗੁਰੂ ਜੀ ਨੇ ਉਸੀ ਵਕਤ ਬੜੀ ਦਸਤਾਰ ਕੋ ਉਤਾਰ ਨੀਚੇ ਕੇਸਗੀ ਮੇਂ ਸੇ ਨੀਲੇ ਰਾਂਗ ਕਾ ਫਰਰਾ ਨਿਕਾਲ ਕੇ ਬਚਨ ਕੀਆ ਇਹ ਖਾਲਸਾਈ ਨਿਸ਼ਾਨ ਕਭੀ ਆਗੇ ਸੇ ਟੂਟੇਗਾ ਨਹੀਂ।" (ਗੁਰੂ ਕੀਆਂ ਸਾਖੀਆਂ, ਸਾਖੀ 75)

ਪੁਰਾਤਨ ਵਿਦਵਾਨ ਭਾਈ ਸਾਹਿਬ ਰਣਧੀਰ ਸਿੰਘ ਜੀ, ਭਾਈ ਸਾਹਿਬ ਕ੍ਹਾਨ ਸਿੰਘ ਜੀ ਨਾਭਾ ਅਤੇ ਹੋਰ ਵਿਦਵਾਨ ਸਾਰੇ ਹੀ ਇਸਦਾ ਰੰਗ ਬਸੰਤੀ ਲਿਖਦੇ ਹਨ ਔਰ ਹੈ ਭੀ ਠੀਕ ਕਿਉਂਕਿ ਇਕ ਤਾਂ ਬਸੰਤੀ ਰੰਗ ਨਵ-ਬਹਾਰ ਦਾ ਪ੍ਰਤੀਕ ਹੈ ਤੇ ਦੂਸਰਾ ਕੁਰਬਾਨੀ ਦਾ ਪ੍ਰਤੀਕ ਹੈ। ਜਿਸ ਜਿਸ ਜਗ੍ਹਾ ਤੇ ਖ਼ਾਲਸੇ ਦਾ ਇਹ ਨਿਸ਼ਾਨ ਝੁਲਿਆ ਓਸ ਓਸ ਜਗ੍ਹਾ ਤੇ ਨਵ-ਬਹਾਰ ਬਿਲਕੁਲ ਆਈ। ਇਤਿਹਾਸ ਇਸਦਾ ਗਵਾਹ ਹੈ ਪਰ ਪਿਛਲੇ ਬੀਤੇ ਸਮੇਂ ਦੌਰਾਨ ਨਿਸ਼ਾਨ ਸਾਹਿਬ ਨੂੰ ਭਗਵਾਂ ਕਰ ਦਿਤਾ ਗਿਆ ਇਸਨੂੰ ਨਵਾਂ ਹੀ ਰੰਗ ਕੇਸਰੀ ਕਹਿ ਪ੍ਰਚਾਰਿਆ ਜਾ ਰਿਹਾ ਹੈ ਪਤਾ ਨਹੀ ਇਹ ਰੰਗ ਕਿਉ ਬਦਲਿਆ ਗਿਆ?

## ਅੰਮ੍ਰਿਤਪਾਲ ਸਿੰਘ ਦਾ ਭਰਾ ਜੇਲ੍ਹ ਤੋਂ ਆਇਆ ਬਾਹਰ

ਅੰਮ੍ਰਿਤਸਰ-ਖਾਲਿਸਤਾਨ ਸਮਰਥਕ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਹੈਪੀ ਜੇਲ੍ਹ ਤੋਂ ਰਿਹਾਅ ਹੋ ਗਿਆ ਹੈ। ਹਰਪ੍ਰੀਤ ਸਿੰਘ ਹੈਪੀ ਨੂੰ ਫਲੌਰ ਦੀ ਅਦਾਲਤ ਨੇ 25 ਜੁਲਾਈ ਨੂੰ ਜ਼ਮਾਨਤ ਦੇ ਦਿੱਤੀ ਸੀ। ਹਰਪ੍ਰੀਤ ਸਿੰਘ ਹੈਪੀ ਨੂੰ 11 ਜੁਲਾਈ ਨੂੰ ਇੱਕ ਸਾਥੀ ਸਮੇਤ ਆਈਸ ਡਰੱਗਜ਼ ਨਾਲ ਫੜਿਆ ਸੀ।



ਜ਼ਮਾਨਤ ਮਿਲਣ ਤੋਂ ਬਾਅਦ ਹਰਪ੍ਰੀਤ ਸਿੰਘ ਹੈਪੀ ਬੀਤੇ ਸੋਮਵਾਰ ਦੇਰ ਸ਼ਾਮ ਪਟਿਆਲਾ ਜੇਲ ਤੋਂ ਬਾਹਰ ਆ ਗਿਆ ਸੀ। ਹਰਪ੍ਰੀਤ ਸਿੰਘ ਹੈਪੀ ਦੀ ਰਿਹਾਈ ਇੱਕ ਗੁਪਤ ਤਰੀਕੇ ਨਾਲ ਕੀਤੀ ਗਈ। ਇਸ ਬਾਰੇ ਨਾ ਤਾਂ ਮੀਡੀਆ ਨੂੰ ਪਤਾ ਲੱਗਣ ਦਿੱਤਾ ਤੇ ਨਾ ਹੀ ਕਿਸੇ ਤੀਸਰੇ ਬੰਦੇ ਨੂੰ ਇਹ ਜਾਣਕਾਰੀ ਮਿਲ ਸਕਦੀ ਕਿ ਬੀਤੀ ਦੇਰ ਸ਼ਾਮ ਹਰਪ੍ਰੀਤ ਸਿੰਘ ਹੈਪੀ ਨੂੰ ਰਿਹਾਅ ਕਰ ਦਿੱਤਾ ਗਿਆ।

### -ਮਾਮਲਾ ਦਿੱਲੀ ਸ਼ਰਾਬ ਘੁਟਾਲੇ ਦਾ-

## ਸੀ.ਬੀ.ਆਈ. ਵਲੋਂ ਕੇਜਰੀਵਾਲ ਵਿਰੁਧ ਦੋਸ਼ ਪੱਤਰ ਦਾਖ਼ਲ

ਨਵੀਂ ਦਿੱਲੀ-ਦਿੱਲੀ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੱਡਾ ਝਟਕਾ ਲੱਗਾ ਜਦੋਂ ਸੀ.ਬੀ.ਆਈ. ਨੇ ਬੀਤੇ ਦਿਨੀਂ ਸ਼ਰਾਬ ਘੁਟਾਲੇ ਨਾਲ ਸੰਬੰਧਿਤ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਅਰਵਿੰਦ ਕੇਜਰੀਵਾਲ ਤੇ ਹੋਰ ਮੁਲਜ਼ਮਾਂ ਖ਼ਿਲਾਫ਼ ਵਿਸ਼ੇਸ਼ ਅਦਾਲਤ 'ਚ ਦੋਸ਼ ਪੱਤਰ ਦਾਖਲ ਕਰ ਦਿੱਤਾ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪਹਿਲਾਂ ਹੀ ਹਵਾਲਾ ਮਾਮਲੇ 'ਚ ਦੋਸ਼ ਪੱਤਰ ਦਾਇਰ ਕੀਤਾ ਹੋਇਆ ਹੈ, ਜਿਸ ਵਿਚ ਆਮ ਆਦਮੀ ਪਾਰਟੀ ਅਤੇ ਇਸ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਦੋਸ਼ ਪੱਤਰ ਵਿਚ ਕੇਜਰੀਵਾਲ ਨੂੰ ਸ਼ਰਾਬ ਘੁਟਾਲੇ ਦੇ ਮੁੱਖ ਸਾਜਿਸ਼ਕਾਰਾਂ ਵਿਚੋਂ ਇਕ ਦੱਸਿਆ ਗਿਆ ਹੈ।



ਦੋਸ਼ ਹੈ ਕਿ ਆਮ ਆਦਮੀ ਪਾਰਟੀ ਨੇ 100 ਕਰੋੜ ਰੁਪਏ ਦੀ ਰਿਸ਼ਵਤ ਲਈ ਸੀ। ਇਸ ਤੋਂ ਪਹਿਲਾਂ 12 ਜੁਲਾਈ ਨੂੰ ਸੁਪਰੀਮ ਕੋਰਟ ਨੇ ਈ.ਡੀ. ਮਾਮਲੇ 'ਚ ਮੁੱਖ ਮੰਤਰੀ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ। ਹਾਲਾਂਕਿ ਸੀ.ਬੀ.ਆਈ. ਦੁਆਰਾ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਉਹ ਜੇਲ੍ਹ ਤੋਂ ਬਾਹਰ ਨਹੀਂ ਆ ਸਕੇ ਸਨ।ਇਸ ਤੋਂ ਇਲਾਵਾ ਹਾਲ ਹੀ 'ਚ, ਦਿੱਲੀ ਦੀ ਇਕ ਅਦਾਲਤ ਨੇ ਸ਼ਰਾਬ ਘੁਟਾਲੇ ਵਿਚ ਕੇਜਰੀਵਾਲ ਦੀ ਨਿਆਇਕ ਹਿਰਾਸਤ 8 ਅਗਸਤ ਤੱਕ ਵਧਾ ਦਿੱਤੀ।

## ਬੰਦੂਕ ਦੀ ਨੋਕ 'ਤੇ ਨਾਬਾਲਗ ਨਾਲ ਬਲਾਤਕਾਰ

### ✪ ਇਮਾਰਤ ਤੋਂ ਧੱਕਾ ਦਿੱਤਾ, ਕੇਸ ਦਰਜ

ਨਵੀਂ ਦਿੱਲੀ-ਦੱਖਣ-ਪੱਛਮੀ ਦਿੱਲੀ ਦੇ ਦਵਾਰਕਾ ਵਿਚ ਇਕ 16 ਸਾਲਾ ਲੜਕੀ ਨੂੰ ਕਥਿਤ ਤੌਰ 'ਤੇ ਬੰਦੂਕ ਦੀ ਨੋਕ 'ਤੇ ਜਬਰ ਜਨਾਹ ਕਰਨ ਤੋਂ ਬਾਅਦ ਇਕ ਇਮਾਰਤ ਦੀ ਪੰਜਵੀਂ ਮੰਜ਼ਿਲ ਤੋਂ ਸੁੱਟ ਦਿੱਤਾ ਗਿਆ। ਪੁਲਸ ਨੇ ਦੱਸਿਆ ਕਿ ਦੋਸ਼ੀ ਪੀੜਤਾ ਦੇ ਘਰ 'ਚ ਜ਼ਬਰਦਸਤੀ ਦਾਖਲ ਹੋਇਆ।ਘਟਨਾ ਸਮੇਂ ਲੜਕੀ ਦੇ ਮਾਤਾ-ਪਿਤਾ ਘਰ 'ਤੇ ਨਹੀਂ ਸਨ। ਪੁਲਸ ਨੇ ਦੱਸਿਆ ਕਿ ਦੋਸ਼ੀ ਲੜਕੀ ਨੂੰ ਨੇੜੇ ਦੀ ਇਮਾਰਤ 'ਚ ਲੈ ਗਿਆ, ਜਿੱਥੇ ਉਸ ਨੇ ਨਾਬਾਲਗ ਨਾਲ ਜਬਰ ਜਨਾਹ ਕੀਤਾ ਅਤੇ ਉਸ ਨੂੰ ਇਮਾਰਤ ਦੀ ਪੰਜਵੀਂ ਮੰਜ਼ਿਲ ਤੋਂ ਹੇਠਾਂ ਸੁੱਟ ਦਿੱਤਾ। ਪੁਲਸ ਮੁਤਾਬਕ ਪੀੜਤਾ ਨੂੰ ਦੀਨ ਦਿਆਲ ਉਪਾਧਿਆਏ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਪੁਲਸ ਨੇ ਦੱਸਿਆ ਕਿ ਹੇਠਾਂ ਡਿੱਗਣ ਨਾਲ ਲੜਕੀ ਦੀਆਂ ਲੱਤਾਂ 'ਚ ਫਰੈਕਚਰ ਹੋ ਗਿਆ। ਪੁਲਸ ਮੁਤਾਬਕ ਪੀੜਤਾ ਦੀ ਕਾਊਂਸਲਿੰਗ ਕਰਨ ਤੋਂ ਬਾਅਦ ਉਸ ਦੇ ਬਿਆਨ ਦਰਜ ਕੀਤੇ ਗਏ, ਜਿਸ 'ਚ ਉਸ ਨੇ ਦੋਸ਼ ਲਾਇਆ ਕਿ ਉਸ ਨਾਲ ਜਬਰ ਜਨਾਹ ਹੋਇਆ ਹੈ। ਪੁਲਸ ਨੇ ਦੱਸਿਆ ਕਿ ਐੱਫਆਈਆਰ ਦਰਜ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਯਤਨ ਜਾਰੀ ਹਨ।

## ਮਨੂ ਭਾਕਰ ਨੇ ਨਿਸ਼ਾਨੇਬਾਜ਼ੀ ਵਿਚ ਜਿੱਤਿਆ ਕਾਂਸੀ ਦਾ ਤਗਮਾ



ਜਲੰਧਰ-ਪੈਰਿਸ ਉਲੰਪਿਕ ਵਿਚ ਭਾਰਤ ਦੀ ਸਟਾਰ ਨਿਸ਼ਾਨੇਬਾਜ ਮਨੂ ਭਾਕਰ ਨੇ ਮਹਿਲਾਵਾਂ ਦੇ ਨਿਸ਼ਾਨੇਬਾਜੀ ਦੇ 10 ਮੀਟਰ ਪਿਸਟਲ ਮੁਕਾਬਲੇ 'ਚੋਂ ਕਾਂਸੇ ਦਾ ਤਗਮਾ ਜਿੱਤ ਕੇ ਇਤਿਹਾਸ ਰਚ ਦਿੱਤਾ। 12 ਸਾਲਾਂ ਬਾਅਦ ਇਸ ਮੁਕਾਬਲੇ 'ਚ ਭਾਰਤ ਨੂੰ ਕੋਈ ਤਗਮਾ ਮਿਲਿਆ ਹੈ। ਇਸ ਦੇ ਨਾਲ ਹੀ ਉਲੰਪਿਕ 2024 'ਚ ਭਾਰਤ ਨੂੰ ਝੋਲੀ 'ਚ ਪਹਿਲਾ ਤਗਮਾ ਆਇਆ ਹੈ। ਇਸ ਦੇ ਨਾਲ ਹੀ ਮਨੂ ਭਾਕਰ 10 ਮੀਟਰ ਏਅਰ ਪਿਸਟਲ 'ਚ ਉਲੰਪਿਕ ਤਗਮਾ ਜਿੱਤਣ ਵਾਲੀ ਪਹਿਲੀ ਮਹਿਲਾ ਸ਼ੂਟਰ ਵੀ ਬਣ ਗਈ ਹੈ।

# 2027 ਲਈ ਪੰਜਾਬ ਦੇ ਸਿਆਸੀ ਕਿਲ੍ਹੇ ਨੂੰ ਫਤਹਿ ਕਰਨ ਲਈ ਭਾਜਪਾ ਮਾਲਵਾ ਵਿਚ ਹੋਈ ਸਰਗਰਮ

## ✪ ਭਾਜਪਾ ਬਦਲ ਸਕਦੀ ਹੈ ਪੰਜਾਬ ਭਾਜਪਾ ਦਾ ਪ੍ਰਧਾਨ ✪ ਤਰੁਣ ਚੁੱਘ ਦੇ ਅਰਵਿੰਦ ਖੰਨਾ ਅਤੇ ਕੇਵਲ ਸਿੰਘ ਢਿੱਲੋਂ ਦੇ ਨਾਂਅ ਦੀ ਚਰਚਾ

ਪਟਿਆਲਾ-ਪੰਜਾਬ ਵਿਚ ਭਾਜਪਾ ਦਾ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਹੋਏ ਤੋੜ ਵਿਛੋੜੇ ਅਤੇ ਫਿਰ ਪੰਜਾਬ ਸਿਆਸਤ 'ਚ ਤਾਜ਼ਾ ਉਥਲ ਪੁਥਲ ਤੋਂ ਬਾਅਦ ਪੰਜਾਬ ਵਿਚ ਭਾਵੇਂ ਭਾਜਪਾ ਦਾ ਵੋਟ ਫ਼ੀਸਦੀ ਕਾਫ਼ੀ ਵੱਧ ਕੇ ਪਾਰਟੀ ਮਜ਼ਬੂਤ ਹੋਈ ਹੈ ਪਰ ਇਸ ਸਭ ਦੇ ਬਾਵਜੂਦ ਉਹ ਜਿੱਤ ਦੇ ਮਿਥੇ ਨਿਸ਼ਾਨੇ ਤੋਂ ਦੂਰ ਰਹਿ ਰਹੀ ਹੈ। ਹੁਣ ਭਾਜਪਾ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਨਿਸ਼ਾਨਾ ਮਿੱਥ ਕੇ ਪੰਜਾਬ ਦੀ ਸੱਤਾ ਪ੍ਰਾਪਤ ਕਰਨ ਲਈ ਸਿਆਸਤ ਵਿਚ ਅਹਿਮ ਸਥਾਨ ਰੱਖਣ ਵਾਲੇ ਮਾਲਵਾ ਖ਼ਿੱਤੇ ਦੇ ਟਿੱਬਿਆਂ ਵਿਚੋਂ ਲੰਘ ਕੇ ਮਜ਼ਬੂਤ ਧਰਾਤਲ ਵੱਲ ਵਧਣ ਦੀ ਤਾਕ ਵਿਚ ਹੈ।

2020 ਵਿਚ ਕਿਸਾਨ ਅੰਦੋਲਨ ਕਾਰਨ ਫਸੇ ਪੇਚ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਤੋੜ ਵਿਛੋੜਾ ਹੋ ਗਿਆ, ਉਪਰੰਤ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ ਇਕੱਲੇ ਆਪਣੇ ਦਮ 'ਤੇ ਪੰਜਾਬ ਵਿਚ 72 ਸੀਟਾਂ 'ਤੇ ਚੋਣ ਲੜੀ ਇਸ ਵਿਚ ਭਾਵੇਂ 2 ਹਲਕਿਆਂ ਵਿਚ ਹੀ ਉਸ ਨੂੰ ਜਿੱਤ ਪ੍ਰਾਪਤ ਹੋਈ ਪਰ ਇਸ ਚੋਣ ਉਪਰੰਤ ਭਾਜਪਾ ਨੇ ਪੰਜਾਬ 'ਚ ਆਪਣੇ ਬਲਬੂਤੇ 'ਤੇ ਚੋਣ ਲੜਨ ਦਾ ਤਜਰਬਾ ਹਾਸਲ ਕਰ ਲਿਆ ਸੀ।

ਇਸ ਤੋਂ ਬਾਅਦ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਵਿਚ ਜਿਥੇ ਦੂਜੇ ਨੰਬਰ 'ਤੇ ਆਈ ਉੱਥੇ ਹੁਣ ਵਿਧਾਨ ਸਭਾ ਦੀ ਜਲੰਧਰ ਜ਼ਿਮਨੀ ਚੋਣ ਵਿਚ ਸਖ਼ਤ ਲੜਾਈ ਤੋਂ ਬਾਅਦ ਭਾਜਪਾ ਫਿਰ ਦੂਜੇ ਨੰਬਰ 'ਤੇ ਰਹੀ ਹੈ। ਇਸ ਨਾਲ ਪਾਰਟੀ ਅੰਦਰ ਭਵਿੱਖ ਨੂੰ ਲੈ ਕੇ ਹੌਂਸਲਾ ਬੁਲੰਦ ਹੋਇਆ ਹੈ ਜਿਸ ਕਰਕੇ ਭਾਜਪਾ ਹੁਣ



ਤਰੁਣ ਚੁੱਘ ਅਰਵਿੰਦ ਖੰਨਾ ਕੇਵਲ ਸਿੰਘ ਢਿੱਲੋਂ

2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਹਿਲੇ ਨੰਬਰ 'ਤੇ ਆਉਣ ਲਈ ਪੱਬਾਂ ਭਾਰ ਹੈ।

ਪੰਜਾਬ ਵਿਚ ਸੱਤਾ ਦੀ ਪ੍ਰਾਪਤੀ ਲਈ ਹੁਣ ਭਾਜਪਾ ਮਾਲਵਾ ਖੇਤਰ ਦੇ ਅੰਕੜਿਆਂ ਦੇ ਹਿਸਾਬ ਕਿਤਾਬ ਲਗਾਉਣ ਵਿਚ ਲੱਗੀ ਹੋਈ ਹੈ। ਅੰਕੜਿਆਂ ਮੁਤਾਬਿਕ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ 'ਚੋਂ 8 ਸੀਟਾਂ ਇਕੱਲੇ ਮਾਲਵੇ ਵਿਚ ਆਉਂਦੀਆਂ ਹਨ। ਇਸੇ ਤਰ੍ਹਾਂ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿਚੋਂ 69 ਵਿਧਾਨ ਸਭਾ ਸੀਟਾਂ ਇਕੱਲੇ ਮਾਲਵੇ ਖ਼ਿੱਤੇ 'ਚ ਆਉਂਦੀਆਂ ਹਨ। ਇਸ ਕਰਕੇ ਪੰਜਾਬ ਵਿਚ ਸਰਕਾਰ ਬਣਾਉਣ ਲਈ ਇਸ ਖ਼ਿੱਤੇ ਦੇ ਅੰਕੜਿਆਂ ਦੀ ਖੇਡ ਵਿਚ ਅਹਿਮ ਰੋਲ ਰਿਹਾ ਹੈ। ਕਾਂਗਰਸ ਅਤੇ ਅਕਾਲੀ ਦਲ ਬਾਦਲ ਨੇ ਹਮੇਸ਼ਾ ਮਾਲਵਾ ਖ਼ਿੱਤੇ ਦੀਆਂ ਸੀਟਾਂ ਨਾਲ ਹੀ ਸੱਤਾ ਦਾ ਸੁੱਖ ਭੋਗਿਆ ਹੈ। ਇਸੇ ਕਰਕੇ ਹੀ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਗਿਆਨੀ ਜ਼ੈਲ ਸਿੰਘ, ਸੁਰਜੀਤ ਸਿੰਘ ਬਰਨਾਲਾ, ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ, ਰਾਜਿੰਦਰ ਕੌਰ ਭੱਠਲ ਨੂੰ ਮਾਲਵਾ 'ਚੋਂ ਮੁੱਖ ਮੰਤਰੀ ਵਜੋਂ ਅਗਵਾਈ ਦਾ ਮੌਕਾ ਮਿਲਦਾ ਰਿਹਾ ਹੈ।

ਮਾਲਵਾ ਖ਼ਿੱਤੇ ਦੇ ਲੋਕਾਂ ਵਲੋਂ ਚੋਣਾਂ 'ਚ ਫ਼ੈਸਲਾਕੁੰਨ ਇਕਪਾਸੜ ਨਤੀਜੇ ਦੇਣ ਦੀ ਰਾਏ ਸਾਰੀਆਂ ਸਿਆਸੀ ਧਿਰਾਂ ਅੰਦਰ ਉਤਸੁਕਤਾ ਪੈਦਾ ਕਰਦੀਆਂ ਹਨ। ਇਨ੍ਹਾਂ ਉਪਰੋਕਤ ਤਜਰਬਿਆਂ ਦੇ ਆਧਾਰ 'ਤੇ ਹੁਣ ਭਾਜਪਾ ਪੰਜਾਬ ਦੀ ਧਰਤੀ 'ਤੇ ਕਮਲ ਦਾ ਫੁੱਲ ਖਿੜਾਉਣ ਲਈ ਮਾਲਵੇ ਦੀਆਂ ਬਰੂਹਾਂ 'ਤੇ ਪੱਬਾਂ ਭਾਰ ਹੈ।

ਉਪਰੋਕਤ ਸਮੀਕਰਨਾਂ ਦੇ ਮੱਦੇਨਜ਼ਰ ਸਿਆਸੀ ਹਲਕਿਆਂ ਦੀਆਂ ਨਜ਼ਰਾਂ ਇਸ ਸਮੇਂ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਵਿਚ ਹੋਣ ਵਾਲੇ ਸੰਭਾਵਿਤ ਫੇਰਬਦਲ ਵੱਲ ਲੱਗੀਆਂ ਹੋਈਆਂ ਹਨ। ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਕਾਰਜਕਾਲ ਦੀ ਮਿਆਦ ਮੁੱਕਣ ਵਾਲੀ ਹੈ। ਉਨ੍ਹਾਂ ਨੂੰ ਅਸ਼ਵਨੀ ਸ਼ਰਮਾ ਨੂੰ ਹਟਾ ਕੇ ਪ੍ਰਧਾਨ ਬਣਾਇਆ ਗਿਆ ਸੀ। ਹਾਲਾਂਕਿ ਪ੍ਰਧਾਨਗੀ ਦੀ ਮਿਆਦ 3 ਸਾਲ ਦੀ ਹੁੰਦੀ ਹੈ ਪਰ ਅਸ਼ਵਨੀ ਸ਼ਰਮਾ ਨੂੰ ਸਮੇਂ ਤੋਂ ਪਹਿਲਾਂ ਹੀ ਹਟਾ ਦਿੱਤਾ ਗਿਆ ਸੀ। ਇਨ੍ਹਾਂ ਸੂਤਰਾਂ ਅਨੁਸਾਰ ਦੋ ਤਰ੍ਹਾਂ ਦੀਆਂ ਰਾਵਾਂ ਚੱਲ ਰਹੀਆਂ ਹਨ। ਇਕ ਇਹ ਕਿ ਜਾਖੜ ਵਲੋਂ ਅਸ਼ਵਨੀ ਸ਼ਰਮਾ ਦਾ ਕਾਰਜਕਾਲ ਪੂਰਾ ਕਰਨ ਉਪਰੰਤ ਨਵਾਂ ਪ੍ਰਧਾਨ ਲਗਾ ਦਿੱਤਾ ਜਾਵੇਗਾ।

ਦੂਸਰੀ ਚਰਚਾ ਇਹ ਹੈ ਕਿ ਅਸ਼ਵਨੀ ਸ਼ਰਮਾ ਦੇ ਕਾਰਜਕਾਲ ਦੇ ਤਿੰਨ ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਬਾਕੀ ਸਮੇਂ ਲਈ ਜਾਖੜ ਨੂੰ ਨਿਯੁਕਤ ਕਰ ਦਿੱਤਾ ਗਿਆ ਸੀ ਪਰ ਇਹ ਨਿਯੁਕਤੀ ਬਾਕਾਇਦਾ ਚੋਣ ਰਾਹੀਂ ਨਹੀਂ ਹੋਈ ਸਗੋਂ ਨਾਮਜਦਗੀ ਕੀਤੀ ਗਈ ਸੀ ਇਸ ਲਈ ਜਾਖੜ ਦੀ ਮੁੜ ਨਿਯੁਕਤੀ ਉਤੇ ਇਹ ਨਿਯਮ ਲਾਗੂ ਨਹੀਂ ਹੁੰਦੇ। ਉਨ੍ਹਾਂ ਨੂੰ ਅਗਲੇ ਤਿੰਨ ਸਾਲ ਲਈ ਪ੍ਰਧਾਨ ਨਿਯੁਕਤ ਕੀਤਾ ਜਾ ਸਕਦਾ ਹੈ। ਇਸ ਅਹੁਦੇ ਲਈ ਤਰੁਣ ਚੁੱਘ ਦੇ ਨਾਂਅ ਦੀ ਵੀ ਚਰਚਾ ਚੱਲ ਰਹੀ ਹੈ। ਉਹ ਟਕਸਾਲੀ ਅਤੇ ਨਵੇਂ ਆਗੂਆਂ ਨੂੰ ਨਾਲ ਲੈ ਕੇ ਚੱਲਣ ਦੇ ਸਮਰਥ ਸਮਝੇ ਜਾ ਰਹੇ ਹਨ। ਜੇ ਸਿਆਸੀ ਸੂਤਰਾਂ ਦੀ ਮੰਨੀਏ ਤਾਂ ਅਰਵਿੰਦ ਖੰਨਾ ਅਤੇ ਕੇਵਲ ਸਿੰਘ ਢਿੱਲੋਂ ਦੇ ਨਾਂਅ ਦੀ ਵੀ ਚਰਚਾ ਹੈ। ਇਹ ਦੋਨੋਂ ਆਗੂ ਮਾਲਵੇ ਨਾਲ ਸੰਬੰਧਤ ਹਨ ਅਤੇ ਪਾਰਟੀ ਦੀਆਂ ਨਜ਼ਰਾਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਮਾਲਵਾ ਖੇਤਰ ਉਤੇ ਲੱਗੀਆਂ ਹੋਈਆਂ ਹਨ ਜਿਸ ਕਾਰਨ ਪਾਰਟੀ ਵਲੋਂ ਮਲਵਈ ਆਗੂ ਨੂੰ ਇਹ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।

# ਲੋਕਾਂ ਨੂੰ ਚੋਰੀਆਂ ਤੋਂ ਨਿਜ਼ਾਤ ਦਿਵਾਉਣ ਲਈ ਸਿੱਖ ਇੰਜੀਨੀਅਰ ਨੇ ਬਣਾਇਆ ਸਾਫਟਵੇਅਰ

## ✪ ਚੋਰੀ ਤੋਂ ਪਹਿਲਾਂ ਮਾਲਕ ਨੂੰ ਕਰੇਗਾ ਸਾਵਧਾਨ ✪ ਕਮਾਲ ਦਾ ਹੈ ਸਾਫਟਵੇਅਰ



ਤਰਨਤਾਰਨ-ਸਥਾਨਕ ਸ਼ਹਿਰ ਦੇ ਨਿਵਾਸੀ ਸਾਫਟਵੇਅਰ ਇੰਜੀਨੀਅਰ ਵੱਲੋਂ ਲੋਕਾਂ ਨੂੰ ਚੋਰੀਆਂ ਤੋਂ ਨਿਜ਼ਾਤ ਦਿਵਾਉਣ ਲਈ ਪਹਿਲ ਕਦਮੀ ਕਰਦੇ ਹੋਏ ਇਕ ਵਿਸ਼ੇਸ਼ ਕਿਸਮ ਦਾ ਸਾਫਟਵੇਅਰ ਪ੍ਰਾਜੈਕਟ ਤਿਆਰ ਕਰ ਦਿੱਤਾ ਗਿਆ ਹੈ, ਜੋ ਚੋਰਾਂ ਨੂੰ ਉਨ੍ਹਾਂ ਦੇ ਮਕਸਦ ਵਿਚ ਕਾਮਯਾਬ ਹੋਣ ਤੋਂ ਰੋਕ ਦੇਵੇਗਾ। ਇੰਨਾ ਹੀ ਨਹੀਂ ਚੋਰਾਂ ਵੱਲੋਂ ਘਰ ਵਿਚ ਦਸਤਕ ਦੇਣ ਤੋਂ ਪਹਿਲਾਂ ਹੀ ਮਾਲਕ ਨੂੰ ਅਲਰਟ ਕਰ ਦੇਵੇਗਾ। ਜ਼ਿਕਰਯੋਗ ਹੈ ਕਿ ਇਹ ਤਿਆਰ ਕੀਤਾ ਗਿਆ ਸਾਫਟਵੇਅਰ ਪ੍ਰਾਜੈਕਟ ਜ਼ਿਆਦਾ ਮਹਿੰਗਾ ਵੀ ਨਹੀਂ ਦੱਸਿਆ ਜਾ ਰਿਹਾ ਹੈ, ਜਿਸ ਨੂੰ ਆਮ ਲੋਕ ਆਪਣੇ ਕੀਮਤੀ ਘਰਾਂ ਦੇ ਸਾਮਾਨ ਨੂੰ ਚੋਰੀ ਹੋਣ ਤੋਂ ਬਚਾਉਣ ਲਈ ਆਸਾਨੀ ਨਾਲ ਲਗਵਾ ਸਕਦੇ ਹਨ। ਸਥਾਨਕ ਗੁਰੂ ਤੇਗ ਬਹਾਦਰ ਨਗਰ ਦੇ ਨਿਵਾਸੀ ਮਨਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਵੱਖ-ਵੱਖ ਕੰਪਨੀਆਂ ਦੇ ਤਿਆਰ ਕੀਤੇ ਗਏ ਸਾਊਂਡ ਸਪੀਕਰ ਡਿਵਾਈਸ ਦੇ ਨਾਲ ਉਨ੍ਹਾਂ ਨੇ ਇਕ ਸਾਫਟਵੇਅਰ ਨੂੰ ਜੋੜਦੇ ਹੋਏ ਅਜਿਹਾ ਸਾਫਟਵੇਅਰ ਪ੍ਰੋਜੈਕਟ ਤਿਆਰ ਕਰ ਦਿੱਤਾ ਹੈ ਜੋ ਘਰਾਂ ਵਿਚ ਚੋਰੀਆਂ ਨੂੰ ਰੋਕਣ ਵਿਚ ਕਾਫੀ ਹੱਦ ਤੱਕ ਕਾਮਯਾਬ ਹੋ ਰਿਹਾ ਹੈ।

ਮਨਪ੍ਰੀਤ ਸੰਧੂ ਨੇ ਦਾਅਵਾ ਕਰਦੇ ਹੋਏ ਦੱਸਿਆ ਕਿ ਇਹ ਸਾਫਟਵੇਅਰ ਘਰਾਂ ਵਿਚ ਰਹਿਣ ਵਾਲੇ ਬਜ਼ੁਰਗਾਂ ਅਤੇ ਬੱਚਿਆਂ ਵੱਲੋਂ ਇਸ ਦੀ ਆਸਾਨੀ ਨਾਲ ਵਰਤੋਂ ਕਰਦੇ ਹੋਏ ਚੋਰਾਂ ਨੂੰ ਚੋਰੀ ਕਰਨ ਤੋਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਾਫਟਵੇਅਰ ਦੀ ਤਕਨੀਕ ਰਾਹੀਂ ਘਰਾਂ ਦੀਆਂ ਕੰਧਾਂ ਉਪਰ ਸੈਂਸਰ ਲਗਾਏ ਗਏ ਹਨ, ਜਦੋਂ ਹੀ ਕੋਈ ਵੀ ਚੋਰ ਦੀਵਾਰ ਉਪਰ ਆਪਣੇ ਹੱਥ ਰੱਖਦੇ ਹੋਏ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰੇਗਾ ਤਾਂ ਇਸ ਸਾਫਟਵੇਅਰ ਰਾਹੀਂ ਜੋੜੇ ਗਏ ਸਬੰਧਤ ਮੋਬਾਈਲ ਅਤੇ ਘਰ ਵਿਚ ਸਾਰਨ ਵੱਜਣਾ ਸ਼ੁਰੂ ਹੋ ਜਾਵੇਗਾ, ਜਿਸ ਤੋਂ ਤੁਰੰਤ ਬਾਅਦ ਚੋਰੀ ਕਰਨ ਦੇ ਮਕਸਦ ਨਾਲ ਦਾਖਲ ਹੋ ਰਹੇ ਚੋਰ ਨੂੰ ਆਸ ਪਾਸ ਦੇ ਲੋਕਾਂ ਦੀ ਮਦਦ ਨਾਲ ਕਾਬੂ ਕੀਤਾ ਜਾ ਸਕਦਾ ਹੈ।

ਇਸ ਤਕਨੀਕ ਦਾ ਲੋਕ ਬਾਹਰ ਦੂਰ ਬੈਠੇ ਵੀ ਘਰ ਦੀ ਸਾਰੀ ਗਤੀਵਿਧੀ ਸਬੰਧੀ ਜਾਣਕਾਰੀ ਹਾਸਲ ਕਰ ਸਕਦੇ ਹਨ। ਇਸ ਸਾਫਟਵੇਅਰ ਪ੍ਰੋਜੈਕਟ ਦੀ ਸੂਚਨਾ ਨੋਟੀਫਿਕੇਸ਼ਨ ਰਾਹੀਂ ਵੀ ਸਬੰਧਤ ਮਾਲਕ ਨੂੰ ਮਿਲ ਜਾਂਦੀ ਹੈ ਅਤੇ ਜੇ ਉਹ ਨੋਟੀਫਿਕੇਸ਼ਨ ਵੱਲ ਧਿਆਨ ਨਹੀਂ ਦਿੰਦਾ ਤਾਂ 15 ਸੈਕਿੰਡ ਬਾਅਦ ਉਸਦੇ ਮੋਬਾਈਲ ਉਪਰ ਫੋਨ ਕਾਲ ਆਟੋਮੈਟਿਕ ਆ ਜਾਵੇਗੀ ਕਿ ਉਨ੍ਹਾਂ ਦੇ ਘਰ ਵਿਚ ਕੋਈ ਹਲਚਲ ਹੋ ਰਹੀ ਹੈ। ਇਸ ਨਵੀਂ ਤਕਨੀਕ ਦੇ ਸਾਫਟਵੇਅਰ ਪ੍ਰੋਜੈਕਟ ਨੂੰ ਲੋਕਾਂ ਵੱਲੋਂ ਲਗਵਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ ਕਿਉਂਕਿ ਘਰਾਂ ਵਿਚ ਆਮ ਤੌਰ 'ਤੇ ਰਖਵਾਲੀ ਕਰਨੀ ਕੈਮਰਿਆਂ ਦੇ ਵੱਸ ਦੀ ਗੱਲ ਨਹੀਂ ਰਹੀ ਹੈ। ਮਨਪ੍ਰੀਤ ਸੰਧੂ ਨੇ ਦੱਸਿਆ ਕਿ ਇਸ ਸਾਰੀ ਤਕਨੀਕ ਨੂੰ ਚਲਾਉਣ ਲਈ ਵਾਈਫਾਈ ਇੰਟਰਨੈਟ ਦੀ ਜ਼ਰੂਰਤ ਪੈਂਦੀ ਹੈ ਅਤੇ ਇਸ ਉਪਰ ਕੋਈ ਜ਼ਿਆਦਾ ਖਰਚਾ ਵੀ ਨਹੀਂ ਆਉਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤਕਨੀਕ ਦੇ ਨਾਲ ਘਰ ਦੇ ਗੇਟ ਨੂੰ ਵੀ ਸੁਰੱਖਿਅਤ ਢੰਗ ਨਾਲ ਬੰਦ ਕਰਨ ਦੀ ਸੁਵਿਧਾ ਦਿੱਤੀ ਗਈ ਹੈ, ਜਿਸ ਵਿਚ ਕੋਈ ਵੀ ਚੋਰ ਨਕਲੀ ਚਾਬੀ ਜਾਂ ਗੇਟ ਨਾਲ ਜਬਰਦਸਤੀ ਕਰਦਾ ਹੈ ਤਾਂ ਉਸਦੀ ਸੂਚਨਾ ਵੀ ਤੁਰੰਤ ਸਬੰਧਤ ਮੋਬਾਈਲ ਦੇ ਉਪਰ ਆ ਜਾਵੇਗੀ ਅਤੇ ਜੇ ਗਲਤੀ ਨਾਲ ਚੋਰ ਘਰ 'ਚ ਦਾਖਲ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਆਟੋਮੈਟਿਕ ਦਰਵਾਜ਼ਾ ਬੰਦ ਹੋ ਜਾਵੇਗਾ ਅਤੇ ਉਦੋਂ ਤੱਕ ਚੋਰ ਘਰੋਂ ਬਾਹਰ ਨਹੀਂ ਜਾ ਪਾਏਗਾ ਜਦੋਂ ਤੱਕ ਘਰ ਦਾ ਮਾਲਕ ਸਾਫਟਵੇਅਰ ਨੂੰ ਕਮਾਂਡ ਨਹੀਂ ਦੇਵੇਗਾ।

# ਵਿਦੇਸ਼ਾਂ 'ਚ ਭਾਰਤੀ ਵਿਦਿਆਰਥੀ ਕਿਉਂ ਗੁਆ ਰਹੇ ਨੇ ਜਾਨਾਂ

**ਖਾਸ ਰਿਪੋਟ**

## ✪ ਪਿਛਲੇ 5 ਸਾਲਾਂ ਵਿਚ 633 ਮੌਤਾਂ ਹੋਈਆਂ, ਨਵੇਂ ਅੰਕੜੇ ਜਾਰੀ

ਭਾਰਤੀ ਵਿਦਿਆਰਥੀਆਂ ਦਾ ਵਿਦੇਸ਼ ਵਿੱਚ ਪੜ੍ਹਾਈ ਕਰਨ ਦਾ ਸੁਪਨਾ ਘਾਤਕ ਸਾਬਤ ਹੋ ਰਿਹਾ ਹੈ। ਹਰ ਸਾਲ ਹਜ਼ਾਰਾਂ ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ ਵਿੱਚ ਪੜ੍ਹਨ ਲਈ ਦੇਸ਼ ਛੱਡ ਕੇ ਜਾਂਦੇ ਹਨ। ਪਰ, ਉਨ੍ਹਾਂ ਦੀ ਮੌਤ ਦੀਆਂ ਘਟਨਾਵਾਂ ਨੂੰ ਲੈ ਕੇ ਸੁਰੱਖਿਆ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ। ਇਸ ਦੌਰਾਨ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਬੀਤੇ ਦਿਨੀਂ ਲੋਕ ਸਭਾ ਵਿੱਚ ਦੱਸਿਆ ਕਿ ਪਿਛਲੇ 5 ਸਾਲਾਂ ਵਿੱਚ ਵੱਖ-ਵੱਖ ਕਾਰਨਾਂ ਕਰਕੇ ਵਿਦੇਸ਼ਾਂ ਵਿੱਚ ਕੁਦਰਤੀ ਕਾਰਨਾਂ ਸਮੇਤ ਭਾਰਤੀ ਵਿਦਿਆਰਥੀਆਂ ਦੀ ਮੌਤ ਦੀਆਂ 633 ਘਟਨਾਵਾਂ ਵਾਪਰੀਆਂ ਹਨ।

ਸੰਸਦ ਵਿੱਚ ਮਾਨਸੂਨ ਸੈਸ਼ਨ ਦੌਰਾਨ ਇੱਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ 172 ਕੇਸਾਂ ਨਾਲ ਕੈਨੇਡਾ ਨੂੰ ਪਹਿਲੇ ਸਥਾਨ 'ਤੇ ਰੱਖਿਆ। ਕੀਰਤੀ ਵਰਧਨ ਸਿੰਘ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਹਮਲਿਆਂ ਕਾਰਨ ਕੁੱਲ 19 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ 9 ਮੌਤਾਂ ਕੈਨੇਡਾ ਅਤੇ 6 ਅਮਰੀਕਾ ਵਿੱਚ ਹੋਈਆਂ। ਅੰਕੜਿਆਂ ਅਨੁਸਾਰ 633 ਮੌਤਾਂ ਵਿੱਚੋਂ 108 ਅਮਰੀਕਾ ਵਿੱਚ, 58 ਬਰਤਾਨੀਆ ਵਿੱਚ, 57 ਆਸਟ੍ਰੇਲੀਆ ਵਿੱਚ ਅਤੇ 37 ਰੂਸ ਵਿੱਚ ਹੋਈਆਂ। ਜਦੋਂ ਕਿ ਯੂਕਰੇਨ ਵਿੱਚ 18, ਜਰਮਨੀ ਵਿੱਚ 24, ਜਾਰਜੀਆ, ਕਿਰਗਿਸਤਾਨ ਅਤੇ ਸਾਈਪ੍ਰਸ ਵਿੱਚ 12-12 ਘਟਨਾਵਾਂ ਹੋਈਆਂ। ਨਾਲ ਹੀ, ਗੁਆਂਢੀ ਦੇਸ਼ ਚੀਨ ਵਿੱਚ ਵੀ ਅਜਿਹੇ 8 ਮਾਮਲੇ ਸਾਹਮਣੇ ਆਏ ਹਨ।

ਮੰਤਰੀ ਕੀਰਤੀ ਵਰਧਨ ਸਿੰਘ ਨੇ ਬੀਤੇ ਦਿਨੀਂ ਇਕ ਸਵਾਲ ਦੇ ਲਿਖਤੀ ਜਵਾਬ 'ਚ ਕਿਹਾ ਕਿ ਮੰਤਰਾਲੇ ਕੋਲ ਮੌਜੂਦ ਜਾਣਕਾਰੀ ਅਨੁਸਾਰ ਪਿਛਲੇ 5 ਸਾਲਾਂ ਵਿਚ ਲੋਕ ਵੱਖ-ਵੱਖ ਕਾਰਨਾਂ ਕਰਕੇ ਵਿਦੇਸ਼ਾਂ 'ਚ ਆਏ ਹਨ। ਕੁਦਰਤੀ ਕਾਰਨਾਂ, ਦੁਰਘਟਨਾਵਾਂ ਅਤੇ ਮੈਡੀਕਲ ਐਮਰਜੈਂਸੀ ਵਾਂਗ ਵਿਦੇਸ਼ਾਂ 'ਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੀਆਂ 633 ਘਟਨਾਵਾਂ ਹੋਈਆਂ ਹਨ।



### ਮਾਨਸਿਕ ਤਣਾਅ ਨਾਲ ਕਿਉਂ ਜੂਝ ਰਹੇ ਨੇ ਵਿਦਿਆਰਥੀ

ਕੈਨੇਡਾ ਵਿਚ ਮਾਨਸਿਕ ਤਣਾਅ ਬਹੁਤ ਹੈ ਕੈਨੇਡਾ ਵਿੱਚ ਰਹਿ ਰਹੇ ਬਹੁਤ ਸਾਰੇ ਵਿਦਿਆਰਥੀ ਹੁਣ ਨਾ ਤਾਂ ਕਮਾ ਸਕਦੇ ਹਨ ਅਤੇ ਨਾ ਹੀ ਕੁਝ ਬਚਤ ਕਰ ਪਾ ਰਹੇ ਹਨ। 20 ਤੋਂ 30 ਲੱਖ ਰੁਪਏ ਖ਼ਰਚ ਕੇ ਗਏ ਸੀ ਹੁਣ ਉਨ੍ਹਾਂ ਲਈ ਆਪਣੇ ਦੇਸ਼ ਪਰਤਣਾ ਆਸਾਨ ਨਹੀਂ ਹੈ। ਬਹੁਤ ਸਾਰੇ ਵਿਦਿਆਰਥੀ ਵੱਡੇ ਕਰਜ਼ੇ ਅਤੇ ਜ਼ਮੀਨ ਗਹਿਣੇ ਰੱਖ ਕੇ ਕੈਨੇਡਾ ਗਏ ਹਨ। ਉੱਥੇ ਦੇ ਹਾਲਾਤ ਦੇਖ ਕੇ ਕਈ ਕਹਿ ਰਹੇ ਹਨ ਕਿ ਇੰਨਾ ਪੈਸਾ ਖ਼ਰਚ ਕੇ ਭਾਰਤ 'ਚ ਕੋਈ ਕਾਰੋਬਾਰ ਕਰਦੇ ਤਾਂ ਚੰਗਾ ਹੁੰਦਾ। ਉਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਹਾਲਾਤ ਕਦੋਂ ਸੁਧਰਨਗੇ ਅਤੇ ਹੁਣ ਉਨ੍ਹਾਂ ਦਾ ਭਵਿੱਖ ਅਨਿਸ਼ਚਿਤ ਹੋ ਚੁੱਕਾ ਹੈ । ਹਜ਼ਾਰਾਂ ਵਿਦਿਆਰਥੀਆਂ ਨੂੰ ਕੰਮ ਨਹੀਂ ਮਿਲ ਰਿਹਾ। ਪੜ੍ਹਾਈ ਅਤੇ ਬਾਕੀ ਸਾਰੇ ਕੰਮਾਂ ਦੀ ਜ਼ਿੰਮੇਵਾਰੀ ਜਦੋਂ ਸਿਰ ਤੇ ਆ ਪੈਂਦੀ ਹੈ ਤਾਂ ਵੀ ਨੌਜਵਾਨ ਨਸ਼ੇ ਕਰਨ ਲੱਗਦੇ ਜਾਂ ਫਿਰ ਖ਼ੁਦਕੁਸ਼ੀ ਵੱਲ ਨੂੰ ਹੋ ਤੁਰਦੇ ਹਨ। ਇਕੱਲੇ ਰਹਿੰਦੇ ਨੌਜਵਾਨ ਬੱਚਿਆਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ ਹੁੰਦਾ। ਕੈਨੇਡਾ ਨਵੇਂ ਆਏ ਬੱਚਿਆਂ ਨੂੰ ਉੱਥੋਂ ਦੇ ਮਾਹੌਲ ਵਿੱਚ ਰਚਣ-ਮਿਚਣ ਨੂੰ ਵੀ ਸਮਾਂ ਲੱਗਦਾ ਹੈ। ਦੂਜਿਆਂ ਨਾਲ ਘੁਲਣ-ਮਿਲਣ ਨਾ ਕਰਕੇ ਉਹ ਇਕਲਾਪੇ ਦਾ ਸ਼ਿਕਾਰ ਹੋ ਜਾਂਦੇ ਹਨ ਜਿਸ ਨਾਲ ਮਾਨਸਿਕ ਤਣਾਅ ਵਰਗੀ ਬਿਮਾਰੀ ਤੋਂ ਪੀੜਤ ਹੋ ਜਾਂਦੇ ਹਨ। ਕੈਨੇਡਾ 'ਚ ਜ਼ਿਆਦਾਤਰ ਹੈਰੋਇਨ, ਅਫ਼ੀਮ, ਭੰਗ ਦੀ ਓਵਰਡੋਜ਼ ਮੌਤ ਦਾ ਕਾਰਨ ਬਣਦੀ ਹੈ। ਵਿਦਿਆਰਥੀ ਕਈ ਵਾਰ ਇਹ ਨਸ਼ਾ ਆਪਣੀ ਮਰਜ਼ੀ ਨਾਲ ਕਰਦਾ ਹੈ ਜਾਂ ਗ਼ਲਤ ਸੰਗਤ ਵਿੱਚ ਸੰਗੀ-ਸਾਥੀਆਂ ਦੇ ਪ੍ਰਭਾਵ ਜਾਂ ਦਬਾਅ ਵਿੱਚ ਆ ਕੇ। ਕਈ ਵਾਰ ਉਨ੍ਹਾਂ ਦੀ ਮਾਨਸਿਕ ਸਥਿਤੀ ਬੇਹੱਦ ਕਮਜ਼ੋਰ ਹੁੰਦੀ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕੀ ਕਰ ਰਹੇ ਹਨ। ਵਿਦਿਆਰਥੀਆਂ ਨੂੰ ਖਰਚੇ ਪੂਰੇ ਕਰਨ ਲਈ ਕੰਮ ਸਖ਼ਤ ਕਰਨਾ ਪੈਂਦਾ ਹੈ। ਕਈ ਸਖ਼ਤ ਕੰਮ ਕਰਨ ਅਤੇ ਸਰੀਰ ਦੀ ਥਕਾਵਟ ਦੂਰ ਕਰਨ ਲਈ ਨਸ਼ਿਆਂ ਦੀ ਵਰਤੋਂ ਕਰਨ ਲੱਗਦੇ ਨੇ ਤੇ ਫਿਰ ਹੌਲੀ ਹੌਲੀ ਪੱਕੇ ਨਸ਼ਿਆਂ 'ਤੇ ਲੱਗ ਜਾਂਦੇ ਹਨ।

ਨਿਰਲੇਪ ਸਿੰਘ ਗਿੱਲ ਬ੍ਰੈਂਪਟਨ ਵਿੱਚ ਪੰਜਾਬੀ ਕਮਿਊਨਿਟੀ ਹੈਲਥ ਸਰਵਿਸ ਨਾਲ ਕੰਮ ਕਰਦੇ ਹਨ। ਗਿੱਲ, ਭਾਰਤੀ ਖ਼ਾਸ ਤੌਰ ਉੱਤੇ ਪੰਜਾਬੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਨਾਲ ਡੀਲ ਕਰਦੇ ਹਨ। ਨਿਰਲੇਪ ਸਿੰਘ ਗਿੱਲ ਦੱਸਦੇ ਹਨ, "ਬਹੁਤ ਸਾਰੇ ਬੱਚੇ ਮਾਨਸਿਕ ਰੋਗਾਂ ਨਾਲ ਪੀੜ੍ਹਤ ਹਨ ਕਿਉਂਕਿ ਕੈਨੇਡਾ ਵਿੱਚ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀਆਂ ਸਮਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ, ਇਹਨਾਂ ਨੂੰ ਪੈਰ-ਪੈਰ ਉੱਤੇ ਤਣਾਅ ਮਿਲਦਾ ਹੈ। ਖ਼ਾਸ ਤੌਰ ਉੱਤੇ ਉਹ ਵਿਦਿਆਰਥੀ ਜੋ ਬਹੁਤ ਹੀ ਘੱਟ ਉਮਰ (ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ) ਵਿੱਚ ਕੈਨੇਡਾ ਆਉਂਦੇ ਹਨ।"

ਨਿਰਲੇਪ ਸਿੰਘ ਗਿੱਲ ਦੱਸਦੇ ਹਨ ਕਿ ਇਹ ਵਿਦਿਆਰਥੀ ਛੋਟੇ ਹੋਣ ਕਾਰਨ ਮਾਨਸਿਕ ਤੌਰ ਉੱਤੇ ਵਿਕਸਤ ਨਹੀਂ ਹੋਏ ਹੁੰਦੇ। ਤਣਾਅ ਨਾਲ ਕਿਸੇ ਤਰੀਕੇ ਨਾਲ ਨਜਿੱਠਣਾ ਹੈ ਇਹ ਇਹਨਾਂ ਨੂੰ ਪਤਾ ਨਹੀਂ ਹੁੰਦਾ। ਜੇਕਰ ਬੱਚਾ ਮਾਪਿਆਂ ਨੂੰ ਕੋਈ ਗੱਲ ਦੱਸਦਾ ਵੀ ਹੈ ਤਾਂ ਉਹ ਉਸ ਦੀ ਗੱਲ ਸਮਝ ਨਹੀਂ ਪਾਉਂਦੇ।

ਕੌਮਾਂਤਰੀ ਵਿਦਿਆਰਥੀਆਂ ਵਿੱਚ ਤਣਾਅ ਦਾ ਕਾਰਨ ਪੁੱਛੇ ਜਾਣ ਦੇ ਮੁੱਦੇ ਉਹ ਦੱਸਦੇ ਹਨ ਕਿ ਇਸ ਦੇ ਕਈ ਕਾਰਨ ਹਨ। ਪਹਿਲਾ ਕਾਰਨ ਇੰਡੀਆ ਵਿੱਚ ਬੱਚੇ ਆਰਾਮਦਾਇਕ ਸਥਿਤੀ ਵਿੱਚ ਹੁੰਦੇ ਹਨ, ਭਾਵ ਉਨ੍ਹਾਂ ਦੇ ਮਾਪੇ ਹਰ ਚੀਜ਼ ਦਾ ਖ਼ਿਆਲ ਰੱਖਦੇ ਹਨ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਉਨ੍ਹਾਂ ਉੱਤੇ ਨਹੀਂ। ਪਰ ਜਦੋਂ ਉਹ ਕੈਨੇਡਾ ਆਉਂਦੇ ਹਨ ਤਾਂ ਇੱਕ ਦਮ ਉਨ੍ਹਾਂ ਉੱਤੇ ਜ਼ਿੰਮੇਵਾਰੀਆਂ ਆ ਡਿੱਗਦੀਆਂ ਹਨ। ਇਸ ਦੇ ਲਈ ਉਹ ਮਾਨਸਿਕ ਤੌਰ ਉੱਤੇ ਤਿਆਰ ਨਹੀਂ ਹੁੰਦੇ।"

ਨਿਰਲੇਪ ਸਿੰਘ ਗਿੱਲ ਦੱਸਦੇ ਹਨ, "ਕੈਨੇਡਾ ਵਿੱਚ ਡਰੱਗਜ਼ ਬਹੁਤ ਜ਼ਿਆਦਾ ਹੈ। ਕੈਨੇਡਾ ਵਿੱਚ ਡਰੱਗਜ਼ ਦੀਆਂ 55 ਤੋਂ ਲੈ ਕੇ 70 ਕਿਸਮਾਂ ਹਨ। ਡਰੱਗਜ਼ ਦੇ ਆਦੀ ਹੋਣ ਨਾਲ ਵੀ ਵਿਦਿਆਰਥੀ ਮਾਨਸਿਕ ਅਤੇ ਸਰੀਰਕ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ।'' ਇਸ ਤੋਂ ਇਲਾਵਾ ਡਰੱਗਜ਼ ਓਵਰ ਡੋਜ਼ ਕਾਰਨ ਵਿਦਿਆਰਥੀਆਂ ਦੀ ਮੌਤਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ।

ਨਿਰਲੇਪ ਸਿੰਘ ਗਿੱਲ ਨੇ ਦੱਸਿਆ ਕਿ ਭਾਰਤ ਦੀ ਬਹੁਤ ਵੱਡੀ ਆਬਾਦੀ ਕੈਨੇਡਾ ਵਿੱਚ ਰਹਿੰਦੀ ਹੈ, ਸਿਰਫ਼ ਕੌਮਾਂਤਰੀ ਵਿਦਿਆਰਥੀ ਦੀਆਂ ਮੌਤਾਂ ਦੀ ਗਿਣਤੀ ਵਿੱਚ ਵਾਧਾ ਕਿਉਂ ਹੋ ਰਿਹਾ ਹੈ, ਇੱਕ ਸਵਾਲ ਹੈ। ਗਿੱਲ ਨੇ ਦੱਸਿਆ ਕਿ ਜ਼ਿਆਦਾਤਰ ਮੌਤਾਂ ਨੂੰ ਹਾਰਟ ਅਟੈਕ ਨਾਲ ਜੋੜ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਵੱਖ ਵੱਖ ਕਾਰਨਾਂ ਕਰ ਕੇ ਪੈਦਾ ਹੋਏ ਮਾਨਸਿਕ ਤਣਾਅ ਕਾਰਨ ਵੀ ਵਿਦਿਆਰਥੀਆਂ ਵਿੱਚ ਖ਼ੁਦਕੁਸ਼ੀਆਂ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ। ਇਸ ਲਈ ਜੇਕਰ ਕਿਸੇ ਵਿਦਿਆਰਥੀ ਨੂੰ ਇਸ ਨਾਲ ਡੀਲ ਕਰਨਾ ਨਹੀਂ ਆਉਂਦਾ ਤਾਂ ਉਹ ਹੌਂਸਲਾ ਹਾਰ ਜਾਂਦਾ ਹੈ। ਇਸ ਤੋਂ ਇਲਾਵਾ ਕੈਨੇਡਾ ਦੀ ਨਾਗਰਿਕਤਾ ਤੇ ਪੀਆਰ ਹਾਸਲ ਕਰਨ ਨੂੰ ਲੈ ਕੇ ਵੀ ਬੱਚੇ ਮਾਨਸਿਕ ਦਬਾਅ ਵਿੱਚ ਰਹਿੰਦੇ ਹਨ।

* * * * * * *

### ਗੁਰੂ ਘਰ ਸਹਾਰਾ

ਕੈਨੇਡਾ ਵਿੱਚ ਨੌਕਰੀਆਂ ਦੀ ਕਮੀ ਕਾਰਨ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀ ਨੂੰ ਰੋਜ਼ਗਾਰ ਨਹੀਂ ਮਿਲ ਰਿਹਾ। ਰੁਜ਼ਗਾਰ ਦੀ ਕਮੀ ਅਤੇ ਵਧਦੀ ਮਹਿੰਗਾਈ ਦੇ ਕਾਰਨ ਕਈ ਵਿਦਿਆਰਥੀਆਂ ਨੂੰ ਦੋ ਡੰਗ ਦੀ ਰੋਟੀ ਕਮਾਉਣ ਵਿੱਚ ਵੀ ਦਿੱਕਤ ਆ ਰਹੀ ਹੈ। ਇਸ ਕਰਕੇ ਕਈ ਵਿਦਿਆਰਥੀਆਂ ਨੂੰ ਗੁਰੂ ਘਰਾਂ ਅਤੇ ਫੂਡ ਬੈਂਕਾਂ ਉੱਤੇ ਨਿਰਭਰ ਹੋਣਾ ਪੈ ਰਿਹਾ ਹੈ। ਗੁਰਦੁਆਰਿਆਂ ਦੇ ਪ੍ਰਬੰਧਕ ਵੀ ਅਜਿਹੇ ਵਿਦਿਆਰਥੀਆਂ ਦੀ ਮਦਦ ਲਈ ਅੱਗੇ ਆਉਂਦੇ ਹਨ। ਗੁਰੂ ਘਰ ਵਿਦਿਆਰਥੀਆਂ ਲਈ ਵਡਾ ਸਹਾਰਾ ਬਣ ਰਹੇ ਹਨ।

ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਰਹਿਣ ਵਾਲੇ ਇਮੀਗ੍ਰੇਸ਼ਨ ਮਾਹਿਰ ਰਤਨਦੀਪ ਸਿੰਘ ਮੁਤਾਬਕ ਜੀਆਈਸੀ ਵਿੱਚ ਇੱਕ ਦਮ ਕੀਤਾ ਗਿਆ ਵਾਧਾ ਵਿਦਿਆਰਥੀਆਂ ਨੂੰ ਮਾਯੂਸ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਰਹਿਣ ਸੁਹਿਣ ਪਹਿਲਾਂ ਦੇ ਮੁਕਾਬਲੇ ਬਹੁਤ ਮਹਿੰਗਾ ਗਿਆ ਹੈ ਅਤੇ ਇਸ ਦੀ ਮਾਰ ਵਿਦਿਆਰਥੀਆਂ ਨੂੰ ਝੱਲਣੀ ਪੈ ਰਹੀ ਹੈ। ਉਨ੍ਹਾਂ ਆਖਿਆ ਕਿ ਇਸੇ ਕਰਕੇ ਪੰਜ ਤੋਂ ਛੇ ਵਿਦਿਆਰਥੀ ਬੇਸਮੈਂਟ ਵਿੱਚ ਰਹਿਣ ਲਈ ਮਜਬੂਰ ਹਨ। ਇਸ ਤੋਂ ਇਲਾਵਾ ਕੁਝ ਵਿਦਿਆਰਥੀ ਬਿਨ੍ਹਾਂ ਘਰਾਂ ਤੋਂ ਟੈਂਟਾਂ ਵਿੱਚ ਰਹਿ ਰਹੇ ਹਨ ਅਤੇ ਗੁਰਦੁਆਰਾ ਸਾਹਿਬ ਵਿੱਚ ਰੋਟੀ ਖਾ ਕੇ ਗੁਜ਼ਾਰਾ ਕਰਨ ਦੇ ਲਈ ਮਜਬੂਰ ਹਨ।

ਰਤਨਦੀਪ ਸਿੰਘ ਮੁਤਾਬਕ ਬੇਸ਼ੱਕ ਜੀਆਈਸੀ ਵਿੱਚ ਵਾਧਾ ਕਰ ਕੇ ਕੈਨੇਡਾ ਆਰਥਿਕ ਤੌਰ ਉੱਤੇ ਮਜ਼ਬੂਤ ਵਿਦਿਆਰਥੀਆਂ ਨੂੰ ਪੜਾਈ ਲਈ ਬੁਲਾਉਣਾ ਚਾਹੁੰਦਾ ਹੈ ਪਰ ਚੰਗਾ ਹੁੰਦਾ ਇਹ ਵਾਧਾ ਹੌਲੀ ਹੌਲੀ ਹੁੰਦਾ। ਇਸ ਤੋਂ ਇਲਾਵਾ ਜਨਵਰੀ ਮਹੀਨੇ ਵਿੱਚ 18 ਮਹੀਨੇ ਵਰਕ ਪਰਮਿਟ ਦੀ ਸਕੀਮ ਬੰਦ ਕਰਨਾ ਦੀ ਮਾਰ ਵੀ ਵਿਦਿਆਰਥੀਆਂ ਉੱਤੇ ਪਵੇਗੀ ਜੋ ਕਿ ਉਨ੍ਹਾਂ ਨੂੰ ਮਾਯੂਸ ਕਰਨ ਵਾਲੀ ਹੈ।

# ਯੂਰਪ ਦੀ ਸੁਰੱਖਿਆ ਨੂੰ ਰੂਸ-ਚੀਨ ਤੋਂ ਖਤਰਾ

**○ ਅਮਰੀਕਾ ਤੇ ਨਾਟੋ ਔਖਾ, ਕਿਉਂ ਘਟਾ ਰਿਹਾ ਯੂਰਪ ਆਪਣੇ ਫੌਜੀ ਖਰਚੇ ○ ਜਰਮਨ ਵਲੋਂ ਯੂਕਰੇਨ ਦੀ ਫੌਜੀ ਮਦਦ ਤੋਂ ਰੂਸ ਤੜਫਿਆ, ਜਰਮਨ ਨਿਸ਼ਾਨੇ ਉਪਰ**



ਵਿਸ਼ਵ ਜੰਗ ਦਾ ਖਤਰਾ ਸੰਸਾਰ ਉਪਰ ਮੰਡਰਾ ਰਿਹਾ ਹੈ। ਰੂਸ-ਯੂਕਰੇਨ ਦੀ ਜੰਗ ਦੌਰਾਨ ਨਾਟੋ ਦੀ ਦਖਲ ਅੰਦਾਜ਼ੀ ਕਾਰਣ ਰੂਸ ਭੜਕਿਆ ਹੋਇਆ ਹੈ ਤੇ ਉਸ ਦੇ ਨਿਸ਼ਾਨੇ ਉਪਰ ਯੂਰਪ ਖਾਸ ਕਰਕੇ ਜਰਮਨ ਹੈ। ਕਦੇ ਵੀ ਇਹ ਜੰਗ ਵਡੇ ਪੱਧਰ ਉਪਰ ਭੜਕ ਸਕਦੀ ਹੈ। ਸੰਸਾਰ ਨੂੰ ਨਿਸ਼ਾਨੇ ਉਪਰ ਲੈ ਸਕਦੀ ਹੈ। ਦੂਜੇ ਪਾਸੇ ਸੰਸਾਰਕ ਮੰਦੀ ਕਾਰਣ ਯੂਰਪ ਨੇ ਫੌਜੀ ਖਰਚੇ ਵਡੀ ਪੱਧਰ ਉਪਰ ਘਟਾ ਦਿਤੇ ਹਨ। ਇਸ ਕਾਰਣ ਅਮਰੀਕਾ ਤੇ ਨਾਟੋ ਔਖਾ ਹੈ। ਦੋਵੇਂ ਚਾਹੁੰਦੇ ਹਨ ਕਿ ਯੂਰਪ ਫੌਜੀ ਖਰਚਿਆਂ 'ਚ ਹਿਸਾ ਪਾਵੇ। ਅਮਰੀਕਾ ਉਪਰ ਆਰਥਿਕ ਦਬਾਅ ਨਾ ਪਾਵੇ। ਨਾਟੋ ਦੇ ਕਈ ਉਚ ਅਧਿਕਾਰੀਆਂ ਨੂੰ ਡਰ ਹੈ ਕਿ ਆਉਣ ਵਾਲੇ ਕੁਝ ਸਾਲ ਬਹੁਤ ਫੈਸਲਾਕੁੰਨ ਸਾਬਤ ਹੋ ਸਕਦੇ ਹਨ। ਅਗਲੇ ਪੰਜ ਸਾਲਾਂ ਵਿੱਚ ਜੰਗ ਦੀ ਸੰਭਾਵਨਾ ਹੋ ਸਕਦੀ ਹੈ ਜੋ ਯੂਰਪ ਨੂੰ ਲਪੇਟ ਵਿਚ ਲੈ ਸਕਦੀ ਹੈ।

ਯੂਕਰੇਨ ਯੁੱਧ ਅਤੇ ਨਵੰਬਰ ਵਿਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ, ਇਹ ਦੋਵੇਂ ਮੁੱਦੇ ਹਾਲ ਹੀ ਵਿਚ ਵਾਸ਼ਿੰਗਟਨ ਵਿਚ ਹੋਏ ਨਾਟੋ ਸੰਮੇਲਨ ਵਿਚ ਹਾਵੀ ਰਹੇ। ਨਾਟੋ ਦੇ ਫੌਜੀ ਯੋਜਨਾਕਾਰਾਂ ਨੇ ਮੁੱਖ ਤੌਰ 'ਤੇ ਯੂਰਪ ਵਿੱਚ ਸੁਰੱਖਿਆ ਬੁਨਿਆਦੀ ਢਾਂਚੇ ਦੀ ਵਿਗੜਦੀ ਸਥਿਤੀ ਨੂੰ ਠੀਕ ਕਰਨ ਲਈ ਲੋੜੀਂਦੀਆਂ ਵੱਡੀਆਂ ਰਕਮਾਂ ਦੇ ਮੁਲਾਂਕਣ 'ਤੇ ਵਿਚਾਰ ਕੀਤਾ। ਪਿਛਲੇ ਸਾਲ, ਨਾਟੋ ਨੇਤਾਵਾਂ ਨੇ ਵੱਡੇ ਪੱਧਰ 'ਤੇ ਰੱਖਿਆ ਸਮਰਥਾ ਨੂੰ ਸੁਧਾਰਨ ਲਈ ਸਹਿਮਤੀ ਪ੍ਰਗਟਾਈ ਸੀ। ਫਰਵਰੀ 2022 ਵਿਚ ਰੂਸੀ ਹਮਲੇ ਨਾਲ ਸ਼ੁਰੂ ਹੋਏ ਯੂਕਰੇਨ ਯੁੱਧ ਤੋਂ ਬਾਅਦ ਹੀ ਯੂਰਪ ਵਿਚ ਸੁਰੱਖਿਆ ਵਧਾਉਣ ਅਤੇ ਫੌਜੀ ਸਾਜ਼ੋ-ਸਾਮਾਨ 'ਤੇ ਭਾਰੀ ਖਰਚ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ।

ਸੀਐਨਐਨ ਦੀ ਇਕ ਖਬਰ ਅਨੁਸਾਰ, ਇਸ ਸਾਲ ਫਰਵਰੀ ਵਿੱਚ, ਟਰੰਪ ਨੇ ਕਿਹਾ ਸੀ ਕਿ ਉਹ ਰੂਸ ਨੂੰ ਉਤਸ਼ਾਹਿਤ ਕਰੇਗਾ ਕਿ ਉਹ ਰੱਖਿਆ ਖਰਚਿਆਂ ਨਾਲ ਜੁੜੇ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਵਾਲੇ ਨਾਟੋ ਦੇ ਮੈਂਬਰਾਂ ਨਾਲ ਜੋ ਮਰਜ਼ੀ ਕਰੇ"। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਹ ਮੁੜ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਉਹ ਨਾਟੋ ਨਾਲ ਮਿਲਕੇ ਇੱਕ ਦੂਜੇ ਦੀ ਰੱਖਿਆ ਲਈ ਨਾਟੋ ਦੀ ਧਾਰਾ ਦਾ ਪਾਲਣ ਨਹੀਂ ਕਰਨਗੇ। ਅਜਿਹੇ ਵਿਚ ਜਰਮਨੀ ਸਮੇਤ ਕਈ ਯੂਰਪੀ ਨਾਟੋ ਮੈਂਬਰ ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਲੈ ਕੇ ਬੇਚੈਨ ਹਨ।

ਅਗਲੇ ਸਾਲ ਹੋਣ ਵਾਲੀ ਨਾਟੋ ਰੱਖਿਆ ਮੰਤਰੀਆਂ ਦੀ ਅਹਿਮ ਬੈਠਕ ਵਿਚ ਫੌਜੀ ਖਰਚਿਆਂ 'ਤੇ ਫੈਸਲਾ ਲਿਆ ਜਾ ਸਕਦਾ ਹੈ। ਇਸ ਦੇ ਤਹਿਤ ਯੂਰਪ ਦੀ ਸੁਰੱਖਿਆ ਲਈ ਮੈਂਬਰ ਦੇਸ਼ਾਂ ਨੂੰ ਰੱਖਿਆ ਢਾਂਚੇ ਦੀ ਮੁਰੰਮਤ ਵਿਚ ਭਾਰੀ ਖਰਚਾ ਚੁੱਕਣਾ ਪੈ ਸਕਦਾ ਹੈ। ਫਰਵਰੀ 2022 ਵਿੱਚ ਯੂਕਰੇਨ ਉੱਤੇ ਰੂਸੀ ਹਮਲਾ ਇੱਕ ਵੱਡਾ ਮੋੜ ਸਾਬਤ ਹੋਇਆ। ਦਹਾਕਿਆਂ ਬਾਅਦ ਯੁੱਧ ਯੂਰਪੀ ਦੇਸ਼ਾਂ ਦੇ ਨੇੜੇ ਆ ਚੁਕਾ ਹੈ। ਅਜਿਹੇ ਵਿਚ ਯੂਰਪ ਦੀ ਸੁਰੱਖਿਆ ਲਈ ਨਾਟੋ ਦੀ ਭੂਮਿਕਾ ਪਹਿਲਾਂ ਨਾਲੋਂ ਜ਼ਿਆਦਾ ਅਹਿਮ ਹੋ ਗਈ ਹੈ।

ਰਾਇਟਰਜ਼ ਨਿਊਜ਼ ਏਜੰਸੀ ਨੇ ਬੀਤੇ ਦਿਨੀਂ ਇਸ ਗੁਪਤ ਯੋਜਨਾ ਬਾਰੇ ਯੂਰਪ ਦੇ 12 ਫੌਜੀ ਅਤੇ ਸਿਵਲ ਸੇਵਾ ਅਧਿਕਾਰੀਆਂ ਨਾਲ ਗੱਲ ਕੀਤੀ। ਉਸਨੇ ਛੇ ਖੇਤਰਾਂ ਦੀ ਰੂਪ ਰੇਖਾ ਦੱਸੀ ਜਿਨ੍ਹਾਂ ਨੂੰ ਨਾਟੋ ਨੇ ਸਭ ਤੋਂ ਮਹੱਤਵਪੂਰਨ ਮੰਨਿਆ ਹੈ। ਇਨ੍ਹਾਂ ਵਿੱਚ ਹਵਾਈ ਰੱਖਿਆ, ਲੰਬੀ ਦੂਰੀ ਦੀਆਂ ਮਿਜ਼ਾਈਲਾਂ, ਸੈਨਿਕਾਂ ਦੀ ਗਿਣਤੀ, ਸਾਜ਼ੋ-ਸਾਮਾਨ, ਲੌਜਿਸਟਿਕਸ ਅਤੇ ਫੌਜੀ ਆਵਾਜਾਈ ਅਤੇ ਜੰਗ ਦੇ ਮੈਦਾਨ ਵਿੱਚ ਸੁਰੱਖਿਅਤ ਡਿਜੀਟਲ ਸੰਚਾਰ ਦੀ ਘਾਟ ਵਰਗੇ ਪਹਿਲੂ ਸ਼ਾਮਲ ਹਨ।

ਮਾਹਿਰਾਂ ਮੁਤਾਬਕ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨਾ ਨਾਟੋ ਲਈ ਧੀਮੀਂ ਪ੍ਰਕਿਰਿਆ ਸਾਬਤ ਹੋ ਸਕਦੀ ਹੈ। ਬਜਟ ਦੀਆਂ ਸੀਮਾਵਾਂ ਯੂਰਪ ਦੇ ਪ੍ਰਮੁੱਖ ਨਾਟੋ ਮੈਂਬਰਾਂ ਵਿੱਚ ਏਕਤਾ ਨੂੰ ਪ੍ਰਭਾਵਤ ਕਰ ਸਕਦੀਆਂ ਹਨ।

ਡੋਨਾਲਡ ਟਰੰਪ ਕਈ ਵਾਰ ਅਮਰੀਕਾ ਵਲੋਂ ਨਾਟੋ ਛੱਡਣ ਦੀ ਧਮਕੀ ਦੇ ਚੁੱਕੇ ਹਨ। ਰਾਸ਼ਟਰਪਤੀ ਵਜੋਂ ਆਪਣੇ ਕਾਰਜਕਾਲ ਦੌਰਾਨ, ਨਾਟੋ ਦੇ ਯੂਰਪੀਅਨ ਮੈਂਬਰਾਂ ਨਾਲ ਉਸਦੀ ਮੁੱਖ ਸ਼ਿਕਾਇਤ ਇਹ ਸੀ ਕਿ ਉਹਨਾਂ ਨੇ ਗਠਜੋੜ ਵਿੱਚ ਅਨੁਮਾਨਤ ਆਰਥਿਕ ਯੋਗਦਾਨ ਨਹੀਂ ਪਾਇਆ।

ਆਉਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵੀ ਨਾਟੋ ਦੀ ਏਕਤਾ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ। ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਦੀ ਸੰਭਾਵਨਾ ਕਾਰਨ ਯੂਰਪੀ ਦੇਸ਼ ਸੁਰੱਖਿਆ ਅਤੇ ਗਠਜੋੜ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਟਰੰਪ ਨੇ ਯੂਰਪ ਦੇ ਸਹਿਯੋਗੀ ਦੇਸ਼ਾਂ 'ਤੇ ਅਮਰੀਕਾ ਦੁਆਰਾ ਦਿੱਤੀ ਜਾਣ ਵਾਲੀ ਫੌਜੀ ਸਹਾਇਤਾ ਦਾ ਫਾਇਦਾ ਉਠਾਉਣ ਦਾ ਦੋਸ਼ ਲਗਾਇਆ ਸੀ। ਉਹ ਪਹਿਲਾਂ ਵੀ ਨਾਟੋ ਦੇ ਯੂਰਪੀ ਸਹਿਯੋਗੀਆਂ ਦੀ ਢੁਕਵੀਂ ਫੰਡ ਮੁਹੱਈਆ ਨਾ ਕਰਨ ਲਈ ਆਲੋਚਨਾ ਕਰ ਚੁੱਕੇ ਹਨ।

ਵਾਸ਼ਿੰਗਟਨ ਕਾਨਫਰੰਸ ਦੌਰਾਨ ਕੁਝ ਯੂਰਪੀ ਨੇਤਾਵਾਂ ਨੇ ਖੁੱਲ੍ਹ ਕੇ ਮੰਨਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਭਾਵੇਂ ਕੋਈ ਵੀ ਜਿੱਤ ਜਾਵੇ, ਯੂਰਪ ਨੂੰ ਆਪਣੇ ਫੌਜੀ ਖਰਚੇ ਵਧਾਉਣੇ ਪੈਣਗੇ। ਬ੍ਰਿਟੇਨ ਦੇ ਰੱਖਿਆ ਮੰਤਰੀ ਜੌਹਨ ਹੇਲੀ ਨੇ ਕਿਹਾ, "ਸਾਨੂੰ ਸਵੀਕਾਰ ਕਰਨਾ ਹੋਵੇਗਾ ਕਿ ਰਾਸ਼ਟਰਪਤੀ ਚੋਣਾਂ ਦਾ ਨਤੀਜਾ ਜੋ ਵੀ ਹੋਵੇ, ਹਿੰਦ-ਪ੍ਰਸ਼ਾਂਤ ਖੇਤਰ ਨੂੰ ਲੈ ਕੇ ਅਮਰੀਕਾ ਦੀ ਤਰਜੀਹ ਤੇਜ਼ੀ ਨਾਲ ਬਦਲੇਗੀ। ਅਜਿਹੀ ਸਥਿਤੀ ਵਿਚ ਨਾਟੋ ਵਿਚ ਸ਼ਾਮਲ ਯੂਰਪੀ ਦੇਸ਼ਾਂ ਨੂੰ ਹੋਰ ਯਤਨ ਕਰਨੇ ਪੈਣਗੇ।"

ਨਾਟੋ ਵਿਚ ਸੁਰੱਖਿਆ ਪ੍ਰਤੀ ਮੈਂਬਰ ਦੇਸ਼ਾਂ ਵਲੋਂ ਦਿੱਤੇ ਜਾਣ ਵਾਲੇ ਆਰਥਿਕ ਯੋਗਦਾਨ ਵਿਚ ਫਰਕ ਆਇਆ ਹੈ। ਸਾਰੇ ਸਬੰਧਤ ਮੰਨਦੇ ਹਨ ਕਿ ਨਾਟੋ ਦੀਆਂ ਸੁਰੱਖਿਆ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਇਸ ਲਈ ਵੱਡੇ ਖਰਚੇ ਦੀ ਲੋੜ ਹੋਵੇਗੀ। ਇਹ ਸਪੱਸ਼ਟ ਹੈ ਕਿ ਵਿਦੇਸ਼ ਨੀਤੀ ਦੇ ਪੱਧਰ 'ਤੇ ਅਮਰੀਕਾ ਦੀਆਂ ਤਰਜੀਹਾਂ ਸਿਰਫ਼ ਯੂਰਪ ਤੱਕ ਹੀ ਸੀਮਤ ਨਹੀਂ ਹਨ। ਚੀਨ ਦੀ ਚੁਣੌਤੀ ਕਾਰਨ ਹਿੰਦ-ਪ੍ਰਸ਼ਾਂਤ ਖੇਤਰ 'ਤੇ ਇਸ ਦਾ ਧਿਆਨ ਹੋਰ ਵਧਣ ਦੀ ਸੰਭਾਵਨਾ ਹੈ। ਅਜਿਹੀ ਸਥਿਤੀ ਵਿੱਚ ਬਹੁਤ ਸਾਰੇ ਮਾਹਿਰ ਇਸ ਗੱਲ ਵਲ ਧਿਆਨ ਦਿਵਾਉਂਦੇ ਹਨ ਕਿ ਯੂਰਪੀਅਨ ਦੇਸ਼ਾਂ ਨੂੰ ਆਪਣੀ ਸਮੂਹਿਕ ਸੁਰੱਖਿਆ ਲਈ ਵਧੇਰੇ ਆਤਮ-ਨਿਰਭਰ ਬਣਨਾ ਹੋਵੇਗਾ।

ਸ਼ੀਤ ਯੁੱਧ ਦੇ ਅੰਤ ਤੋਂ ਬਾਅਦ ਪਹਿਲੀ ਵਾਰ ਨਾਟੋ ਇੰਨੀ ਜ਼ਿਆਦਾ ਸਾਵਧਾਨੀ ਵਰਤ ਰਿਹਾ ਹੈ। ਕਈ ਅਧਿਕਾਰੀਆਂ ਨੂੰ ਡਰ ਹੈ ਕਿ ਆਉਣ ਵਾਲੇ ਕੁਝ ਸਾਲ ਬਹੁਤ ਫੈਸਲਾਕੁੰਨ ਸਾਬਤ ਹੋ ਸਕਦੇ ਹਨ। ਜਰਮਨੀ ਦੇ ਰੱਖਿਆ ਮੰਤਰੀ ਬੋਰਿਸ ਪਿਸਟੋਰੀਅਸ ਨੇ ਚੇਤਾਵਨੀ ਦਿੱਤੀ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਰੂਸ ਦੇ ਹਮਲੇ ਨਾਟੋ ਦੀਆਂ ਸਰਹੱਦਾਂ ਤੱਕ ਪਹੁੰਚ ਸਕਦੇ ਹਨ। ਸਪੀਗਲ ਮੈਗਜ਼ੀਨ ਮੁਤਾਬਕ ਪਿਸਟੋਰੀਅਸ ਨੇ ਹੁਣੇ ਜਿਹੇ ਸੰਸਦ ਵਿਚ ਕਿਹਾ ਸੀ ਕਿ ਜਰਮਨੀ ਨੂੰ ਸਾਲ 2029 ਤੱਕ ਜੰਗ ਲਈ ਤਿਆਰ ਰਹਿਣਾ ਚਾਹੀਦਾ ਹੈ। ਉਸਨੇ ਚੇਤਾਵਨੀ ਦਿੱਤੀ ਕਿ "ਜਦੋਂ ਪੁਤਿਨ ਇੰਨੀ ਨੇੜੇ ਆ ਗਏ ਹਨ, ਤਾਂ ਇਹ ਨਹੀਂ ਮੰਨਿਆ ਜਾਣਾ ਚਾਹੀਦਾ ਹੈ ਕਿ ਰੂਸ ਯੂਕਰੇਨ ਦੀ ਸਰਹੱਦ 'ਤੇ ਰੁਕ ਜਾਵੇਗਾ।"

ਇਕ ਪਾਸੇ ਮਾਹਿਰ ਰੂਸ ਨੂੰ 'ਜੰਗੀ ਅਰਥਚਾਰਾ' ਦੱਸ ਰਹੇ ਹਨ, ਦੂਜੇ ਪਾਸੇ ਰੱਖਿਆ ਖੇਤਰ 'ਤੇ ਖਰਚ ਵਧਾਉਣਾ ਯੂਰਪੀ ਸਰਕਾਰਾਂ ਲਈ ਚੁਣੌਤੀਪੂਰਨ ਸਾਬਤ ਹੋ ਸਕਦਾ ਹੈ। ਲੋਕ ਪਹਿਲਾਂ ਹੀ ਮਹਿੰਗਾਈ ਅਤੇ ਮਹਿੰਗਾਈ ਦੇ ਬੋਝ ਹੇਠ ਦੱਬੇ ਹੋਏ ਹਨ। ਅਜਿਹੇ 'ਚ ਟੈਕਸਦਾਤਾ ਜੰਗ ਦੀਆਂ ਤਿਆਰੀਆਂ ਲਈ ਵਧਦੇ ਖਰਚੇ ਦਾ ਵਿਰੋਧ ਕਰ ਸਕਦੇ ਹਨ। ਖ਼ਾਸਕਰ ਜਦੋਂ ਬਹੁਤ ਸਾਰੇ ਲੋਕਾਂ ਲਈ ਜੰਗ ਬਹੁਤ ਦੂਰ ਦੀ ਸੰਭਾਵਨਾ ਹੈ।

ਜਰਮਨੀ ਨੇ ਯੂਕਰੇਨ ਅਤੇ ਰੂਸ ਵਿਚਾਲੇ ਚੱਲ ਰਹੀ ਜੰਗ ਵਿੱਚ ਕੀਵ ਦੀ ਮਦਦ ਲਈ ਹਥਿਆਰ ਅਤੇ ਉਪਕਰਨ ਮੁਹੱਈਆ ਕਰਵਾਏ ਹਨ। ਹਵਾਈ ਰੱਖਿਆ ਜਰਮਨੀ ਦੁਆਰਾ ਪ੍ਰਦਾਨ ਕੀਤੀ ਗਈ ਸਹਾਇਤਾ ਦਾ ਇੱਕ ਪ੍ਰਮੁੱਖ ਪਹਿਲੂ ਹੈ। ਯੁੱਧ ਸ਼ੁਰੂ ਹੋਣ ਤੋਂ ਬਾਅਦ ਜਰਮਨੀ ਨੇ 10,000 ਤੋਂ ਵੱਧ ਯੂਕਰੇਨੀ ਸੈਨਿਕਾਂ ਨੂੰ ਫੌਜੀ ਸਿਖਲਾਈ ਦਿੱਤੀ ਹੈ।

ਨਾਟੋ ਦੇ ਫੌਜੀ ਰਣਨੀਤੀਕਾਰਾਂ ਦਾ ਅੰਦਾਜ਼ਾ ਹੈ ਕਿ ਰੂਸੀ ਹਮਲੇ ਦੀ ਸਥਿਤੀ ਵਿੱਚ, ਉਨ੍ਹਾਂ ਨੂੰ 35 ਤੋਂ 50 ਵਾਧੂ ਬ੍ਰਿਗੇਡਾਂ ਦੀ ਲੋੜ ਹੋਵੇਗੀ। ਇੱਕ ਬ੍ਰਿਗੇਡ ਵਿੱਚ 3,000 ਤੋਂ 7,000 ਸਿਪਾਹੀ ਹੁੰਦੇ ਹਨ। ਇਸ ਦਾ ਮਤਲਬ ਹੈ ਕਿ ਨਾਟੋ ਨੂੰ 3,50,000 ਵਾਧੂ ਸੈਨਿਕਾਂ ਦੀ ਲੋੜ ਪਵੇਗੀ।

ਜੇਕਰ ਜਰਮਨੀ ਦੇ ਸੰਦਰਭ 'ਚ ਦੇਖਿਆ ਜਾਵੇ ਤਾਂ ਇਸ ਨੂੰ ਤਿੰਨ ਤੋਂ ਪੰਜ ਵਾਧੂ ਬ੍ਰਿਗੇਡਾਂ ਯਾਨੀ 30 ਹਜ਼ਾਰ ਵਾਧੂ ਸੈਨਿਕਾਂ ਦੀ ਲੋੜ ਪੈ ਸਕਦੀ ਹੈ। ਜਰਮਨ ਸਰਕਾਰ ਇਸ ਸਮੇਂ ਤਿੰਨ ਡਿਵੀਜ਼ਨਾਂ 'ਤੇ ਕੰਮ ਕਰ ਰਹੀ ਹੈ। ਉਸਨੂੰ ਘੱਟੋ-ਘੱਟ ਇੱਕ ਹੋਰ ਡਵੀਜ਼ਨ ਬਣਾਉਣ ਦੀ ਲੋੜ ਪਵੇਗੀ। ਪਰ ਜਰਮਨੀ ਦੀਆਂ ਕੀ ਤਿਆਰੀਆਂ ਹਨ,ਇਸ ਬਾਰੇ ਕੋਈ ਖਬਰ ਨਹੀਂ ਹੈ।

ਹੁਣ ਤੱਕ ਨਾਟੋ ਵਿੱਚ ਸਭ ਤੋਂ ਵੱਧ ਯੋਗਦਾਨ ਅਮਰੀਕਾ ਹੀ ਦਿੰਦਾ ਰਿਹਾ ਹੈ। ਜੂਨ ਵਿੱਚ ਪ੍ਰਕਾਸ਼ਿਤ ਅੰਕੜਿਆਂ ਦੇ ਅਨੁਸਾਰ, ਅਮਰੀਕਾ 2024 ਵਿੱਚ ਰੱਖਿਆ ਉੱਤੇ 967 ਬਿਲੀਅਨ ਡਾਲਰ ਤੋਂ ਵੱਧ ਖਰਚ ਕਰੇਗਾ। ਇਹ ਜਰਮਨੀ ਦੇ ਖਰਚੇ ਤੋਂ ਲਗਭਗ 10 ਗੁਣਾ ਜ਼ਿਆਦਾ ਹੈ।

ਨਾਟੋ ਵਿੱਚ ਯੋਗਦਾਨ ਪਾਉਣ ਵਾਲਾ ਦੂਜਾ ਸਭ ਤੋਂ ਵੱਡਾ ਦੇਸ਼ ਜਰਮਨੀ ਹੈ। 2024 ਵਿੱਚ ਨਾਟੋ ਦਾ ਕੁੱਲ ਮਿਲਟਰੀ ਖਰਚਾ 1,474.4 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ। ਡੋਨਾਲਡ ਟਰੰਪ ਨੇ ਓਹੀਓ ਦੇ ਸੰਸਦ ਮੈਂਬਰ ਜੇਡੀ ਵੈਨਸ ਨੂੰ ਆਪਣਾ ਉਪ ਰਾਸ਼ਟਰਪਤੀ ਉਮੀਦਵਾਰ ਚੁਣਿਆ ਹੈ। ਉਹ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਦਾ ਵਿਰੋਧ ਕਰਦਾ ਹੈ। ਉਸਨੇ ਨਾਟੋ ਸਹਿਯੋਗੀਆਂ ਨੂੰ 'ਵੈਲਫੇਅਰ ਕਲਾਇੰਟਸ' ਕਹਿ ਕੇ ਆਲੋਚਨਾ ਵੀ ਕੀਤੀ ਸੀ।

ਨਵੀਂ ਰੱਖਿਆ ਨੀਤੀ ਤਹਿਤ ਜਰਮਨੀ ਨੂੰ ਹਵਾਈ ਰੱਖਿਆ ਚਾਰ ਗੁਣਾ ਵਧਾਉਣੀ ਪਵੇਗੀ। ਇਸ ਵਿੱਚ ਨਾ ਸਿਰਫ਼ ਪੈਟ੍ਰੀਅਟ ਏਅਰ ਡਿਫੈਂਸ ਸਿਸਟਮ, ਸਗੋਂ ਛੋਟੀ ਦੂਰੀ ਦੀਆਂ ਪ੍ਰਣਾਲੀਆਂ ਦੀਆਂ ਤੋਪਾਂ ਮਿਜ਼ਾਈਲਾਂ ਨੂੰ ਵਧਾਉਣਾ ਵੀ ਸ਼ਾਮਲ ਹੈ। ਇਸ ਯੁੱਧ ਦੇ ਗੰਭੀਰ ਵਾਧੇ ਦੀ ਸਥਿਤੀ ਵਿੱਚ, 1,00,000 ਤੋਂ ਵੱਧ ਸੈਨਿਕਾਂ ਦੀ ਜ਼ਰੂਰਤ ਹੋਏਗੀ, ਜਿਨ੍ਹਾਂ ਨੂੰ ਪੂਰਬੀ ਸਿਰੇ 'ਤੇ ਤਾਇਨਾਤ ਕੀਤਾ ਜਾਵੇਗਾ। ਇਸ 'ਤੇ ਕਾਫੀ ਖਰਚਾ ਆਵੇਗਾ। ਰਿਪੋਰਟਾਂ ਮੁਤਾਬਕ ਬਜਟ ਚੁਣੌਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਜਰਮਨੀ ਅਗਲੇ ਸਾਲ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਫੌਜੀ ਸਹਾਇਤਾ ਨੂੰ ਅੱਧਾ ਕਰਨ ਦੀ ਯੋਜਨਾ ਬਣਾ ਰਿਹਾ ਹੈ। ਉਸਨੂੰ ਉਮੀਦ ਹੈ ਕਿ ਰੂਸੀ ਸੰਪਤੀਆਂ ਨੂੰ ਜ਼ਬਤ ਕਰਨ ਤੋਂ ਪ੍ਰਾਪਤ ਧਨ ਨਾਲ ਯੂਕਰੇਨ ਨੂੰ ਕਰਜ਼ਾ ਦਿਤਾ ਜਾਵੇਗਾ,

ਬਾਕੀ ਹਿਸਾ ਸਫ਼ਾ 21 ਤੇ ਪੜ੍ਹੋ

20 ਸਫ਼ੇ ਦੀ ਬਾਕੀ

ਇਸ ਨੂੰ ਉਹ ਆਪਣੀਆਂ ਫੌਜੀ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਯੋਗ ਬਣਾ ਸਕੇਗਾ। ਇਸ ਸਾਲ ਜੀ7 ਦੇਸ਼ਾਂ ਨੇ ਇਸ ਸਬੰਧ ਵਿਚ ਇਕ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਸੀ।

ਵਿਸ਼ਲੇਸ਼ਕਾਂ ਮੁਤਾਬਕ ਰੂਸ ਦੇ ਵਧਦੇ ਹਮਲੇ ਦੇ ਮੱਦੇਨਜ਼ਰ ਯੂਰਪ ਨੂੰ ਵੱਡੇ ਪੱਧਰ 'ਤੇ ਤਿਆਰੀਆਂ ਦੀ ਲੋੜ ਹੋਵੇਗੀ। ਇਸ ਵਿੱਚ ਆਵਾਜਾਈ, ਢੋਹਾ ਢੁਹਾਈ, ਸੈਨਿਕਾਂ ਨੂੰ ਭੋਜਨ, ਬਾਲਣ ਤੇ ਪਾਣੀ ਪਹੁੰਚਾਉਣ ਲਈ ਸਪਲਾਈ ਰੂਟਾਂ ਦੀ ਜ਼ਰੂਰਤ ਵੀ ਸ਼ਾਮਲ ਹੈ।

ਜ਼ਖਮੀ ਫੌਜੀਆਂ ਅਤੇ ਕੈਦੀਆਂ ਨੂੰ ਮੋਰਚੇ ਤੋਂ ਵਾਪਸ ਲਿਆਉਣ ਲਈ ਵੀ ਪ੍ਰਬੰਧ ਕਰਨੇ ਪੈਣਗੇ। ਅਧਿਕਾਰੀ ਨੇ ਦੱਸਿਆ ਕਿ ਇਸ ਦਿਸ਼ਾ ਵਿੱਚ ਵਿਸਤ੍ਰਿਤ ਨਕਸ਼ੇ ਤਿਆਰ ਕੀਤੇ ਜਾ ਰਹੇ ਹਨ। ਇਹ ਵੀ ਧਿਆਨ ਵਿੱਚ ਰੱਖਿਆ ਜਾਵੇਗਾ ਕਿ ਕੀ ਮੌਜੂਦਾ ਸਮੇਂ ਦੌਰਾਨ ਪੁਲ ਇੰਨੇ ਮਜ਼ਬੂਤ ਹਨ ਜੋ ਭਾਰੀ ਫੌਜੀ ਆਵਾਜਾਈ ਦਾ ਬੋਝ ਝੱਲ ਸਕਣ। ਇਨ੍ਹਾਂ ਬੁਨਿਆਦੀ ਢਾਂਚੇ ਦੀਆਂ ਚੁਣੌਤੀਆਂ ਤੋਂ ਇਲਾਵਾ ਨਾਟੋ ਨੂੰ ਸਾਈਬਰ ਸੁਰੱਖਿਆ ਨੂੰ ਵੀ ਮਜ਼ਬੂਤ ਕਰਨਾ ਹੋਵੇਗਾ, ਤਾਂ ਜੋ ਹੈਕਿੰਗ ਤੋਂ ਬਚਿਆ ਜਾ ਸਕੇ। ਹੈਕਿੰਗ ਕਾਰਨ ਫੌਜੀ ਤਾਇਨਾਤੀ ਵੀ ਪ੍ਰਭਾਵਿਤ ਹੋ ਸਕਦੀ ਹੈ। ਉਦਾਹਰਨ ਲਈ, ਰੇਲਵੇ ਸਵਿੱਚਾਂ ਨੂੰ ਜਾਮ ਕੀਤਾ ਜਾ ਸਕਦਾ ਹੈ, ਸੈਨਿਕਾਂ ਦੀ ਗਤੀ ਨੂੰ ਪ੍ਰਭਾਵਿਤ ਕਰਦਾ ਹੈ।

ਇੱਕ ਯੋਜਨਾਕਾਰ ਨੇ ਰਾਇਟਰਜ਼ ਨੂੰ ਦੱਸਿਆ ਕਿ ਯੂਰਪ ਨੂੰ ਨਾ ਸਿਰਫ ਰੂਸੀ ਫੌਜੀ ਗਤੀਵਿਧੀਆਂ ਦਾ ਜਵਾਬ ਦੇਣ ਲਈ ਤਿਆਰ ਰਹਿਣ ਦੀ ਜ਼ਰੂਰਤ ਹੈ, ਬਲਕਿ ਆਪਸੀ ਫੌਜੀ ਸਹਿਯੋਗ ਨੂੰ ਮਜ਼ਬੂਤ ਕਰਕੇ ਅਤੇ ਜੰਗ ਸ਼ੁਰੂ ਹੋਣ 'ਤੇ ਜਲਦੀ ਲੜਾਈ ਦੀ ਭੂਮਿਕਾ ਵਿੱਚ ਸਾਵਧਾਨ ਰਹਿਣ ਦੀ ਜ਼ਰੂਰਤ ਹੈ।

ਪੰਜਾਬ ਟਾਈਮਜ਼ ਅਨੁਸਾਰ ਇਸ ਯੁੱਧ ਪਿੱਛੇ ਅਮਰੀਕੀ ਸਾਮਰਾਜ ਤੇ ਉਸ ਦੇ ਸੰਗੀ ਨਾਟੋ ਦਾ ਵੱਡਾ ਹੱਥ ਹੈ ਅਤੇ ਇਸ ਜੰਗ ਦਾ ਨਬੇੜਾ ਵੀ ਅਮਰੀਕਾ ਤੇ ਨਾਟੋ ਦੇ ਹੱਥ ਵੱਧ ਹੈ। ਰੂਸ ਸ਼ੁਰੂ ਤੋਂ ਹੀ ਗਰੰਟੀ ਚਾਹੁੰਦਾ ਹੈ ਕਿ ਉਸ ਦੇ ਗਵਾਂਢ (ਸਾਬਕਾ ਸੋਵੀਅਤ ਦੇਸ਼ਾਂ ਸਮੇਤ ਉੱਤਰੀ ਯੂਰੋਪੀਅਨ ਦੇਸ਼ਾਂ) 'ਚ ਨਾਟੋ ਦੀ ਦਖਲਅੰਦਾਜ਼ੀ ਨਾ ਹੋਵੇ। ਉਹ ਨਹੀਂ ਚਾਹੁੰਦਾ ਕਿ ਉਸ ਦੇ ਗਵਾਂਢ ਵਿਚ ਹੁੰਦੀਆਂ ਫੌਜੀ ਗਤੀਵਿਧੀਆਂ ਤੇ ਖੁਫ਼ੀਆ ਤਾਕਤਾਂ ਉਸ ਦੀ ਸੁਰੱਖਿਆ ਲਈ ਖਤਰਾ ਬਣਨ। ਪੱਛਮੀ ਤਾਕਤਾਂ ਇਸ ਨੂੰ ਇਸ ਤਰਕ ਨਾਲ ਖਾਰਜ ਕਰ ਰਹੀਆਂ ਹਨ। ਜੇ ਯੂਕਰੇਨ ਬਰਬਾਦ ਹੋਵੇਗਾ ਤਾਂ ਬਾਕੀ ਸੰਸਾਰ ਵੀ ਇਸ ਤੋਂ ਅਛੂਤਾ ਨਹੀਂ ਰਹੇਗਾ। ਭੋਜਨ, ਊਰਜਾ ਤੇ ਮਹਿੰਗਾਈ ਦਾ ਸੰਕਟ ਹੋਰ ਵਧੇਗਾ। ਜੇ ਅਮਰੀਕਾ ਤੇ ਉਸ ਦਾ ਨਾਟੋ, ਯੂਕਰੇਨ ਵਿਚ ਦਖਲਅੰਦਾਜ਼ੀ ਤੇ ਉਸ ਨੂੰ ਹਥਿਆਰ ਦੇਣੇ ਬੰਦ ਕਰ ਦੇਵੇ ਤਾਂ ਜੰਗ ਖਤਮ ਹੋ ਸਕਦੀ ਹੈ ਪਰ ਅਮਰੀਕਾ ਨਾਟੋ ਰਾਹੀਂ ਜੰਗ ਨੂੰ ਲਗਾਤਾਰ ਹਵਾ ਦੇ ਰਿਹਾ ਹੈ।


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**ਫ਼ੋਨ ਨੰਬਰ: 01332 372851**


# ਕੀ ਜ਼ਿਮਨੀ ਚੋਣਾਂ ਤੋਂ ਡਰ ਰਹੀ ਹੈ ਭਾਜਪਾ

**✪ 30 ਵਿਧਾਨ ਸਭਾ ਸੀਟਾਂ ਖਾਲੀ ਹੋਣ ਦੇ ਡੇਢ ਮਹੀਨਿਆਂ ਬਾਅਦ ਵੀ ਚੋਣ ਕਮਿਸ਼ਨ ਨੇ ਜ਼ਿਮਨੀ ਚੋਣਾਂ ਬਾਰੇ ਚੁਪ ਧਾਰੀ**



ਦੇਸ਼ ਭਰ 'ਚ 30 ਵਿਧਾਨ ਸਭਾ ਸੀਟਾਂ ਖਾਲੀ ਹੋਣ ਦੇ ਕਰੀਬ ਡੇਢ ਮਹੀਨਿਆਂ ਬਾਅਦ ਤੱਕ ਵੀ ਚੋਣ ਕਮਿਸ਼ਨ ਨੇ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਨਹੀਂ ਕੀਤਾ ਹੈ। ਆਖ਼ਰ ਇਸੇ ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਦੇ ਨਾਲ ਹੀ ਸੱਤ ਰਾਜਾਂ ਦੀਆਂ 13 ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ ਕਰ ਦਿੱਤਾ ਸੀ। ਉਦੋਂ ਸਾਰਿਆਂ ਨੂੰ ਹੈਰਾਨੀ ਹੋਈ ਸੀ ਕਿ ਆਖ਼ਰ ਹਾਲੇ ਤਿੰਨ ਮਹੀਨੇ ਤੱਕ ਚੱਲੀ ਚੋਣ ਪ੍ਰਕਿਰਿਆ ਸਮਾਪਤ ਹੋਈ ਹੈ ਤਾਂ ਅਜੇ ਤੁਰੰਤ ਕਿਉਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ?

ਪੱਛਮੀ ਬੰਗਾਲ ਦੀਆਂ ਚਾਰ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ ਹੋਇਆ ਸੀ, ਤਾਂ ਸੂਬਾ ਸਰਕਾਰ ਨੇ ਕਮਿਸ਼ਨ ਨੂੰ ਸ਼ਿਕਾਇਤ ਕਰਦਿਆਂ ਕਿਹਾ ਸੀ ਕਿ ਉਸ ਦੇ ਇੱਥੇ 6 ਹੋਰ ਸੀਟਾਂ ਖਾਲੀ ਹੋਈਆਂ ਹਨ, ਤਾਂ ਸਾਰੀਆਂ ਚੋਣਾਂ ਇਕੱਠਿਆਂ ਹੀ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ ਹਨ? ਪਰ ਕਮਿਸ਼ਨ ਨੇ ਇਸ 'ਤੇ ਧਿਆਨ ਨਹੀਂ ਦਿੱਤਾ। ਸੱਤ ਰਾਜਾਂ ਦੀਆਂ 13 ਵਿਧਾਨ ਸਭਾ ਸੀਟਾਂ 'ਚੋਂ ਐਨ.ਡੀ.ਏ. ਸਿਰਫ਼ ਦੋ ਸੀਟਾਂ ਜਿੱਤ ਸਕੀ।

ਜ਼ਾਹਿਰ ਹੈ ਕਿ ਭਾਜਪਾ ਜ਼ਿਮਨੀ ਚੋਣਾਂ ਨੂੰ ਲੈ ਕੇ ਘਬਰਾ ਰਹੀ ਹੈ, ਕਿਉਂਕਿ ਇਸ ਵਾਰ ਜ਼ਿਆਦਾ ਸੀਟਾਂ 'ਤੇ ਜ਼ਿਮਨੀ ਚੋਣਾਂ ਹੋਣੀਆਂ ਹਨ। ਭਾਜਪਾ ਜ਼ਿਮਨੀ ਚੋਣਾਂ ਤੋਂ ਇਸ ਲਈ ਘਬਰਾ ਰਹੀ ਹੈ, ਕਿਉਂਕਿ ਅਕਤੂਬਰ 'ਚ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਜੇਕਰ ਉਸ ਤੋਂ ਪਹਿਲਾਂ ਜ਼ਿਮਨੀ ਚੋਣਾਂ ਹੁੰਦੀਆਂ ਹਨ ਅਤੇ ਨਤੀਜੇ ਮਨਮਰਜ਼ੀ ਮੁਤਾਬਿਕ ਨਹੀਂ ਆਉਂਦੇ ਹਨ ਤਾਂ ਵਿਧਾਨ ਸਭਾ ਚੋਣਾਂ 'ਚ ਮਾਹੌਲ ਵਿਗੜੇਗਾ। ਸ਼ਾਇਦ ਇਸੇ ਲਈ ਭਾਜਪਾ ਚਾਹੁੰਦੀ ਹੈ ਕਿ ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਨਾਲ ਹੀ ਇਨ੍ਹਾਂ ਸੀਟਾਂ 'ਤੇ ਜ਼ਿਮਨੀ ਚੋਣਾਂ ਵੀ ਹੋਣ। ਸੂਤਰਾਂ ਮੁਤਾਬਿਕ ਚੋਣ ਕਮਿਸ਼ਨ ਵੀ ਇਸ ਸੰਭਾਵਨਾ 'ਤੇ ਵਿਚਾਰ ਕਰ ਰਿਹਾ ਹੈ। ਭਾਜਪਾ ਦੀ ਘਬਰਾਹਟ ਕਾਰਨ ਹੀ ਇਸ ਵਾਰ ਲੱਗ ਰਿਹਾ ਹੈ ਕਿ ਮਹਾਰਾਸ਼ਟਰ, ਹਰਿਆਣਾ ਅਤੇ ਝਾਰਖੰਡ ਦੀਆਂ ਚੋਣਾਂ ਇਕੱਠੀਆਂ ਹੋਣਗੀਆਂ।

# ਦੇਸ਼ ਦੀਆਂ ਅਦਾਲਤਾਂ 'ਚ ਪੈਂਡਿੰਗ ਪਏ ਹਨ 5 ਕਰੋੜ ਤੋਂ ਵੱਧ ਕੇਸ

**✪ ਦੇਰੀ ਨਾਲ ਮਿਲ ਰਿਹਾ ਇਨਸਾਫ਼, ਕੇਸਾਂ ਦੀ ਸੁਣਵਾਈ ਦਾ ਵਾਰ-ਵਾਰ ਮੁਲਤਵੀ ਹੋਣਾ ਦੇਰੀ ਦਾ ਕਾਰਣ**

ਨਵੀਂ ਦਿੱਲੀ-ਸਰਕਾਰ ਦੇ ਲੋਕ ਸਭਾ 'ਚ ਇਕ ਲਿਖਤੀ ਜਵਾਬ ਅਨੁਸਾਰ ਉੱਤਰ ਪ੍ਰਦੇਸ਼ ਦੀਆਂ ਹੇਠਲੀਆਂ ਅਦਾਲਤਾਂ ਵਿਚ 1.18 ਕਰੋੜ ਤੋਂ ਵੱਧ ਜਦਕਿ ਦੇਸ਼ ਭਰ ਦੀਆਂ ਵੱਖ-ਵੱਖ ਅਦਾਲਤਾਂ 'ਚ 5 ਕਰੋੜ ਤੋਂ ਵੱਧ ਕੇਸ ਲੰਬਿਤ (ਪੈਂਡਿੰਗ) ਹਨ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਦੱਸਿਆ ਕਿ ਸੁਪਰੀਮ ਕੋਰਟ 'ਚ 84,045 ਮਾਮਲੇ ਲੰਬਿਤ ਹਨ, ਜਦਕਿ ਵੱਖ-ਵੱਖ ਹਾਈਕੋਰਟਾਂ ਚ 60,11,678 ਅਤੇ ਦੀਆਂ ਜ਼ਿਲ੍ਹਾ ਤੇ ਹੇਠਲੀਆਂ ਅਦਾਲਤਾਂ 'ਚ 4,53,51,913 ਕੇਸ ਪੈਂਡਿੰਗ ਪਏ ਹਨ। ਉਨ੍ਹਾਂ ਦੱਸਿਆ ਕਿ ਕੇਸਾਂ ਦੇ ਲੰਬਿਤ ਹੋਣ ਦਾ ਕਈ ਕਾਰਨ ਬਣਦੇ ਹਨ, ਜਿਸ 'ਚ ਬੁਨਿਆਦੀ ਢਾਂਚੇ ਤੇ ਸਹਾਇਕ ਅਦਾਲਤੀ ਸਟਾਫ ਦੀ ਉਪਲਬਧਤਾ 'ਚ ਕਮੀ, ਤੱਥਾਂ ਦੀ ਗੁੰਝਲਤਾ, ਸਬੂਤ ਦੀ ਪ੍ਰਕਿਰਤੀ ਤੇ ਬਾਰ, ਜਾਂਚ ਏਜੰਸੀਆਂ, ਗਵਾਹਾਂ ਤੇ ਮੁਕੱਦਮੇਬਾਜ਼ਾਂ ਦੇ ਹਿੱਸੇਦਾਰਾਂ ਦਾ ਸਹਿਯੋਗ ਸ਼ਾਮਿਲ ਹੈ। ਮੰਤਰੀ ਅਨੁਸਾਰ ਕੇਸਾਂ ਦੇ ਨਿਪਟਾਰੇ 'ਚ ਦੇਰੀ ਹੋਣ ਦੇ ਕਈ ਹੋਰ ਕਾਰਕਾਂ ਵਿਚ ਅਦਾਲਤਾਂ ਦੁਆਰਾ ਨਿਰਧਾਰਤ ਸਮਾਂ ਸੀਮਾ ਦੀ ਘਾਟ, ਕੇਸਾਂ ਦੀ ਸੁਣਵਾਈ ਦਾ ਵਾਰ-ਵਾਰ ਮੁਲਤਵੀ ਹੋਣਾ ਵੀ ਸ਼ਾਮਿਲ ਹੈ।

# ਪਤੀ ਨੇ ਪ੍ਰੇਮਿਕਾ ਨਾਲ ਮਿਲ ਕੇ ਪਤਨੀ ਦਾ ਕੀਤਾ ਕਤਲ, ਦਿਉਰ, ਪ੍ਰੇਮਿਕਾ ਉਪਰ ਮਾਮਲਾ ਦਰਜ

ਤਰਨਤਾਰਨ-ਵਿਆਹੁਤਾ ਨੂੰ ਜ਼ਹਿਰੀਲੀ ਦਵਾਈ ਦੇ ਕੇ ਮਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਮ੍ਰਿਤਕਾ ਦੇ ਭਰਾ ਵੱਲੋਂ ਦਿੱਤੇ ਬਿਆਨਾਂ ਤਹਿਤ ਪਤੀ ਸਣੇ 3 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਤਨਾਮ ਸਿੰਘ ਪਿੰਡ ਬੰਡਾਲਾ ਜ਼ਿਲ੍ਹਾ ਅੰਮ੍ਰਿਤਸਰ ਨੇ ਪੁਲਸ

ਨੂੰ ਦੱਸਿਆ ਕਿ ਉਸ ਦੀ ਭੈਣ ਕੰਵਲਜੀਤ ਕੌਰ ਦਾ ਵਿਆਹ ਕਰੀਬ ਛੇ ਸਾਲ ਪਹਿਲਾਂ ਲਵਪ੍ਰੀਤ ਸਿੰਘ ਨਾਲ ਹੋਇਆ ਸੀ। ਲਵਪ੍ਰੀਤ ਸਿੰਘ ਦੇ ਨਾਜਾਇਜ਼ ਸਬੰਧ ਰਜਨੀ ਮੋਟੋ ਨਿਵਾਸੀ ਤਰਨਤਾਰਨ ਨਾਲ ਹਨ। ਬੀਤੇ ਦਿਨੀਂ ਲਵਪ੍ਰੀਤ ਸਿੰਘ ਉਸ ਦੇ ਭਰਾ ਮੰਗੂ ਅਤੇ ਰਜਨੀ ਮੋਟੋ ਨੇ ਹਮ ਸਲਾਹ ਹੋ ਕੇ ਉਸਦੀ ਭੈਣ ਕੰਵਲਜੀਤ ਕੌਰ ਨੂੰ ਕੋਈ ਜ਼ਹਿਰੀਲੀ ਦਵਾਈ ਦੇ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਥਾਣਾ ਸਦਰ ਤਰਨਤਾਰਨ ਦੇ ਏ.ਐੱਸ.ਆਈ. ਸੁਖਦੇਵ ਸਿੰਘ ਨੇ ਦੱਸਿਆ ਕਿ ਸਤਨਾਮ ਸਿੰਘ ਦੇ ਬਿਆਨਾਂ ਹੇਠ ਮ੍ਰਿਤਕ ਔਰਤ ਦੇ ਪਤੀ ਲਵਪ੍ਰੀਤ ਸਿੰਘ ਸਿੰਘ, ਦਿਓਰ ਮੰਗੂ ਤੇ ਰਜਨੀ ਮੋਟੋ ਦੇ ਖਿਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਪੈਰਿਸ ਉਲੰਪਿਕ ਵਿਚ ਹਾਕੀ ਦਾ ਪਹਿਲਾ ਮੈਚ ਭਾਰਤ ਨੇ ਜਿੱਤਿਆ

**✪ ਕਪਤਾਨ ਹਰਮਨਪ੍ਰੀਤ ਸਿੰਘ ਨੇ ਕੀਤਾ ਜੇਤੂ ਗੋਲ-ਨਿਊਜ਼ੀਲੈਂਡ ਨੂੰ 3-2 ਨਾਲ ਹਰਾਇਆ**




ਪੈਰਿਸ/ਜਲੰਧਰ-ਭਾਰਤੀ ਹਾਕੀ ਟੀਮ ਨੇ ਪੈਰਿਸ ਉਲੰਪਿਕ ਵਿਚ ਜਿੱਤ ਨਾਲ ਆਗਾਜ਼ ਕੀਤਾ ਹੈ। ਹਰਮਨਪ੍ਰੀਤ ਸਿੰਘ ਦੀ ਕਪਤਾਨੀ ਵਾਲੀ ਭਾਰਤੀ ਹਾਕੀ ਟੀਮ ਨੇ ਪੂਲ ਬੀ ਵਿਚ ਆਪਣੇ ਪਹਿਲੇ ਮੈਚ ਵਿਚ ਨਿਊਜ਼ੀਲੈਂਡ ਨੂੰ 3-2 ਨਾਲ ਹਰਾ ਕੇ 3 ਅੰਕ ਹਾਸਲ ਕੀਤੇ। ਸਾਹ ਰੋਕ ਦੇਣ ਵਾਲੇ ਮੈਚ 'ਚ 1 ਗੋਲ ਨਾਲ ਪੱਛੜਨ ਤੋਂ ਬਾਅਦ ਭਾਰਤੀ ਟੀਮ ਨੇ ਸ਼ਾਨਦਾਰ ਵਾਪਸੀ ਕੀਤੀ ਸੀ ਪਰ ਆਖਰੀ ਸਿਟੀ ਵੱਜਣ ਤੋਂ 7 ਮਿੰਟ ਪਹਿਲਾਂ ਨਿਊਜ਼ੀਲੈਂਡ ਟੀਮ ਨੇ 2-2 ਨਾਲ ਵਾਪਸੀ ਕਰ ਲਈ। ਭਾਰਤ ਨੂੰ 57ਵੇਂ ਅਤੇ 58ਵੇਂ ਮਿੰਟ 'ਚ ਤਿੰਨ ਪੈਨਾਲਟੀ ਕਾਰਨਰ ਅਤੇ 59ਵੇਂ ਮਿੰਟ 'ਚ ਪੈਨਾਲਟੀ ਸਟਰੋਕ ਮਿਲਿਆ, ਜਿਸ ਨੂੰ ਹਰਮਨਪ੍ਰੀਤ ਸਿੰਘ ਨੇ ਗੋਲ 'ਚ ਬਦਲ ਦਿੱਤਾ ਅਤੇ ਵੱਡੀ ਗਿਣਤੀ ਵਿਚ ਮੌਜੂਦ ਭਾਰਤੀ ਪ੍ਰਸ਼ੰਸਕਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ।

ਭਾਰਤ ਤੇ ਨਿਊਜ਼ੀਲੈਂਡ ਦਰਮਿਆਨ ਹੁਣ ਤੱਕ 105 ਮੈਚ ਖੇਡੇ ਗਏ ਹਨ ਤੇ ਭਾਰਤ ਨੇ 58 ਮੈਚ ਜਿੱਤੇ ਹਨ ਤੇ ਨਿਊਜ਼ੀਲੈਂਡ ਨੇ 30 ਮੈਚ ਜਿੱਤੇ ਹਨ, ਜਦੋਂ ਕਿ 17 ਮੈਚ ਬਰਾਬਰ ਰਹੇ ਹਨ। ਪਿਛਲੇ 5 ਮੈਚਾਂ ਵਿਚ ਭਾਰਤ ਨੇ 4 ਮੈਚ ਜਿੱਤੇ ਹਨ ਅਤੇ ਕੀਵੀ ਟੀਮ ਨੂੰ ਸਿਰਫ 1 ਮੈਚ ਵਿਚ ਜਿੱਤ ਹਾਸਲ ਹੋਈ ਹੈ।

# ਬਹੁਤ ਸਮੇਂ ਬਾਅਦ ਪੰਜਾਬ ਦੇ ਹੱਕਾਂ ਲਈ ਲੋਕ ਸਭਾ ਵਿਚ ਅਵਾਜ਼ ਉਠੀ

**✪ ਪੰਜਾਬ ਦੇ ਹਿਤਾਂ ਲਈ ਪੰਜਾਬੀ ਸੰਸਦ ਮੈਂਬਰਾਂ ਬੁਲੰਦ ਕੀਤੀ ਅਵਾਜ਼ ✪ ਚੰਨੀ ਵਲੋਂ ਸੰਸਦ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਮੰਗੀ-ਸਿੱਧੂ ਮੂਸੇਵਾਲਾ ਤੇ ਕਿਸਾਨਾਂ ਦਾ ਮੁੱਦਾ ਚੁੱਕਿਆ ✪ ਪੰਜਾਬ ਦੇ ਸਾਂਸਦਾਂ ਨੇ ਕਿਹਾ ਕਿ ਬਜਟ ਪੰਜਾਬ ਨਾਲ ਵਿਤਕਰਾ ✪ ਵਪਾਰ ਲਈ ਪੰਜਾਬ ਦੇ ਬਾਰਡਰਾਂ ਨੂੰ ਖੋਲਣ ਦੀ ਉਠੀ ਮੰਗ**

ਹੁਣੇ ਜਿਹੇ ਬਜਟ ਦਾ ਪਹਿਲਾ ਪ੍ਰਭਾਵ ਇਹ ਪੈਂਦਾ ਹੈ ਕਿ ਨਰਿੰਦਰ ਮੋਦੀ ਨੇ ਸਪੱਸ਼ਟ ਰੂਪ ਵਿਚ ਆਪਣੀ ਸਰਕਾਰ ਬਚਾਉਣ ਦੀ ਰਣਨੀਤੀ ’ਤੇ ਚਲਦਿਆਂ ਹੀ ਬਿਹਾਰ ਨੂੰ 60 ਹਜ਼ਾਰ ਕਰੋੜ ਰੁਪਏ ਅਤੇ ਆਂਧਰਾ ਪ੍ਰਦੇਸ਼ ਨੂੰ 15000 ਕਰੋੜ ਰੁਪਏ ਸਿੱਧੇ ਰੂਪ ਵਿਚ ਤੇ ਅਸਿੱਧੇ ਰੂਪ ਵਿਚ ਇਸ ਤੋਂ ਵੀ ਵਧੇਰੇ ਪ੍ਰਾਜੈਕਟ ਦੇਣ ਦੇ ਐਲਾਨ ਕੀਤੇ ਹਨ ਪਰ ਪੰਜਾਬ ਜੋ ਸਦਾ ਦੇਸ਼ ਦੀ ਹਰ ਲੜਾਈ ਵਿਚ ਮੋਹਰੀ ਰਿਹਾ, ਭਾਵੇਂ ਉਹ ਦੇਸ਼ ਦੀ ਆਜ਼ਾਦੀ ਦੀ ਲੜਾਈ ਸੀ ਜਾਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਦੀ ਲੜਾਈ ਅਤੇ ਭਾਵੇਂ ਉਹ ਦੇਸ਼ ਵਿਚੋਂ ਭੁੱਖਮਰੀ ਖ਼ਤਮ ਕਰਨ ਦੀ ਲੜਾਈ, ਜਿਸ ਨੂੰ ਲੜਦਿਆਂ ਪੰਜਾਬ ਦੀ ਧਰਤੀ ਰੇਗਿਸਤਾਨ ਬਣਨ ਦੇ ਕੰਢੇ ਪਹੁੰਚ ਗਈ ਹੈ, ਨੂੰ ਸਪੱਸ਼ਟ ਰੂਪ ਵਿਚ ਕੁਝ ਵੀ ਦੇਣ ਦਾ ਐਲਾਨ ਨਹੀਂ ਕੀਤਾ ਗਿਆ।

ਬੇਸ਼ੱਕ ਕੇਂਦਰ ਦੀਆਂ ਆਮ ਯੋਜਨਾਵਾਂ ਮੁਤਾਬਿਕ ਪੰਜਾਬ ਦੇ ਹਿੱਸੇ ਜੋ ਆਏਗਾ ਸੋ ਆਵੇਗਾ ਪਰ ਖੇਤੀ ਲਈ ਰੱਖੇ ਪੈਸਿਆਂ ਵਿਚੋਂ ਪੰਜਾਬ ਨੂੰ ਕੀ ਤੇ ਕਿੰਨਾ ਮਿਲਣਾ ਹੈ, ਕੁਝ ਸਪੱਸ਼ਟ ਨਹੀਂ। ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਬਚਾਉਣ ਲਈ ਤੇ ਪੰਜਾਬ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਕੱਢਣ ਅਤੇ ਖੇਤੀ ਵਿਭਿੰਨਤਾ ਲਈ ਕੁਝ ਵੀ ਨਹੀਂ ਰੱਖਿਆ ਗਿਆ। ਪੰਜਾਬ ਦੀ ਸਨਅਤ ਜੋ ਲਗਾਤਾਰ ਗਿਰਾਵਟ ਵੱਲ ਜਾ ਰਹੀ ਹੈ, ਲਈ ਵੀ ਕੁਝ ਨਹੀਂ ਹੈ। ਜੇ ਕੇਂਦਰ ਸਰਕਾਰ ਪੰਜਾਬ ਪ੍ਰਤੀ ਥੋੜ੍ਹਾ ਵੀ ਉਦਾਰ ਚਿੱਤ ਹੁੰਦੀ ਤਾਂ ਪੰਜਾਬ ਅਤੇ ਸਮੁੱਚੇ ਉੱਤਰ ਭਾਰਤੀ ਖਿੱਤੇ ਵਿਚ ਵਪਾਰਕ ਵਾਧੇ ਲਈ ਅਤੇ ਇਨ੍ਹਾਂ ਰਾਜਾਂ ਦੀ ਆਰਥਿਕ ਤਰੱਕੀ ਲਈ ਪੰਜਾਬ ਦੀਆਂ ਹੁਸੈਨੀਵਾਲਾ ਤੇ ਅਟਾਰੀ ਸਰਹੱਦਾਂ ਰਾਹੀਂ ਪਾਕਿਸਤਾਨ, ਅਫ਼ਗਾਨਿਸਤਾਨ, ਈਰਾਨ ਤੇ ਅੱਗੇ ਤੁਰਕੀ ਤੇ ਯੂਰਪ ਤੱਕ ਸਸਤਾ ਸੜਕੀ ਰਸਤਾ ਖੋਲ੍ਹਣ ਲਈ ਸੰਜੀਦਾ ਕੋਸ਼ਿਸ਼ ਕਰਨ ਦਾ ਭਰੋਸਾ ਤਾਂ ਦੇ ਹੀ ਸਕਦੀ ਸੀ, ਇਸ ’ਤੇ ਤਾਂ ਕੋਈ ਖਾਸ ਖਰਚਾ ਵੀ ਨਹੀਂ ਸੀ ਹੋਣਾ। ਇਕੱਲੇ ਪਾਕਿਸਤਾਨ ਨਾਲ ਹੀ ਵਪਾਰ ਖੁੱਲ੍ਹਣ ਨਾਲ ਪੰਜਾਬ ਦੀ ਖੇਤੀ ਨੂੰ ਕਾਫ਼ੀ ਲਾਭ ਹੋ ਸਕਦਾ ਹੈ। ਜਦੋਂ ਕਿ ਇਹ ਵਪਾਰ ਗੁਜਰਾਤ ਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ ਹੁਣ ਵੀ ਹੋ ਰਿਹਾ ਹੈ ਪਰ ਪੰਜਾਬ ਤੋਂ ਕਿਉਂ ਨਹੀਂ।

ਰਹੀ ਗੱਲ ਇਸ ਬਹਾਨੇ ਦੀ ਕਿ ਪਾਕਿਸਤਾਨ ਦੀ ਸਰਹੱਦ ਤੋਂ ਤਸਕਰੀ ਹੁੰਦੀ ਹੈ ਤਾਂ ਕੀ ਇਹ ਤਸਕਰੀ ਹੁਣ ਨਹੀਂ ਹੋ ਰਹੀ? ਵੈਸੇ ਜੇ ਅੰਕੜਿਆਂ ’ਤੇ ਨਿਗ੍ਹਾ ਮਾਰੀ ਜਾਵੇ ਤਾਂ ਨਸ਼ੇ ਦੀਆਂ ਵੱਡੀਆਂ ਖੇਪਾਂ ਤਾਂ ਗੁਜਰਾਤ ਰਾਹੀਂ ਹੀ ਆਉਂਦੀਆਂ ਹਨ, ਪੰਜਾਬ ਰਾਹੀਂ ਨਹੀਂ।

ਇਹ ਖ਼ੁਸ਼ੀ ਦੀ ਗੱਲ ਹੈ ਕਿ ਦੇਰ ਨਾਲ ਹੀ ਸਹੀ ਪੰਜਾਬ ਦੇ ਸੰਸਦ ਮੈਂਬਰ ਨੀਂਦ ਵਿਚੋਂ ਜਾਗੇ ਹਨ। ਬੀਤੇ ਦਿਨ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਦੇ ਘਰ ਪੰਜਾਬ ਦੇ ਸੰਸਦ ਮੈਂਬਰਾਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਭਾਵੇਂ ਪੰਜਾਬ ਦੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ, ਅਕਾਲੀ ਦਲ ਦੇ ਬੀਬਾ ਹਰਸਿਮਰਤ ਕੌਰ, ਆਜ਼ਾਦ ਮੈਂਬਰ ਭਾਈ ਸਰਬਜੀਤ ਸਿੰਘ ਅਤੇ 2 ਕਾਂਗਰਸੀ ਸੰਸਦ ਮੈਂਬਰ ਨਹੀਂ ਪਹੁੰਚੇ। ਇਸ ਮੀਟਿੰਗ ਦੇ ਸੂਤਰਧਾਰ ਵਜੋਂ ਸਾਬਕਾ ਐਮ.ਪੀ. ਤਰਲੋਚਨ ਸਿੰਘ ਅਤੇ ਭਾਜਪਾ ਦੇ ਇਕ ਪੰਜਾਬੀ ਨੇਤਾ ਤੇ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦਾ ਸ਼ਾਮਿਲ ਹੋਣਾ ਵੀ ਚੰਗਾ ਸੰਕੇਤ ਹੈ, ਪਰ ਹੋਰ ਵੀ ਖ਼ੁਸ਼ੀ ਦੀ ਗੱਲ ਇਹ ਹੈ ਕਿ ਪੰਜਾਬੀ ਸੰਸਦ ਮੈਂਬਰਾਂ ਦੀ ਇਸ ਮੀਟਿੰਗ ਵਿਚ ਚੰਡੀਗੜ੍ਹ ਤੋਂ ਲੋਕ ਸਭਾ ਸਭਾ ਮੈਂਬਰ ਮਨੀਸ਼ ਤਿਵਾੜੀ ਵੀ ਪਹੁੰਚੇ ਤੇ ਉਨ੍ਹਾਂ ਬੜੇ ਜ਼ੋਰਦਾਰ ਢੰਗ ਨਾਲ ਪੰਜਾਬ ਦੇ ਹੱਕ ਵਿਚ ਇੱਕਠੇ ਹੋ ਕੇ ਆਵਾਜ਼ ਉਠਾਉਣ ਦੀ ਗੱਲ ਕਹੀ।

**ਪੰਜਾਬ ਟਾਈਮਜ਼ ਅਨੁਸਾਰ ਬੇਸ਼ੱਕ ਇਹ ਪੰਜਾਬ ਦੇ ਸਾਂਸਦਾ ਦੀ ਇਕ ਉਸਾਰੂ ਸ਼ੁਰੂਆਤ ਹੈ ਤੇ ਪਰ ਪੰਜਾਬੀਆਂ ਨੂੰ ਮਾਣ ਹੈ ਕਿ ਪੰਜਾਬ ਦੇ ਹੱਕ ਵਿਚ ਸੰਸਦ ਵਿਖੇ ਆਵਾਜ਼ ਉਠੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਮੁੱਦਿਆਂ ਬਾਰੇ ਬਾਰੇ ਸਾਰੀਆਂ ਰਾਜਸੀ ਪਾਰਟੀਆਂ ਚੁੱਪ ਹਨ। ਕੇਂਦਰ ਸਰਕਾਰ ਦੇ ਕਈ ਫੈਸਲਿਆਂ ਕਾਰਨ ਰਾਜਾਂ ਦੇ ਅਧਿਕਾਰ ਸੰਕਟ ਵਿੱਚ ਪਏ ਹੋਏ ਹਨ। ਕੇਂਦਰ ਸਰਕਾਰ ਵੱਲੋਂ ਸਰਹੱਦੀ ਖੇਤਰ ਵਿੱਚ ਬੀਐੱਸਐੱਫ ਦਾ ਅਧਿਕਾਰ ਖੇਤਰ 50 ਕਿਲੋਮੀਟਰ ਤੱਕ ਵਧਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨਾਲ ਸਬੰਧਤ ਵਧੇਰੇ ਮੁੱਦੇ ਹਨ, ਜਿਨ੍ਹਾਂ ਬਾਰੇ ਕੋਈ ਵੀ ਰਾਜਸੀ ਪਾਰਟੀ ਗੱਲ ਕਰਨ ਲਈ ਤਿਆਰ ਨਹੀਂ। ਪਰ ਹੁਣ ਲੋਕ ਸਭਾ ਦੇ ਪੰਜਾਬੀ ਸਾਂਸਦਾਂ ਨੇ ਪੰਜਾਬ ਦੇ ਮੁਦੇ ਉਠਾਕੇ ਇਤਿਹਾਸ ਰਚਿਆ ਹੈ।**



ਪੰਜਾਬ ਦੇ ਸੰਸਦ ਮੈਂਬਰਾਂ ਨੇ ਤਸਲੀਯੋਗ ਮਸਲੇ ਸੰਸਦ ਵਿਚ ਉਠਾਏ ਹਨ।

ਬਠਿੰਡਾ ਤੋਂ ਸਾਂਸਦ ਹਰਸਿਮਰਤ ਕੌਰ ਬਾਦਲ ਨੇ ਬਜਟ ਤੇ ਬੋਲਦਿਆਂ ਕਿਹਾ ਕਿ ਸਿਰਫ ਦੋ ਸੂਬਿਆਂ ਨੂੰ ਮੁੱਖ ਰੱਖ ਕੇ ਬਜਟ ਨੂੰ ਬਣਾਇਆ ਗਿਆ ਹੈ। ਉਨ੍ਹਾਂ ਵੱਡਾ ਦੋਸ਼ ਲਗਾਉਂਦਿਆਂ ਕਿਹਾ ਕਿ ਇਸ ਬਜਟ ਵਿੱਚ ਕੁਦਰਤੀ ਆਫ਼ਤ ਅਤੇ ਧਰਮ ਦੇ ਨਾਮ ਤੇ ਵੀ ਪੱਖਪਾਤ ਕੀਤਾ ਗਿਆ ਹੈ। ਇੱਥੋਂ ਤੱਕ ਕਿ ਸ੍ਰੀ ਦਰਬਾਰ ਸਾਹਿਬ ਨਾਲ ਵੀ ਪੱਖਪਾਤ ਦਾ ਰਵੱਈਆ ਅਪਨਾਇਆ ਗਿਆ ਹੈ।

ਇਸ ਦੇ ਨਾਲ ਹੀ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਕਿ ਪੰਜਾਬ ਦੇ ਉਦਯੋਗ ਨੂੰ ਬਚਾਉਣ ਲਈ ਵਾਘਾ ਬਾਰਡਰ ਨੂੰ ਖੋਲਿਆ ਜਾਵੇ। ਉਨ੍ਹਾਂ ਮੰਗ ਕੀਤਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਹਿਮਾਚਲ ਨੂੰ ਇਹ ਸਰਕਾਰ ਹੜ੍ਹ ਪ੍ਰਬੰਧਨ ਲਈ ਮਦਦ ਦੇ ਸਕਦੀ ਹੈ ਪਰ ਪੰਜਾਬ ਵਿੱਚ ਜਦੋਂ ਹੜ੍ਹ ਕਹਿਰ ਮਚਾਉਂਦੇ ਹਨ ਤਾਂ ਉਸ ਲਈ ਕੇਂਦਰ ਸਰਕਾਰ ਕੋਈ ਮਦਦ ਨਹੀਂ ਕਰਦੀ। ਪਰ ਜਦੋਂ ਪੰਜਾਬ ਕੋਲ ਪਾਣੀ ਦੀ ਕਮੀ ਹੁੰਦੀ ਹੈ ਤਾਂ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਐਸਵਾਈਐਲ ਨਹਿਰ ਬਣਾਉਣ ਲਈ ਜ਼ੋਰ ਪਾਉਂਦੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਨੇ 70 ਸਾਲ ਪਹਿਲਾਂ ਰਿਪੇਰੀਅਨ ਕਾਨੂੰਨ ਨੂੰ ਛਿਕੇ ਟੰਗ ਕੇ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦੇ ਦਿੱਤਾ ਹੈ ਪਰ ਉਸ ਦੀ ਕੀਮਤ ਇਕ ਸਾਲ ਵਿੱਚ ਤੈਅ ਕਰਨ ਦੀ ਬਜਾਏ ਅਜੇ ਤੱਕ ਤੈਅ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਜਾਂ ਉਸ ਨਹਿਰ ਨੂੰ ਬੰਦ ਕੀਤਾ ਜਾਵੇ ਜਾਂ ਫਿਰ ਉਸ ਦਾ ਬਣਦਾ ਪੈਸਾ ਪੰਜਾਬ ਨੂੰ ਦਿੱਤਾ ਜਾਵੇ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਬਜਟ ’ਤੇ ਚਰਚਾ ਕਰਦਿਆਂ ਆਰਥਿਕ ਪੱਖੋਂ ਦੇਸ਼ ਨੂੰ ਮੰਦਹਾਲ ਕਰਨ ਦਾ ਭਾਜਪਾ ’ਤੇ ਤਾਨਾਸ਼ਾਹ ਹੋਣ ਦਾ ਦੋਸ਼ ਲਾਉਂਦਿਆ ਅਤੇ ਕਿਹਾ ਕਿ ਦੇਸ਼ ਵਿਚ ਅਣਐਲਾਨੀ ਐਮਰਜੈਂਸੀ ਲੱਗੀ ਹੋਈ ਹੈ। ਅੰਮ੍ਰਿਤਪਾਲ ਸਿੰਘ ਨੂੰ ਐੱਨ. ਐੱਸ. ਏ. ਲਗਾ ਕੇ ਜੇਲ੍ਹ ਵਿਚ ਰੱਖਿਆ ਗਿਆ ਹੈ। ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਚੋਣਾਂ ਦੌਰਾਨ ਵਿਚ ਖਡੂਰ ਸਾਹਿਬ ਸੀਟ ਤੋਂ ਵੱਡੀ ਜਿੱਤ ਹਾਸਲ ਕੀਤੀ ਹੈ। ਲੋਕਾਂ ਨੇ ਉਨ੍ਹਾਂ ਨੇ ਪਾਰਲੀਮੈਂਟ ਭੇਜਿਆ, ਇਸ ਦੇ ਬਾਵਜੂਦ ਉਹ ਜੇਲ੍ਹ ਵਿਚ ਹੈ। ਖਡੂਰ ਸਾਹਿਬ ਹਲਕੇ ਦੇ ਲੋਕਾਂ ਦੀ ਆਵਾਜ਼ ਜੇਲ੍ਹ ਵਿਚ ਬੰਦ ਹੈ ਇਸ ਹਲਕੇ ਦੀਆਂ ਮੁਸ਼ਕਲਾਂ ਨੂੰ ਕੌਣ ਸਾਂਸਦ ਵਿਚ ਪਹੁੰਚਾਏਗਾ ਜਦਕਿ ਇੱਥੋਂ ਦਾ ਐੱਮ. ਪੀ. ਜੇਲ੍ਹ ਵਿਚ ਬੰਦ ਹੈ।

ਚੰਨੀ ਨੇ ਕਿਸਾਨਾਂ ਦਾ ਮੁਦਾ ਚੁਕਦਿਆਂ ਕਿਹਾ ਕਿ ਪੰਜਾਬ ਕੋਈ ਵਿਦੇਸ਼ੀ ਧਰਤੀ ’ਤੇ ਨਹੀਂ ਸਗੋਂ ਦੇਸ਼ ਦੀ ਹੀ ਧਰਤੀ ’ਤੇ ਹੈ ਪਰ ਫਿਰ ਵੀ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਬਾਰਡਰ ’ਤੇ ਪੱਕੀਆਂ ਰੋਕਾਂ ਲਗਾ ਦਿੱਤੀਆਂ ਗਈਆਂ। ਚੰਨੀ ਨੇ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਵੀ ਮੁੱਦਾ ਉਠਾਉਂਦਿਆਂ ਕਿਹਾ ਕਿ ਐਮਰਜੈਂਸੀ ਇਹ ਵੀ ਹੈ ਕਿ ਇਕ ਮਸ਼ਹੂਰ ਨੌਜਵਾਨ ਗਾਇਕ ਨੂੰ ਮਾਰ ਦਿੱਤਾ ਜਾਂਦਾ ਹੈ। ਸਿੱਧੂ ਮੂਸੇਵਾਲਾ ਦਾ ਪਰਿਵਾਰ ਅੱਜ ਵੀ ਨਿਆਂ ਲਈ ਭਟਕ ਰਿਹਾ ਹੈ। ਚੰਨੀ ਨੇ ਬਜਟ ਵਿਚ ਪੰਜਾਬ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ।

ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਨੂੰ ਗੈਰ ਸੰਵਿਧਾਨਿਕ ਅਤੇ ਸੰਘੀ ਢਾਂਚੇ ਦੇ ਖਿਲਾਫ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਬਜਟ ਸੰਘੀ ਢਾਂਚੇ ਦਾ ਗਲਾ ਘੁੱਟਣ ਵਾਲਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਸਾਨਾਂ ਲਈ ਐਮਐਸਪੀ, ਚੰਡੀਗੜ੍ਹ, ਅਗਨੀਵੀਰ, ਵਾਹਘਾ ਬਾਰਡਰ ਖੋਲ੍ਹਣ ਅਤੇ ਪੰਜਾਬ ਲਈ ਸਪੈਸ਼ਲ ਪੈਕਜ ਦਾ ਮੁੱਦਾ ਚੁੱਕਿਆ ਹੈ। ਕੰਗ ਨੇ ਕਿਹਾ ਕਿ ਨਰਿੰਦਰ ਮੋਦੀ ਨੇ ਬਤੌਰ ਗੁਜਰਾਤ ਦੇ ਮੁੱਖ ਮੰਤਰੀ ਐਮਐਸਪੀ ਅਤੇ ਸਵਾਮੀਨਾਥਨ ਰਿਪੋਰਟ ਦੇ ਸਮਰਥਕ ਸਨ ਪਰ ਹੁਣ ਇਸ ਨੂੰ ਲਾਗੂ ਕਰਨ ਤੋਂ ਭੱਜ ਰਹੇ ਹਨ ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਆਂਧਰਾ ਪ੍ਰਦੇਸ਼ ਨੂੰ ਉਸ ਦੀ ਰਾਜਧਾਨੀ ਬਣਾਉਣ ਲਈ ਕਰੋੜਾਂ ਦਾ ਪੈਕਜ ਦੇ ਸਕਦੀ ਹੈ ਤਾਂ ਪੰਜਾਬ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਇਆ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ।

ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਨੂੰ ਮਜ਼ਬੂਰੀ ਦਾ ਬਜਟ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ ਸੰਘੀ ਢਾਂਚੇ ਨੂੰ ਢਾਅ ਲਗਾਈ ਗਈ ਹੈ। ਉਨ੍ਹਾਂ ਵੱਡਾ ਦੋਸ਼ ਲਗਾਉਂਦਿਆ ਕਿਹਾ ਕਿ ਸਿਰਫ ਦੋ ਰਾਜਾਂ ਲਈ ਬਾਕੀ ਸਾਰਿਆਂ ਦੇ ਹਿੱਤਾਂ ਨੂੰ ਕੁਰਬਾਨ ਕਰ ਦਿੱਤਾ ਹੈ। ਗਾਂਧੀ ਨੇ ਕਿਹਾ ਕਿ ਇਸ ਸਰਕਾਰ ਨੇ ਰਾਜਾਂ ਦੀ ਸੂਚੀ, ਕੇਂਦਰੀ ਸੂਚੀ, ਸਮਵਰਤੀ ਸੂਚੀ ਤੇ ਹੋਰ ਕਈ ਮਹਿਕਮਿਆਂ ਅਤੇ ਵਿਸ਼ਿਆਂ ਨੂੰ ਰਾਜਾਂ ਦੀ ਸੂਚੀ ਵਿੱਚੋਂ ਕੱਢ ਕੇ ਕੇਂਦਰ ਦੀ ਸੂਚੀ ਵਿੱਚ ਪਾਇਆ ਹੈ। ਲਗਾਤਾਰ ਰਾਜਾਂ ਨੂੰ ਕਮਜੋਰ ਕੀਤਾ ਜਾ ਰਿਹਾ ਹੈ ਅਤੇ ਕੇਂਦਰ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਰਾਜਾਂ ਦੀ ਵਿੱਤੀ ਹਾਲਾਤ ਕਮਜੋਰ ਹੋਈ ਹੈ ਅਤੇ ਕੇਂਦਰ ਸਰਕਾਰ ਖੁਦ ਮਾਲਕ ਬਣਕੇ ਸੂਬਿਆਂ ਨੂੰ ਭਿਖਾਰੀ ਬਣਾ ਦਿੱਤਾ ਹੈ।

ਉਨ੍ਹਾਂ ਕਿਹਾ ਪੰਜਾਬੀਆਂ ਨੇ ਸਾਰੀਆਂ ਜੰਗਾਂ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦਿੱਤੀਆਂ ਹਨ ਪਰ ਬਜਟ ਵਿੱਚ ਪੰਜਾਬ ਲਈ ਕੁਝ ਨਹੀਂ ਰੱਖਿਆ ਗਿਆ। ਪੰਜਾਬ ਨੂੰ ਐਗਰੋ ਬੇਸ ਉਦਯੋਗ ਨਹੀਂ ਦਿੱਤਾ ਗਿਆ, ਇਸ ਦੇ ਬਜਾਏ ਪੰਜਾਬ ਦੀ ਕੁਦਰਤੀ ਇੰਡਸਟਰੀ ਨੂੰ ਉਜਾੜਿਆ ਗਿਆ। ਉਨ੍ਹਾਂ ਕਿਹਾ ਹੋਰਾਂ ਸੂਬਿਆਂ ਦੇ ਉਦਯੋਗਾਂ ਨੂੰ ਸਹੂਲਤਾਂ ਦਿੱਤੀਆਂ ਗਈਆ ਜਿਸ ਕਰਕੇ ਪੰਜਾਬ ਦੇ ਉਦਯੋਗ ਪਲਾਇੰਨ ਕਰ ਗਏ। ਜਿਸ ਨਾਲ ਪੰਜਾਬ ਦੇ ਨੌਜਵਾਨਾ ਕੋਲ ਰੁਜਗਾਰ ਨਹੀਂ ਬਚਿਆ ਅਤੇ ਇਸ ਤੋਂ ਤੰਗ ਹੋ ਕਈ ਨਸ਼ਿਆਂ ਵਿੱਚ ਫਸ ਗਏ ਅਤੇ ਕਈ ਵਿਦੇਸ਼ ਚਲੇ ਗਏ।

********

# ਕਿਸਮਤ ਦੇ ਸਿਤਾਰੇ

**ਵੀਰਵਾਰ 1 ਅਗਸਤ ਬੁੱਧਵਾਰ 7 ਅਗਸਤ 2024 ਤੱਕ**

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਵਪਾਰ ਵਿੱਚ ਉਲਝਣਾਂ ਵੱਧਣਗੀਆਂ ਅਤੇ ਦੌੜ–ਭੱਜ ਵੀ ਜਿਆਦਾ ਰਹੇਗੀ। ਦਿਮਾ–ਗੀ ਤਣਾਉ ਤੇ ਘਰੇਲੂ ਪ੍ਰੇਸ਼ਾਨੀਆਂ ਵੀ ਰਹਿਣਗੀਆਂ। ਹਾਲਾਤਾਂ ਤੋਂ ਘਬਰਾ ਕੇ ਜੋਤਸ਼ੀਆਂ, ਤਾਂਤਰਿਕਾਂ ਜਾਂ ਅਖੋਤੀ ਬਾਬਿਆਂ ਤੋਂ ਦੂਰ ਹੀ ਰਹੋ, ਇਹ ਸ਼ੈਤਾਨ ਠੱਗ ਤੁਹਾਡਾ ਨੁਕਸਾਨ ਕਰ ਸਕਦੇ ਹਨ,

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਧਨ ਲਾਭ ਤੇ ਤਰੱਕੀ ਦੇ ਖਾਸ ਮੌਕੇ ਮਿਲਣਗੇ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ। ਫਜ਼ੂਲ ਖਰਚ ਤੇ ਭੱਜ–ਦੌੜ ਵੀ ਜਿਆਦਾ ਰਹੇਗੀ। ਪਰਿਵਾਰਕ ਜਾਇਦਾਦ ਲਈ ਮੱਤਭੇਦ ਰਹਿਣਗੇ, ਪਰ ਆਪਣੀ ਸਮਝ ਨਾਲ ਕੰਮ ਕਰਨਾ ਸ਼ੁੱਭ ਰਹੇਗਾ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਸ਼ਾਂਤੀ ਆਵੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਫਜ਼ੂਲ ਦੀ ਭੱਜ–ਦੌੜ, ਧਨ ਦਾ ਖਰਚ ਜਿਆਦਾ, ਬਿਨਾਂ ਕਾਰਨ ਹੀ ਦਿਮਾਗੀ ਤਣਾਉ ਅਤੇ ਗੁਪਤ ਚਿੰਤਾ ਬਣੀ ਰਹੇਗੀ। ਆਮਦਨ ਦੇ ਸਾਧਨ ਬਣਦੇ ਰਹਿਣਗੇ। ਨਵੇਂ ਲੋਕਾਂ ਦੀ ਮਦਦ ਨਾਲ ਉਲਝੇ ਹੋਏ ਕੰਮ ਪੂਰੇ ਹੋਣਗੇ। ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਸੰਘਰਸ਼ ਦੇ ਬਾਵਜੂਦ ਧਨ ਲਾਭ ਤੇ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਜ਼ਮੀਨ–ਵਾਹਨ ਆਦਿ ਖਰੀਦਣ ਜਾਂ ਵੇਚਣ ਦੀ ਯੋਜਨਾ ਬਣੇਗੀ। ਪਰਿਵਾਰ ਵਿੱਚ ਮਤਭੇਦ ਰਹਿਣਗੇ, ਪਰ ਸੰਤਾਨ ਦੀ ਮਦਦ ਕਰਨੀ ਪਵੇਗੀ। ਨਸ਼ਿਆਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰਿਤ ਕਰੋ, ਸਮਾਜ ਵਿੱਚ ਮਾਣ–ਇੱਜ਼ਤ ਵਧੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਅਚਾਨਕ ਧਨ ਮਿਲਣ ਦੇ ਸਾਧਨ ਵਧਣਗੇ ਅਤੇ ਤਰੱਕੀ ਦੇ ਮੌਕੇ ਮਿਲਣਗੇ। ਬਿਨਾਂ ਕਾਰਨ ਤਕਰਾਰ ਅਤੇ ਕਲਹ ਕਲੇਸ਼ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰੋ। ਸਿਹਤ ਵੀ ਕੁੱਝ ਢਿੱਲੀ ਰਹੇਗੀ। ਵਪਾਰਕ ਖੇਤਰਾਂ ਵਿੱਚ ਸੰਘਰਸ਼ ਵਾਲੇ ਹਾਲਾਤ ਰਹਿਣਗੇ। ਆਪਣੇ ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਵੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਹਫਤੇ ਦੇ ਸ਼ੁਰੂ ਵਿੱਚ ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਕੁਝ ਸੋਚੀਆਂ ਯੋਜਨਾਵਾਂ ਵਿੱਚ ਕਾਮਯਾਬੀ ਅਤੇ ਕਿਸੇ ਖਾਸ ਕੰਮ ਦੀ ਸਿੱਧੀ ਹੋਵੇਗੀ। ਅਚਾਨਕ ਧਨ ਲਾਭ ਤੇ ਕਿਸੇ ਨਜ਼ਦੀਕੀ ਨਾਲ ਮੁਲਾਕਾਤ ਲਾਭਕਾਰੀ ਹੋਵੇਗੀ। ਪਰਿਵਾਰ ਵਿੱਚ ਖੁਸ਼ੀ ਦੇ ਮੌਕੇ ਮਿਲਣਗੇ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਮਿਹਨਤ ਤੇ ਭੱਜ–ਦੌੜ ਜ਼ਿਆਦਾ ਰਹੇਗੀ। ਵਿਰੋਧੀਆਂ ਵੱਲੋਂ ਬਣਦੇ ਕੰਮਾਂ ਵਿੱਚ ਰੁਕਾਵਟਾਂ ਕਾਰਨ ਧਨ ਦਾ ਨੁਕਸਾਨ ਹੋਵੇਗਾ। ਸਿਹਤ ਸਬੰਧੀ ਪ੍ਰੇਸ਼ਾਨੀ ਦੇ ਯੋਗ ਹਨ। ਘਰੇਲੂ ਉਲਝਣਾਂ ਕਰਕੇ ਮਨ ਅਸ਼ਾਂਤ ਰਹੇਗਾ। ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਕਿਤਾਬਾਂ ਲੈ ਕੇ ਦਿਉ, ਕਮਾਈ ਵਿੱਚ ਬਰਕਤ ਹੋਵੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਧਨ ਲਾਭ ਘੱਟ ਤੇ ਘਰੇਲੂ ਉਲਝਣਾਂ ਕਰਕੇ ਮਨ ਅਸ਼ਾਂਤ ਰਹੇਗਾ। ਵਪਾਰ/ਕਾਰੋਬਾਰ ਵਿੱਚ ਰੁਕਾਵਟਾਂ ਦੇ ਬਾਵਜੂਦ ਆਮਦਨ ਦੇ ਸਾਧਨ ਬਣਦੇ ਰਹਿਣਗੇ। ਪਰਿਵਾਰ ਵਿੱਚ ਸ਼ੁੱਭ ਮੰਗਲ ਕਾਰਜ ਵੀ ਹੋਣਗੇ। ਮਾਣ–ਇੱਜ਼ਤ ਵਿੱਚ ਵਾਧਾ ਅਤੇ ਯਸ਼ ਮਿਲੇਗਾ। ਮਨ ਅੰਦਰ ਪ੍ਰਮਾਤਮਾ ਨੂੰ ਯਾਦ ਕਰੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਸਰੀਰਕ ਕਸ਼ਟ ਤੇ ਦਿਮਾਗੀ ਤਣਾਅ ਰਹੇਗਾ। ਘਰ ਪਰਿਵਾਰ ਵੱਲੋਂ ਪ੍ਰੇਸ਼ਾਨੀ ਰਹੇਗੀ, ਉਲਝਣਾਂ ਤੇ ਪ੍ਰੇਸ਼ਾਨੀਆਂ ਘੱਟਦੀਆਂ ਵੱਧਦੀਆਂ ਰਹਿਣਗੀਆਂ। ਫਜ਼ੂਲ ਦੇ ਵਿਵਾਦਾਂ ਤੋਂ ਬਚੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਗੁੱਸੇ ਕਾਰਨ ਕਾਮਯਾਬੀ ਵਿੱਚ ਰੁਕਾਵਟਾਂ ਆਉਣਗੀਆਂ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਸਰੀਰਕ ਕਸ਼ਟ, ਦਿਮਾਗੀ ਤਣਾਉ ਅਤੇ ਸਿਹਤ ਸਬੰਧੀ ਨੁਕਸਾਨ ਦੇ ਯੋਗ ਹਨ। ਲਾਭ ਘੱਟ ਤੇ ਖਰਚ ਜ਼ਿਆਦਾ ਹੋਣਗੇ। ਕਈ ਤਰ੍ਹਾਂ ਦੀਆਂ ਕਾਰੋਬਾਰੀ ਉਲਝਣਾਂ ਦਾ ਸਾਹਮਣਾ ਹੋਵੇਗਾ। ਸਰਕਾਰੀ ਖੇਤਰਾਂ ਤੋਂ ਲਾਭ ਦੇ ਮੌਕੇ ਮਿਲਣਗੇ। ਆਪਣੇ ਮਾਤਾ ਪਿਤਾ ਨੂੰ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਵਪਾਰ ਵਿੱਚ ਵਧੇਰੇ ਸੰਘਰਸ਼ ਦੇ ਬਾਵਜੂਦ ਗੁਜ਼ਾਰੇ ਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਫਜ਼ੂਲ ਦੀ ਭੱਜ–ਦੌੜ ਵੀ ਰਹੇਗੀ। ਮਨ ਪ੍ਰੇਸ਼ਾਨ ਤੇ ਉਦਾਸ ਰਹੇਗਾ। ਪਰਿਵਾਰ ਵਿੱਚ ਮਨ ਮੁਟਾਵ ਅਤੇ ਨਜ਼ਦੀਕੀ ਬੰਧੂਆਂ ਨਾਲ ਟਕਰਾਵ ਦੇ ਹਾਲਾਤ ਬਣਨਗੇ। ਮਨ ਨੂੰ ਸਬਰ ਰੱਖਣ ਲਈ ਪਾਠ ਕਰੋ ਅਤੇ ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਪਰਿਵਾਰ ਸਬੰਧੀ ਸ਼ੁੱਭ ਸਮਾਚਾਰ ਅਤੇ ਘਰ ਪਰਿਵਾਰ ਵਿੱਚ ਵਿਵਾਹ ਆਦਿ ਮੰਗਲ ਕੰਮ ਦੇ ਯੋਗ ਹਨ। ਸਿਹਤ ਕੁਝ ਨਰਮ ਅਤੇ ਫਜ਼ੂਲ ਭੱਜ–ਦੌੜ ਬਣੀ ਰਹੇਗੀ। ਜ਼ਮੀਨ ਸਬੰਧੀ ਲੈਣ–ਦੇਣ ਦੀ ਯੋਜਨਾ ਵੀ ਬਣ ਸਕਦੀ ਹੈ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਆਦਿ ਸਾਫ ਕਰਨ ਦੀ ਸੇਵਾ ਕਰੋ, ਕਮਾਈ 'ਚ ਬਰਕਤ ਹੋਵੇਗੀ।

## ਹਾਸੇ ਦੀ ਪਟਾਰੀ

**ਚਿੰਟੂ,** ਜੇਕਰ ਤੂੰ ਕਿਸੇ ਜੰਗਲ ਵਿੱਚ ਹੋਵੇਂ ਅਤੇ ਉਥੇ ਸ਼ੇਰ ਆ ਜਾਵੇ ਤਾਂ ਤੂੰ ਕੀ ਕਰੇਂਗਾ?

ਮਿੰਟੂ, ਮੈਂ ਦਰੱਖਤ 'ਤੇ ਚੜ੍ਹ ਜਾਵਾਂਗਾ।

ਚਿੰਟੂ, ਜੇਕਰ ਸ਼ੇਰ ਉਥੇ ਵੀ ਪਹੁੰਚ ਜਾਵੇ ਤਾਂ?

ਮਿੰਟੂ, ਤਾਂ ਮੈਂ ਪਾਣੀ ਵਿੱਚ ਛਾਲ ਮਾਰ ਦੇਵਾਂਗਾ।

ਚਿੰਟੂ, ਅਤੇ ਜੇਕਰ ਉਹ ਪਾਣੀ ਵਿੱਚ ਵੀ ਆ ਜਾਵੇ ਤਾਂ?

ਮਿੰਟੂ, ਪਹਿਲਾਂ ਇਹ ਦੱਸ ਕਿ ਸ਼ੇਰ ਤੇਰਾ ਰਿਸ਼ਤੇਦਾਰ ਹੈ, ਜੋ ਤੂੰ ਉਸ ਦੀ ਹੀ ਸਾਈਡ ਲਈ ਜਾ ਰਿਹਾ ਏਂ?

*---*---*

**ਇਕ** ਕੁੜੀ ਦੀ ਅੱਖ ਦਾ ਅਪ੍ਰੇਸ਼ਨ ਚੱਲ ਰਿਹਾ ਸੀ। ਕੁੜੀ ਬੋਲੀ, ਡਾਕਟਰ ਸਾਹਿਬ, ਪਲੀਜ਼ ਮੇਰੇ ਬੁਆਏ ਫ੍ਰੈਂਡ ਨੂੰ ਅੰਦਰ ਸੱਦ ਲਉ।

ਡਾਕਟਰ, ਯਕੀਨ ਕਰੋ ਮੈਡਮ, ਮੈਂ ਬਹੁਤ ਸ਼ਰੀਫ ਆਦਮੀ ਹਾਂ।

ਕੁੜੀ, ਪਰ ਤੁਹਾਡੀ ਨਰਸ ਬਾਹਰ ਇਕੱਲੀ ਹੈ ਅਤੇ ਉਹ ਬਹੁਤ ਵੱਡਾ ਕਮੀਨਾ ਹੈ।

ਪੰਜਾਬ ਟਾਈਮਜ਼
PANJAB TIMES (EST 1965)
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :
FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐
ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।
NAME........................................................................
ADDRESS...................................................................
..............................................POST CODE.............................
TEL...........................................................................
Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85
Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ–ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼–ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!


ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਕੇਂਦਰ ਸਰਕਾਰ ਦੱਸੇ ਕੀ ਪੰਜਾਬ ਦੇਸ ਦਾ ਹਿੱਸਾ ਨਹੀਂ ?

## ✪ ਬਜਟ ਵਿਚ ਕਿਉਂ ਕੀਤਾ ਗਿਆ ਵਿਤਕਰਾ

**ਵਿਸ਼ੇਸ਼ ਰਿਪੋਟ**
ਬਘੇਲ ਸਿੰਘ ਧਾਲੀਵਾਲ
99142-58142





ਪੰਜਾਬ ਦੀ ਅਰਥ ਵਿਵਸਥਾ ਚੰਗੀ ਨਹੀ ਹੈ। ਇਸ ਦਾ ਕਾਰਨ ਕੇਂਦਰੀ ਸਰਕਾਰਾਂ ਦੀਆਂ ਪੰਜਾਬ ਪ੍ਰਤੀ ਨੀਤੀਆਂ ਵਿੱਚ ਇਮਾਨਦਾਰੀ ਦਾ ਨਾ ਹੋਣਾ ਹੈ। ਜਿਸ ਦੀ ਬਦੌਲਤ ਪੰਜਾਬ ਵਿਚੋਂ ਉਦਯੋਗ ਲਗਭਗ ਖਤਮ ਹੋ ਗਿਆ, ਕਿਉਂਕਿ ਉਦਯੋਗਿਕ ਅਦਾਰਿਆਂ ਨੇ ਪੰਜਾਬ ਦੀ ਥਾਂ ਦੂਜੇ ਸੂਬਿਆਂ ਵਿੱਚ ਕਾਰੋਬਾਰ ਸਥਾਪਤ ਕਰ ਲਏ। ਫਲ਼ਸਰੂਪ ਬੇਰੋਜ਼ਗਾਰੀ ਵਧ ਗਈ ਤੇ ਇਸ ਦਰਮਿਆਨ ਹੀ ਨਸ਼ਿਆਂ ਵਰਗੀ ਅਲਾਮਤ ਨੇ ਆਪਣੀ ਪਕੜ ਬਣਾ ਲਈ ਪੰਜਾਬ ਦੀ ਸੂਝਵਾਨ ਜੁਆਨੀ ਹਿਜਰਤ ਕਰਨ ਲਈ ਮਜਬੂਰ ਹੋ ਗਈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਆਪਣੇ ਤੀਜੇ ਕਾਰਜਕਾਲ ਦਾ ਪਹਿਲਾ ਬਜਟ ਪੇਸ਼ ਕੀਤਾ ਜਾ ਚੁੱਕਾ ਹੈ। ਬਜਟ ਪੇਸ਼ ਕਰਦਿਆਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਜਿੱਥੇ ਦੋ ਹੀ ਸੂਬਿਆਂ ਬਿਹਾਰ ਅਤੇ ਆਂਧਰਾ ਪ੍ਰਦੇਸ 'ਤੇ ਜਿਆਦਾ ਧਿਆਨ ਕੇਂਦਰਿਤ ਰੱਖਿਆ ਓਥੇ ਕੁੱਝ ਹੋਰ ਸੂਬਿਆਂ ਦਾ ਵੀ ਜ਼ਿਕਰ ਕੀਤਾ, ਜਿੰਨ੍ਹਾਂ ਵਿੱਚ ਉੜੀਸਾ, ਝਾਰਖੰਡ, ਹਿਮਾਚਲ ਪ੍ਰਦੇਸ, ਉਤਰਾਖੰਡ, ਅਸਾਮ ਅਤੇ ਸ਼ਿਕਮ ਸਾਮਲ ਹਨ। ਉਪਰੋਕਤ ਸੂਬਿਆਂ ਨੂੰ ਹੜਾਂ ਅਤੇ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਆਰਥਿਕ ਮਦਦ ਦੇਣ ਦਾ ਐਲਾਨ ਕੇਂਦਰੀ ਵਿੱਤ ਮੰਤਰੀ ਵੱਲੋਂ ਕੀਤਾ ਗਿਆ,ਪਰ ਪੰਜਾਬ ਵਰਗੇ ਸੂਬੇ ਨੂੰ ਅਣਗੌਲਿਆ ਕਰਨਾ ਹਾਕਮਾਂ ਦੀ ਸੌੜੀ ਸੋਚ ਨੂੰ ਸਪੱਸ਼ਟ ਕਰਦਾ ਹੈ। ਪੰਜਾਬ ਸਰਹੱਦੀ ਸੂਬਾ ਹੋਣ ਦੇ ਨਾਲ ਨਾਲ ਕੁਦਰਤੀ ਅਤੇ ਗੈਰ ਕੁਦਰਤੀ ਆਫਤਾਂ ਦੀ ਮਾਰ ਵੀ ਝੱਲ ਰਿਹਾ ਹੈ, ਜਿਸ ਵਿੱਚ ਪੰਜਾਬ ਦੇ ਹਿੱਸੇ ਸਿਰਫ ਨੁਕਸਾਨ ਝੱਲਣਾ ਆਉਂਦਾ ਹੈ, ਬਦਲੇ ਵਿੱਚ ਕੇਂਦਰ ਨੇ ਕਦੇ ਵੀ ਕੋਈ ਰਾਹਤ ਪ੍ਰਦਾਨ ਨਹੀ ਕੀਤੀ। ਮਸਲਨ ਪੰਜਾਬ ਦੇ ਪਾਣੀ ਧੱਕੇ ਨਾਲ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਮੁਫਤ ਵਿੱਚ ਦਿੱਤੇ ਜਾ ਰਹੇ ਹਨ,ਪਰ ਜਦੋਂ ਹੜ ਆਉਂਦੇ ਹਨ ਤਾਂ ਉਹਦਾ ਨੁਕਸਾਨ ਇਕੱਲੇ ਪੰਜਾਬ ਦੇ ਲੋਕਾਂ ਨੂੰ ਝੱਲਣਾ ਪੈਂਦਾ ਹੈ। ਪੰਜਾਬ ਦੇ ਕੁਦਰਤੀ ਸਰੋਤਾਂ 'ਤੇ ਕੇਂਦਰ ਨੇ ਧੱਕੇ ਨਾਲ ਆਪਣੇ ਅਧਿਕਾਰ ਜਮਾ ਲਏ ਹੋਏ ਹਨ,ਜਦੋਂ ਕਿ ਪੰਜਾਬ ਦੇ ਪੱਲੇ ਸਿਰਫ ਤੇ ਸਿਰਫ ਕੁਦਰਤੀ ਅਤੇ ਗੈਰ ਕੁਦਰਤੀ ਖੁਆਰੀਆਂ ਹੀ ਰਹਿ ਗਈਆਂ ਹਨ। ਗੈਰ ਕੁਦਰਤੀ ਆਫਤਾਂ, ਜਿਵੇਂ ਪੰਜਾਬ ਦੀਆਂ ਡੈਮਾਂ ਦਾ ਪ੍ਰਬੰਧ ਖੋਹ ਕੇ ਕੋਇਲੇ ਦੇ ਥਰਮਲ ਪੰਜਾਬ ਦੇ ਮੱਥੇ ਮਾਰ ਦਿੱਤੇ ਗਏ ਹਨ। ਪੰਜਾਬ ਦੇ ਪਾਣੀਆਂ ਤੋ ਮੁਫਤ ਵਿੱਚ ਤਿਆਰ ਹੁੰਦੀ ਬਿਜਲੀ ਦਿੱਲੀ ਨੂੰ ਦੇ ਦਿੱਤੀ ਗਈ ਅਤੇ ਪੰਜਾਬ ਥਰਮਲ ਪਲਾਟਾਂ ਦੀ ਮਹਿੰਗੀ ਬਿਜਲੀ ਤੇ ਨਿਰਭਰ ਹੋ ਕੇ ਰਹਿ ਗਿਆ ਹੈ।

ਏਥੇ ਹੀ ਬੱਸ ਨਹੀ,ਨਹਿਰੀ ਪਾਣੀ ਦੀ ਥਾਂ ਮਹਿੰਗੀ ਬਿਜਲੀ ਨਾਲ ਚੱਲਣ ਵਾਲੇ ਟਿਊਬਵੈਲ ਤੋਹਫੇ ਦੇ ਰੂਪ ਵਿੱਚ ਪੰਜਾਬ ਨੂੰ ਦਿੱਤੇ ਗਏ, ਤਾਂ ਕਿ ਧਰਤੀ ਹੇਠਲਾ ਅੰਮ੍ਰਿਤ ਵਰਗਾ ਪਾਣੀ ਬਰਬਾਦ ਕੀਤਾ ਜਾ ਸਕੇ ਅਤੇ ਪੰਜਾਬੀ ਕਿਸਾਨਾਂ ਨੂੰ ਆਤਮ ਨਿਰਭਰਤਾ ਵਾਲੀਆਂ ਫਸਲਾਂ ਤੋ ਹਟਾ ਕੇ ਦੇਸ ਦੇ ਅੰਨ ਭੰਡਾਰ ਨੂੰ ਭਰਨ ਲਈ ਕਣਕ ਅਤੇ ਝੋਨੇ ਤੇ ਐਮਐਸਪੀ ਦੇ ਕੇ ਉਪਰੋਕਤ ਦੋ ਫਸਲਾਂ ਬੀਜਣ ਲਈ ਉਕਸਾਇਆ ਗਿਆ ਜਾਂ ਇਹ ਕਹਿਣਾ ਵੀ ਜਾਇਜ ਹੋਵੇਗਾ ਕਿ ਮਜਬੂਰ ਕਰ ਦਿੱਤਾ,ਕਿਉਂਕਿ ਪੰਜਾਬ ਨੂੰ ਆਤਮ ਨਿਰਭਰ ਬਨਾਉਣ ਵਾਲੀਆਂ ਫਸਲਾਂ,ਜਿੰਨਾਂ ਵਿੱਚ ਦਾਲਾਂ, ਮੱਕੀ, ਬਾਜਰਾ, ਜਵਾਰ, ਛੋਲੇ, ਤਿਲ , ਗਵਾਰਾ ਆਦਿ ਹਰ ਇੱਕ ਉਹ ਫਸਲ ਸ਼ਾਮਲ ਹੈ, ਜਿਹੜੀ ਘਰੇਲੂ ਲੋੜਾਂ ਦੀ ਪੂਰਤੀ ਕਰਦੀ ਹੈ, ਉਨ੍ਹਾਂ ਦੇ ਮੰਡੀਕਰਨ ਨੂੰ ਬਹੁਤ ਗਹਿਰੀ ਸਾਹਿਸ਼ ਤਹਿਤ ਅਪੰਗ ਕਰ ਦਿੱਤਾ ਗਿਆ ਤਾਂ ਕਿ ਕਿਸਾਨ ਖੁਦ ਹੀ ਨਿਰਾਸ਼ ਹੋ ਕੇ ਉਪਰੋਕਤ ਫਸਲਾਂ ਬੀਜਣ ਦਾ ਵਿਚਾਰ ਤਿਆਗ ਦੇਣ, ਜਿਸ ਦੀ ਬਦੌਲਤ ਅੱਜ ਪੰਜਾਬ ਪੀਣ ਵਾਲੇ ਪਾਣੀ ਤੋ ਵੀ ਵਾਂਝਾ ਹੋਣ ਦੀ ਕਾਗਾਰ ਤੇ ਖੜਾ ਹੈ ਅਤੇ ਆਪਣੀਆਂ ਆਤਮ ਨਿਰਭਰ ਬਨਾਉਣ ਵਾਲੀਆਂ ਫਸਲਾਂ ਤੋ ਦੂਰ ਕਰ ਦਿੱਤੇ ਜਾਣ ਕਰਕੇ ਕਰਜੇ ਦੇ ਅਜਿਹੇ ਜੰਜਾਲ ਵਿੱਚ ਫਸ ਕੇ ਰਹਿ ਗਿਆ ਹੈ, ਜਿਸ ਵਿੱਚੋਂ ਨਿਕਲਣ ਦਾ ਕੋਈ ਰਾਹ ਵੀ ਨਹੀ ਲੱਭ ਰਿਹਾ, ਲਿਹਾਜ਼ਾ ਖੁਦਕੁਸ਼ੀਆਂ ਦੀ ਦਰ ਵਿੱਚ ਦਿਨ ਪ੍ਰਤੀ ਦਿਨ ਵਾਧਾ ਦਰਜ ਕੀਤਾ ਜਾ ਰਿਹਾ ਹੈ।

ਜੇਕਰ ਸਮੁੱਚੇ ਭਾਰਤ ਦੀ ਕਿਸਾਨੀ ਦੀ ਗੱਲ ਕੀਤੀ ਜਾਵੇ ਤਾਂ ਇਹ ਕਹਿਣਾ ਕੋਈ ਗਲਤ ਨਹੀ ਹੋਵੇਗਾ ਕਿ ਸਮੁੱਚੇ ਦੇਸ਼ ਅੰਦਰ ਹੀ ਕਿਸਾਨੀ ਦੀ ਹਾਲਾਤ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੇ ਵਾਲੀ ਬਣੀ ਹੋਈ ਹੈ, ਕਿਉਂਕਿ ਕਾਰਪੋਰੇਟ ਜਗਤ ਜ਼ਮੀਨਾਂ ਹੜੱਪਣ ਲਈ ਬਜਿੱਦ ਹੈ, ਲਿਹਾਜ਼ਾ ਹਕੂਮਤ ਕਿਸਾਨੀ ਦੇ ਸੰਕਟ ਨੂੰ ਹੱਲ ਕਰਨ ਲਈ ਸੰਜੀਦਾ ਨਹੀਂ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ 1995 ਤੋਂ 2022 ਦਰਮਿਆਨ 3,96,912 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ, ਜਦੋਂਕਿ 2023,2024 ਦੇ ਦੁਖਾਂਤ ਅਜੇ ਬਾਕੀ ਹਨ, ਇਸ ਦੇ ਬਾਵਜੂਦ ਵੀ ਸਰਕਾਰ ਕਹਿੰਦੀ ਹੈ ਕਿ ਖੇਤੀ ਸੈਕਟਰ ਸੰਕਟ ਵਿੱਚ ਨਹੀਂ ਹੈ। ਜਿੱਥੇ ਦੇਸ਼ ਦੀ ਸਮੁੱਚੀ ਕਿਸਾਨੀ ਹਕੂਮਤੀ ਬੇਰੁਖੀ ਦਾ ਸੰਤਾਪ ਹੰਢਾ ਰਹੀ ਹੈ, ਓਥੇ ਪੰਜਾਬ ਦੀ ਹਾਲਤ ਹੋਰ ਵੀ ਬਦਤਰ ਇਸ ਕਰਕੇ ਹੈ ਕਿਉਂਕਿ ਕੇਂਦਰ ਨੇ ਕਦੇ ਵੀ ਪੰਜਾਬ ਨੂੰ ਆਪਣਾ ਹਿੱਸਾ ਨਹੀ ਸਮਝਿਆ।

ਪੰਜਾਬ ਨੂੰ ਹਮੇਸ਼ਾਂ ਬੇਗਾਨਗੀ ਦਾ ਅਹਿਸਾਸ ਕਰਵਾ ਕੇ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਫਿਰ ਵੀ ਦੇਸ਼ ਦੀਆਂ ਹੱਦਾਂ ਸਰਹੱਦਾਂ ਤੇ ਪੰਜਾਬ ਦੇ ਜਵਾਨ ਹਿੱਕ ਡਾਹ ਕੇ ਲੜਦੇ ਹਨ, ਨਤੀਜੇ ਵਜੋਂ ਆਏ ਦਿਨ ਦੇਸ਼ ਦੀਆਂ ਹੱਦਾਂ ਤੋ ਪੰਜਾਬੀ ਨੌਜਵਾਨਾਂ ਦੀਆਂ ਲਾਸਾਂ ਤਿਰੰਗੇ ਵਿੱਚ ਲਿਪਟ ਕੇ ਪੰਜਾਬ ਆ ਰਹੀਆਂ ਹਨ। ਇਹ ਕਿੱਥੋਂ ਦੀ ਦਿਆਨਤਦਾਰੀ ਹੈ ਕਿ ਦੇਸ ਉਪਰ ਬਾਹਰੀ ਸੰਕਟਾਂ ਦਾ ਮੁਕਾਬਲਾ ਕਰਨ ਲਈ ਪੰਜਾਬ ਨੂੰ ਵਰਤਿਆ ਜਾਵੇ, ਇੱਥੋਂ ਦੇ ਗੱਭਰੂਆਂ ਨੂੰ ਬਲੀ ਦੇ ਬੱਕਰੇ ਬਣਾ ਕੇ ਦੇਸ਼ ਦੀਆਂ ਹੱਦਾਂ ਉੱਪਰ ਸਭ ਤੋਂ ਅਗਲੀ ਕਤਾਰ ਵਿੱਚ ਰੱਖਿਆ ਜਾਵੇ, ਪਰ ਜਦੋਂ ਉਨ੍ਹਾਂ ਦੇ ਅਧਿਕਾਰਾਂ ਦੀ ਗੱਲ ਆਵੇ, ਪੰਜਾਬ ਦੀ ਆਰਥਿਕ ਮੰਦਹਾਲੀ ਦੀ ਗੱਲ ਆਵੇ, ਤਾਂ ਚੁੱਪ ਵੱਟ ਲਈ ਜਾਵੇ।

ਅਜਿਹੀ ਵਿਤਕਰੇਬਾਜੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖੁਦ ਹੀ ਖੰਡਿਤ ਕਰਨ ਦਾ ਕਾਰਨ ਬਣ ਸਕਦੀ ਹੈ। ਪੰਜਾਬ ਅੱਜ ਤਕਰੀਬਨ 2,82000 ਕਰੋੜ ਤੋਂ ਵੱਧ ਦੇ ਕਰਜੇ ਦੀ ਮਾਰ ਝੱਲ ਰਿਹਾ ਹੈ,ਫਿਰ ਵੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਕੇ ਅਣਗੌਲਿਆ ਕਰਨਾ ਭਾਰਤੀ ਹਾਕਮਾਂ ਨੂੰ ਸ਼ੋਭਾ ਨਹੀ ਦਿੰਦਾ। ਸੋ ਚੰਗਾ ਹੁੰਦਾ ਜੇਕਰ ਪੰਜਾਬ ਦੀ 1947 ਤੋਂ ਲੈ ਕੇ ਅੱਜ ਤੱਕ ਦੀ ਕਾਰਗੁਜ਼ਾਰੀ ਨੂੰ ਨਜਰਅੰਦਾਜ਼ ਨਾ ਕਰਕੇ ਪੰਜਾਬ ਨੂੰ ਵੀ ਦੇਸ ਦਾ ਹਿੱਸਾ ਸਮਝਿਆ ਜਾਂਦਾ ਅਤੇ ਬਾਕੀ ਉਹਨਾਂ ਸੂਬਿਆਂ ਨੂੰ ਵੀ ਉਨ੍ਹਾਂ ਦਾ ਹੱਕ ਦਿੱਤਾ ਜਾਂਦਾ, ਜਿੰਨਾਂ ਨੂੰ ਸਿਰਫ ਇਸ ਕਰਕੇ ਬਜ਼ਟ ਵਿੱਚ ਉਨ੍ਹਾਂ ਦੇ ਹੱਕਾਂ ਤੋ ਵਾਂਝਾ ਰੱਖਿਆ ਗਿਆ ਹੈ,ਕਿਉਂਕਿ ਉਨ੍ਹਾਂ ਸੂਬਿਆਂ ਵਿੱਚ ਭਾਜਪਾ ਦੀ ਅਗਵਾਈ ਜਾਂ ਸਰਪ੍ਰਸਤੀ ਵਾਲੀ ਸਰਕਾਰ ਨਹੀ ਹੈ।ਸੋ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਭਵਿੱਖ ਦੀਆਂ ਨੀਤੀਆਂ ਤੈਅ ਕਰਨ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਸੂਬਿਆਂ ਨੂੰ ਉਨ੍ਹਾਂ ਦੇ ਹੱਕਾਂ ਤੋ ਵਾਂਝੇ ਨਾ ਰੱਖਿਆ ਜਾਵੇ, ਇਹ ਦੇਸ਼ ਹਿੱਤ ਵਿੱਚ ਜਰੂਰੀ ਹੋਵੇਗਾ।

## ਖੇਡਾਂ ਦੇ ਨਾਮ 'ਤੇ ਪੰਜਾਬੀਆਂ ਨਾਲ ਧੱਕਾ ਕਰਨ ਦੇ ਮੋਦੀ ਸਰਕਾਰ ਉਪਰ ਦੋਸ਼

### ✪ ਕਾਂਗਰਸ ਵਿਧਾਇਕ ਪ੍ਰਗਟ ਸਿੰਘ ਨੇ ਕੀਤਾ ਪਰਦਫਾਸ਼

ਜਲੰਧਰ-ਖੇਲੋ ਇੰਡੀਆ ਸਕੀਮ ਤਹਿਤ ਕੇਂਦਰ ਸਰਕਾਰ ਨੇ ਸੂਬਿਆਂ ਨੂੰ ਜੋ ਫੰਡ ਜਾਰੀ ਕੀਤੇ ਸਨ ਉਹਨਾਂ 'ਤੇ ਜਲੰਧਰ ਕੈਂਟ ਤੋਂ ਕਾਂਗਰਸ ਦੇ ਵਿਧਾਇਕ ਅਤੇ ਸਾਬਕਾ ਖੇਡ ਮੰਤਰੀ ਪਰਗਟ ਸਿੰਘ ਨੇ ਸਵਾਲ ਖੜ੍ਹੇ ਕੀਤੇ ਹਨ। ਪਰਗਟ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਗੈਰ ਭਾਜਪਾ ਖਾਸ ਕਰਕੇ ਪੰਜਾਬ ਨਾਲ ਵਿਤਕਰਾ ਕਰਦੀ ਆ ਰਹੀ ਹੈ।



ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਪੈਰਿਸ ਓਲੰਪਿਕ 2024 ਵਿੱਚ ਪੰਜਾਬ ਅਤੇ ਹਰਿਆਣਾ ਸੂਬਿਆਂ ਨੇ ਕੁੱਲ ਮਿਲਾ ਕੇ 48 ਐਥਲੀਟਾਂ ਨੂੰ ਵੱਖ ਵੱਖ ਇਵੈਂਟਾਂ 'ਚ ਭੇਜਿਆ ਹੈ। ਇਸ ਦੇ ਬਾਵਜੂਦ ਦੋਵਾਂ ਸੂਬਿਆਂ ਨੂੰ ਬਾਕੀਆਂ ਨਾਲੋ ਘੱਟ ਫੰਡ ਦਿੱਤੇ ਗਏ। ਉਨ੍ਹਾਂ ਨੇ ਖੇਲੋ ਇੰਡੀਆ ਫੰਡਾਂ ਦੀ ਲਿਸਟ ਸਾਂਝੀ ਕਰਕੇ ਕਿਹਾ ਕਿ ਪੰਜਾਬ ਨੂੰ ਸਿਰ.ਫ 78 ਕਰੋੜ ਰੁਪਏ ਅਤੇ ਹਰਿਆਣਾ ਨੂੰ 66 ਕਰੋੜ ਰੁਪਏ ਹੀ ਦਿੱਤੇ ਹਨ। ਕੇਂਦਰ ਦੀ ਮੋਦੀ ਸਰਕਾਰ ਨੇ ਯੂਪੀ ਨੂੰ 438 ਕਰੋੜ ਰੁਪਏ ਅਤੇ ਗੁਜਰਾਤ ਨੂੰ 426 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਹਨ। ਜਦਕਿ ਇਹਨਾਂ ਦੋਵਾਂ ਸੂਬਿਆਂ ਨੇ ਕੁੱਲ ਮਿਲਾ ਕੇ ਸਿਰ.ਫ 9 ਐਥਲੀਟਾਂ ਨੂੰ ਹੀ ਪੈਰਿਸ ਓਲੰਪਿਕ 'ਚ ਭੇਜਿਆ ਹੈ। ਕੀ ਇਹ ਪੱਖਪਾਤੀ ਵੰਡ ਨਹੀਂ ਹੈ ? ਭਾਜਪਾ ਦੀ ਸਰਕਾਰ ਬਾਕੀ ਰਾਜਾਂ ਨਾਲ ਇਹ ਵਿਤਕਰਾ ਕਦੋਂ ਤੱਕ ਜਾਰੀ ਰੱਖੇਗੀ ?

ਖੇਲੋ ਇੰਡੀਆ ਸਕੀਮ ਤਹਿਤ ਕੇਂਦਰ ਸਰਕਾਰ ਨੇ ਦੇਸ਼ ਦੇ ਸਾਰੇ ਸੂਬਿਆਂ ਅਤੇ ਯੂਟੀ ਨੂੰ ਕੁੱਲ 2168.78 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਸਨ। ਇਹਨਾਂ ਵਿੱਚ ਸਭ ਤੋਂ ਵੱਧ ਉੱਤਰ ਪ੍ਰਦੇਸ਼ ਨੂੰ 438 ਕਰੋੜ ਰੁਪਏ ਮਿਲੇ ਹਨ ਅਤੇ ਦੂਜੇ ਨੰਬਰ 'ਤੇ ਗੁਜਰਾਤ ਦਾ ਸੂਬਾ ਆਉਂਦਾ ਹੈ ਜਿਸ ਨੂੰ 426 ਕਰੋੜ ਰੁਪਏ ਮਿਲੇ ਹਨ।

ਕਰਾਈਮ ਨਿਊਜ਼

## 3 ਮੋਟਰਸਾਈਕਲ ਸਵਾਰਾਂ ਨੇ 2 ਨੌਜਵਾਨਾਂ 'ਤੇ ਕੀਤਾ ਤੇਜ਼ ਹਥਿਆਰਾਂ ਨਾਲ ਹਮਲਾ-1 ਦੀ ਮੌਤ, ਦੂਸਰਾ ਗੰਭੀਰ ਜ਼ਖ਼ਮੀ

ਦਸੂਹਾ-ਬੀਤੇ ਦਿਨੀਂ ਦਸੂਹਾ ਨੇੜੇ ਪੈਂਦੇ ਪਿੰਡ ਬਾਜਵਾ ਵਿਖੇ ਤਿੰਨ ਨਕਾਬਪੋਸ਼ ਮੋਟਰਸਾਈਕਲ ਸਵਾਰਾਂ ਨੇ ਦੋ ਨੌਜਵਾਨਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਸਿੱਟੇ ਵਜੋਂ ਇਕ ਨੌਜਵਾਨ ਕੁਲਵੀਰ ਸਿੰਘ ਦੀ ਮੌਤ ਹੋ ਗਈ ਜਦਕਿ ਦੂਸਰਾ ਸਤਵਿੰਦਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜੋ ਦਸੂਹਾ ਦੇ ਸਿਵਲ ਹਸਪਤਾਲ ਵਿਖੇ ਜ਼ੇਰੇ ਇਲਾਜ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਡੀ.ਐਸ.ਪੀ. ਦਸੂਹਾ ਜਗਦੀਸ਼ ਰਾਜ ਅਤਰੀ ਤੇ ਐਸ.ਐਚ.ਓ. ਦਸੂਹਾ ਹਰਪ੍ਰੇਮ ਸਿੰਘ ਨੇ ਪੁਲਿਸ ਪਾਰਟੀ ਸਮੇਤ ਘਟਨਾ ਸਥਾਨ 'ਤੇ ਪਹੁੰਚ ਕੇ ਜਾਇਜ਼ਾ ਲਿਆ। ਮ੍ਰਿਤਕ ਤਿੰਨ ਭੈਣਾਂ ਦਾ ਇਕਲੌਤਾ ਭਰਾ ਦੱਸਿਆ ਜਾ ਰਿਹਾ ਹੈ ਤੇ ਉਹ ਅਜੇ ਕੁਆਰਾ ਹੀ ਸੀ।

ਡੀ.ਐਸ.ਪੀ. ਦਸੂਹਾ ਜਗਦੀਸ਼ ਰਾਜ ਅਤਰੀ ਨੇ ਦੱਸਿਆ ਕਿ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਤਵਿੰਦਰ ਸਿੰਘ ਦੇ ਬਿਆਨਾਂ 'ਤੇ ਹਮਲਾਵਰਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਨੂੰ ਫੜਨ ਲਈ ਪੁਲਿਸ ਵਲੋਂ ਵੱਖ-ਵੱਖ ਪਾਰਟੀਆਂ ਜੁੱਟ ਗਈਆਂ ਹਨ।

# ਸੋਸ਼ਲ ਮੀਡੀਆ ਸਟਾਰ ਕੁੜੀ ਨਾਲ ਪ੍ਰੇਮ ਵਿਚ ਧੋਖਾ

## ✪ ਅਸ਼ਲੀਲ ਵੀਡੀਓ ਵਾਇਰਲ, ਕਹਿੰਦੀ ਮੁੰਡੇ ਨੇ ਕੀਤਾ ਧੋਖਾ



ਜਲੰਧਰ-ਜਲੰਧਰ ਦੇ ਮਸ਼ਹੂਰ ਕੁੱਲ੍ਹੜ ਪੀਜ਼ਾ ਜੋੜੇ ਤੋਂ ਬਾਅਦ ਹੁਣ ਸੋਸ਼ਲ ਮੀਡੀਆ ਸਟਾਰ ਇੱਕ ਹੋਰ ਕੁੜੀ ਦੀ ਅਸ਼ਲੀਲ ਵੀਡੀਓ ਵਾਇਰਲ ਹੋਈ ਹੈ। ਜਿਸ ਤੋਂ ਬਾਅਦ ਉਸ ਨੇ ਖੁਦ ਮੰਨਿਆ ਕਿ ਇਹ ਵੀਡੀਓ ਉਸ ਦਾ ਹੈ। ਉਸ ਨੇ ਇਹ ਵੀ ਕਿਹਾ ਕਿ ਉਸ ਨੇ ਉਕਤ ਵੀਡੀਓ ਬਣਾਉਣ ਦੀ ਇਜਾਜ਼ਤ ਦਿੱਤੀ ਸੀ, ਪਰ ਉਸ ਨੂੰ ਨਹੀਂ ਪਤਾ ਸੀ ਕਿ ਲੜਕਾ ਉਸ ਦੀ ਵੀਡੀਓ ਵਾਇਰਲ ਕਰੇਗਾ।

ਵੀਡੀਓ 'ਚ ਸੋਸ਼ਲ ਮੀਡੀਆ ਵਾਲੀ ਲੜਕੀ ਦੀ ਹੈ ਜੋ ਇਤਰਾਜ਼ਯੋਗ ਸਥਿਤੀ ਵਿਚ ਹੈ। ਉਸ ਦੇ ਨਾਲ ਇਕ ਲੜਕਾ ਵੀ ਹੈ, ਜਿਸ ਨੇ ਇਹ ਵੀਡੀਓ ਬਣਾਈ ਸੀ। ਸੋਸ਼ਲ ਮੀਡੀਆ 'ਤੇ ਇਸ ਕੁੜੀ ਦੇ ਕਰੀਬ 95 ਹਜ਼ਾਰ ਫਾਲੋਅਰਜ਼ ਹਨ।

ਅਸ਼ਲੀਲ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੜਕੀ ਨੇ ਖੁਦ ਸੋਸ਼ਲ ਮੀਡੀਆ 'ਤੇ ਪੋਸਟ ਕਰ ਦਿੱਤੀ। ਜਿਸ 'ਚ ਉਸ ਨੇ ਵੀਡੀਓ 'ਚ ਖੁਦ ਹੋਣ ਦੀ ਗੱਲ ਕਬੂਲੀ ਅਤੇ ਕਿਹਾ ਕਿ ਲੜਕੇ ਨੇ ਉਸ ਦਾ ਭਰੋਸਾ ਤੋੜ ਦਿੱਤਾ ਹੈ। ਹਾਲਾਂਕਿ, ਉਸਨੇ ਸਪੱਸ਼ਟ ਕੀਤਾ ਕਿ ਉਸਨੇ ਫੋਲੋਵਰਜ਼ ਵਧਾਉਣ ਲਈ ਅਜਿਹਾ ਨਹੀਂ ਕੀਤਾ।

ਲੜਕੀ ਨੇ ਲਿਖਿਆ ਕਿ ਕੁਝ ਇੰਸਟਾਗ੍ਰਾਮ ਪੇਜ ਦੇ ਮਾਲਕ ਆਪਣੇ ਨਿੱਜੀ ਅਨੰਦ ਲਈ ਅਤੇ ਮੇਰੇ 'ਤੇ ਆਪਣਾ ਗੁੱਸਾ ਕੱਢਣ ਅਤੇ ਆਪਣੇ ਫਾਲੋਅਰਜ਼ ਨੂੰ ਵਧਾਉਣ ਲਈ ਸੋਸ਼ਲ ਮੀਡੀਆ 'ਤੇ ਕੁਝ ਚੀਜ਼ਾਂ ਪੋਸਟ ਕਰ ਰਹੇ ਹਨ। ਪਰ ਉਹ ਇਹ ਨਹੀਂ ਸੋਚ ਰਹੇ ਹਨ ਕਿ ਇਹ ਮੇਰੇ ਅਤੇ ਮੇਰੇ ਪਰਿਵਾਰ ਲਈ ਕਿਹੋ ਜਿਹਾ ਹੋਵੇਗਾ।

ਸੋਸ਼ਲ ਮੀਡੀਆ ਲੜਕੀ ਨੇ ਅੱਗੇ ਲਿਖਿਆ-ਮੇਰੀ ਗਲਤੀ ਸਿਰਫ ਇਹ ਸੀ ਕਿ ਮੈਂ ਇੱਕ ਵਿਅਕਤੀ 'ਤੇ ਭਰੋਸਾ ਕੀਤਾ ਅਤੇ ਉਸਨੂੰ ਰਿਕਾਰਡ ਕਰਨ ਦੀ ਇਜਾਜ਼ਤ ਦਿੱਤੀ। ਇਹ ਸਿਰਫ ਇਸ ਲਈ ਹੋਇਆ ਕਿਉਂਕਿ ਮੈਂ ਉਸ ਸਮੇਂ ਉਸ ਵਿਅਕਤੀ 'ਤੇ ਵਿਸ਼ਵਾਸ ਕੀਤਾ ਸੀ। ਮੈਨੂੰ ਨਹੀਂ ਪਤਾ ਸੀ ਕਿ ਭਵਿੱਖ ਵਿੱਚ ਮੇਰੇ ਨਾਲ ਅਜਿਹਾ ਹੋ ਸਕਦਾ ਹੈ। ਪਰ ਮੇਰੇ ਨਾਲ ਜੋ ਹੋਣਾ ਸੀ ਉਹ ਹੋ ਗਿਆ।

## ਨਾਬਾਲਗ ਨੇ ਛੋਟੀ ਭੈਣ ਨਾਲ ਬਲਾਤਕਾਰ ਕਰਨ ਤੋਂ ਬਾਅਦ ਕੀਤਾ ਕਤਲ

ਰੀਵਾ (ਐਮ.ਪੀ.)-ਮੱਧ ਪ੍ਰਦੇਸ਼ ਦੇ ਰੀਵਾ ਵਿੱਚ ਬੀਤੇ ਦਿਨੀ ਇੱਕ 9 ਸਾਲਾ ਬੱਚੀ ਦੇ ਬਲਾਤਕਾਰ ਅਤੇ ਕਤਲ ਦੀ ਜਾਂਚ ਵਿੱਚ ਹੈਰਾਨੀਜਨਕ ਖੁਲਾਸਾ ਹੋਇਆ ਹੈ। ਪੁਲੀਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮ੍ਰਿਤਕ ਦੇ ਨਾਬਾਲਗ ਭਰਾ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਮੋਬਾਈਲ 'ਤੇ ਅਸ਼ਲੀਲ ਵੀਡੀਓ ਦੇਖ ਕੇ ਜਬਰ ਜਨਾਹ ਕਰਨ ਉਪਰੰਤ ਲੜਕੀ ਦੀ ਹੱਤਿਆ ਕਰ ਦਿੱਤੀ ਗਈ ਸੀ। ਜਿਸ ਤੋਂ ਬਾਅਦ ਉਸ ਦੀ ਮਾਂ ਅਤੇ ਦੋ ਵੱਡੀਆਂ ਭੈਣਾਂ ਨੇ ਇਸ ਨੂੰ ਲੁਕਾਉਣ ਵਿਚ ਮਦਦ ਕੀਤੀ। ਅਧਿਕਾਰੀ ਨੇ ਕਿਹਾ ਕਿ 50 ਲੋਕਾਂ ਸਮੇਤ ਦੋਸ਼ੀਆਂ ਤੋਂ ਡੂੰਘਾਈ ਨਾਲ ਪੁੱਛਗਿੱਛ ਕਰਨ ਅਤੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਪੀੜਤ ਦੇ 13 ਸਾਲਾ ਭਰਾ, ਉਨ੍ਹਾਂ ਦੀ ਮਾਂ, 17 ਅਤੇ 18 ਸਾਲ ਦੀਆਂ ਭੈਣਾਂ ਨੂੰ ਹਿਰਾਸਤ ਵਿਚ ਲਿਆ ਹੈ।

## ਹਾਈਕੋਰਟ ਨੇ ਲਿਵ-ਇਨ ਰਿਸ਼ਤਾ ਵਿਰੁੱਧ ਕੀਤੀਆਂ ਤਿੱਖੀਆਂ ਟਿੱਪਣੀਆਂ

### ✪ ਕਿਹਾ ਕਿ ਲਿਵ-ਇਨ ਰਿਸ਼ਤਾ ਵਿਆਹ ਵਰਗਾ ਨਹੀਂ, ਵਿਭਚਾਰ ਤੇ ਦੋਹਰਾ ਵਿਆਹ ਹੈ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਹਿਲਾਂ ਤੋਂ ਹੀ ਵਿਆਹੇ ਹੋਏ ਲਿਵ-ਇਨ ਜੋੜਿਆਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੋਂ ਖਤਰੇ ਦੇ ਡਰੋਂ ਸੁਰੱਖਿਆ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਜਿਹੜੇ ਵਿਆਹੇ ਜੋੜੇ ਆਪਣੇ ਮਾਪਿਆਂ ਦੇ ਘਰੋਂ ਭੱਜ ਕੇ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੇ ਹਨ, ਉਹ ਆਪਣੇ ਮਾਪਿਆਂ ਦਾ ਨਾਂ ਤਾਂ ਖਰਾਬ ਕਰ ਰਹੇ ਹਨ ਨਾਲ ਹੀ ਉਹ ਮਾਪਿਆਂ ਦੇ ਇੱਜ਼ਤ ਨਾਲ ਜਿਉਣ ਦੇ ਅਧਿਕਾਰ ਦੀ ਵੀ ਉਲੰਘਣਾ ਕਰ ਰਹੇ ਹਨ। ਅਦਾਲਤ ਨੇ ਕਿਹਾ ਕਿ ਭਾਰਤ ਲਿਵ-ਇਨ ਰਿਲੇਸ਼ਨਸ਼ਿਪ ਦੇ ਪੱਛਮੀ ਸੱਭਿਆਚਾਰ ਨੂੰ ਅਪਣਾ ਰਿਹਾ ਹੈ। ਜੇਕਰ ਉਹ ਮੰਨਦਾ ਹੈ ਕਿ ਪਟੀਸ਼ਨਕਰਤਾਵਾਂ ਦਾ ਰਿਸ਼ਤਾ ਵਿਆਹ ਦੀ ਪ੍ਰਕਿਰਤੀ ਦਾ ਰਿਸ਼ਤਾ ਹੈ, ਤਾਂ ਇਹ ਉਨ੍ਹਾਂ ਪਤਨੀ ਅਤੇ ਬੱਚਿਆਂ ਨਾਲ ਬੇਇਨਸਾਫੀ ਹੋਵੇਗੀ ਜਿਨ੍ਹਾਂ ਨੇ ਉਸ ਰਿਸ਼ਤੇ ਦਾ ਵਿਰੋਧ ਕੀਤਾ ਸੀ। ਲਿਵ-ਇਨ ਰਿਲੇਸ਼ਨਸ਼ਿਪ ਵਾਲੇ ਜੋੜਿਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਤੋਂ ਇਨਕਾਰ ਕਰਦੇ ਹੋਏ, ਜਸਟਿਸ ਸੰਦੀਪ ਮੌਦਗਿਲ ਨੇ ਕਿਹਾ ਕਿ ਇੱਕ ਵਿਆਹੁਤਾ ਆਦਮੀ ਅਤੇ ਔਰਤ ਜਾਂ ਇੱਕ ਵਿਆਹੁਤਾ ਔਰਤ ਅਤੇ ਪੁਰਸ਼ ਵਿਚਕਾਰ ਲਿਵ-ਇਨ ਰਿਲੇਸ਼ਨਸ਼ਿਪ ਵਿਆਹ ਦੇ ਬਰਾਬਰ ਨਹੀਂ ਹੈ ਕਿਉਂਕਿ ਇਹ ਵਿਭਚਾਰ ਅਤੇ ਦੋਹਰੇ ਵਿਆਹ ਦੇ ਬਰਾਬਰ ਹੈ, ਜੋ ਕਿ ਗੈਰ-ਕਾਨੂੰਨੀ ਹੈ। ਇਸ ਲਈ ਅਜਿਹੀਆਂ ਔਰਤਾਂ ਇਸ ਐਕਟ ਤਹਿਤ ਕਿਸੇ ਵੀ ਸੁਰੱਖਿਆ ਦੀ ਹੱਕਦਾਰ ਨਹੀਂ ਹਨ।

## ਸੀਮਾ ਸੁਰੱਖਿਆ ਬਲ ਨੇ ਸਰਹੱਦ 'ਤੇ ਫੜਿਆ ਪਾਕਿ ਘੁਸਪੈਠੀਆ!



ਅੰਮ੍ਰਿਤਸਰ-ਸੀਮਾ ਸੁਰੱਖਿਆ ਬਲ ਨੇ ਬੀਤੀ ਰਾਤ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਅੰਮ੍ਰਿਤਸਰ ਜ਼ਿਲੇ ਵਿੱਚ ਇਕ ਘੁਸਪੈਠੀਏ ਨੂੰ ਫੜਨ ਵਿਚ ਸਫਲਤਾ ਹਾਸਲ ਕੀਤੀ ਹੈ। ਅੱਧੀ ਰਾਤ ਨੂੰ ਫੜਿਆ ਗਿਆ ਘੁਸਪੈਠੀਆ ਕੌਮਾਂਤਰੀ ਸਰਹੱਦ ਪਾਰ ਕਰਕੇ ਭਾਰਤੀ ਖੇਤਰ ਵਿੱਚ ਦਾਖ਼ਲ ਹੋ ਗਿਆ ਸੀ।

ਬੀਐਸਐਫ ਦੇ ਜਵਾਨਾਂ ਨੇ ਬੜੀ ਚੌਕਸੀ ਨਾਲ ਉਸ ਨੂੰ ਘੇਰ ਲਿਆ ਅਤੇ ਬਿਨਾਂ ਕਿਸੇ ਨੁਕਸਾਨ ਦੇ ਉਸ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ। ਬੀਐਸਐਫ ਨੂੰ ਇਹ ਸਫਲਤਾ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਰਤਨ ਖੁਰਦ ਦੇ ਨਾਲ ਲੱਗਦੇ ਇਲਾਕੇ ਵਿੱਚ ਮਿਲੀ ਹੈ। ਪੁੱਛਗਿੱਛ ਦੌਰਾਨ ਦੋਸ਼ੀ ਨੇ ਖ਼ੁਦ ਨੂੰ ਪਾਕਿਸਤਾਨੀ ਨਾਗਰਿਕ ਦੱਸਿਆ।

ਇਲੈਕਟ੍ਰਾਨਿਕ ਯੰਤਰ ਕੀਤੇ ਜ਼ਬਤ-ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 1 ਮੋਬਾਈਲ ਫ਼ੋਨ, 1 ਪਾਕਿਸਤਾਨੀ ਰਾਸ਼ਟਰੀ ਪਛਾਣ ਪੱਤਰ, 1 ਪੈਨਡ੍ਰਾਈਵ ਅਤੇ 175 ਰੁਪਏ ਦੀ ਪਾਕਿਸਤਾਨੀ ਕਰੰਸੀ ਸਮੇਤ ਹੋਰ ਸਾਮਾਨ ਵੀ ਬਰਾਮਦ ਹੋਇਆ ਹੈ। ਬੀਐਸਐਫ ਅਤੇ ਭਾਈਵਾਲ ਏਜੰਸੀਆਂ ਦੁਆਰਾ ਮੁੱਢਲੀ ਪੁੱਛਗਿੱਛ ਤੋਂ ਬਾਅਦ, ਪਾਕਿ ਘੁਸਪੈਠੀਏ ਨੂੰ ਅਗਲੀ ਜਾਂਚ ਲਈ ਸਥਾਨਕ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਜਾਂਚ ਦੌਰਾਨ ਆਈਬੀ ਨੂੰ ਪਾਰ ਕਰਨ ਦੇ ਉਸਦੇ ਇਰਾਦੇ ਜਾਂ ਮਕਸਦ ਦਾ ਪਤਾ ਲਾਇਆ ਜਾਵੇਗਾ।

## ਗੈਂਗਸਟਰ ਹੈਰੀ ਪੁਲੀਸ ਮੁਕਾਬਲੇ ਮਗਰੋਂ ਗ੍ਰਿਫ਼ਤਾਰ, ਇਕ ਪਿਸਤੌਲ ਬਰਾਮਦ

ਬਟਾਲਾ-ਪੁਲੀਸ ਨੇ ਗੈਂਗਸਟਰ ਹੈਰੀ ਚੱਠਾ ਦੇ ਨਾਮ 'ਤੇ ਫਿਰੌਤੀਆਂ ਮੰਗਣ ਵਾਲੇ ਗੈਂਗਸਟਰ ਨੂੰ ਬੀਤੇ ਦਿਨੀਂ ਮੁਕਾਬਲੇ ਮਗਰੋਂ ਗ੍ਰਿਫ਼ਤਾਰ ਕਰ ਲਿਆ। ਐੱਸਐੱਸਪੀ ਬਟਾਲਾ ਅਸ਼ਵਨੀ ਗੋਟਿਆਲ ਨੇ ਦੱਸਿਆ ਕਿ ਸ੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਇੱਕ ਸੁਨਿਆਰੇ ਦੀ ਦੁਕਾਨ 'ਤੇ ਕੁੱਝ ਅਣਪਛਾਤੇ ਨੌਜਵਾਨਾਂ ਨੇ 50 ਲੱਖ ਦੀ ਫਿਰੌਤੀ ਲਈ ਗੋਲੀਆਂ ਚਲਾਈਆਂ ਸਨ। ਉਨ੍ਹਾਂ ਦੱਸਿਆ ਕਿ ਸੀਸੀਟੀਵੀ ਫੁਟੇਜ ਦੀ ਜਾਂਚ ਪੜਤਾਲ ਮਗਰੋਂ ਪੁਲੀਸ ਨੇ ਗੋਲੀ ਚਲਾਉਣ ਵਾਲੇ ਨੌਜਵਾਨ ਦੀ ਪਛਾਣ ਕੀਤੀ। ਬਟਾਲਾ ਪੁਲੀਸ ਨੇ ਮੁਲਜ਼ਮ ਨੂੰ ਕਾਬੂ ਕਰਨ ਲਈ ਟੀਮਾਂ ਬਣਾਈਆਂ। ਸੂਚਨਾ ਆਧਾਰ ਉਪਰ ਮਰਸਿਡੀਜ਼ ਕਾਰ ਵਿੱਚ ਘੁੰਮ ਰਹੇ ਮੁਲਜ਼ਮ ਮਲਕੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੁਲੀਸ ਉਸ ਦਾ ਪਿੱਛਾ ਕੀਤਾ। ਮੁਲਜ਼ਮ ਕਾਰ ਛੱਡ ਕੇ ਗੋਲੀਆਂ ਚਲਾਉਂਦਾ ਝੋਨੇ ਦੇ ਖੇਤਾਂ ਵੱਲ ਭੱਜਿਆ। ਜਵਾਬੀ ਕਾਰਵਾਈ ਦੌਰਾਨ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗ ਗਈ ਅਤੇ ਪੁਲੀਸ ਨੇ ਕਰੀਬ ਚਾਰ ਘੰਟੇ ਦੀ ਜੱਦੋ-ਜਹਿਦ ਮਗਰੋਂ ਗੈਂਗਸਟਰ ਨੂੰ ਕਾਬੂ ਕਰ ਲਿਆ।

ਮੁਲਜ਼ਮ ਕੋਲੋਂ ਇੱਕ ਪਿਸਤੌਲ ਬਰਾਮਦ ਹੋਈ ਹੈ। ਐੱਸਐੱਸਪੀ ਨੇ ਕਿਹਾ ਕਿ ਮੁਲਜ਼ਮ ਦਾ ਪਹਿਲਾਂ ਵੀ ਅਪਰਾਧਕ ਪਿਛੋਕੜ ਹੈ ਅਤੇ ਉਸ ਖ਼ਿਲਾਫ਼ ਫਿਰੌਤੀਆਂ ਮੰਗਣ ਦੇ ਤਿੰਨ ਕੇਸ ਦਰਜ ਹਨ।

## ਜਲੰਧਰ ਵਿੱਚ ਘਰ ਬੁਲਾ ਕੇ ਨਾਬਾਲਗ ਬੱਚੀ ਨਾਲ ਦੋਸਤਾਂ ਨੇ ਕੀਤਾ ਬਲਾਤਕਾਰ

ਜਲੰਧਰ-ਜਲੰਧਰ ਦੇ ਆਦਮਪੁਰ ਥਾਣੇ ਅਧੀਨ ਪੈਂਦੇ ਪਿੰਡ ਸਿਕੰਦਰਪੁਰ ਵਿਖੇ ਹੈਵਾਨੀਅਤ ਦੀਆਂ ਹੱਦਾਂ ਪਾਰ ਹੋ ਗਈਆਂ ਹਨ ਜਿੱਥੇ ਇੱਕ ਨਾਬਾਲਗ ਲੜਕੀ ਨਾਲ ਦੋ ਦੋਸਤਾਂ ਨੇ ਪੀੜਤਾ ਨੂੰ ਆਪਣੇ ਘਰ ਬੁਲਾਇਆ ਅਤੇ ਫਿਰ ਉਸ ਨਾਲ ਇਕ-ਇਕ ਕਰਕੇ ਜਬਰੀ ਸਰੀਰਕ ਸਬੰਧ ਬਣਾਏ।

ਜਦੋਂ ਮਾਮਲਾ ਪੁਲਿਸ ਕੋਲ ਪੁੱਜਾ ਤਾਂ ਜਲੰਧਰ ਦੇਹਾਤ ਦੇ ਥਾਣਾ ਆਦਮਪੁਰ ਦੀ ਪੁਲਿਸ ਨੇ ਪਿੰਡ ਸਿਕੰਦਰਪੁਰ ਦੇ ਰਹਿਣ ਵਾਲੇ ਰਵਿੰਦਰ ਸਿੰਘ ਅਤੇ ਦੋਸਤ ਸਾਹਿਲ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਘਟਨਾ ਦੇ ਬਾਅਦ ਤੋਂ ਦੋਵੇਂ ਦੋਸ਼ੀ ਫਰਾਰ ਹਨ। ਜਿਸ ਦੀ ਆਦਮਪੁਰ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

# ਕੌਮਾਂਤਰੀ ਗਾਇਕ 'ਗੋਲਡਨ ਸਟਾਰ' ਮਲਕੀਤ ਸਿੰਘ ਦਾ ਸਰੀ ਵਿਚ ਹੋਇਆ ਸਨਮਾਨ

## ✪ ਸਰੀ ਵਿਚ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪਗੜੀ ਸਜਾਉਣ ਪ੍ਰਤੀ ਵਧਦੇ ਰੁਝਾਨ ਨੂੰ ਪ੍ਰਾਪਤੀ ਦੱਸਿਆ



ਸਰੀ-ਬੀਤੀ ਦਿਨੀਂ ਵੈਨਕੂਵਰ ਦੇ ਉੱਘੇ ਕਾਰੋਬਾਰੀ ਮਨਜੀਤ ਸਿੰਘ ਸੈਣੀ ਵੱਲੋਂ ਸਰੀ ਪੁੱਜੇ 'ਗੋਲਡਨ ਸਟਾਰ' ਦੇ ਨਾਂਅ ਨਾਲ ਜਾਣੇ ਜਾਂਦੇ ਪੰਜਾਬੀ ਗਾਇਕ ਮਲਕੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਰੀ 'ਚ ਆਯੋਜਿਤ ਇਕ ਨਿੱਜੀ ਸਮਾਗਮ ਵਿਚ ਸਰੀ ਅਤੇ ਵੈਨਕੂਵਰ ਦੇ ਨਾਮਵਰ ਕਾਰੋਬਾਰੀਆਂ ਨੇ ਸ਼ਿਰਕਤ ਕੀਤੀ। ਗਾਇਕ ਮਲਕੀਤ ਸਿੰਘ ਨੇ ਇਸ ਸਮੇਂ ਜਿੱਥੇ ਆਪਣੇ ਚਾਲੀ ਸਾਲਾਂ ਦੇ ਸੰਗੀਤਕ ਸਫਰ ਬਾਰੇ ਦੱਸਿਆ ਉਥੇ ਪੰਜਾਬੀਆਂ ਨੂੰ ਦੁਨੀਆ ਭਰ ਵਿਚ ਮਿਲਦੇ ਮਾਣ ਸਨਮਾਨ ਦੀ ਸਾਂਝ ਪਾਈ। ਉਨ੍ਹਾਂ ਦੱਸਿਆ ਕਿ ਇਕ ਦਸਤਾਰਧਾਰੀ ਦੀ ਹਰ ਥਾਂ ਇਕ ਵਿਲੱਖਣ ਪਛਾਣ ਹੈ ਅਤੇ ਉਨ੍ਹਾਂ ਨੂੰ ਵੀ ਇਕ ਪਗੜੀਧਾਰੀ ਗਾਇਕ ਹੋਣ 'ਤੇ ਫ਼ਖਰ ਹੈ।

ਉਹ ਕਹਿੰਦੇ, "ਮੈਂ ਗਾਣੇ ਖੁਦ ਲਿਖਦਾ ਹਾਂ। ਮੈਂ ਧਿਆਨ ਰੱਖਦਾ ਹਾਂ ਕਿ ਗਾਣੇ ਦੇ ਬੋਲ ਚੰਗੇ ਤੇ ਖਿੱਚਵੇਂ ਹੋਣ। ਮੈਂ ਇਸ ਗੱਲ ਨੂੰ ਵੀ ਤਰਜੀਹ ਦਿੰਦਾ ਹਾਂ ਕਿ ਮੇਰੇ ਗਾਣੇ ਦੇ ਬੋਲ ਕਿਸੇ ਵੀ ਤਰੀਕੇ ਦੇ ਨਾਲ ਵਿਵਾਦਿਤ ਨਾ ਹੋਣ।" "ਇੱਕ ਵੀ ਲਫ਼ਜ਼ ਅਜਿਹਾ ਨਾ ਹੋਵੇ ਜੋ ਕਿਸੇ ਦੇ ਦਿਲ ਨੂੰ ਦੁਖਾਏ ਜਾਂ ਇੱਕ ਵੀ ਲਫ਼ਜ਼ ਅਸ਼ਲੀਲਤਾ ਦੇ ਨੇੜੇ ਨਾਲ ਹੋਵੇ ਜਾਂ ਦੋਹਰੇ ਮਤਲਬ ਵਾਲਾ ਨਾ ਹੋਵੇ।"

ਉਹ ਕਹਿੰਦੇ ਹਨ, "ਗਾਣੇ ਦੀ ਕੰਪੋਜ਼ੀਸ਼ਨ ਉੱਤੇ ਮੈਂ ਬਹੁਤ ਹੀ ਜ਼ੋਰ ਲਗਾਉਂਦਾ ਹਾਂ। ਗਾਣੇ ਦੀ ਧੁੰਨ ਬਹੁਤ ਖਿੱਚਵੀਂ ਹੋਵੇ, ਜੇ ਗੱਲ ਨਹੀਂ ਬਣਦੀ ਤਾਂ ਮੈਂ ਸੋਚਦਾ ਹਾਂ ਕਿਸੇ ਹੋਰ ਤਰੀਕੇ ਨਾਲ ਕਰੀਏ। ਫਿਰ ਸੰਗੀਤ ਦੀ ਚੋਣ ਕਰਦੇ ਹਾਂ ਕਿ ਜਿਵੇਂ ਇਸ ਵਿੱਚ ਵਾਜਾ ਚਾਹੀਦਾ, ਢੋਲਕ ਚਾਹੀਦੀ ਹੈ ਜਾਂ ਤਬਲਾ ਚਾਹੀਦਾ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਜੋੜ ਕੇ ਗਾਣਾ ਬਣਦਾ ਹੈ ਤੇ ਇਸ ਮਗਰੋਂ ਵੀਡੀਓ ਬਣਦੀ ਹੈ।"

ਮਲਕੀਤ ਸਿੰਘ ਕਹਿੰਦੇ ਹਨ ਕਿ ਵੀਡੀਓ ਬਣਾਉਣ ਵੇਲੇ ਵੀ ਉਹ ਕਾਫੀ ਬਾਰੀਕੀ ਨਾਲ ਫੈਸਲੇ ਲੈਂਦੇ ਹਨ।

ਮਲਕੀਤ ਕਹਿੰਦੇ ਹਨ, "ਗਾਣੇ ਦੀ ਵੀਡੀਓ ਦੀ ਚੋਣ ਵੇਲੇ ਮੈਂ ਅਦਾਕਾਰਾ ਦੀ ਚੋਣ ਵੀ ਗਾਣੇ ਦੇ ਹਿਸਾਬ ਨਾਲ ਕਰਦਾ ਹਾਂ। ਇਸ ਮਗਰੋਂ ਡਾਂਸਰਾਂ ਦੇ ਕੱਪੜੇ ਕਿਹੜੇ ਹੋਣਗੇ, ਮੇਰੇ ਕੱਪੜੇ ਕੀ ਹੋਣਗੇ, ਇਨ੍ਹਾਂ ਸਾਰਿਆਂ ਦਾ ਖਿਆਲ ਰੱਖਦਾ ਹਾਂ।"

ਮਲਕੀਤ ਸਿੰਘ ਕਹਿੰਦੇ ਹਨ ਕਿ ਉਹ ਕਿਸੇ ਕੰਪਨੀ ਲਈ ਨਹੀਂ ਗਾਉਂਦੇ ਹਨ ਤੇ ਉਹ ਖੁਦ ਲਈ ਹੀ ਗਾਉਂਦੇ ਹਨ ਇਸ ਲਈ ਉਹ ਆਪਣੇ ਕੰਮ ਲਈ ਖੁਦ ਜ਼ਿੰਮੇਵਾਰ ਹਨ।

ਮਲਕੀਤ ਸਿੰਘ ਮੁਤਾਬਕ ਗਾਣੇ ਵਿੱਚੋਂ ਪੰਜਾਬ ਦੀ ਖੁਸ਼ਬੂ ਆਉਣੀ ਚਾਹੀਦੀ ਹੈ। ਇਹ ਪਤਾ ਲੱਗਣਾ ਚਾਹੀਦਾ ਹੈ ਕਿ ਪੰਜਾਬੀ ਗਾਣਾ ਹੈ।

ਉਹ ਕਹਿੰਦੇ ਹਨ, "ਗਾਣਾ ਜਦੋਂ ਟੀਵੀ ਉੱਤੇ ਲੱਗੇ ਜਾਂ ਰੇਡੀਓ ਉੱਤੇ ਲੱਗੇ ਤਾਂ ਪਤਾ ਲੱਗਣਾ ਚਾਹੀਦਾ ਹੈ ਕਿ ਗਾਣਾ ਪੰਜਾਬੀ ਹੈ। ਅੱਜ ਦੇ ਗਾਣਿਆਂ ਵਿੱਚ ਕਈ ਵਾਰ ਪਤਾ ਹੀ ਨਹੀਂ ਲਗਦਾ ਕਿ ਗਾਣਾ ਪੰਜਾਬੀ ਹੈ ਜਾਂ ਹਿੰਦੀ।"

ਮਲਕੀਤ ਸਿੰਘ ਮੰਨਦੇ ਹਨ ਕਿ ਚੰਗੇ ਗਾਣੇ ਦਾ ਕੋਈ ਜੁੱਗ ਨਹੀਂ ਹੁੰਦਾ ਹੈ। ਉਹ ਕਹਿੰਦੇ ਹਨ, "ਲੋਕ ਕਹਿੰਦੇ ਹਨ ਕਿ ਉਹ ਮਾਡਰਨਾਈਜ਼ ਹੋ ਗਏ ਹਨ ਪਰ ਮੈਨੂੰ ਲਗਦਾ ਹੈ ਕਿ ਕੁਝ ਵੀ ਮਾਡਰਨਾਈਜ਼ ਨਹੀਂ ਹੋਇਆ ਹੈ। ਲੋਕ ਮੇਰੇ ਉਹੀ ਗੀਤ ਪਸੰਦ ਕਰਦੇ ਹਨ ਜੋ ਉਹ 40 ਸਾਲ ਪਹਿਲਾਂ ਸੁਣਨਾ ਚਾਹੁੰਦੇ ਸਨ।"

"ਮੈਂ ਜਾਗੋ ਆਈ ਗਾਇਆ, ਮਾਮਾ ਬੜਾ ਗ੍ਰੇਟ ਗਾਇਆ ਉਹ ਲੋਕਾਂ ਨੂੰ ਕਾਫੀ ਪਸੰਦ ਆਇਆ। ਕਈ ਗੀਤ ਮੈਂ ਵੱਖ-ਵੱਖ ਮਿਊਜ਼ਿਕ ਡਾਇਰੈਕਟਰਾਂ ਨਾਲ ਮਾਰਡਨ ਮਿਊਜ਼ਿਕ ਉੱਤੇ ਗਾਏ ਪਰ ਉਹ ਲੋਕਾਂ ਨੂੰ ਪਸੰਦ ਨਹੀਂ ਆਏ।"

ਮਲਕੀਤ ਸਿੰਘ ਕਹਿੰਦੇ ਹਨ ਕਿ ਜਿਵੇਂ ਲੋਕ ਅੱਜ ਵੀ ਸਰੋਂ ਦਾ ਸਾਗ ਤੇ ਮੱਕੇ ਦੀ ਰੋਟੀ ਖਾਣਾ ਪਸੰਦ ਕਰਦੇ ਹਨ ਉਵੇਂ ਹੀ ਮਿਊਜ਼ਿਕ ਨੂੰ ਜ਼ਿਆਦਾ ਮਾਰਡਰਨ ਕਰਨ ਦੀ ਲੋੜ ਨਹੀਂ ਹੈ। ਚੰਗਾ ਸੰਗੀਤ ਲੋਕ ਹਮੇਸ਼ਾ ਹੀ ਸੁਣਨਾ ਪਸੰਦ ਕਰਦੇ ਹਨ।

ਸਰੀ ਵਿਚ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪਗੜੀ ਸਜਾਉਣ ਪ੍ਰਤੀ ਵਧਦੇ ਰੁਝਾਨ ਨੂੰ ਉਨ੍ਹਾਂ ਇਕ ਮਾਣ ਮੱਤੀ ਪ੍ਰਾਪਤੀ ਦੱਸਿਆ। ਸਮਾਗਮ ਦੌਰਾਨ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਅਤੇ ਰਣਦੀਪ ਸਿੰਘ ਸਰਾਏ ਨੇ ਵੀ ਮਲਕੀਤ ਸਿੰਘ ਨਾਲ ਆਪਣੀਆਂ ਪੁਰਾਣੀਆਂ ਸਾਂਝਾਂ ਬਾਰੇ ਜ਼ਿਕਰ ਕੀਤਾ ਅਤੇ ਉਨ੍ਹਾਂ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਪਾਏ ਜਾ ਰਹੇ ਯੋਗਦਾਨ ਲਈ ਧੰਨਵਾਦ ਕੀਤਾ। ਇਸ ਸਮੇਂ ਮੰਚ ਦਾ ਸੰਚਾਲਨ ਕਰਦਿਆਂ ਸੁਖਵਿੰਦਰ ਸਿੰਘ ਚੋਹਲਾ ਨੇ ਪੁੱਜੀਆਂ ਸਾਰੀਆਂ ਸ਼ਖ਼ਸੀਅਤਾਂ ਦੀ ਗਾਇਕ ਮਲਕੀਤ ਸਿੰਘ ਨਾਲ ਜਾਣ-ਪਛਾਣ ਕਰਵਾਈ।

# ਸ਼੍ਰੋਮਣੀ ਕਮੇਟੀ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਏਗੀ ਸ਼ਤਾਬਦੀਆਂ

## ✪ ਨਗਰ ਕੀਰਤਨ, ਸੈਮੀਨਾਰ ਤੇ ਸਿੱਖ ਮਾਰਸ਼ਲ ਆਰਟ ਗਤਕਾ ਦੇ ਮੁਕਾਬਲੇ ਹੋਣਗੇ



ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਵਲੋਂ ਸਤੰਬਰ ਮਹੀਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾ ਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਸੰਬੰਧੀ 450 ਸਾਲਾ ਸ਼ਤਾਬਦੀਆਂ ਗੁਰੂ ਨਗਰੀ ਅੰਮ੍ਰਿਤਸਰ ਤੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪੰਥਕ ਪ੍ਰੰਪਰਾਵਾਂ ਅਤੇ ਖ਼ਾਲਸਈ ਜਾਹੋ-ਜਲਾਲ ਨਾਲ ਮਨਾਈਆਂ ਜਾਣਗੀਆਂ।

ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਥੇ ਸ਼ਤਾਬਦੀਆਂ ਸਬੰਧੀ ਗਠਿਤ ਵੱਖ-ਵੱਖ ਸਬ ਕਮੇਟੀਆਂ ਦੀ ਸਾਂਝੀ ਇਕੱਤਰਤਾ ਦੌਰਾਨ ਸ਼ਤਾਬਦੀ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਦੱਸਿਆ ਕਿ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਵੱਖ-ਵੱਖ ਥਾਵਾਂ ਤੋਂ ਨਗਰ ਕੀਰਤਨ ਸਜਣਗੇ, ਸੈਮੀਨਾਰ ਕਰਵਾਏ ਜਾਣਗੇ ਤੇ ਸਿੱਖ ਮਾਰਸ਼ਲ ਆਰਟ ਗਤਕਾ ਦੇ ਮੁਕਾਬਲੇ ਕਰਵਾਏ ਜਾਣਗੇ। ਸ਼ਤਾਬਦੀਆਂ ਨੂੰ ਸਮਰਪਿਤ ਵਿਸ਼ੇਸ਼ ਸੋਵੀਨਾਰ ਵੀ ਪ੍ਰਕਾਸ਼ਿਤ ਕੀਤਾ ਜਾਵੇਗਾ।

ਇਸ ਮੌਕੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਅਜਮੇਰ ਸਿੰਘ ਲਾਡਛੂ, ਖੁਸ਼ਵਿੰਦਰ ਸਿੰਘ ਭਾਟੀਆ, ਅਮਰਜੀਤ ਸਿੰਘ ਭਲਾਈਪੁਰ, ਗੁਰਪ੍ਰੀਤ ਸਿੰਘ ਝੱਬਰ, ਅਲਵਿੰਦਰਪਾਲ ਸਿੰਘ ਪੱਖੋਕੇ, ਭਾਈ ਅਮਰਜੀਤ ਸਿੰਘ ਚਾਵਲਾ, ਗੁਰਬਚਨ ਸਿੰਘ ਕਰਮੂੰਵਾਲਾ, ਸੁਰਜੀਤ ਸਿੰਘ ਭਿੱਟੇਵੱਡ, ਮੰਗਵਿੰਦਰ ਸਿੰਘ ਖਾਪੜਖੇੜੀ, ਕੁਲਵੰਤ ਸਿੰਘ ਮੰਨਣ, ਸਤਵਿੰਦਰ ਸਿੰਘ ਟੌਹੜਾ, ਆਦਿ ਸ਼ਖਸੀਅਤਾਂ ਵੀ ਹਾਜ਼ਰ ਸਨ।

# ਸਿੰਘ ਸਾਹਿਬ ਰੋਡੇ ਭਾਈ ਅੰਮ੍ਰਿਤਪਾਲ ਸਿੰਘ ਤੇ ਰੋਡੇ ਨਾਲ ਮਿਲਕੇ ਪੰਥਕ ਪਾਰਟੀ ਬਣਾਉਣਗੇ

## ✪ ਲੁਧਿਆਣਾ ਵਿਚ ਮੀਟਿੰਗ ਕਰਕੇ ਸ਼ੁਰੂ ਕੀਤੀਆਂ ਸਰਗਰਮੀਆਂ



ਲੁਧਿਆਣਾ-ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਅੱਗੇ ਅਰਦਾਸ ਕਰਕੇ ਪੰਥ ਹਿਤੈਸ਼ੀ ਜਥੇਬੰਦੀਆਂ, ਸੰਗਠਨਾਂ ਤੇ ਪੰਥਕ ਦਰਦੀਆਂ ਨੂੰ ਇਕ ਮੰਚ 'ਤੇ ਇਕੱਠੇ ਕਰਨ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਜਿਸਨੂੰ ਲੈ ਕੇ ਪਹਿਲੀ ਮੀਟਿੰਗ ਲੁਧਿਆਣਾ ਵਿਚ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਦੇ ਹਾਲ 'ਚ ਕੀਤੀ ਗਈ।

ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਸਿੱਖ ਕੌਮ ਨੂੰ ਇਕੱਠਾ ਕਰਦੇ ਹੋਏ ਕਾਫ਼ਲੇ ਨੂੰ ਵੱਡਾ ਕਰਨ ਲਈ, ਉਨ੍ਹਾਂ ਵਲੋਂ ਪੰਥ ਹਿਤੈਸ਼ੀਆਂ ਦੇ ਨਾਲ ਮਿਲ ਕੇ ਸ਼ੁਰੂਆਤ ਕੀਤੀ ਗਈ ਹੈ। ਲੋਕ ਸਭਾ ਮੈਂਬਰ ਭਾਈ ਸਰਬਜੀਤ ਸਿੰਘ ਖ਼ਾਲਸਾ ਵਲੋਂ ਵੱਖਰੀ ਪਾਰਟੀ ਬਣਾਉਣ ਤੇ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਸ਼ਾਮਿਲ ਕਰਨ ਦੇ ਕੀਤੇ ਗਏ ਐਲਾਨ ਨੂੰ ਲੈ ਕੇ ਭਾਈ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਉਹ ਭਾਈ ਸਰਬਜੀਤ ਸਿੰਘ ਖਾਲਸਾ ਅਤੇ ਭਾਈ ਅੰਮ੍ਰਿਤਪਾਲ ਸਿੰਘ ਨਾਲ ਬੈਠ ਕੇ ਵਿਚਾਰਾਂ ਕਰਨਗੇ। ਭਾਈ ਰੋਡੇ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਵੱਖਰਾ ਹੋਇਆ ਧੜਾ ਇਕ ਹੀ ਹੈ, ਜਿਨ੍ਹਾਂ ਕੋਲੋਂ ਸਿੱਖ ਪੰਥ ਦੇ ਭਲੇ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਭਾਈ ਰੋਡੇ ਨੇ ਕਿਹਾ ਕਿ ਜ਼ਿਮਨੀ ਚੋਣਾਂ 'ਚ ਪੰਥਕ ਉਮੀਦਵਾਰ ਉਤਾਰਨ ਨੂੰ ਲੈ ਕੇ ਸਾਰੀਆਂ ਧਿਰਾਂ ਨਾਲ ਵਿਚਾਰ ਚਰਚਾ ਦੇ ਬਾਅਦ ਹੀ ਫ਼ੈਸਲਾ ਕੀਤਾ ਜਾਵੇਗਾ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਧਰਮਰਾਜ ਅਜਿਹੇ ਬੰਦਿਆਂ ਦੀ ਸੇਵਾ ਕਰਦਾ ਹੈ; ਧੰਨ ਹੈ ਉਹ ਆਤਮਿਕ ਜੀਵਨ ਸਵਾਰਨ ਵਾਲ਼ਾ ਪਰਮਾਤਮਾ! "ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕ ਮੁਰਾਰਿ ॥ ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ ॥2॥ ਅੰਗ 38" । ਸਾਧ (ਗੁਰੂ) ਦੀ ਸੰਗਤਿ ਕਰਨ ਵਾਲ਼ੇ ਦੀ ਵੀ ਧਰਮ ਰਾਇ ਸੇਵਾ ਕਰਦਾ ਹੈ । "ਸਾਧਸੰਗਿ ਧਰਮ ਰਾਇ ਕਰੇ ਸੇਵਾ ॥ ਅੰਗ 271" । ਧਰਮ ਰਾਜ ਪ੍ਰਭੂ ਦਾ ਹੀ ਬਣਾਇਆ ਹੋਇਆ ਹੈ, ਪ੍ਰਭੂ ਦੇ ਸੇਵਕ ਦੇ ਨੇੜੇ ਨਹੀਂ ਆਉਂਦਾ । "ਧਰਮਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ ॥ ਅੰਗ 555" । ਅਤੇ "ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥6॥ ਅੰਗ 980" । ਜਿਸ ਮਨੁੱਖ ਉਤੇ ਪ੍ਰਭੂ ਮਿਹਰ ਕਰੇ ਉਸ ਨੂੰ ਗੁਰੂ ਮਿਲਦਾ ਹੈ ਤੇ ਉਹ ਪ੍ਰਭੂ ਦੇ ਗੁਣ ਗਾਉਂਦਾ ਹੈ । ਧਰਮਰਾਜ ਉਹਨਾਂ ਦਾ ਮਿੱਤਰ ਬਣ ਜਾਂਦਾ ਹੈ ਤੇ ਉਹਨਾਂ ਨੂੰ ਜਮ ਦੇ ਰਾਹ ਤੇ ਨਹੀਂ ਪਾਉਂਦਾ; ਉਹ ਦਿਨ ਰਾਤ ਹਰਿ-ਨਾਮ ਸਿਮਰਦੇ ਹਨ ਤੇ ਹਰਿ-ਨਾਮ ਵਿਚ ਸਮਾ ਜਾਂਦੇ ਹਨ । "ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ॥ ਧਰਮਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥ ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥14॥ ਅੰਗ 1091" । ਜਦੋਂ ਸੰਤ ਜਨਾਂ ਨੇ ਮੈਨੂੰ ਪਰਮਾਤਮਾ ਦੇ ਨਾਮ ਦੀ ਪੂੰਜੀ ਦਿੱਤੀ, ਤਦੋਂ ਮੇਰੇ ਮਨ ਦਾ ਚਿੰਤਾ-ਫ਼ਿਕਰ ਲਹਿ ਗਿਆ ਹੈ। ਮੇਰੇ (ਜਨਮਾਂ ਜਨਮਾਂਤਰਾਂ ਦੇ) ਕੀਤੇ ਕਰਮਾਂ ਦੇ ਹਿਸਾਬ ਦਾ ਕਾਗਜ਼ ਪਾਟ ਗਿਆ; ਹੁਣ ਧਰਮਰਾਜ ਕੀ ਕਰੇਗਾ? ਭਾਵ ਮੈਥੋਂ ਕੋਈ ਪੁੱਛ ਨਹੀਂ ਸਕਦਾ । "ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥ ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥3॥ ਅੰਗ 614" । ਜਿਹੜੇ ਭਲੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ, ਉਹ ਇਸ ਕੀਮਤੀ ਮਨੁੱਖਾ ਜੀਵਨ ਦੀ ਬਾਜ਼ੀ ਜਿੱਤ ਜਾਂਦੇ ਹਨ। ਅਗਰ ਉਹ ਧਰਮ ਰਾਇ ਕੋਲ ਜਾਂਦੇ ਹਨ ਤਾਂ ਧਰਮ ਰਾਇ ਇਹ ਕਹਿੰਦਾ ਹੈ ਕਿ ਤੁਸੀਂ ਮੇਰਾ ਘਰ ਪਵਿੱਤਰ ਕਰ ਦਿੱਤਾ ਹੈ! "ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥ ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥10॥ ਅੰਗ 1425" । ਅਰਥਾਤ ਨਾਮ ਜਪਣ ਵਾਲਿਆਂ ਦਾ ਧਰਮ ਰਾਇ ਸਤਿਕਾਰ ਕਰਦਾ ਹੈ, ਲੇਕਿਨ ਪਾਪ ਕਰਨ ਵਾਲ਼ੇ ਪਾਪੀਆਂ ਨੂੰ ਇਸ ਤਰ੍ਹਾਂ ਰਗੜਦਾ ਹੈ ਜਿੰਦਾਂ ਮਧਾਣੀਆਂ (ਦੁੱਧ ਨੂੰ) ਮਥ ਦਿੰਦੀਆਂ ਹਨ ਤੇ ਉਹ ਹਾਇ ਹਾਇ ਕਰਦੇ ਹਨ! "ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥9॥ ਅੰਗ 1425" ।

**ਡਰਾਉਣਾ ਸੰਸਾਰ ਸਮੁੰਦਰ:** ਇਹ ਸੰਸਾਰ-ਸਮੁੰਦਰ ਬੜਾ ਬਿਖੜਾ ਹੈ ਬੜਾ ਡਰਾਉਣਾ ਹੈ, ਇਸ ਦਾ ਨਾ ਕੋਈ ਕੰਢਾ ਦਿਸਦਾ ਹੈ ਨਾ ਪਾਰਲਾ ਬੰਨਾ । ਨਾ ਕੋਈ ਬੇੜੀ ਨਾ ਕੋਈ ਤੁਲਹਾ ਨਾ ਕੋਈ ਮਲਾਹ ਤੇ ਨਾ ਮਲਾਹ ਦਾ ਵੰਝ ਇਸ ਸੰਸਾਰ/ਸਮੁੰਦਰ ਵਿਚੋਂ ਪਾਰ ਲੰਘਾ ਸਕਦਾ ਹੈ । ਸੰਸਾਰ-ਸਮੁੰਦਰ ਦੇ ਡਰ ਤੋਂ ਬਚਾਉਣ ਵਾਲਾ ਜਹਾਜ਼ ਗੁਰੂ ਹੈ, ਜਿਸਦੀ ਦੀ ਮਿਹਰ ਭਰੀ ਨਜ਼ਰ ਨਾਲ਼ ਇਸ ਸਮੁੰਦਰ ਦੇ ਪਰਲੇ ਪਾਸੇ ਉਤਾਰਾ ਹੋ ਸਕਦਾ ਹੈ । "ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨ ਪਾਰੁ ॥ ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥4॥ ਅੰਗ 59"। ਜਦੋਂ ਅਸੀਂ ਇਹ ਸਮਝੀਏ ਕਿ ਪਰਮਾਤਮਾ ਕਿਤੇ ਦੂਰ ਹੈ ਤਾਂ ਅਸੀਂ ਦੁਨਿਆਵੀ ਡਰਾਂ ਤੋਂ ਡਰ ਡਰ ਮਰਦੇ ਹਾਂ ਤੇ ਜਦੋਂ ਪਰਮੇਸ਼ਰ ਨੂੰ ਸਭ ਥਾਵਾਂ ਨੂੰ ਪਰੀਪੂਰਨ ਕਰਦਿਆਂ ਦੇਖ ਲਿਆ ਤਾਂ ਦੁਨਿਆਵੀ ਡਰ ਖਤਮ ਹੋ ਜਾਂਦਾ ਹੈ । "ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ ਦੇਖਿਆ ਭਰਪੂਰਿ॥1॥ ਅੰਗ 186" ।

ਸੰਸਾਰ 'ਚ ਰਹਿੰਦਿਆਂ ਡਰ ਦੂਰ ਕਿੱਦਾਂ ਹੋਵੇ? ਜਦੋਂ ਕਰਤਾਰ ਮਨ 'ਚ ਵਸ ਜਾਂਦਾ ਹੈ ਤਾਂ ਦੁਖ, ਦਰਦ, ਭਰਮ ਤੇ ਭਉ (ਡਰ) ਭੱਜ ਜਾਂਦੇ ਹਨ । "ਦੂਖੁ ਦਰਦੁ ਭਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥4॥50॥119॥ ਅੰਗ 189"। ਜਦੋਂ ਪੂਰੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਪਰਮਾਤਮਾ ਨੂੰ ਪਛਾਣ ਲਿਆ, ਫੇਰ ਕੀ ਡਰਨਾ ਹੋਇਆ? ਕਿਉਂਕਿ (ਦੁਨਿਆਵੀ ਡਰ) ਪਰਮਾਤਮਾ ਦੇ ਡਰ-ਅਦਬ ਵਿਚ ਸਮਾ (ਖਤਮ ਹੋ) ਜਾਂਦਾ ਹੈ ।1।ਰਹਾਉ। "ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥1॥ ਰਹਾਉ॥ ਅੰਗ 154"। ਇਸ ਕਰਕੇ ਸਤਿਗੁਰਾਂ ਨੇ ਕਰਤਾਰ ਤੋਂ ਡਰ ਕੇ ਰਹਿਣ ਦਾ ਉਪਦੇਸ਼ ਦਿੱਤਾ ਹੈ । ਹੇ ਮੁਲਾਂ ਇਕ ਦਿਨ ਮਰਨਾ ਹੈ, ਇਸ ਕਰਕੇ ਰੱਬ ਤੋਂ ਡਰ! "ਮਰਣਾ ਮੁਲਾ ਮਰਣਾ ॥ ਭੀ ਕਰਤਾਰਹੁ ਡਰਣਾ ॥1॥ ਰਹਾਉ॥ ਅੰਗ 24"। ਜੋ ਬੰਦਾ ਮੌਤ ਨੂੰ ਚੇਤੇ ਰੱਖੇਗਾ ਉਹ ਮੱਲਾਂ ਮਾਰ ਕੇ ਨਹੀਂ ਬੈਠੇਗਾ, ਕਿਸੇ ਨਾਲ਼ ਗੱਲਤ ਕੰਮ ਨਹੀਂ ਕਰੇਗਾ । ਭਾਲ ਕਰਦਿਆਂ ਕਰਦਿਆਂ ਇਹ ਪਤਾ ਲੱਗ ਜਾਂਦਾ ਹੈ ਕਿ ਪਰਮਾਤਮਾ ਦਾ ਡਰ-ਅਦਬ ਹਿਰਦੇ ਵਿਚ ਧਾਰਨ ਕੀਤਿਆਂ ਪਰਮਾਤਮਾ (ਗੁਰੂ ਦਾ ਮਿਲਾਇਆ) ਮਿਲ ਪੈਂਦਾ ਹੈ ।

"ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ॥ ਅੰਗ 57"। ਜਦੋਂ ਇਹ ਭਰੋਸਾ ਹੋ ਜਾਂਦਾ ਹੈ ਕਿ ਉਸ ਪ੍ਰਭੂ ਤੋਂ ਓੱਪਰ ਕੋਈ ਨਹੀਂ, ਫੇਰ ਕੌਣ ਡਰਦਾ ਹੈ ਤੇ ਕਿਸ ਦਾ ਡਰ ਹੁੰਦਾ ਹੈ? ਭਾਵ ਕਿਸੇ ਦਾ ਡਰ ਨਹੀਂ ਰਹਿੰਦਾ! "ਤਿਸ ਤੇ ਊਪਰਿ ਨਾਹੀ ਕੋਇ ॥ ਕਉਣੁ ਡਰੈ ਡਰੁ ਕਿਸ ਕਾ ਹੋਇ ॥4॥ ਅੰਗ 842" । ਪੂਰਾ ਗੁਰੂ ਸਾਰੇ ਡਰ ਦੂਰ ਕਰ ਦਿੰਦਾ ਹੈ! "ਗੁਰ ਪੂਰੇ ਡਰੁ ਸਗਲ ਚੁਕਾਇਆ ॥1॥ ਅੰਗ 1152" ।

ਮੇਰੀ ਜਿੰਦ ਡਰਦੀ ਹੈ, ਮੈਂ ਕਿਸ ਦੇ ਪਾਸ ਪੁਕਾਰ ਕਰਾਂ । (ਹੋਰ ਆਸਰੇ ਛੱਡ ਕੇ) ਮੈਂ ਦੁੱਖਾਂ ਦੇ ਨਾਸ ਕਰਨ ਵਾਲੇ ਪ੍ਰਭੂ ਨੂੰ ਹੀ ਸਿਮਰਦਾ ਹਾਂ, ਜੋ ਕਿ ਸਦਾ ਹੀ ਬਖ਼ਸ਼ਸ਼ਾਂ ਕਰਨ ਵਾਲਾ ਹੈ ।1। "ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ॥1॥ ਅੰਗ 660"। ਸਤਿਗੁਰੂ ਜੀ ਮੇਰੇ ਵਰਗੇ ਡਰੂ ਆਦਮੀ ਨੂੰ ਦਿਲਾਸਾ ਦਿੰਦੇ ਹਨ ਕਿ ਉਸ ਪਰਮਾਤਮਾ ਤੋਂ ਬਿਨਾ ਹੋਰ ਕੋਈ ਨਹੀਂ (ਉਸਦੇ ਬਰਾਬਰ ਦਾ) ਇਸ ਕਰਕੇ ਆਪਣੇ ਅੰਦਰੋਂ ਡਰ, ਭਰਮ ਤੇ ਭਉ ਦੂਰ ਕਰ । ਉਸੇ ਹਰੀ ਦੀ ਉਸਤਤਿ ਕਰ ਜੋ ਤੇਰੀ ਘਰ ਤੇ ਬਾਹਰ (ਸਭ ਥਾਈਂ) ਰਾਖੀ ਕਰਦਾ ਹੈ । ਜਿਸ ਉਤੇ ਪਰਮਾਤਮਾ ਦਿਆਲ ਹੁੰਦਾ ਹੈ, ਉਹ ਉਸ ਪ੍ਰਭੂ ਨੂੰ ਸਿਮਰ ਕੇ ਔਖੇ ਡਰਾਉਣੇ ਸੰਸਾਰ ਸਮੁੰਦਰ, ਜਿਸਤੋਂ ਤਰਨਾ ਮੁਸ਼ਕਿਲ ਹੂੰਦਾ ਹੈ, ਤੋਂ ਪਾਰ ਹੋ ਜਾਂਦਾ ਹੈ । "ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ ॥ ਹਰਿ ਤਿਸੈ ਨੋ ਸਾਲਾਹਿ ਜਿ ਤੁਧੁ ਰਖੈ ਬਾਹਰਿ ਘਰਿ ॥ ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ ਤਰਿ ॥1॥ ॥ ਅੰਗ 83"। ਹੇ ਪ੍ਰਭੂ ਤੂੰ ਆਪ ਸੱਚਾ (ਅਵਿਨਾਸ਼ੀ) ਹੈਂ ਤੇ ਤੇਰਾ ਨਿਆਂ ਸੱਚਾ ਹੈ ਤਾਂ ਫੇਰ ਕਿਉਂ ਡਰੀਏ? "ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥ ॥ ਅੰਗ 84"। ਸਤਿਗੁਰੂ ਅਰਜਨ ਦੇਵ ਜੀ ਇਹ ਕਹਿ ਕੇ ਸਾਨੂੰ ਦਿਲਾਸਾ ਦਿੰਦੇ ਹਨ ਕਿ ਉਹ ਪਰਮਾਤਮਾ ਨਾ ਨਾਸ ਹੋਣ ਵਾਲ਼ਾ ਹੈ, ਉਹ ਨਿਰਭਉ ਪ੍ਰਭੂ ਤੇਰੇ ਨਾਲ਼ ਵਸਦਾ ਹੈ ਫਿਰ ਇਹ ਡਰ ਤੈਨੂੰ ਕਿੱਥੋਂ ਆ ਗਿਆ? ਭਾਵ ਭੈ ਰਹਿਤ ਪ੍ਰਭੂ ਦੇ ਸੰਗ ਵਸਦਿਆਂ ਤੈਨੂੰ ਡਰਨਾ ਨਹੀਂ ਚਾਹੀਦਾ । "ਓਹੁ ਅਬਿਨਾਸੀ ਰਾਇਆ ॥ ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥1॥ ਰਹਾਉ ॥ ਅੰਗ 206"। ਸਤਿਗੁਰੂ ਅਰਜਨ ਦੇਵ ਜੀ ਇਹ ਬਚਨ ਵੀ ਕਰਦੇ ਹਨ ਕਿ ਜਦੋਂ ਸਭ ਕੁਛ ਤੇਰਾ ਕੀਤਾ ਹੁੰਦਾ ਹੈ ਤਾਂ ਕਿਉਂ ਡਰੀਏ? "ਤੇਰਾ ਕੀਤਾ ਹੋਇ ਤ ਕਾਹੇ ਡਰਪੀਐ । ਅੰਗ 522"। ਜਦੋਂ ਤੋਂ ਮੇਰਾ ਚਿੱਤ ਪਰਮਾਤਮਾ ਦੇ ਨਾਮ ਵਿਚ ਲੱਗ ਗਿਆ ਹੈ, ਮੇਰਾ ਭਰਮ ਦੂਰ ਹੋ ਗਿਆ ਹੈ (ਕਿ ਪ੍ਰਭੂ ਤੋਂ ਬਿਨਾ ਵੀ ਕੋਈ ਹੋਰ ਹੈ); ਜਿਸ ਕਰਕੇ ਡਰ ਵੀ ਦੌੜ ਗਿਆ ਹੈ (ਕਿਉਂਕਿ ਡਰ ਕਿਸੇ ਦੂਸਰੇ ਤੋਂ ਹੁੰਦਾ ਹੈ)।1।ਰਹਾਉ। "ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮ ਨਾਮ ਚਿਤੁ ਲਾਗਾ॥1॥ਰਹਾਉ॥ ਅੰਗ 655"।


ਡਰਦਾ ਕੌਣ ਹੈ? ਜੇਹੜੇ ਜੀਵ ਪ੍ਰਭੂ ਦਾ ਡਰ-ਭਉ ਨਹੀਂ ਰੱਖਦੇ, ਉਹਨਾਂ ਨੂੰ ਦੁਨੀਆਵੀ ਡਰ ਲੱਗਦਾ ਰਹਿੰਦਾ ਹੈ, ਗੁਰੂ ਤੋਂ ਬਿਨਾ ਅਗਿਆਨਤਾ ਦਾ ਘੁੱਪ ਹਨੇਰਾ ਬਣਿਆ ਰਹਿੰਦਾ ਹੈ ਤੇ ਉਹ ਹੰਕਾਰ 'ਚ (ਗਰਭ 'ਚ) ਗਲਦੇ ਹਨ । "ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥3॥ ਅੰਗ 54"। "ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਅੰਗ 149"। ਮਨੁੱਖਾ ਜਨਮ ਪ੍ਰਾਪਤ ਕਰ ਕੇ ਮੈਂ ਕੋਈ ਭਲਾਈ ਨਹੀਂ ਕੀਤੀ, ਇਸ ਵਾਸਤੇ ਮੈਂ ਬਹੁਤ ਡਰਦਾ ਰਹਿੰਦਾ ਹਾਂ ।

**ਬਾਕੀ ਅਗਲੇ ਹਫ਼ਤੇ ਪੜ੍ਹੋ**


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ

ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**

BRIDLE GATE LANE, ALVASTON, DERBY, DE24 0QW, U.K.

Email: panjabtimes@gmail.com,

www.panjabtimes.co.uk TEL: 01332 372 851

www.fb.com/punjabtimesuk

# ਸਿੱਖ/ਪੰਥਕ ਸੰਸਥਾਵਾਂ ਦੀ ਅਣਵੇਖੀ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਸੰਕਟ ਗਹਿਰਾ

## ਉਜਾਗਰ ਸਿੰਘ



ਪੰਥਕ ਸੋਚ ਤੇ ਗੁਰਮਤਿ ਦੇ ਧਾਰਨੀ ਸਿੱਖਾਂ ਨੂੰ ਸਿੱਖ/ਪੰਥਕ ਸੰਸਥਾਵਾਂ ਦੀ ਕਾਰਗੁਜ਼ਾਰੀ ਵਿੱਚ ਆਏ ਨਿਘਾਰ ਬਾਰੇ ਸੰਗਠਤ ਹੋ ਕੇ ਉਪਰਾਲੇ ਕਰਨੇ ਚਾਹੀਦੇ ਹਨ। ਸਿਆਸੀ ਜ਼ੁਲਮ ਦੇ ਵਿਰੁੱਧ ਆਵਾਜ਼ ਬਲੰਦ ਕਰਨ, ਸਿੱਖ ਵਿਚਾਰਧਾਰਾ ਦੀ ਪ੍ਰਫੁੱਲਤਾ, ਅਧਿਆਤਮਿਕ ਅਗਵਾਈ ਤੇ ਰਾਜਨੀਤਕ ਪ੍ਰਭੁਸਤਾ ਹਾਸਲ ਕਰਨ ਲਈ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸ੍ਰੀ ਅਕਾਲ ਤਖ਼ਤ ਨੂੰ ਸਥਾਪਤ ਕਰਨ ਦੇ ਸਪਨੇ ਨੂੰ ਸਾਕਾਰ ਕਰਨ ਲਈ ਸਿੱਖ ਜਗਤ ਨੂੰ ਇੱਕਮੁੱਠ ਹੋ ਕੇ ਪਹਿਰਾ ਦੇਣਾ ਚਾਹੀਦਾ ਹੈ। ਸਿੱਖ/ਪੰਥਕ ਸੰਸਥਾਵਾਂ ਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਸਿੱਖ ਵਿਚਾਰਧਾਰਾ ਨਾਲ ਜੋੜੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਿੱਖ ਸਿਆਸਤਦਾਨਾ ਦੇ ਰਾਜ ਕਰਨ ਦੇ ਲਾਲਚ ਕਰਕੇ ਇਹ ਸੰਸਥਾਵਾਂ ਅਣਵੇਖੀਆਂ ਹੋ ਗਈਆਂ ਹਨ। ਸਿੱਖਾਂ ਦੀਆਂ ਸਿਆਸੀ ਪਾਰਟੀਆਂ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ/ਪੰਥਕ ਸੰਸਥਾਵਾਂ ਨੂੰ ਉਤਸ਼ਾਹਤ ਕਰਨ ਦੀ ਥਾਂ ਉਨ੍ਹਾਂ ਨੂੰ ਅਣਡਿਠ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਕਰਕੇ ਸਿੱਖਾਂ ਦੀ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਹਾਸ਼ੀਏ ਤੇ ਚਲੀ ਗਈ ਹੈ। ਪੰਜਾਬ ਦੇ ਵੋਟਰਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਨਕਾਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਜਿਹੜਾ ਲੰਬਾ ਸਮਾਂ ਸਿਆਸੀ ਤਾਕਤ ਵਿੱਚ ਰਿਹਾ, ਉਸ ਦੇ ਹਾਸ਼ੀਏ ਤੇ ਜਾਣ ਦਾ ਮੁੱਖ ਕਾਰਨ ਉਸ ਵੱਲੋਂ ਸਿੱਖ/ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕਰਨਾ ਹੈ। ਸਿੱਖ/ਪੰਥਕ ਸੰਸਥਾਵਾਂ ਇੱਕ ਸਿਆਸੀ ਪਾਰਟੀ ਦੀਆਂ ਹੀ ਨਹੀਂ ਸਗੋਂ ਸਮੁੱਚੇ ਸਿੱਖ ਜਗਤ ਦੀਆਂ ਹਨ, ਭਾਵੇਂ ਸਿੱਖ ਕਿਸੇ ਵੀ ਜ਼ਾਤ, ਫ਼ਿਰਕੇ ਅਤੇ ਪਾਰਟੀ ਦੇ ਹੋਣ। ਸਿੱਖ ਸਿਆਸਤਦਾਨ ਸਿਆਸੀ ਤਾਕਤ ਹਾਸਲ ਕਰਨ ਲਈ ਅਨੇਕਾਂ ਸ਼੍ਰੋਮਣੀ ਅਕਾਲੀ ਦਲ ਬਣਾਈ ਬੈਠੇ ਹਨ। ਉਨ੍ਹਾਂ ਦੀ ਹਓਮੈ ਤੇ ਸਿਆਸੀ ਤਾਕਤ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਇੱਕਮੁੱਠ ਹੋਣ ਨਹੀਂ ਦੇ ਰਹੀ। ਸਿੱਖ ਜਗਤ ਇਸ ਕਰਕੇ ਚਿੰਤਾ ਵਿੱਚ ਹੈ ਕਿ ਕਿਹੜੇ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਿੱਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਪੰਜਾਬ ਦੀ ਸਥਾਪਤ ਰੀਜਨਲ ਰਾਜਨੀਤਕ ਪਾਰਟੀ ਹੈ, ਇਸ ਦੇ ਵੀ ਅਨੇਕਾਂ ਧੜੇ ਬਣ ਚੁੱਕੇ ਹਨ। ਇਸ ਲਈ ਸ਼੍ਰੋਮਣੀ ਕੌਣ ਹੈ, ਇਸ ਦਾ ਫ਼ੈਸਲਾ ਸਿੱਖ ਜਗਤ ਨੇ ਹੀ ਕਰਨਾ ਹੈ। ਸਭ ਤੋਂ ਪਹਿਲਾਂ ਇਹ ਦੱਸਣਾ ਬਣਦਾ ਹੈ ਕਿ ਅਕਾਲੀ ਦਲ ਦੀ ਸਥਾਪਨਾ 14 ਦਸੰਬਰ 1920 ਨੂੰ ਇੱਕ ਧਾਰਮਿਕ ਸੰਸਥਾ ਦੇ ਤੌਰ 'ਤੇ ਹੋਈ ਸੀ। ਇਹ ਸੰਸਥਾ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਵੱਲੋਂ ਗੁਰੂ ਘਰਾਂ ਦੀ ਬੇਹੁਰਮਤੀ ਦੀਆਂ ਘਟਨਾਵਾਂ ਤੋਂ ਬਾਅਦ ਹੋਂਦ ਵਿੱਚ ਆਈ ਸੀ। ਗੁਰਦੁਆਰਾ ਸੁਧਾਰ ਲਹਿਰ ਦਾ ਵੀ ਗੁਰੂ ਘਰਾਂ ਦੀ ਪਵਿਤਰਤਾ ਬਰਕਰਾਰ ਰੱਖਣਾ ਮੁੱਖ ਮੰਤਵ ਸੀ ਪ੍ਰੰਤੂ ਦੋਹਾਂ ਦੇ ਕੰਮ ਵੱਖਰੇ-ਵੱਖਰੇ ਸਨ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ 1952 ਵਿੱਚ ਜਦੋਂ ਆਮ ਚੋਣਾਂ ਹੋਈਆਂ ਤਾਂ ਸ਼੍ਰੋਮਣੀ ਅਕਾਲੀ ਦਲ ਸਿਆਸੀ ਪਾਰਟੀ ਦੇ ਤੌਰ 'ਤੇ ਰਜਿਸਟਰਡ ਨਹੀਂ ਸੀ, ਫਿਰ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਕਾਂਗਰਸ ਪਾਰਟੀ ਨਾਲ ਸਮਝੌਤਾ ਕਰਕੇ ਕਾਂਗਰਸ ਪਾਰਟੀ ਦੀਆਂ ਟਿਕਟਾਂ 'ਤੇ ਚੋਣ ਲੜੀ ਸੀ। ਮਰਹੂਮ ਸ੍ਰ.ਪਰਕਾਸ਼ ਸਿੰਘ ਬਾਦਲ ਵੀ ਪਹਿਲੀ ਵਾਰ ਕਾਂਗਰਸ ਪਾਰਟੀ ਦੇ ਟਿਕਟ 'ਤੇ ਚੋਣ ਲੜੇ ਤੇ ਜਿੱਤੇ ਸਨ। ਕਈ ਕਾਂਗਰਸੀ ਨੇਤਾ ਜਿਵੇਂ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਇਕੋ ਸਮੇਂ ਰਹੇ ਹਨ। ਉਦੋਂ ਸਾਰੇ ਸਿਆਸੀ ਸਿੱਖ ਲੀਡਰ ਜੰਮਦੇ ਹੀ ਅਕਾਲੀ ਹੁੰਦੇ ਸਨ, ਅਕਾਲੀ ਦਲ 'ਚੋਂ ਸਿਖਿਆ ਲੈ ਕੇ ਉਹ ਵੱਖੋ-ਵੱਖਰੀਆਂ ਪਾਰਟੀਆਂ ਵਿੱਚ ਚਲੇ ਜਾਂਦੇ ਸਨ। ਹੁਣ ਅਕਾਲੀ ਜੰਮਦੇ ਨਹੀਂ ਸਗੋਂ ਸਿਆਸੀ ਤਾਕਤ ਪ੍ਰਾਪਤ ਕਰਨ ਲਈ ਅਕਾਲੀ ਬਣਦੇ ਹਨ, ਇਸ ਕਰਕੇ ਅਕਾਲੀ ਦਲ ਵਿੱਚ ਨਿਘਾਰ ਆਇਆ ਹੈ। ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ਅਕਾਲੀ ਦਲ ਭਾਵੇਂ ਰਾਜਨੀਤਕ ਪਾਰਟੀ ਹੈ, ਭਾਰਤ ਦੇ ਸੰਵਿਧਾਨ ਅਨੁਸਾਰ ਕੰਮ ਕਰਨਾ ਪ੍ਰੰਤੂ ਪੰਥਕ ਹਿਤਾਂ 'ਤੇ ਪਹਿਰਾ ਦੇਣਾ ਉਸ ਦਾ ਮੁੱਖ ਕੰਮ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥਕ ਹਿਤਾਂ ਅਨੁਸਾਰ ਕੰਮ ਕਰਨਾ ਹੈ। ਇਸ ਲਈ ਅਕਾਲੀ ਦਲ ਦੇ ਮੈਂਬਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਹੀਂ ਬਣਨੇ ਚਾਹੀਦੇ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਕਾਲੀ ਦਲ ਦੇ ਮੈਂਬਰ ਨਹੀਂ ਹੋਣੇ ਚਾਹੀਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਪੰਥ ਦੀ ਸਥਾਪਨਾ ਕੀਤੀ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਤਾਂ ਉਨ੍ਹਾਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਨੇ ਤੱਤੀ ਤਵੀ ਤੇ ਬਿਠਾਕੇ ਸ਼ਹੀਦ ਕਰ ਦਿੱਤਾ ਸੀ। ਫਿਰ ਛੇਵੇਂ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਜ਼ੁਲਮ ਦੇ ਵਿਰੁੱਧ ਅਤੇ ਸਰਬੱਤ ਦੇ ਭਲੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ 15 ਜੂਨ 1606 ਵਿੱਚ ਕੀਤੀ, ਜੋ 1609 ਵਿੱਚ ਮੁਕੰਮਲ ਹੋਇਆ। ਪਹਿਲਾਂ ਇਸ ਨੂੰ ਅਕਾਲ ਬੁੰਗਾ ਕਿਹਾ ਜਾਂਦਾ ਸੀ। ਅਕਾਲ ਤਖ਼ਤ ਨੂੰ ਰਾਜਨੀਤਕ ਪ੍ਰਭੁਸਤਾ ਅਤੇ ਅਧਿਆਤਮਿਕ ਅਗਵਾਈ ਦਾ ਕੇਂਦਰ ਕਿਹਾ ਜਾਂਦਾ ਹੈ। ਅਕਾਲ ਤਖ਼ਤ ਤੋਂ ਸਿੱਖ ਪੰਥ ਸੰਬੰਧੀ ਧਾਰਮਿਕ ਹੁਕਮਨਾਮੇ ਜ਼ਾਰੀ ਕੀਤੇ ਜਾਂਦੇ ਸਨ।

ਜਹਾਂਗੀਰ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 12 ਸਾਲ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰਕੇ ਰੱਖਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਾਹਜਹਾਂ ਨੂੰ ਚਾਰ ਲੜਾਈਆਂ ਵਿੱਚ ਹਰਾਇਆ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜ਼ੁਲਮ ਦੇ ਵਿਰੁੱਧ ਤੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ, ਉਨ੍ਹਾਂ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਅਤੇ ਦੋ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ। ਇਸ ਤੋਂ ਬਾਅਦ ਜ਼ੁਲਮ ਦਾ ਮੁਕਾਬਲਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਵੱਖ ਵੱਖ ਜ਼ਾਤਾਂ ਅਤੇ ਰਾਜਾਂ ਦੇ 5 ਵਿਅਕਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਾਜਿਆ ਗਿਆ ਅਤੇ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਪਾਨ ਕਰਕੇ ਆਪੇ ਗੁਰ ਆਪੇ ਚੇਲਾ ਬਣੇ।

ਅਕਾਲ ਤਖ਼ਤ ਤੋਂ ਸਿੱਖ ਧਰਮ ਦੀਆਂ ਪਰੰਪਰਾਵਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ ਧਾਰਮਿਕ ਤਨਖ਼ਾਹ ਲਗਾਈ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਕੇ ਤਨਖ਼ਾਹ ਲਗਾਈ ਗਈ। ਸਮਾਂ ਗੁਜ਼ਰਦਾ ਗਿਆ। ਤਨਖ਼ਾਹ ਦੇਣ ਦੇ ਢੰਗ ਤਰੀਕੇ ਵੀ ਸਿਆਸਤਦਾਨਾ ਨੇ ਆਪਣੇ ਅਨੁਸਾਰ ਬਦਲਾ ਲਏ। ਸਿਆਸੀ ਨੇਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਤਨਖ਼ਾਹ ਨੂੰ ਪ੍ਰਵਾਨ ਕਰਦਿਆਂ ਲਗਾਈ ਤਨਖਾਹ ਅਨੁਸਾਰ ਸੇਵਾ ਕਰਕੇ ਦੋਸ਼ਾਂ ਤੋਂ ਸੁਰਖ਼ੁਰੂ ਹੋ ਕੇ ਮੁੜ ਪੰਥ ਵਿੱਚ ਸ਼ਾਮਲ ਹੋ ਜਾਂਦੇ ਹਨ, ਪ੍ਰੰਤੂ ਸਿਆਸੀ ਤਾਕਤ ਨਹੀਂ ਛੱਡਦੇ।

ਸ਼੍ਰੋਮਣੀ ਅਕਾਲੀ ਦਲ ਇੱਕ ਪੰਥਕ ਸਿਆਸੀ ਪਾਰਟੀ ਸੀ ਪ੍ਰੰਤੂ ਮਰਹੂਮ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਨੇ 1995 ਦੀ ਮੋਗਾ ਕਾਨਫਰੰਸ ਵਿੱਚ ਅਕਾਲੀ ਦਲ ਨੂੰ ਸਿਆਸੀ ਤਾਕਤ ਹਾਸਲ ਕਰਨ ਲਈ ਪੰਜਾਬੀ ਪਾਰਟੀ ਬਣਾ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤਿਆਰ ਕਰਨ ਲਈ ਪੰਥਕ ਸੰਸਥਾਵਾਂ ਕੰਮ ਕਰ ਰਹੀਆਂ ਸੀ। ਉਨ੍ਹਾਂ ਵਿੱਚ ਸਭ ਤੋਂ ਮਹੱਤਵਪੂਰਨ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਅਤੇ ਸਿੱਖ ਵਿਦਿਅਕ ਕਾਨਫਰੰਸਾਂ ਆਦਿ ਸਨ। ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਵਿਦਿਆਰਥੀਆਂ ਵਿੱਚ ਸਿੱਖ ਧਰਮ ਬਾਰੇ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਕਰਦੀ ਸੀ। ਧਾਰਮਿਕ ਸੈਮੀਨਾਰ, ਗੁਰਮਤਿ ਸਮਾਗਮ, ਸਿੱਖ ਇਤਿਹਾਸ ਸੰਬੰਧੀ ਭਾਸ਼ਣ ਮੁਕਾਬਲੇ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਜਾਂਦੇ ਸਨ। ਇਹ ਸਾਰੇ ਅੰਮ੍ਰਿਤਧਾਰੀ ਹੁੰਦੇ ਸਨ ਪ੍ਰੰਤੂ ਜਦੋਂ ਅਕਾਲੀ ਦਲ ਪੰਜਾਬੀ ਪਾਰਟੀ ਬਣ ਗਿਆ ਤਾਂ ਅਕਾਲੀ ਦਲ ਨੇ ਸਟੂਡੈਂਟ ਆਰਗੇਨਾਈਜ਼ੇਸ਼ਨ ਆਫ਼ ਇੰਡੀਆ ਬਣਾ ਲਈ। ਇਸ ਸੰਸਥਾ ਦਾ ਸਿੱਖ ਰਹਿਤ ਮਰਿਆਦਾ ਅਤੇ ਪਰੰਪਰਾਵਾਂ ਨਾਲੋਂ ਨਾਤਾ ਟੁੱਟ ਗਿਆ।

ਸਿੱਖ ਸਟੂਡੈਂਟ ਫੈਡਰੇਸ਼ਨ ਖ਼ਤਮ ਕਰ ਦਿੱਤੀ ਗਈ। ਸਟੂਡੈਂਟ ਆਰਗਨਾਈਜੇਸ਼ਨ ਦਾ ਮੁੱਖ ਕੰਮ ਅਕਾਲੀ ਨੂੰ ਮਜ਼ਬੂਤ ਕਰਨਾ ਰਹਿ ਗਆ। ਸਭ ਤੋਂ ਮਾੜੀ ਗੱਲ ਇਹ ਹੋਈ ਕਿ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਕਾਲੀ ਦਲ ਦੇ ਚੋਣ ਨਿਸ਼ਾਨ ਤੇ ਲੜਨੀਆਂ ਸ਼ੁਰੂ ਕਰ ਦਿੱਤੀਆਂ, ਜਿਸ ਦਾ ਨਤੀਜਾ ਇਹ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲੀ ਦਲ ਦੀ ਗ਼ੁਲਾਮ ਬਣ ਗਈ। ਇਸ ਤੋਂ ਬਾਅਦ ਅਕਾਲੀ ਦਲ ਨੇ ਪੰਥਕ ਸੋਚ ਨੂੰ ਤਿਲਾਂਜ਼ਲੀ ਦੇ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਕੰਮਾ ਵਿੱਚ ਅਕਾਲੀ ਦਲ ਦੀ ਦਖ਼ਅੰਦਾਜ਼ੀ ਨਾਲ ਸ਼੍ਰੋਮਣੀ ਕਮੇਟੀ ਆਪਣੇ ਕਾਰਜ ਖੇਤਰ ਤੋਂ ਥਿੜਕ ਗਈ। ਜਿਸ ਕਰਕੇ ਅਕਾਲੀ ਦਲ ਦਾ ਪਤਨ ਸ਼ੁਰੂ ਹੋ ਗਿਆ।

ਅਕਾਲੀ ਦਲ ਵਿੱਚ ਅੰਮ੍ਰਿਤਧਾਰੀ ਤਾਂ ਛੱਡੋ ਪੂਰਨ ਸਿੱਖ ਵੀ ਨਹੀਂ ਰਹੇ ਸਗੋਂ ਹੋਰ ਲੋਕ ਸ਼ਾਮਲ ਹੋ ਗਏ। ਧਾਰਮਿਕ ਅਵੱਗਿਆ ਵਾਲਿਆਂ ਨੂੰ ਤਨਖ਼ਾਹਾਂ ਦੀ ਥਾਂ ਗੁਰੂ ਘਰਾਂ ਦੀ ਸੇਵਾ ਦੀ ਤਨਖ਼ਾਹ ਲਗਾ ਕੇ ਮੁੜ ਪੰਥ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਇਸ ਦਾ ਮੁੱਖ ਕਾਰਨ ਅਕਾਲੀ ਦਲ ਦੀ ਦਖ਼ਲ ਅੰਦਾਜ਼ੀ ਹੈ।

ਸਿੱਖ ਸਾਰੀਆਂ ਸਿਆਸੀ ਪਾਰਟੀਆਂ ਵਿੱਚ ਹੁੰਦੇ ਹਨ। ਜਦੋਂ ਵੀ ਸਿੱਖ/ਪੰਥ ਤੇ ਕੋਈ ਸੰਕਟ ਆਉਂਦਾ ਹੈ ਤਾਂ ਸ੍ਰੀ ਅਕਾਲ ਤਖ਼ਤ ਤੋਂ ਪ੍ਰੇਰਨਾ ਲਈ ਜਾਂਦੀ ਹੈ।

ਹੁਣ ਜਦੋਂ ਅਕਾਲੀ ਦਲ ਫਿਰ ਗਹਿਰੇ ਸੰਕਟ ਵਿੱਚ ਹੈ। ਦੁਫਾੜ ਹੋਣ ਦੇ ਕਿਨਾਰੇ ਹੈ ਤਾਂ ਇੱਕ ਧੜੇ ਨੇ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਅਕਾਲੀ ਸਰਕਾਰ ਮੌਕੇ ਕੀਤਆਂ ਧਾਰਮਿਕ ਅਵੱਗਿਆਵਾਂ ਦੀ ਮੁਆਫ਼ੀ ਮੰਗੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਸ਼ਿਕਾਇਤ ਕੀਤੀ ਹੈ। ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ 15 ਦਿਨਾ ਵਿੱਚ ਸ੍ਰੀ ਅਕਾਲ ਤਖ਼ਤ ਨੂੰ ਸ਼ਪਸ਼ਟੀਕਰਨ ਦੇਣ ਲਈ ਕਿਹਾ ਸੀ। ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਤੇ ਪੇਸ਼ ਹੋ ਕੇ ਬੰਦ ਲਿਫਾਫਾ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਸੁਖਬੀਰ ਸਿੰਘ ਬਾਦਲ ਨਾਲ ਜਥੇਦਾਰ ਨੂੰ ਮਿਲੇ ਹਨ।

ਹੁਣ ਜੇਕਰ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਤਨਖ਼ਾਹ ਲਗਾ ਦਿੱਤੀ ਤਾਂ ਉਹ ਤਨਖਾਹ ਵਿੱਚ ਲਗਾਈ ਸੇਵਾ ਪੂਰੀ ਕਰ ਲਵੇਗਾ ਪ੍ਰੰਤੂ ਪਰਨਾਲਾ ਉਥੇ ਦਾ ਉਥੇ ਹੀ ਰਹੇਗਾ। ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੋਣਾ ਚਾਹੀਦਾ ਹੈ। ਤਿੰਨ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ। ਉਹ ਕਿਵੇਂ ਨਿਰਪੱਖਤਾ ਨਾਲ ਫ਼ੈਸਲੇ ਕਰ ਸਕਦੇ ਹਨ?

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਰਪੱਖਤਾ ਦਾ ਸਬੂਤ ਦਿੰਦਿਆਂ ਦੋਹਾਂ ਧੜਿਆਂ ਤੋਂ ਬਿਨਾ ਹੋਰ ਕੋਈ ਰਸਤਾ ਲੱਭਕੇ ਅਕਾਲੀ ਦਲ ਨੂੰ ਬਚਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਜੇਕਰ ਕਿਸੇ ਇੱਕ ਧੜੇ ਦਾ ਪੱਖ ਲਿਆ ਗਿਆ ਤਾਂ ਅਕਾਲੀ ਦਲ ਵਿੱਚ ਰੋਲ ਘਚੋਲਾ ਪਿਆ ਰਹੇਗਾ ਅਤੇ ਸ੍ਰੀ ਅਕਾਲ ਤਖ਼ਤ ਦੀ ਸਰਵਉਚਤਾ ਨੂੰ ਵੰਗਾਰ ਹੋਵੇਗੀ।

ਮੋਬਾਈਲ-94178 13072
ujagarsingh48@yahoo.com

## ਜ਼ਰੂਰੀ ਸੂਚਨਾ

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।
ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ

# ਖੇਤੀ ਬਜਟ 2024 ਦਾ ਕਿਸਾਨੀ ਤੇ ਪ੍ਰਭਾਵ



ਡਾ. ਅਮਨਪ੍ਰੀਤ ਸਿੰਘ ਬਰਾੜ
96537-90000

ਖ਼ੁਰਾਕ ਹਰ ਜੀਵ ਦੀ ਲੋੜ ਹੈ। ਖ਼ੁਰਾਕ ਕਿਸਾਨ ਪੈਦਾ ਕਰਦਾ ਹੈ ਅਤੇ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਹਰ ਦੇਸ਼ ਵਾਸੀ ਤੱਕ ਲੋੜੀਂਦੀ ਖ਼ੁਰਾਕ ਪਹੁੰਚਾਈ ਜਾਵੇ। ਜਿਥੋਂ ਤੱਕ ਲੋਕਾਂ ਤੱਕ ਖ਼ੁਰਾਕ ਪਹੁੰਚਾਉਣ ਦਾ ਸਬੰਧ ਹੈ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਦੇਸ਼ ਦੀ 82 ਕਰੋੜ ਅਬਾਦੀ ਨੂੰ 5 ਕਿਲੋ ਮੁਫਤ ਅਨਾਜ ਹਰ ਮਹੀਨੇ ਅਗਲੇ ਪੰਜ ਸਾਲ ਤੱਕ ਜਾਰੀ ਰੱਖਿਆ ਜਾਵੇਗਾ। ਪੰਜ ਕਿਲੋ ਅਨਾਜ ਨਾਲ ਮਹੀਨਾ ਢਿੱਡ ਭਰਨਾ ਮੁਸ਼ਕਿਲ ਹੈ। ਸ਼ਾਇਦ ਏਸੇ ਕਰਕੇ ਅਸੀਂ ਵਿਸ਼ਵ ਹੰਗਰ ਇੰਡੇਕਸ ਦੇ ਲਿਹਾਜ ਨਾਲ 122 ਦੇਸ਼ਾਂ ਵਿੱਚੋਂ 111 ਸਥਾਨ ਤੇ ਆਉਂਦੇ ਹਨ। ਕੇਂਦਰ ਸਰਕਾਰ ਨੇ ਸਾਲ 2024-25 ਦਾ ਬਜਟ ਪੇਸ਼ ਕਰ ਦਿੱਤਾ ਹੈ। ਆਓ ਸਮੀਖਿਆ ਕਰੀਏ ਕੇ ਇਸ ਬਜਟ ਵਿੱਚ ਖੇਤੀ ਅਤੇ ਕਿਸਾਨੀ ਨੂੰ ਉੱਪਰ ਚੁੱਕਣ ਲਈ ਕੀ ਕੁੱਝ ਰੱਖਿਆ ਹੈ। ਖੇਤੀ ਲਈ ਕੁੱਲ ਪੈਸਾ 1.52 ਲੱਖ ਕਰੋੜ ਰੱਖਿਆ ਗਿਆ ਹੈ ਜੋ ਕਿ ਪਿਛਲੇ ਸਾਲ ਦੇ 1.33 ਲੱਖ ਕਰੋੜ ਨਾਲੋਂ 25 ਪ੍ਰਤੀਸ਼ਤ ਜ਼ਿਆਦਾ ਹੈ। ਇਸ ਵਿੱਚ ਮੁੱਖ ਤੌਰ ਤੇ ਖਰਚਾ ਪ੍ਰਧਾਨ ਮੰਤਰੀ ਕਿਸਾਨ ਨਿੱਧੀ ਯੋਜਨਾ ਵਿੱਚ ਹੈ। ਬਜਟ ਵਿੱਚ ਇਹ ਵੀ ਕਿਹਾ ਗਿਆ ਹੈ ਆਉਣ ਵਾਲੇ ਦੋ ਸਾਲਾਂ ਵਿੱਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਮੋੜਿਆ ਜਾਵੇਗਾ। ਕੁਦਰਤੀ ਖੇਤੀ ਮਤਲਬ ਨਾ ਸੁਧਰੇ ਬੀਜ ਨਾ ਖਾਦ ਨਾ ਕੋਈ ਰਸਾਇਣ ਕੀੜੇ ਅਤੇ ਬੀਮਾਰੀ ਤੋਂ ਬਚਾਅ ਲਈ।ਇਸ ਦਾ ਮਤਲਬ ਜਿਸ ਤਕਨੀਕੀ ਖੇਤੀ ਨਾਲ ਦੇਸ਼ ਖ਼ੁਰਾਕ ਵਿੱਚ ਆਤਮ ਨਿਰਭਰ ਹੋਇਆ ਅਤੇ ਅੱਜ ਬਰਾਮਦ ਵਿੱਚ ਵੀ ਹਿੱਸਾ ਪਾ ਰਿਹਾ ਹੈ, ਉਸ ਤੋਂ ਪਿੱਛੇ ਹਟਣਾ। ਦਾਲਾਂ ਅਤੇ ਤੇਲ ਬੀਜਾਂ ਨੂੰ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਜੋ ਸ਼ਲਾਘਾਯੋਗ ਕਦਮ ਹੈ ਅਤੇ ਦੇਸ਼ ਦੀ ਵਿਦੇਸ਼ੀ ਮੁਦਰਾ ਬਚੇਗੀ। ਐਫ.ਪੀਓਜ਼ (ਕਿਸਾਨ ਪੈਦਾਵਾਰ ਸੰਗਠਨ) ਦੀ ਸਕੀਮ ਵੀ ਚਾਲੂ ਰੱਖੀ ਜਾਵੇਗੀ ਜਿਸ ਤਹਿਤ ਸਹਿਕਾਰੀ ਅਦਾਰਿਆਂ ਨਾਲ ਜੋੜਕਿ ਸਬਜ਼ੀਆਂ ਦੀ ਸਟੋਰੇਜ ਅਤੇ ਮੰਡੀਕਰਨ ਕੀਤਾ ਜਾਵੇਗਾ। ਸਰਕਾਰੀ ਡਿਜੀਟਲ ਢਾਂਚਾ ਬਣਾਇਆ ਜਾਵੇਗਾ ਜਿਸ ਤਹਿਤ 400 ਜ਼ਿਲ੍ਹਿਆਂ ਵਿੱਚ ਸਰਵੇ ਕਰਕੇ ਫ਼ਸਲੀ ਪੈਦਾਵਾਰ ਦੀਆਂ ਸੰਭਾਵਨਾਵਾਂ ਦਾ ਜਾਇਜਾ ਲਿਆ ਜਾਵੇਗਾ।

ਖੇਤੀ ਖੋਜ ਲਈ ਸਿਰਫ 9941 ਕਰੋੜ ਰੁਪਿਆ ਰੱਖਿਆ ਜੋ 2023-24 ਵਿੱਚ 9876 ਕਰੋੜ ਭਾਵ ਵਾਧਾ ਸਿਰਫ ਸਟਾਫ਼ ਦੀ ਇੰਨਕਰੀਮੈਂਟ ਜੋਗਾ ਹੀ। ਜਦਕਿ ਲੋੜ ਖੋਜ ਦੀ ਪਹਿਲਾਂ ਨਾਲੋਂ ਜ਼ਿਆਦਾ ਹੈ ਕਿਉਂਕਿ ਵਾਤਾਵਰਨ ਬਦਲ ਰਿਹਾ ਹੈ। ਇਹ ਵੀ ਤਜਵੀਜ ਰੱਖੀ ਗਈ ਹੈ ਕਿ ਪ੍ਰਾਈਵੇਟ ਅਦਾਰਿਆਂ ਨੂੰ ਖੇਤੀ ਖੋਜ ਲਈ ਨਾਲ ਜੋੜਿਆ ਜਾਵੇਗਾ। ਖੇਤੀ ਖੋਜ ਤਾਂ ਪ੍ਰਾਈਵੇਟ ਅਦਾਰੇ ਪਹਿਲਾਂ ਹੀ ਕਰਦੇ ਹਨ ਪਰ ਨਾਲ ਜੋੜਨ ਦਾ ਮਤਲਬ ਖੋਜ ਲਈ ਰੱਖੇ ਬਜਟ ਵਿੱਚੋਂ ਕੁੱਝ ਹਿੱਸਾ ਅਤੇ ਸਰਕਾਰੀ ਲੈਬਾਰਟਰੀਆਂ ਵੀ ਪ੍ਰਾਈਵੇਟ ਅਦਾਰੇ ਵਰਤਣਗੇ।

ਦੂਜੇ ਪਾਸੇ ਖਾਦਾਂ ਦੇ ਬਜਟ ਵਿੱਚ ਕਟੌਤੀ ਕੀਤੀ ਗਈ ਹੈ। ਇਸ ਸਾਲ ਬਜਟ ਵਿੱਚ ਸਿਰਫ 1.64 ਲੱਖ ਕਰੋੜ ਰੱਖੇ ਗਏ ਹਨ ਪਿਛਲੇ ਸਾਲ ਦੇ ਅਸਲ ਖਰਚੇ 2.51 ਕਰੋੜ ਦੇ ਮੁਕਾਬਲੇ ਭਾਵ ਤਕਰੀਬਨ 87000 ਕਰੋੜ (53 ਫੀਸਦੀ) ਘੱਟ। ਇਸ ਨਾਲ ਰਸਾਇਣਕ ਖਾਦਾਂ ਦੀ ਉਪਲੱਬਧਤਾ ਘੱਟੇਗੀ ਜਿਸਦਾ ਸਿੱਧਾ ਅਸਰ ਖੇਤੀ ਪੈਦਾਵਾਰ ਤੇ ਪਵੇਗਾ ਅਤੇ ਅਖ਼ੀਰ ਵਿੱਚ ਅਨਾਜ ਅਤੇ ਹੋਰ ਖਾਣ ਵਾਲੀਆਂ ਵਸਤੂਆਂ ਮਹਿੰਗੀਆਂ ਹੋਣਗੀਆਂ। ਇਨ੍ਹਾਂ ਹੀ ਨਹੀਂ ਖ਼ੁਰਾਕ ਵੰਡ ਮਹਿਕਮੇ ਦਾ ਬਜਟ ਵੀ ਘਟਾਇਆ ਗਿਆ ਹੈ। ਇਸ ਸਾਲ 2.13 ਲੱਖ ਕਰੋੜ ਰੱਖੇ ਗਏ ਹਨ। ਸਾਲ 2022-23 ਵਿੱਚ ਇਸ ਮਹਿਕਮੇ ਦਾ ਕੁੱਲ ਖਰਚਾ 2.84 ਲੱਖ ਕਰੋੜ ਸੀ। ਜੇ ਇਹ ਬਜਟ ਮੌਕੇ ਸਿਰ ਨਾ ਵਧਾਇਆ ਗਿਆ ਤਾਂ ਇਸ ਦਾ ਸਿੱਧਾ ਅਸਰ ਅਨਾਜ ਵੰਡ ਪ੍ਰਣਾਲੀ ਤੇ ਪਵੇਗਾ ਜਾਂ ਕਹਿ ਲਓ ਕਿ ਸਹੂਲਤ ਕਤਾਰ ਵਿੱਚ ਖੜ੍ਹੇ ਅਖ਼ੀਰਲੇ ਬੰਦਿਆਂ (ਦੂਰ ਦੁਰਾਡੇ ਦੇ ਲੋਕਾਂ) ਨੂੰ ਨਹੀਂ ਮਿਲੇਗੀ।

ਬਜਟ ਪੰਜਾਬ ਦੇ ਸੰਦਰਭ ਵਿੱਚ:-ਪੰਜਾਬ ਵਿੱਚ ਕਿਸਾਨ ਸਮਾਨ ਸਿੱਧੀ ਦਾ ਲਾਭ ਬਹੁਤ ਥੋੜ੍ਹੇ ਲੋਕਾਂ ਨੂੰ ਪਹੁੰਚਦਾ ਹੈ ਕਿਉਂਕਿ ਬਹੁਤੇ ਕਿਸਾਨ ਸ਼ਰਤਾਂ ਪੂਰੀਆਂ ਨਹੀਂ ਕਰਦੇ। ਜਿੱਥੋਂ ਤੱਕ ਕੁਦਰਤੀ ਖੇਤੀ ਦਾ ਸੰਬੰਧ ਹੈ ਪੰਜਾਬ ਵਿੱਚ ਬਹੁਤੇ ਲੋਕ ਤਕਨੀਕੀ ਖੇਤੀ ਕਰਦੇ ਹਨ ਅਤੇ ਕੁਦਰਤੀ ਖੇਤੀ ਨਾਲ ਪੈਦਾਵਾਰ ਘੱਟਦੀ ਹੈ। ਘੱਟ ਪੈਦਾਵਾਰ ਨਾਲ ਪਰਿਵਾਰ ਦਾ ਗੁਜ਼ਾਰਾ ਨਹੀਂ। ਜਿਹੜੀਆਂ ਲੈਬਾਰਟਰੀ ਕੁਦਰਤੀ ਖੇਤੀ ਦੀ ਪੈਦਾਵਾਰ ਟੈਸਟ ਕਰਨ ਲਈ ਖੁੱਲ੍ਹਣੀਆਂ ਹਨ ਉਹ ਕਿੰਨੀਆਂ ਲਾਹੇਵੰਦ ਹੁੰਦੀਆਂ ਹਨ, ਇਹ ਆਉਣ ਵਾਲਾ ਸਮਾਂ ਦੱਸੇਗਾ। ਟੈਸਟਿੰਗ ਸਹੂਲਤ ਪੰਜਾਬ ਵਿੱਚ ਇਸ ਵੇਲੇ ਗੁਰੂ ਅੰਗਦ ਦੇਵ ਯੂਨੀਵਰਸਿਟੀ ਲੁਧਿਆਣਾ ਵਿੱਚ ਡੇਅਰੀ ਵਸਤੂਆਂ ਅਤੇ ਸਿਫੇਟ (ਸੈਂਟਰ ਇੰਸਟੀਚਿਊਟ ਆਫ ਪੋਸਟ ਹਾਰਵੇਸਟ ਟੈਕਨਾਲੋਜੀ) ਜੋ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਇੱਕ ਕੋਨੇ ਵਿੱਚ ਹੈ, ਇਹ ਖੇਤੀ ਦੀ ਬਾਕੀ ਪੈਦਾਵਾਰ ਲਈ ਮੌਜੂਦ ਹੈ। ਇਹਨਾਂ ਦੀ ਟੈਸਟਿੰਗ ਫੀਸ ਦੀ ਲਿਸਟ ਪੜ੍ਹ ਕੇ ਹੀ ਬੰਦੇ ਦਾ ਉਪਰਲਾ ਸਾਹ ਉੱਪਰ ਅਤੇ ਹੇਠਲਾ ਸਾਹ ਹੇਠਾਂ ਰਹਿ ਜਾਂਦਾ ਹੈ।

ਬਜਟ ਵਿੱਚ ਪਾਣੀ ਜਿਸ ਦੀ ਤਕਰੀਬਨ ਸਾਰੇ ਦੇਸ਼ ਵਿੱਚ ਹੀ ਕਮੀ ਹੈ ਉਸ ਦੀ ਸਾਂਭ-ਸੰਭਾਲ ਅਤੇ ਬੱਚਤ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਏਸੇ ਤਰ੍ਹਾਂ ਐੱਮ.ਐੱਸ.ਪੀ. ਤੇ ਜਿਨਸਾਂ ਦੀ ਖਰੀਦ ਬਾਰੇ ਵੀ ਕੋਈ ਗੱਲ ਨਹੀਂ ਕੀਤੀ ਗਈ। ਕਿਸਾਨ ਕਈ ਸਾਲਾਂ ਤੋਂ ਫਸਲ ਦੇ ਵਾਜਬ ਮੁੱਲ ਦੀ ਕਾਨੂੰਨੀ ਗਰੰਟੀ ਦੀ ਮੰਗ ਕਰ ਰਹੇ ਹਨ ਅਤੇ ਜਦੋ ਜਹਿਦ ਵੀ ਕਰ ਰਹੇ ਹਨ।ਇੱਕ ਗਣਤੰਤਰ ਦੇਸ਼ ਵਿੱਚ ਜਿੱਥੇ 2/3 ਅਬਾਦੀ ਖੇਤੀ ਤੇ ਨਿਰਭਰ ਹੋਵੇ ਉਹਨਾਂ ਦੀ ਮੁੱਖ ਮੰਗ ਤੇ ਸਰਕਾਰ ਵਿਚਾਰ ਵੀ ਨਹੀਂ ਕਰੇ ਅਤੇ ਆਪਣੀ ਪ੍ਰਤੀਕਿਰਿਆ ਵੀ ਨਾ ਦੇਵੇ। ਲੋਕਤੰਤਰ ਵਿੱਚ ਇਹ ਗੱਲ ਸੋਭਾ ਨਹੀਂ ਦਿੰਦੀ।



ਪੰਜਾਬ ਦੀ ਖੇਤੀ ਤੇ ਅਸਰ:-ਦਾਲਾਂ ਅਤੇ ਤੇਲ ਬੀਜਾਂ ਨੂੰ ਉਤਸ਼ਾਹਤ ਕਰਨ ਲਈ ਪੰਜਾਬ ਸਰਕਾਰ ਨੇ ਇੱਕ ਸਕੀਮ ਕੱਢੀ ਹੈ ਜਿਸ ਤਹਿਤ ਜਿਹੜਾ ਕਿਸਾਨ ਧਾਨ ਦੀ ਫ਼ਸਲ ਦੀ ਜਗ੍ਹਾ ਕੋਈ ਹੋਰ ਫ਼ਸਲ ਬੀਜੇਗਾ ਉਸ ਨੂੰ 7000/- ਰੁਪਏ ਪ੍ਰਤੀ ਏਕੜ ਦੋ ਕਿਸ਼ਤਾਂ ਵਿੱਚ ਦਿੱਤਾ ਜਾਵੇਗਾ। ਇਸ ਸਕੀਮ ਅਧੀਨ 289.87 ਕਰੋੜ ਰੁਪਿਆ ਰੱਖਿਆ ਗਿਆ ਹੈ ਪਰ ਇਸ ਸਾਲ ਇਹ ਸਕੀਮ ਅਖ਼ਬਾਰਾਂ ਵਿੱਚ 22 ਜੁਲਾਈ ਨੂੰ ਪ੍ਰਕਾਸ਼ਤ ਕੀਤੀ ਗਈ ਜਦੋਂ ਤੱਕ ਤਕਰੀਬਨ ਸਾਰਾ ਝੋਨਾ ਲੱਗ ਚੁੱਕਿਆ ਹੈ। ਵੈਸੇ ਵੀ 7000/- ਰੁਪਏ ਪ੍ਰਤੀ ਏਕੜ ਕਿਸਾਨ ਨੂੰ ਬਦਲਵੀ ਫ਼ਸਲ ਬੀਜਣ ਨੂੰ ਉਤਸ਼ਾਹਿਤ ਨਹੀਂ ਕਰਦਾ ਜਿੰਨ੍ਹਾਂ ਚਿਰ ਨਰਮੇ ਦੀ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦਾ ਇਲਾਜ ਨਹੀਂ ਹੁੰਦਾ ਅਤੇ ਦਾਲਾਂ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨਹੀਂ ਨਿਕਲਦੀਆਂ। ਦਾਲਾਂ ਅਤੇ ਤੇਲ ਬੀਜ ਸਕੀਮ ਤਹਿਤ ਖੋਜ ਨੂੰ ਵੱਧ ਫੰਡ ਦੇ ਕੇ ਚੰਗੀਆਂ ਕਿਸਮਾਂ ਅਤੇ ਪੈਦਾਵਾਰ ਵਧਾਉਣ ਦੀਆਂ ਤਕਨੀਕਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ।

ਐੱਫ.ਪੀਓਜ਼. ਵਾਲੀ ਸਕੀਮ ਨੂੰ ਕਾਮਯਾਬ ਕਰਨ ਲਈ ਪੰਜਾਬ ਸਰਕਾਰ ਨੂੰ ਵੀ ਉਪਰਾਲੇ ਕਰਨੇ ਚਾਹੀਦੇ ਹਨ। ਇਹਨਾਂ ਸੰਸਥਾਵਾਂ ਲਈ ਪਿੰਡਾਂ ਦੇ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਚਲਾਉਣ ਵਿੱਚ 2-3 ਸਾਲ ਤਕਨੀਕੀ ਮੱਦਦ ਕਰਨੀ ਚਾਹੀਦੀ ਹੈ ਜਿਸ ਨੂੰ ਬਾਂਹ ਫੜਨੀ (ਹੈਂਡ ਹੋਲਡਿੰਗ) ਵੀ ਕਿਹਾ ਜਾਂਦਾ ਹੈ। ਇਹ ਕੰਮ ਨਿਰਾ ਸਰਕਾਰ ਤੇ ਵੀ ਨਹੀਂ ਛੱਡਣਾ ਚਾਹੀਦਾ ਬਲਕਿ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਪੜ੍ਹੇ ਲਿਖੇ ਪੇਂਡੂ ਵਰਕਰਾਂ ਤੋਂ ਇਹ ਸੰਸਥਾਵਾਂ ਖੁਲ੍ਹਵਾਉਣੀਆਂ ਚਾਹੀਦੀਆਂ ਹਨ ਤਾਂ ਕਿ ਉਹਨਾਂ ਦੇ ਰੋਜ਼ਗਾਰ ਦਾ ਪ੍ਰਬੰਧ ਆਪਣੇ ਪਿੰਡਾਂ ਵਿੱਚ ਹੀ ਹੋ ਸਕੇ। ਜਿਹੜਾ ਪੈਸਾ ਨੌਜਵਾਨ ਵਿਦੇਸ਼ਾਂ ਵਿੱਚ ਜਾਣ ਲਈ ਏਜੰਟਾਂ ਨੂੰ ਝੋਕ ਰਹੇ ਹਨ ਉਸੇ ਪੈਸੇ ਨਾਲ ਛੋਟੇ ਪੱਧਰ ਤੇ ਕੁੱਝ ਨੌਜਵਾਨ ਇਕੱਠੇ ਹੋ ਕੇ ਇਹ ਕੰਮ ਕਰ ਸਕਦੇ ਹਨ।

ਪੰਜਾਬ ਦੀ ਇਸ ਵੇਲੇ ਤਕਰੀਬਨ ਸਾਰੀ ਦੀ ਸਾਰੀ ਪੈਦਾਵਾਰ ਹੀ ਬਿਨ੍ਹਾਂ ਪ੍ਰੋਸੈਸ ਕੀਤਿਆਂ ਸੂਬੇ ਦੇ ਅੰਦਰ ਜਾਂ ਬਾਹਰ ਵਿੱਕਦੀ ਹੈ ਇਸ ਪੈਦਾਵਾਰ ਨੂੰ ਪ੍ਰੋਸੈਸ ਕਰਕੇ ਵੇਚਣ ਦੇ ਯਤਨ ਕਰਨੇ ਚਾਹੀਦੇ ਹਨ। ਇਹ ਕੇਂਦਰ ਦੀ ਐੱਫ.ਪੀਓਜ਼ ਸਕੀਮ ਨਾਲ ਜੋੜ ਕੇ ਕੀਤਾ ਜਾ ਸਕਦਾ ਹੈ। ਜਿਸ ਲਈ ਸਟੋਰ ਅਤੇ ਮਸ਼ੀਨਰੀ ਦੀ ਲੋੜ ਹੈ। ਇਹ ਯੂਨਿਟ ਪਿੰਡ ਪੱਧਰ ਨੌਜ਼ਵਾਨ ਕਿਸਾਨਾਂ ਵੱਲੋਂ ਐੱਮ.ਐੱਸ.ਐੱਮ.ਈ. ਅਧੀਨ ਖੁੱਲ੍ਹਵਾਏ ਜਾਣ। ਜਿਸ ਲਈ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਅਤੇ ਉਸਨੂੰ ਪਾਸ ਕਰਵਾਉਣ ਦੀ ਜ਼ਿੰਮੇਵਾਰੀ ਇੰਡਸਟਰੀ ਮਹਿਕਮੇ ਦੀ ਲਗਾਈ ਜਾਵੇ। ਪ੍ਰੋਜੈਕਟ ਦਾ 10 ਫੀਸਦੀ ਪੈਸਾ ਕਿਸਾਨ ਪਾਉਣ ਕੁੱਝ ਕੇਂਦਰ ਦੀ ਐੱਫ.ਪੀਓਜ਼. ਸਕੀਮ ਅਧੀਨ ਇਮਦਾਦ ਹੋ ਜਾਵੇਗੀ। ਬਾਕੀ ਦਾ ਪੈਸਾ ਬੈਂਕਾਂ ਤੋਂ ਕਰਜੇ ਦੇ ਰੂਪ ਵਿੱਚ ਦਿਵਾਇਆ ਜਾਵੇ। ਖੇਤੀਬਾੜੀ ਮਹਿਕਮੇ ਦਾ ਸਹਿਯੋਗ ਕਲਸਟਰ ਦੀ ਜਗ੍ਹਾ ਅਤੇ ਕਿਸਾਨ ਚੁਣਨ ਵਿੱਚ ਲਿਆ ਜਾਵੇ। ਹਰ ਜ਼ਿਲ੍ਹੇ ਦੇ ਇੰਡਸਟਰੀ ਮਹਿਕਮੇ ਦੀ ਇਹ ਜ਼ਿੰਮੇਵਾਰੀ ਹੋਵੇ ਕਿ ਆਪਣੇ ਜ਼ਿਲ੍ਹੇ ਵਿੱਚ ਘੱਟੋ-ਘੱਟ ਦੱਸ ਕਲਸਟਰਾਂ ਦੇ ਪ੍ਰੋਜੈਕਟ ਚਲਾਵੇ ਅਤੇ ਘੱਟੋ-ਘੱਟ ਤਿੰਨ ਸਾਲ ਤੱਕ ਸਰਪ੍ਰਸਤੀ ਕਰੇ।


ਜਿਹੜਾ ਬਜਟ ਫਰਟੀਲਾਈਜਰ ਅਤੇ ਕੈਮੀਕਲ ਮਨਿਸਟਰੀ ਦਾ ਘਟਾਇਆ ਗਿਆ ਹੈ ਹੋ ਸਕਦਾ ਹੈ ਕਿ ਕੇਂਦਰ ਸਰਕਾਰ ਨੇਨੋਂ ਖਾਦਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੋਵੇ। ਨੇਨੋਂ ਖਾਦਾਂ ਦਾ ਪੰਜਾਬ ਦੀ ਖੇਤੀ ਦੇ ਸੰਦਰਭ ਵਿੱਚ ਕੋਈ ਲਾਹੇਵੰਦ ਯੋਗਦਾਨ ਨਹੀਂ ਕਿਉਂਕਿ ਫ਼ਸਲ ਨੂੰ ਖ਼ੁਰਾਕ ਦੀ ਲੋੜ ਝਾੜ ਮੁਤਾਬਕ ਪੈਂਦੀ ਹੈ ਘੱਟ ਖੁਰਾਕ-ਘੱਟ ਝਾੜ ਜਿਹੜਾ ਪੰਜਾਬ ਦੇ ਅਗਾਂਹਵਧੂ ਕਿਸਾਨ ਨੂੰ ਮਾਫਕ ਨਹੀਂ। ਇਸ ਲਈ ਪੰਜਾਬ ਸਰਕਾਰ ਨੂੰ ਸੰਬੰਧਤ ਮੰਤਰਾਲੇ ਨਾਲ ਮਿਲਕੇ ਸੂਬੇ ਦਾ ਖਾਦਾਂ ਦਾ ਕੋਟਾ ਨਿਸ਼ਚਿਤ ਕਰਵਾ ਲੈਣਾ ਚਾਹੀਦਾ ਹੈ। ਇਨ੍ਹਾਂ ਹੀ ਨਹੀਂ ਖ਼ੁਰਾਕ ਮੰਤਰਾਲੇ ਦਾ ਬਜਟ ਵੀ ਘਟਾਇਆ ਗਿਆ। ਅਗਰ ਇਸਨੂੰ ਆਉਣ ਵਾਲੇ ਸਮੇਂ ਵਿੱਚ ਲੋੜ ਮੁਤਾਬਕ ਨਹੀਂ ਵਧਾਇਆ ਜਾਂਦਾ ਤਾਂ ਇਸ ਦਾ ਸਿੱਧਾ ਅਸਰ ਖੁਰਾਕ ਖਰੀਦ ਅਤੇ ਵੰਡ ਪ੍ਰਣਾਲੀ ਤੇ ਵੀ ਪਵੇਗਾ।

ਕੁੱਲ ਮਿਲਾਕੇ ਕੇਂਦਰ ਦੇ ਇਸ ਸਾਲ ਦੇ ਬਜਟ ਤੋਂ ਪੰਜਾਬ ਦੀ ਖੇਤੀ ਨੂੰ ਲਾਹੇਵੰਦ ਹੁਲਾਰਾ ਮਿਲਣ ਦੀ ਆਸ ਨਹੀਂ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਸ ਦੀ ਬਹੁਤੀ ਅਬਾਦੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਖੇਤੀ ਤੇ ਨਿਰਭਰ ਹੈ ਇਸ ਲਈ ਪੰਜਾਬ ਸਰਕਾਰ ਨੂੰ ਆਪਣੇ ਬਲਬੂਤੇ ਖੇਤੀ ਨੂੰ ਹੁਲਾਰਾ ਦੇਣ ਵਾਲੀਆਂ ਸਕੀਮਾਂ ਲਿਆਉਣੀਆਂ ਚਾਹੀਦੀਆਂ ਹਨ।

ਪੰਜਾਬ ਦੀ ਖੇਤੀ ਨੀਤੀ ਸੰਬੰਧੀ ਜਿਹੜੀ ਰਿਪੋਰਟ ਸਰਕਾਰ ਨੇ ਆਪਣੇ ਮਾਹਿਰਾਂ ਦੀ ਕਮੇਟੀ ਤੋਂ ਬਣਵਾਈ ਹੈ ਅਤੇ ਜਿਹੜੀ ਰਿਪੋਰਟ ਬੋਸਟਨ ਕੰਪਨੀ ਤੋਂ ਫ਼ਸਲੀ ਵਿਭਿੰਨਤਾ ਅਤੇ ਪਰਾਲੀ ਦੀ ਸਾਂਭ ਸੰਭਾਲ ਬਾਰੇ ਬਣਵਾਈ ਹੈ ਉਹ ਜਨਤਕ ਕਰ ਦਿੱਤੀ ਜਾਵੇ ਤਾਂ ਕਿ ਲੋਕਾਂ ਦੇ ਸੁਝਾਅ ਆ ਸਕਣ ਕਿ ਇਹ ਨੀਤੀ ਲਾਗੂ ਕਰਨ ਦੇ ਯੋਗ ਹੈ ਜਾਂ ਨਹੀਂ। ਸਰਕਾਰ ਨੇ ਇਸ ਵੇਲੇ ਠੰਡੇ ਬਸਤੇ ਵਿੱਚ ਪਾ ਰੱਖੀ ਹੈ ਜੇ ਲਾਗੂ ਕਰਨ ਯੋਗ ਨਹੀਂ ਜਾਂ ਉਹ ਨੀਤੀ ਲਾਗੂ ਕਰਨ ਲਈ ਸਰਕਾਰ ਕੋਲ ਫੰਡ ਨਹੀਂ ਤਾਂ ਨਾ ਲਾਗੂ ਕਰਨ ਪਰ ਕਿਸਾਨਾਂ ਅਤੇ ਆਪ ਲੋਕਾਂ ਨੂੰ ਇਹ ਤਾਂ ਪਤਾ ਲੱਗਣਾ ਚਾਹੀਦਾ ਹੈ ਕਿ ਸਾਡੇ ਮਾਹਰ ਖੇਤੀ ਨੂੰ ਕਿਸ ਦਿਸ਼ਾ ਅਤੇ ਦਸ਼ਾ ਵੱਲ ਲਿਜਾਣਾ ਚਾਹੁੰਦੇ ਹਨ।

# ਫੇਲ੍ਹ ਹੋਣ ਦਾ ਵਰਦਾਨ

**ਗੁਰਬਖ਼ਸ਼ ਸਿੰਘ ਭੰਡਾਲ**
Email: (gb[bhandal@gmail[com)



ਜੂਨ 1971 ਦੀ ਤਿੱਖੜ ਦੁਪਹਿਰ। ਕਣਕ ਦੇ ਵੱਢ ਵਿੱਚ ਤੂੜੀ ਪਾਉਣ ਦਾ ਸਮਾਂ। ਬਾਪ ਨਾਲ ਗੱਡੇ ਤੇ ਤੂੜੀ ਪਵਾ ਰਿਹਾ ਸਾਂ ਤਾਂ ਮੇਰੇ ਜਮਾਤੀ ਨੇ ਆ ਕੇ ਦੱਸਿਆ ਕਿ ਮੈਂ ਤਾਂ ਪ੍ਰੈਪ ਵਿਚੋਂ ਪਾਸ ਹੋ ਗਿਆ ਹਾਂ ਪਰ ਤੂੰ ਫੇਲ੍ਹ ਹੋ ਗਿਆ ਏਂ।

ਪ੍ਰੈਪ ਵਿਚੋਂ ਫੇਲ੍ਹ ਹੋਣਾ ਅਤੇ ਇਸਨੂੰ ਵਰਦਾਨ ਕਹਿਣਾ, ਪਾਠਕ ਨੂੰ ਅਚੰਭਤ ਜਰੂਰ ਕਰੇਗਾ। ਪਰ ਸੱਚ ਇਹੀ ਹੈ ਕਿ ਮਨੁੱਖ ਆਪਣੀਆਂ ਨਕਾਮੀਆਂ ਵਿਚੋਂ ਹੀ ਸਫ਼ਲਤਾ ਦੀਆਂ ਪੌੜੀਆਂ ਚੜ੍ਹਦਾ ਹੈ। ਆਪਣੀ ਕਮੀਆਂ ਤੇ ਖਾਮੀਆਂ ਨੂੰ ਸੁਧਾਰ, ਨਵੀਆਂ ਪੁਲਾਂਘਾਂ ਪੁੱਟਦਾ ਹੈ। ਆਪਣੀ ਕੰਮਜ਼ੋਰੀ ਨੂੰ ਆਪਣੀ ਤਾਕਤ ਬਣਾਉਣ ਲਈ, ਮਨ-ਬਿਰਤੀ ਨੂੰ ਉਸਾਰੂ ਮੋੜ ਦਿੰਦਾ ਅਤੇ ਥਿੜਕਦੇ ਪੈਰਾਂ ਨੂੰ ਤਕੜਾਈ ਦੀ ਪੈੜ ਵਿੱਚ ਧਰਦਾ। ਅਜੇਹਾ ਕੁੱਝ ਮੇਰਾ ਨਾਲ ਵੀ ਵਾਪਰਿਆ। ਦਰਅਸਲ ਦਸਵੀਂ ਵਿੱਚ ਫਸਟ ਡਿਵੀਜ਼ਨ ਵਿੱਚ ਪਾਸ ਹੋਣ ਤੇ, ਨਵੇਂ ਐਮ ਏ ਪਾਸ ਤੇ ਗਵਾਂਢੀ, ਸ. ਜਰਨੈਲ ਸਿੰਘ ਭੰਡਾਲ ਨੇ ਪੱਤੀ ਦੇ ਸਾਨੂੰ ਤਿੰਨ ਜਮਾਤੀਆਂ, ਸ. ਬਲਵੰਤ ਸਿੰਘ, ਰਣਜੀਤ ਸਿੰਘ ਤੇ ਮੈਨੂੰ ਰਣਧੀਰ ਕਾਲਜ, ਕਪੂਰਥਲਾ ਵਿੱਚ ਨਾਨ-ਮੈਡੀਕਲ ਵਿੱਚ ਦਾਖ਼ਲ ਕਰਵਾ ਦਿਤਾ। ਉਸਦਾ ਸੋਚਣਾ ਸੀ ਕਿ ਸਾਇੰਸ ਪੜ੍ਹ, ਚੰਗੀਆਂ ਵਿਦਿਅਕ ਪ੍ਰਾਪਤੀਆਂ ਨਾਲ ਇਹ ਚੰਗਾ ਭਵਿੱਖ ਉਸਾਰ ਤੇ ਮਾਣ ਸਕਣ।

ਪਿੰਡ ਦੇ ਜਵਾਕਾਂ ਦਾ ਨਵਾਂ ਨਵਾਂ ਕਾਲਜ ਵਿੱਚ ਦਾਖ਼ਲ ਹੋਣਾ ਤੇ ਨਵੇਂ ਮਾਹੌਲ ਨੂੰ ਦੇਖ ਕੇ ਅਚੰਭਤ ਹੋਣਾ ਜਰੂਰੀ ਸੀ। ਪੜਨ ਦਾ ਚਾਅ ਸੀ ਪਰ ਸਾਇੰਸ ਦੀ ਸਮੁੱਚੀ ਪੜ੍ਹਾਈ ਅੰਗਰੇਜ਼ੀ ਮੀਡੀਅਮ ਵਿੱਚ ਹੋਣ ਕਾਰਨ, ਸਾਡੇ ਕੁੱਝ ਵੀ ਸਮਝ ਨਾ ਆਉਂਦਾ ਅਤੇ ਕੋਰੇ ਹੀ ਕਾਲਜ ਤੋਂ ਪਰਤ ਆਉਂਦੇ। ਪੜ੍ਹਾਈ ਦਾ ਫਿਕਰ ਕਰਨ ਦੀ ਬਜਾਏ, ਅਸੀਂ ਸਾਇੰਸ ਦੀ ਪੜ੍ਹਾਈ ਤੋਂ ਬਚਣ ਦੀ ਤਰਕੀਬਾਂ ਸੋਚਣ ਲੱਗ ਪਏ ਅਤੇ ਮਨ ਵਿੱਚ ਆਉਂਦਾ ਕਿ ਆਰਟਸ ਪੜਨ ਵਾਲੇ ਕਿੰਨੀ ਬੇਫ਼ਿਕਰੀ ਅਤੇ ਅਨੰਦ ਨਾਲ ਕਾਲਜੀਏਟ ਬਣੇ, ਮੌਜਾਂ ਲੁੱਟਦੇ ਹਨ। ਦਰਅਸਲ ਮਨ ਜਦ ਢੇਰੀ ਢਾ ਲਵੇ ਤੇ ਬਚਾਅ ਵਿੱਚ ਆ ਜਾਵੇ ਤਾਂ ਚਣੌਤੀ ਦਾ ਮੁਕਾਬਲਾ ਕਰਨ ਦੀ ਬਿਰਤੀ ਹੀ ਮਰ ਜਾਂਦੀ। ਫਿਰ ਪੱਲੇ ਵਿੱਚ ਬਹਾਨੇ ਹੀ ਹੁੰਦੇ। ਅਜੇਹਾ ਕੁੱਝ ਹੀ ਸਾਡੇ ਨਾਲ ਹੋਇਆ ਅਤੇ ਕਿਸੇ ਨੂੰ ਦੱਸਿਆਂ ਬਗੈਰ, ਅਸੀਂ ਤਿੰਨਾਂ ਨੇ ਹੀ ਸਾਇੰਸ ਛੱਡ ਕੇ ਆਰਟਸ ਦੇ ਮਜ਼ਬੂਨ ਪੜ੍ਹਨੇ ਸ਼ੁਰੂ ਕਰ ਦਿੱਤੇ। ਮਾਪੇ ਕੋਰਾ ਅਣਪੜ ਸਨ। ਉਹਨਾਂ ਵਾਸਤੇ ਵਿਸ਼ਿਆਂ ਦਾ ਕੋਈ ਮਤਲਬ ਹੀ ਨਹੀਂ ਸੀ। ਉਹ ਤਾਂ ਇਸ ਗੱਲੋਂ ਹੀ ਖੁਸ਼ ਸਨ ਕਿ ਸਾਡੇ ਬੱਚੇ ਕਾਲਜ ਵਿੱਚ ਪੜ੍ਹਦੇ ਹਨ। ਪੰਦਰਾਂ ਕੁ ਦਿਨ ਦਿਨ ਆਟਰਟਸ ਪੜ੍ਹਦਿਆਂ ਵੀ ਹੋ ਗਏ ਤਾਂ ਮੇਰੇ ਮਾਮਾ ਜੀ, ਹੈਡਮਾਸਟਰ ਪਿਆਰਾ ਸਿੰਘ ਖੈੜਾ ਮੇਰੀ ਪੜ੍ਹਾਈ ਬਾਰੇ ਜਾਨਣ ਲਈ ਕਾਲਜ ਹੀ ਆ ਗਏ ਅਤੇ ਉਹਨਾਂ ਨੇ ਕਾਲਜ ਦੇ ਕਲਰਕ ਹੀਰਾ ਲਾਲ ਰਾਹੀਂ ਮੈਨੂੰ ਕਲਾਜ ਕੰਨਟੀਨ ਵਿੱਚ ਲੱਭ ਲਿਆ। ਜਦ ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਸਾਇੰਸ ਛੱਡ ਕੇ ਆਰਟਸ ਦੇ ਮਜ਼ਬੂਨ ਪੜ੍ਹਨੇ ਸ਼ੁਰੂ ਕਰ ਦਿੱਤੇ ਹਨ ਤਾਂ ਉਹਨਾਂ ਦਾ ਪਹਿਲਾਂ ਪ੍ਰਤੀਕਰਮ ਰੂਪੀ ਚੇਤਵਾਨੀ ਸੀ ਜੇ ਤਾਂ ਸਾਇੰਸ ਪੜ੍ਹਨੀ ਏ ਤਾਂ ਠੀਕ ਆ। ਵਰਨਾ ਚੁੱਕ ਆਪਣਾ ਬੈਗ ਤੇ ਚੱਲ ਕੇ ਆਪਣੇ ਬਾਪ ਨਾਲ ਵਾਹੀ ਕਰਵਾ। ਵੱਡਿਆਂ ਨੂੰ ਜਵਾਬ ਦੇਣ ਤਾਂ ਮਤਲਬ ਹੀ ਨਹੀਂ ਸੀ ਅਤੇ ਮੈਂ ਮੁੜ ਕੇ ਸਾਇੰਸ ਪੜ੍ਹਨ ਦੀ ਹਾਮੀ ਭਰ ਦਿੱਤੀ ਜਦ ਕਿ ਕਲਾਸਾਂ ਲੱਗਦੀਆਂ ਨੂੰ ਮਹੀਨਾ ਕੁ ਹੋ ਚੁੱਕਾ ਸੀ। ਮੈਂ ਤਾਂ ਸਾਇੰਸ ਦੀਆਂ ਪੁਸਤਕਾਂ ਵਾਪਸ ਕਰਕੇ ਆਰਟਸ ਦੀਆਂ ਲੈ ਲਈਆਂ ਸਨ ਤੇ ਆਪਣਾ ਰੋਲ ਨੰਬਰ ਵੀ ਬਦਲ ਲਿਆ ਸੀ। ਮਾਨਸਿਕ ਦੋਚਿੱਤੀ ਅਤੇ ਮਜ਼ਬੂਨ ਦੀ ਅਦਲਾ-ਬਦਲੀ ਵਿੱਚ ਹੀ ਮਹੀਨੇ ਤੋਂ ਜ਼ਿਆਦਾ ਸਮਾਂ ਲੰਘ ਗਿਆ। ਫਿਰ ਉਹੀ ਅੰਗਰੇਜ਼ੀ ਮੀਡੀਅਮ, ਔਖੀ ਪੜ੍ਹਾਈ ਅਤੇ ਪਹਿਲੀਆਂ ਕਲਾਸਾਂ ਮਿਸ ਹੋਣ ਕਾਰਨ, ਅਗਲੇਰੇ ਚੈਪਟਰਾਂ ਦਾ ਸਮਝਣਾ ਬਹੁਤ ਮੁਸ਼ਕਲ ਹੋ ਗਿਆ। ਤੇ ਸਲਾਨਾ ਇਮਤਿਹਾਨ ਵਿੱਚ ਮੈਂ ਪ੍ਰੈਪ ਵਿਚੋਂ ਫੈਲ੍ਹ ਹੋ ਗਿਆ।

ਜਦ ਤੂੜੀ ਪਾਉਂਦਿਆਂ, ਬਾਪ ਨੂੰ ਫੇਲ੍ਹ ਹੋਣ ਦਾ ਪਤਾ ਲਗਾ ਤਾਂ ਉਹ ਬਹੁਤ ਉਦਾਸ ਹੋ ਗਏ। ਉਹਨਾਂ ਦੀਆਂ ਅੱਖਾਂ ਵਿੱਚ ਆਈ ਨਮੀ ਵਿਚੋਂ, ਉਹਨਾਂ ਵਲੋਂ ਸਿਰਜੇ ਹੋਏ ਸੁਪਨੇ ਦੀ ਤਿੜਕਣ ਨੂੰ ਮੈਂ ਮਹਿਸੂਸ ਕੀਤਾ ਅਤੇ ਸ਼ਰਮਿੰਦੇ ਹੋ ਕੇ ਨੀਵੀਂ ਪਾ ਲਈ। ਦੁੱਖ ਹੋਇਆ ਕਿ ਬਾਪ ਦੀ ਮਿਹਨਤ ਅਤੇ ਉਹਨਾਂ ਦੀਆਂ ਆਸ਼ਾਵਾਂ ਨੂੰ ਮਿੱਟੀ 'ਚ ਮਿਲਾਉਣ ਲਈ ਮੈਂ ਹੀ ਕਸੂਰਵਾਰ ਹਾਂ। ਪਰ ਬਾਪ ਨੇ ਹੌਂਸਲਾ ਦਿੰਦਿਆਂ ਕਿਹਾ ਕਿ ਕੋਈ ਨਾ। ਹੁਣ ਹੋਰ ਮਿਹਨਤ ਕਰੀਂ। ਅਗਲੇ ਸਾਲ ਆਪੇ ਹੀ ਪਾਸ ਹੋ ਜਾਵੇਂਗਾ। ਉਸ ਪਲ ਮੈਂ ਮਨ ਵਿੱਚ ਬਾਪ ਦੀਆਂ ਅੱਖਾਂ ਵਿੱਚ ਜੰਮ ਚੁੱਕੇ ਅੱਥਰੂਆਂ ਦੀ ਕਸਮ ਖਾਧੀ ਕਿ ਹੁਣ ਬਾਪ ਦੇ ਦੀਦਿਆਂ ਵਿੱਚ ਨਿਰਾਸ਼ਾ ਦੇ ਨਹੀਂ, ਸਗੋਂ ਖੁਸ਼ੀ ਦੇ ਹੰਝੂ ਦੇਖਣ ਲਈ ਖੁਦ ਨੂੰ ਅਰਪਿਤ ਕਰਾਂਗਾ। ਇਹ ਮੂਕ ਪਰ ਪੱਕਾ ਵਾਅਦਾ ਸੀ, ਆਪਣੇ ਆਪ ਨਾਲ, ਆਪਣੇ ਅੰਤਰੀਵ ਨਾਲ ਅਤੇ ਸਧਾਰਨ ਬਾਪ ਦੇ ਮਾਣ ਨੂੰ ਕਾਇਮ ਰੱਖਣ ਦਾ। ਇਹਨਾਂ ਬੇਸ਼ਕੀਮਤੀ ਪਰ ਜੰਮੇ ਹੰਝੂਆਂ ਦਾ ਮੁੱਲ ਮੋੜ ਕੇ ਹੀ ਸਾਹ ਲਵਾਂਗਾ।

ਦਰਅਸਲ ਮੇਰਾ ਫੇਲ੍ਹ ਹੋਣਾ ਹੀ ਮੈਨੂੰ ਮੇਰੀਆਂ ਕੰਮਜ਼ੋਰੀਆਂ ਦੇ ਰੂਬਰੂ ਕਰ, ਇਹਨਾਂ ਨੂੰ ਤਾਕਤ ਬਣਾਉਣ ਦਾ ਵੱਲ ਸਿਖਾ ਗਿਆ। ਪਹਿਲੀ ਮੁਸ਼ਕਲ ਸੀ ਅੰਗਰੇਜ਼ੀ ਮੀਡੀਅਮ। ਪਹਿਲਾਂ ਪਹਿਲਾਂ ਪਿੰਡਾਂ ਦੇ ਪੜ੍ਹਿਆਂ ਨੂੰ, ਸ਼ਹਿਰਾਂ ਵਿੱਚ ਪੜ੍ਹਿਆਂ ਨਾਲੋਂ ਅੰਗਰੇਜ਼ੀ ਸਮਝਣੀ ਤੇ ਬੋਲਣੀ ਔਖੀ ਲੱਗਦੀ ਆ। ਇਸ ਔਕੜ ਤੋਂ ਰਾਹਤ ਪਾਉਣ ਲਈ, ਮੈਂ ਇੱਕ ਦਿਨ ਪਹਿਲਾਂ ਹੀ ਉਹਨਾਂ ਚੈਪਟਰਾਂ ਨੂੰ ਘਰ ਵਿੱਚ ਪੜ੍ਹਨਾ ਸ਼ੁਰੂ ਕਰ ਦਿਤਾ ਜਿਹੜੇ ਅਗਲੇ ਦਿਨ ਪ੍ਰੋਫੈਸਰ ਨੇ ਪੜਾਉਣੇ ਹੁੰਦੇ ਸਨ। ਇਸ ਨਾਲ ਮੈਨੂੰ ਸਾਇੰਸ ਸਮਝਣ ਵਿੱਚ ਅਸਾਨੀ ਹੋ ਗਈ। ਤਾਂ ਹੀ ਮੈਂ ਆਪਣੇ ਅਧਿਆਪਨ ਦੌਰਾਨ, ਨਵੇਂ ਵਿਦਿਆਰਥੀਆਂ ਲਈ, ਪਹਿਲੇ ਕੁੱਝ ਦਿਨ ਅੰਗਰੇਜ਼ੀ ਦੇ ਨਾਲ ਨਾਲ, ਪੰਜਾਬੀ ਵਿੱਚ ਵੀ ਫਿਜਿਕਸ ਪੜਾਉਣ ਦੀ ਆਦਤ ਬਣਾ ਲਈ। ਇਸ ਨਾਲ ਪਿੰਡ ਤੋਂ ਦਸਵੀਂ ਕਰਕੇ ਆਇਆਂ ਲਈ ਸਾਇੰਸ ਨੂੰ ਸਮਝਣਾ ਬਹੁਤ ਆਸਾਨ ਹੋ ਜਾਂਦਾ ਸੀ।

ਸਾਇੰਸ ਦੀਆਂ ਕਲਾਸਾਂ ਵਿੱਚ ਪਿੰਡਾਂ ਦੇ ਬੱਚੇ ਘੱਟ ਹੁੰਦੇ ਸਨ ਜਦ ਕਿ ਸ਼ਹਿਰਾਂ ਦੇ ਚੰਗੇ ਸਕੂਲਾਂ ਤੋਂ ਪੜ੍ਹ ਕੇ ਆਏ ਬੱਚੇ ਹੁੰਦੇ ਸਨ। ਸ਼ਹਿਰੀ ਵਿਦਿਆਰਥੀਆਂ (ਕੁੱਝ ਕੁ ਪ੍ਰੋਫੈਸਰ ਵੀ) ਦੀ ਇਹ ਬਿਰਤੀ ਹੁੰਦੀ ਪਿੰਡਾਂ ਦੇ ਵਿਦਿਆਰਥੀਆਂ ਨੂੰ ਘੱਟ ਅਹਿਮੀਅਤ ਦਿਤੀ ਜਾਵੇ ਅਤੇ ਉਹ ਸਾਇੰਸ ਹੀ ਛੱਡ ਜਾਣ। ਫੇਲ੍ਹ ਹੋਣ ਦੀ ਹੀਣ-ਭਾਵਨਾ ਵਿੱਚੋਂ ਉਭਰਨ ਲਈ ਮੈਂ ਪੜ੍ਹਾਈ ਵੱਲ ਪੂਰਨ ਅਰਪਿੱਤ ਹੋ ਗਿਆ ਅਤੇ ਕੁੱਝ ਚੰਗੇਰਾ ਕਰ ਗੁਜਰਨ ਦੀ ਤਮੰਨਾ ਹਰ ਵੇਲੇ ਮਨ ਵਿੱਚ ਤਾਰੀ ਰਹਿੰਦੀ। ਚੰਗੇ ਨੰਬਰ ਆਉਣ ਨਾਲ, ਅਧਿਆਪਕਾਂ ਦੀਆਂ ਨਜ਼ਰਾਂ ਵਿੱਚ ਵੀ ਚੰਗਾ ਵਿਦਿਆਰਥੀ ਸਮਝਿਆ ਜਾਣ ਲੱਗਾ। ਮੈਂ ਅਧਿਆਪਨ ਦੌਰਾਨ ਦੇਖਿਆ ਕਿ ਪਿੰਡਾਂ ਦੇ ਬੱਚੇ ਕਿਸੇ ਗੱਲੋਂ ਵੀ ਘੱਟ ਨਹੀਂ ਹੁੰਦੇ। ਜਰਾ ਕੁ ਪ੍ਰੇਰਨਾ ਨਾਲ ਉਹ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਬਹੁਤ ਮਿਹਨਤ ਕਰਦੇ ਨੇ। ਮੇਰਾ ਇੱਕ ਵਿਦਿਆਰਥੀ ਅਮਨਪ੍ਰੀਤ ਸਿੰਘ ਨਵਾਂ ਨਵਾਂ ਪ੍ਰੈਪ ਵਿੱਚ ਦਾਖ਼ਲ ਹੋਇਆ। ਸਾਥੀਆਂ ਨੇ ਪੁੱਛਿਆ ਕਿ ਉਸਨੇ ਕੀ ਬਣਨਾ ਹੈ? ਤਾਂ ਉਸਨੇ ਕਿਹਾ ਕਿ ਮੈਂ ਸੀ.ਐਮ.ਓ ਬਣਨਾ ਏ। ਮਖ਼ੌਲ ਵਜੋਂ ਜਮਾਤੀਆਂ ਵਿੱਚ ਉਸਦਾ ਨਾਮ ਹੀ ਸੀ.ਐਮ.ਓ ਮਸ਼ਹੂਰ ਹੋ ਗਿਆ ਅਤੇ ਹਰੇਕ ਇਸ ਨਾਮ ਨਾਲ ਬੁਲਾ ਕੇ ਉਸਦੀ ਖਿੱਲੀ ਉਡਾਉਂਦਾ। ਪਰ ਉਸਦੀ ਮਿਹਨਤ ਅਤੇ ਲਗਨ ਨੂੰ ਸਲਾਮ ਕਰਨਾ ਬਣਦਾ ਹੈ ਕਿ ਉਹ ਹੁਣ ਉੱਚਕੋਟੀ ਦਾ ਡਾਕਟਰ ਹੈ ਅਤੇ ਉਸਦਾ ਭਰਾ ਵੀ ਡਾਕਟਰ ਹੈ। ਅੱਜ ਕੱਲ ਸੁਲਤਾਨਪੁਰ ਲੋਧੀ ਵਿੱਚ ਉਸਦਾ ਆਪਣਾ ਹਸਪਤਾਲ ਹੈ।

ਕਾਲਜ ਵਿੱਚ ਆਰਟਸ ਦੇ ਵਿਦਿਆਰਥੀਆਂ ਵਲੋਂ ਸਾਇੰਸ ਨੂੰ ਇੱਕ ਹਊਆ ਬਣਾ ਕੇ ਪੇਸ਼ ਕੀਤਾ ਜਾਂਦਾ। ਅਕਸਰ ਹੀ ਸਾਇੰਸ ਦੇ ਵਿਦਿਆਰਥੀਆਂ ਨੂੰ ਪੜ੍ਹਾਕੂ, ਕਿਤਾਬੀ ਕੀੜੇ, ਮੋਟੀਆਂ ਐਨਕਾਂ ਵਾਲੇ ਜਾਂ ਹੋਰ ਅਜੇਹੇ ਨਾਵਾਂ ਨਾਲ ਪੁਕਾਰ ਨੇ ਉਹਨਾਂ ਦਾ ਮੌਜੂ ਉਡਾਇਆ ਜਾਂਦਾ। ਇਸ ਤੋਂ ਬਚਣ ਲਈ ਮੈਂ ਹੁਣ ਖੁਦ ਨੂੰ ਅਜੇਹੇ ਸਾਥੀਆਂ ਤੋਂ ਦੂਰ ਰਹਿਣ ਅਤੇ ਸਾਇੰਸ ਦੇ ਜਮਾਤੀਆਂ ਨਾਲ ਸਾਂਝ ਪੈਦਾ ਕਰਨ ਅਤੇ ਇੱਕ ਦੂਜੇ ਕੋਲੋਂ ਸਿੱਖਣ ਅਤੇ ਸਿਖਾਉਣ ਦੀ ਬਿਰਤੀ ਬਣਾ ਲਈ। ਇਸ ਨਾਲ ਬਾਹਰੋਂ ਮਿਲਣ ਵਾਲੇ ਨਕਾਰਾਤਮਿਕ ਵਿਚਾਰ ਅਤੇ ਹੀਣ ਭਾਵਨਾਵਾਂ ਨਾਲ ਭਰੀਆਂ ਗੱਲਾਂ ਤੋਂ ਕਿਨਾਰਾਕਸ਼ੀ ਹੋ ਗਈ। ਮੈਂ ਆਪਣੇ ਟੀਚੇ ਪ੍ਰਤੀ ਹੋਰ ਸਮਰਪਿ-ਤ ਹੋ ਗਿਆ ਅਤੇ ਸਿਰਫ਼ ਪੜ੍ਹਾਈ ਹੀ ਇਕੋ ਇੱਕ ਜਿੰਦਗੀ ਦਾ ਲਕਸ਼ ਬਣ ਗਿਆ।

> **ਇਸ ਤੋਂ ਬਾਅਦ ਪੀਐਚਡੀ ਕਰਨਾ, ਮੇਰੀ ਖੁਦ ਨੂੰ ਪਾਈ ਉਸ ਕਸਮ ਦਾ ਪੂਰਾ ਕਰਨਾ ਸੀ ਜਿਹੜੀ ਮੈਂ ਪ੍ਰੈਪ ਵਿੱਚ ਫੇਲ੍ਹ ਹੋਣ ਤੋਂ ਬਾਅਦ ਖੁਦ ਨਾਲ ਪਾਈ ਸੀ। ਪੀਐਚਡੀ ਦੀ ਇੰਟਰਵਿਊ ਦੌਰਾਨ ਜਦ ਐਗਜਾਮੀਨਰ ਨੇ ਮੈਨੂੰ ਪੁੱਛਿਆ ਕਿ ਤੂੰ ਸਰਕਾਰੀ ਕਾਲਜ ਵਿੱਚ ਪੜ੍ਹਾਉਂਦਾ ਏਂ। ਟਿਊਸ਼ਨਾਂ ਪੜ੍ਹਾਂ ਕੇ ਬਹੁਤ ਪੈਸੇ ਕਮਾ ਸਕਦਾ ਸੀ। ਫਿਰ ਪੰਜ ਸਾਲ ਪੀਐਚਡੀ ਕਰਨ ਤੇ ਕਿਉਂ ਗਵਾਏ? ਉਹ ਵੀ ਨੌਕਰੀ ਕਰਨ ਦੇ ਨਾਲ-ਨਾਲ, ਬਿਨਾਂ ਛੁੱਟੀ ਲਿਆਂ। ਤਾਂ ਮੇਰਾ ਸਨਿੰਮਰ ਉਤਰ ਸੀ ਕਿ ਇਹ ਪੰਜ ਸਾਲ ਵਿਅਰਥ ਨਹੀਂ ਗਵਾਏ। ਇਹ ਤਾਂ ਬਾਪ ਦੀ ਅੱਖ ਵਿੱਚ ਜੰਮ ਚੁੱਕੇ ਅੱਥਰੂਆਂ ਦਾ ਭਾਰ ਘਟਾਉਣ ਲਈ ਨਿਮਰ ਯਤਨ ਹੈ। ਤਾਂ ਕਿ ਬਾਪ ਨੂੰ ਇਹ ਮਾਣ ਹੋਵੇ ਕਿ ਉਸਦਾ ਪੁੱਤ ਪ੍ਰੈਪ ਵਿਚੋਂ ਫੇਲ੍ਹ ਹੋ ਕੇ ਵੀ ਸਾਇੰਸ ਦੀ ਸਿਖਰਲੀ ਡਿਗਰੀ ਵੀ ਹਾਸਲ ਕਰ ਸਕਦਾ ਹੈ।**

ਅੱਜ ਜਦੋਂ ਮੈਂ ਪਿੱਛਲਝਾਤੀ ਮਾਰਦਾ ਹਾਂ ਤਾਂ ਪ੍ਰੋਫੈਸਰਾਂ ਦਾ ਇੱਕ ਵਤੀਰਾ ਬਹੁਤ ਖਟਕਦਾ ਕਿ ਉਹ ਸਿਰਫ਼ ਕਿਤਾਬੀ ਗਿਆਨ ਅਤੇ ਸਿਲੇਬਸ ਮੁਕਾਉਣ ਤੀਕ ਹੀ ਖੁਦ ਨੂੰ ਸੀਮਤ ਰੱਖਦੇ ਹਨ। ਵਿਦਿਆਰਥੀਆਂ ਨੂੰ ਪ੍ਰੇਰਤ ਕਰਨ, ਉਤਸ਼ਾਹ ਵਧਾਉਣ ਜਾਂ ਚੰਗੇ ਮਨੁੱਖ ਬਣਨ ਲਈ ਨਜ਼ਰੀਆ ਪੈਦਾ ਕਰਨ ਵੱਲ ਕੋਈ ਧਿਆਨ ਨਹੀਂ ਸੀ ਹੁੰਦਾ ਜਦ ਕਿ ਪੜ੍ਹਾਈ ਦੇ ਨਾਲ ਨਾਲ ਇਹ ਬਹੁਤ ਜਰੂਰੀ ਹੁੰਦਾ ਹੈ। ਅਮਰੀਕਾ ਵਿੱਚ ਪੜ੍ਹਾਉਣ ਦੌਰਾਨ ਦੇਖਿਆ ਕਿ ਇਹ ਵਰਤਾਰਾ ਵਿਦੇਸ਼ਾਂ ਦੇ ਅਧਿਅਪਕਾਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ। ਅਧਿਆਪਕ ਸਿਰਫ਼ ਕਿਤਾਬੀ ਗਿਆਨ ਤੀਕ ਹੀ ਸੀਮਤ ਨਹੀਂ ਹੋਣਾ ਚਾਹੀਦਾ। ਉਹ ਤਾਂ ਰੋਲ ਮਾਡਲ ਹੁੰਦਾ ਹੈ। ਇੱਕ ਗਾਈਡ, ਮਾਪਾ-ਰੂਪ, ਸਲਾਹਕਾਰ, ਜੀਵਨ ਦੀਆਂ ਕਦਰਾਂ ਕੀਮਤਾਂ ਦਾ ਪਹਿਰੇਦਾਰ, ਬੱਚਿਆਂ ਦੇ ਮਨਾਂ ਵਿੱਚ ਸੁਪਨਿਆਂ ਦਾ ਸਿਰਜਣਹਾਰ ਅਤੇ ਇਹਨਾਂ ਦੀ ਪੂਰਤੀ ਲਈ ਮਾਰਗ-ਦਰਸ਼ਕ। ਵਿਦਿਆਰਥੀਆਂ ਦੀਆਂ ਕਮੀਆਂ ਨੂੰ ਉਹਨਾਂ ਦੀ ਤਾਕਤ ਬਣਾਉਣ ਦਾ ਗੁਰ-ਮੰਤਰ ਸਮਝਾਉਣ ਵਾਲਾ ਅਤੇ ਉਹਨਾਂ ਨੂੰ ਉਹਨਾਂ ਦੀ ਤਾਕਤ, ਹਿੰਮਤ ਅਤੇ ਸਿਰੜ ਦਾ ਗਿਆਨ ਕਰਵਾਉਣ ਵਾਲਾ। ਉਸਦੀ ਪ੍ਰਤੀਬੱਧਤਾ ਵਿੱਚ ਸ਼ਾਮਲ ਹੁੰਦਾ ਕਿ ਵਿਦਿਆਰਥੀਆਂ ਦੇ ਮਨਾਂ ਅੰਦਰ ਪੂਰਨ ਸਮਰੱਥਾ ਨਾਲ ਸੁਪਨਿਆਂ ਦਾ ਸੂਰਜ ਉਗਾਉਣਾ।

ਉਸ ਸਮੇਂ ਮੇਰੀ ਨਕਾਮੀ ਜਾਂ ਫੇਲ੍ਹ ਹੋਣ ਦਾ ਪ੍ਰਮੁੱਖ ਕਾਰਨ ਸੀ ਮੇਰੀ ਦੁਚਿੱਤੀ। ਕਦੇ ਅੰਗਰੇਜ਼ੀ ਮਾਡੀਅਮ ਦਾ ਬਹਾਨਾ, ਕਦੇ ਸਾਇੰਸ ਲੈ ਲੈਣਾ, ਪਿਰ ਛੱਡ ਦੇਣਾ ਅਤੇ ਫਿਰ ਲੈ ਲੈਣਾ। ਦੁਚਿੱਤੀ ਵਿੱਚ ਪੈਰ ਕਿਹੜੇ ਰਾਹ ਵੱਲ ਵੱਧਣ। ਸੋਚ ਕਿਹੜੀ ਸਾਧਨਾ ਨੂੰ ਅਪਣਾਵੇ। ਸਭ ਤੋਂ ਆਤਮਘਾਤੀ ਹੁੰਦਾ ਹੈ ਬੰਦੇ ਦਾ ਚੌਰਾਹੇ ਵਿੱਚ ਖੜ੍ਹੇ ਰਹਿਣਾ। ਰਾਹਾਂ ਤੇ ਮੰਜ਼ਲਾਂ ਨੂੰ ਹੀ ਕੋਸੀ ਜਾਣਾ। ਮੰਜ਼ਲਾਂ ਦਾ ਨਾ ਮਿਥਣਾ ਅਤੇ ਪੈਰਾਂ ਵਿੱਚ ਸਫ਼ਰ ਉਗਾਉਣ ਤੋਂ ਆਨਾ-ਕਾਨੀ ਕਰਨੀ।

**ਬਾਕੀ ਹਿਸਾ ਸਫਾ 31 'ਤੇ ਪੜ੍ਹੋ**

# ਸਾਈਕਲਿੰਗ ਅਤੇ ਸਿਹਤ

ਪ੍ਰੋ. ਕੁਲਬੀਰ ਸਿੰਘ



ਬਚਪਨ ਵਿਚ ਐਨਾ ਸਾਈਕਲ ਚਲਾਇਆ, ਐਨਾ ਸਾਈਕਲ ਭਜਾਇਆ ਕਿ ਮਨ ਅੱਕ-ਥੱਕ ਗਿਆ। ਫਿਰ ਕਦੇ ਨਾ ਸਾਈਕਲ ਚਲਾਇਆ, ਨਾ ਚਲਾਉਣ ਦੀ ਚਾਹ ਰਹੀ। ਦਹਾਕਿਆਂ ਦੇ ਦਹਾਕੇ ਬੀਤ ਗਏ। ਸੈਰ-ਕਸਰਤ-ਯੋਗਾ ਮੈਨੂੰ ਲੱਗਦਾ ਏਨਾ ਤਸੱਲੀਬਖਸ਼ ਹੈ। ਸਰੀਰਕ ਸਰਗਰਮੀ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਪਰ ਰਿਟਾਇਰਮੈਂਟ ਬਾਅਦ ਉਮਰ ਦੇ ਇਸ ਪੜ੍ਹਾ 'ਤੇ ਸਾਈਕਲਿੰਗ ਦਾ ਸ਼ੌਕ ਜਾਗ ਪਿਆ ਹੈ। ਮੈਂ ਅਕਸਰ ਪੜ੍ਹਦਾ ਹਾਂ ਕਿ ਜ਼ਿੰਦਗੀ ਵਿਚ ਹਮੇਸ਼ਾ ਕੁਝ ਨਾ ਕੁਝ ਨਵਾਂ ਸਿੱਖਦੇ ਰਹੋ। ਨਵੀਆਂ ਕਸਰਤਾਂ, ਨਵੇਂ ਸਿਹਤ-ਗੁਰ ਅਪਣਾਉਂਦੇ ਰਹੋ। ਫਿਰ ਜਦ ਸਾਈਕਲਿੰਗ ਦੇ ਸਿਹਤ-ਫਾਇਦਿਆਂ 'ਤੇ ਨਜ਼ਰ ਮਾਰੀ ਤਾਂ ਮਨ ਵਿਚ ਆਇਆ ਹੋਰ ਕੀ ਚਾਹੀਦਾ ਹੈ। ਹਿੰਙ ਲੱਗੇ ਨਾ ਫੜਕੜੀ ਰੰਗ ਵੀ ਆਵੇ ਚੋਖਾ। ਇਕ ਤੀਰ ਨਾਲ ਕਈ ਨਿਸ਼ਾਨੇ। ਐਤਵਾਰ ਨੂੰ ਹੀ ਸਾਈਕਲਾਂ ਵਾਲੇ ਬਜ਼ਾਰ ਜਾ ਪੁੱਜਾ। ਇਹ ਸੋਚ ਕੇ ਕਿ ਕੋਈ ਨਾ ਕੋਈ ਦੁਕਾਨ ਤਾਂ ਖੁਲ੍ਹੀ ਹੋਵੇਗੀ। ਮੈਂ ਹੈਰਾਨ ਹੋ ਗਿਆ ਕਿ ਸੱਭ ਤੋਂ ਵੱਡੀ ਦੁਕਾਨ ਖੁਲ੍ਹੀ ਸੀ ਅਤੇ ਗਾਹਕ ਵੀ ਵਾਹਵਾ ਸਨ। ਛੁੱਟੀ ਵਾਲਾ ਦਿਨ ਹੋਣ ਕਰਕੇ। ਬਹੁਤੇ ਬੱਚੇ ਸਨ ਆਪਣੇ ਮਾਂ ਬਾਪ ਨਾਲ ਨਵਾਂ ਸਾਈਕਲ ਲੈਣ ਆਏ ਸਨ।

ਦੁਕਾਨ ਮਾਲਕ ਬੜਾ ਚੁਸਤ, ਬੜਾ ਸਿਆਣਾ ਸੀ। ਸਾਰਿਆਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਅਟੈਂਡ ਕਰੀ ਜਾ ਰਿਹਾ ਸੀ। ਕਦੀ ਏਧਰ ਕਦੇ ਓਧਰ। ਸਾਈਕਲ ਵੇਚੀ ਜਾ ਰਿਹਾ ਸੀ। ਗਾਹਕ ਵੀ ਖੁਸ਼ ਮਾਲਕ ਵੀ ਖੁਸ਼। ਦੁਕਾਨ ਵਾਹਵਾ ਵੱਡੀ ਸੀ। ਮਾਲਕ ਵੀ ਦੋ ਤਿੰਨ ਜਾਣੇ ਖੜੇ ਸਨ। ਇਕ ਤਾਂ ਪੈਸੇ ਲੈਣ 'ਤੇ ਹੀ ਸੀ। ਚਾਰ-ਪੰਜ ਹੈਲਪਰ ਸਨ।

ਮੇਰੇ ਤੋਂ ਮੇਰੀਆਂ ਜ਼ਰੂਰਤਾਂ ਅਤੇ ਪਸੰਦ ਪੁੱਛਣ ਬਾਅਦ ਦੋ ਤਿੰਨ ਸਾਈਕਲ ਵਿਖਾਏ ਜਿਹੜੇ ਆਕਰਸ਼ਕ ਸਨ। ਅੱਠ ਤੋਂ ਦਸ ਹਜ਼ਾਰ ਦੀ ਕੀਮਤ ਵਾਲੇ। ਮੈਨੂੰ ਚੰਗੇ ਲੱਗੇ ਪਰ ਮਨ ਨਹੀਂ ਮੰਨਿਆ। ਚਲਾਵੇਂ ਜਿਹੇ ਸਨ। ਮੇਰੀ ਦੁਬਿਧਾ ਪਛਾਣ ਕੇ ਉਸਨੇ ਇਕ ਟੱਕ ਕਿਹਾ, "ਛੱਡੋ ਜੀ ਸੱਭ ਤੁਸੀਂ ਇਹ ਲੈ ਜਾਓ। ਤੁਹਾਡੇ ਲਈ ਇਹ ਸੱਭ ਤੋਂ ਬਿਹਤਰ ਹੈ। ਯਾਦ ਕਰੋਗੇ। ਬਰੈਂਡ ਵੀ ਤੁਹਾਡੀ ਪਸੰਦ ਵਾਂਗ ਵਧੀਆ ਅਤੇ ਕੁਆਲਟੀ ਵੀ। ਆਹ ਮੇਰਾ ਵਿਜ਼ਟਿੰਗ ਕਾਰਡ ਲੈਜੋ। ਸੱਤ ਸਾਲ ਸਾਈਕਲ ਨੂੰ ਕੁਛ ਹੋਜੇ ਇੱਥੇ ਲੈ ਆਇਓ।" ਉਹ ਇਕੋ ਸਾਹੇ ਐਨਾ ਕੁਝ ਕਹਿ ਗਿਆ। ਮੈਂ ਸਾਈਕਲ ਵੱਲ ਨਜ਼ਰ ਮਾਰੀ। ਵਧੀਆ ਸੀ। ਇੰਗਲੈਂਡ ਦਾ ਬਰੈਂਡ। ਰੇਲੀ, ਨੌਟਿੰਗਮ-ਇੰਗਲੈਂਡ। ਦਿੱਖ ਵਧੀਆ। ਰੰਗ-ਰੂਪ ਵਧੀਆ। ਹੰਢਣਸਾਰ ਤੇ ਚੱਲਣ ਵਿਚ ਹਲਕਾ-ਛੋਹਲਾ।

ਹੁਣ ਸੈਰ ਤੇ ਸਵਾਰੀ ਦੋਵੇਂ ਕਰਨ ਲੱਗਾ ਹਾਂ। ਸੈਰ ਦੇ ਆਪਣੇ ਫਾਇਦੇ, ਸਾਈਕਲ ਦੇ ਆਪਣੇ ਲਾਭ। ਮੁਢਲੇ ਕੁਝ ਦਿਨ ਲੱਤਾਂ ਬਾਹਾਂ ਦੁਖਦੀਆਂ ਰਹੀਆਂ। ਥਕਾਵਟ ਵੀ ਹੋਈ। ਪਰ ਬਾਅਦ ਵਿਚ ਸੱਭ ਰਵਾਂ ਹੋ ਗਿਆ। ਦਿਮਾਗੀ ਧੁੰਦ ਗਾਇਬ ਹੋ ਗਈ। ਸਾਈਕਲਿੰਗ ਦੇ ਲਾਭ ਨਜ਼ਰ ਆਉਣ ਲੱਗੇ।

ਪੁਰਾਣੇ ਲੋਕ ਖੂਬ ਸਾਈਕਲ ਚਲਾਉਂਦੇ ਸਨ। ਡਾਕਟਰ ਕੋਲ ਬਹੁਤ ਘੱਟ ਜਾਂਦੇ ਸਨ। ਅੱਜ ਵੀ ਸਾਡੇ ਸਮਾਜ ਦਾ ਜਿਹੜਾ ਵਰਗ ਸਾਈਕਲ ਚਲਾਉਂਦਾ ਹੈ ਉਹ ਡਾਕਟਰਾਂ ਤੋਂ ਕਾਫ਼ੀ ਹੱਦ ਤੱਕ ਬਚਿਆ ਹੋਇਆ ਹੈ ਕਿਉਂਕਿ ਰੋਜ਼ਾਨਾ ਸਾਈਕਲ ਚਲਾਉਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। ਤਣਾਅ ਘੱਟਦਾ ਹੈ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਹੁੰਦਾ ਹੈ। ਫੇਫੜੇ ਮਜ਼ਬੂਤ ਹੁੰਦੇ ਹਨ। ਭਾਰ ਘੱਟਦਾ ਹੈ। ਮਸਲ ਤਾਕਤਵਰ ਅਤੇ ਲਚਕੀਲੇ ਹੁੰਦੇ ਹਨ। ਜੋੜ ਮਜ਼ਬੂਤ ਬਣਦੇ ਹਨ ਅਤੇ ਲਚਕ ਵੱਧਦੀ ਹੈ। ਕੈਂਸਰ ਵਰਗੀਆਂ ਬਿਮਾਰੀਆਂ ਤੋਂ ਕਿਸੇ ਹੱਦ ਤੱਕ ਬਚ ਸਕਦੇ ਹਾਂ। ਦਿਲ ਦੀ ਸਿਹਤ ਸੁਧਰਦੀ ਹੈ। ਸਰੀਰਕ ਤਾਲਮੇਲ ਬਿਹਤਰ ਬਣਦਾ ਹੈ। ਊਰਜ਼ਾ ਵਿਚ ਵਾਧਾ ਹੁੰਦਾ ਹੈ। ਪਿੱਠ ਦਰਦ ਦੂਰ ਹੁੰਦੀ ਹੈ। ਸਰੀਰ ਆਪਣੇ ਅਸਲੀ ਕੁਦਰਤੀ ਆਕਾਰ ਵਿਚ ਆ ਜਾਂਦਾ ਹੈ। ਵਿਅਕਤੀ ਸਰੀਰਕ ਮਾਨਸਿਕ ਤੌਰ 'ਤੇ ਚੁਸਤ ਰਹਿੰਦਾ ਹੈ। ਗਹਿਰੀ-ਗੂੜ੍ਹੀ ਨੀਂਦ ਆਉਂਦੀ ਹੈ। ਖੂਨ ਦਾ ਦਬਾਅ ਅਤੇ ਦਿਲ ਦੀ ਧੜਕਨ ਠੀਕ ਰਹਿੰਦੀ ਹੈ। ਜਿੰਨਾ ਸਮਾਂ ਤੁਸੀਂ ਸਾਈਕਲ ਚਲਾਉਂਦੇ ਹੋ ਡਿਜ਼ੀਟਲ ਡਿਵਾਈਸਾਂ ਤੋਂ ਬਚੇ ਰਹਿੰਦੇ ਹੋ। ਸਰੀਰ ਦਾ ਪੋਸਚਰ ਠੀਕ ਹੁੰਦਾ ਹੈ। ਮੂਡ-ਮਾਈਂਡ ਠੀਕ ਰਹਿੰਦਾ ਹੈ। ਗੋਡਿਆਂ ਦੀਆਂ ਪ੍ਰੇਸ਼ਾਨੀਆਂ ਘੱਟਦੀਆਂ ਹਨ। ਪੈਰਾਂ, ਗਿੱਟਿਆਂ, ਲੱਕ, ਗਰਦਨ, ਬਾਹਾਂ ਅਤੇ ਹੱਥਾਂ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਪੈਟਰੋਲ-ਡੀਜ਼ਲ ਦੀ ਬਜਾਏ ਕੈਲਰੀਆਂ ਬਲਦੀਆਂ ਹਨ। ਸ਼ੂਗਰ ਦੀ ਬਿਮਾਰੀ ਦਾ ਖਤਰਾ ਘੱਟਦਾ ਹੈ। ਸਰੀਰ ਅੰਦਰ ਨਾੜੀਆਂ ਵਿਚ ਖੂਨ ਦਾ ਵਹਾਅ ਬਿਹਤਰ ਹੁੰਦਾ ਹੈ। ਰੋਜ਼ਾਨਾ 30 ਮਿੰਟ ਜਾਂ ਇਸਤੋਂ ਵੱਧ ਸਾਈਕਲਿੰਗ ਨਾਲ ਸਮੁੱਚੇ ਤੌਰ 'ਤੇ ਸਰੀਰ ਅਤੇ ਸਿਹਤ ਨੂੰ ਹੈਰਾਨੀਜਨਕ ਫਾਇਦੇ ਪਹੁੰਚਦੇ ਹਨ। ਪਾਚਨ-ਪ੍ਰਣਾਲੀ ਠੀਕ ਤਰ੍ਹਾਂ ਕੰਮ ਕਰਨ ਲੱਗਦੀ ਹੈ।

ਬਾਹਰ ਖੁਲ੍ਹੀ ਥਾਂ ਵਧੇਰੇ ਮਾਤਰਾ ਵਿਚ ਆਕਸੀਜਨ ਮਿਲਦੀ ਹੈ। ਧੁੱਪ ਵਿਚੋਂ ਵਿਟਾਮਿਨ ਡੀ ਮਿਲਦਾ ਹੈ। ਸਰੀਰਕ ਤੇ ਸਿਹਤ ਪ੍ਰਤੀ ਚੇਤੰਨਤਾ ਵੱਧਦੀ ਹੈ। ਕਸਰਤ ਦਾ, ਖੇਡਾਂ ਦਾ ਸੌਕ ਪੈਦਾ ਹੁੰਦਾ ਹੈ।

ਸਾਈਕਲਿੰਗ ਨਾਲ ਬੁਢੇਪਾ ਦੂਰ ਜਾਂਦਾ ਹੈ। ਉਮਰ ਲੰਮੀ ਹੁੰਦੀ ਹੈ। ਸਵੈ-ਮਾਣ ਉੱਚਾ ਉੱਠਦਾ ਹੈ। ਚੰਗੇ ਹਾਰਮੋਨਜ਼ ਰਲੀਜ਼ ਹੋਣ ਨਾਲ ਚੰਗਾ ਮਹਿਸੂਸ ਹੁੰਦਾ ਹੈ। ਕੰਮ ਵਿਚ ਮਨ ਲੱਗਦਾ ਹੈ।

ਸਰੀਰ ਨੂੰ, ਸਿਹਤ ਨੂੰ, ਮਨ ਨੂੰ ਐਨਾ ਕੁਝ ਮਿਲਦਾ ਹੈ, ਏਨੇ ਫਾਇਦੇ ਹਨ ਤਾਂ ਫਿਰ ਸਾਈਕਲ ਚਲਾਉਣ ਵਿਚ ਹਰਜ ਕੀ ਹੈ? ਘਰ ਤੋਂ ਕੰਮ-ਕਾਰ ਵਾਲੀ, ਨੌਕਰੀ ਵਾਲੀ ਜਗ੍ਹਾ ਜੇ ਬਹੁਤੀ ਦੂਰ ਨਹੀਂ ਤਾਂ ਆਓ ਸਾਈਕਲ 'ਤੇ ਹੀ ਚੱਲਦੇ ਹਾਂ। ਕਾਰ, ਸਕੂਟਰ ਨੂੰ ਘਰੇ ਆਰਾਮ ਕਰਨ ਦਿਓ।

---

30 ਸਫੇ ਦੀ ਬਾਕੀ

ਬੰਦੇ ਵਿੱਚ ਅਸੀਮ ਸਮਰਥਾ ਹੁੰਦੀ ਅਤੇ ਕੁੱਝ ਵੀ ਅਸੰਭਵ ਨਹੀਂ। ਬਸ਼ਰਤੇ ਉਸਨੂੰ ਆਪਣੇ ਆਪ ਦਾ ਗਿਆਨ ਹੋਵੇ, ਦੀਦਿਆਂ ਵਿੱਚ ਸੁਪਨੇ ਹੋਣ ਅਤੇ ਇਹਨਾਂ ਦੀ ਪ੍ਰਾਪਤੀ ਲਈ ਉਦਮ ਕਰਨ ਅਤੇ ਸਿਰੜ-ਸਾਧਨਾ ਦਾ ਤਹੱਈਆ ਕਰ ਲਿਆ ਜਾਵੇ। ਫੇਲ੍ਹ ਹੋਣ ਨੇ ਹੀ ਸਿਖਾਇਆ ਕਿ ਏ ਮਨਾਂ! ਦੋਚਿੱਤੀ ਛੱਡ। ਸਿਰਫ਼ ਇੱਕ ਸੇਧ ਵਿੱਚ ਤੁਰ ਕੇ ਆਪਣੇ ਪੈਰਾਂ ਨੂੰ ਪੈੜਾਂ ਅਤੇ ਰਾਹਾਂ ਨੂੰ ਮੰਜ਼ਲਾਂ ਦਾ ਸਿਰਨਾਵਾਂ ਦਿਤਾ ਜਾ ਸਕਦਾ।

ਬਾਪ ਦੀ ਅੱਖ ਵਿੱਚ ਆਏ ਹੰਝੂਆਂ ਦਾ ਜੰਮ ਜਾਣਾ, ਮੇਰੀ ਜ਼ਿੰਦਗੀ ਨੂੰ ਬਦਲਣ ਲਈ ਵਰਦਾਨ। ਮੇਰੀ ਸੁੱਤੀ ਹੋਈ ਕਾਇਆ ਨੂੰ ਜਗਾ ਗਿਆ। ਮੈਂ ਖੁਦ ਨੂੰ ਖੁਦ 'ਤੇ ਵਿਸ਼ਵਾਸ਼ ਕਰਨ ਦਾ ਵੱਲ ਸਿਖਾਇਆ, ਮਿਹਨਤ ਦੀ ਭੱਠੀ ਵਿੱਚ ਝੁਲਸਣ ਲਈ ਖੁਦ ਨੂੰ ਤਿਆਰ ਕੀਤਾ ਅਤੇ ਰਾਤਾਂ ਦੀ ਨੀਂਦ ਹੰਘਾਲਣ ਲਈ ਮਾਨਸਿਕ ਤੌਰ 'ਤੇ ਤਿਆਰ ਹੋਇਆ। ਕਿਸੇ ਵੀ ਪ੍ਰਾਪਤੀ ਲਈ ਸਭ ਤੋਂ ਜਰੂਰੀ ਹੁੰਦਾ ਹੈ ਵਿਅਕਤੀ ਦਾ ਮਾਨਸਿਕ ਤੌਰ ਤੇ ਖੁਦ ਨੂੰ ਮਜ਼ਬੂਤ ਕਰਨਾ। ਆਸ਼ੇ ਦੀ ਪੂਰਤੀ ਪ੍ਰਤੀ ਪ੍ਰਤੀਬੱਧਤਾ। ਫਿਰ ਸਰੀਰਕ ਰੂਪ ਵਿੱਚ ਬੰਦਾ ਆਪ ਹੀ ਤਿਆਰ ਹੋ ਜਾਂਦਾ ਹੈ। ਤਰਕੀਬਾਂ, ਹੀ ਤਰਜ਼ੀਹਾਂ ਬਣਦੀਆਂ ਅਤੇ ਇਹਨਾਂ ਵਿੱਚੋਂ ਹੀ ਤਕਦੀਰ ਦੀ ਤਰਤੀਬ ਨਿਖਰਦੀ ਆ।

ਫੇਲ੍ਹ ਹੋਣਾ ਉਹ ਹੁੰਦਾ ਹੈ ਜਦ ਤੁਸੀਂ ਮਨ ਵਿੱਚ ਫੇਲ੍ਹ ਹੋਣਾ ਮੰਨ, ਨਿਰਾਸ਼ਤਾ ਵਿੱਚ ਡੁੱਬਦੇ ਹੋ। ਇਸਨੂੰ ਕਬੂਲ ਕਰਦੇ ਹੋ ਅਤੇ ਹਥਿਆਰ ਸੁੱਟ ਦਿੰਦੇ ਹੋ। ਇਸਦੇ ਉਲਟ, ਫੇਲ੍ਹ ਹੋਣ ਦੇ ਕਾਰਨਾਂ ਨੂੰ ਸਮਝਣਾ ਅਤੇ ਇਹਨਾਂ ਵਿਚੋਂ ਖੁਦ ਨੂੰ ਉਭਾਰਨਾ ਹੀ, ਅਸਫ਼ਲਤਾ ਨੂੰ ਸਫ਼ਲਤਾ ਵਿੱਚ ਬਦਲਣ ਦਾ ਮੀਰੀ ਗੁਣ ਹੈ। ਇਸ ਤੋਂ ਵਿਰਵੇ ਲੋਕ ਹੀ ਅਸਫ਼ਲਤਾਵਾਂ ਦਾ ਸਾਹਮਣਾ ਕਰਨ ਲਈ ਮਜ਼ਬੂਰ ਰਹਿੰਦੇ ਹਨ। ਵਿਅਕਤੀ ਨੂੰ ਪ੍ਰੇਰਨਾ ਮਿਲਦੀ ਰਹੇ ਅਤੇ ਹੌਂਸਲਾ ਅਫ਼ਜਾਈ ਹੁੰਦੀ ਰਹੇ ਤਾਂ ਕੋਈ ਵੀ ਮੰਜ਼ਲ ਨਾ-ਮੁਮਕਿਨ ਨਹੀਂ ਹੁੰਦੀ। ਕ੍ਰਿਸ਼ਮੇ, ਮਨੁੱਖ ਹੀ ਕਰਦੇ ਅਤੇ ਇਹ ਕ੍ਰਿਸ਼ਮੇ ਸਿਰਫ਼ ਮਨੁੱਖੀ ਬਿਰਤੀ ਅਤੇ ਮਾਨਸਿਕਤਾ ਵਿੱਚੋਂ ਹੀ ਉਗਦੇ ਨੇ।

'ਕੇਰਾਂ ਜੰਗਾਂ ਵਿੱਚ ਲੜਨ ਵਾਲਾ ਹਾਥੀ ਚਿੱਕੜ ਵਿੱਚ ਫਸ ਗਿਆ ਅਤੇ ਜੋਰ ਲਾਉਣ ਦੇ ਬਾਵਜੂਦ ਵੀ ਉਹ ਹੋਰ ਡੂੰਘਾ ਚਿੱਕੜ ਵਿੱਚ ਖੁਭਦਾ ਜਾ ਰਿਹਾ ਸੀ। ਰਾਜਾ ਤੇ ਅਹਿਲਕਾਰ ਇਹ ਸਭ ਕੁੱਝ ਦੇਖ ਕੇ ਬਹੁਤ ਫਿਕਰਮੰਦ ਹੋ ਰਹੇ ਸਨ। ਇੰਨੇ ਚਿਰ ਨੂੰ ਮਹਾਤਮਾ ਬੁੱਧ ਉਸ ਰਾਹੇ ਜਾ ਰਹੇ ਸਨ ਅਤੇ ਉਹ ਭੀੜ ਦੇਖ ਰੁਕ ਗਏ। ਰਾਜੇ ਨੇ ਮਾਹਤਮਾ ਬੁੱਧ ਕੋਲੋਂ ਹਾਥੀ ਨੂੰ ਬਾਹਰ ਕੱਢਣ ਦਾ ਉਪਾਅ ਪੁੱਛਿਆ। ਮਹਾਤਮਾ ਬੁੱਧ ਨੇ ਹਾਥੀ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਇਹ ਹਾਥੀ ਜੰਗ ਵਿੱਚ ਸਭ ਤੋਂ ਅੱਗੇ ਹੁੰਦਾ ਹੈ। ਤਾਂ ਬੁੱਧ ਨੇ ਕਿਹਾ ਕਿ ਇਸਦੇ ਆਲੇ-ਦੁਆਲੇ ਜੰਗ ਦੇ ਢੋਲ-ਨਗਾਰੇ ਵਜਾਓ। ਰਾਜਾ ਹੈਰਾਨ ਹੋਇਆ ਪਰ ਬੁੱਧ ਦੀ ਸਲਾਹ ਮੰਨ ਕੇ ਢੋਲ-ਨਗਾਰੇ ਵਜਾਉਣ ਦਾ ਹੁਕਮ ਦਿੱਤਾ। ਜੰਗ ਦੌਰਾਨ ਵੱਜਣ ਵਾਲੇ ਢੋਲ-ਨਗਾਰਿਆਂ ਦਾ ਸ਼ੋਰ ਸੁਣ ਕੇ ਹਾਥੀ ਨੇ ਇੰਨਾ ਜੋਰ ਲਾਇਆ ਕਿ ਉਹ ਚਿੱਕੜ ਵਿਚੋਂ ਬਾਹਰ ਆ ਗਿਆ। ਤਾਂ ਬੁੱਧ ਨੇ ਸਮਝਾਇਆ ਕਿ ਲੋੜ ਸਿਰਫ਼ ਤਾਕਤ ਤੇ ਸਮਰੱਥਾ ਨੂੰ ਕੇਂਦਰਤ ਕਰਨ ਦੀ ਹੁੰਦੀ ਏ। ਢੋਲ-ਨਗਾਰੇ ਸੁਣ ਕੇ ਹਾਥੀ ਨੇ ਆਪਣੀ ਸਮੁੱਚੀ ਤਾਕਤ ਕੇਂਦਰਤ ਕੀਤੀ ਤੇ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਿਆ। ਬੰਦਿਆਂ ਵਾਂਗ ਜਾਨਵਰਾਂ ਵਿੱਚ ਵੀ ਅਥਾਹ ਸ਼ਕਤੀ ਹੁੰਦੀ ਹੈ। ਸਿਰਫ਼ ਇਸਨੂੰ ਕੇਂਦਰਤ ਕਰਨ ਅਤੇ ਸਮੁੱਚ ਵਿੱਚ ਸਹੀ ਪਾਸੇ ਲਗਾਉਣ ਦੀ ਲੋੜ ਦੀ ਚਾਹਨਾ ਅਤੇ ਮਨਚਾਹੇ ਸਿੱਟੇ ਪ੍ਰਾਪਤ ਕਰਨ ਦੀ ਲੋਚਾ ਮਨ ਵਿੱਚ ਹੋਣੀ ਚਾਹੀਦੀ ਹੈ। ਕੁੱਝ ਅਜੇਹਾ ਹੀ ਮੇਰੇ ਨਾਲ ਵਾਪਰਿਆ। ਧਿਆਨ ਨੂੰ ਕੇਂਦਰਤ ਕਰਕੇ, ਔਖੀ ਜਾਪਦੀ ਸਾਇੰਸ ਦੀ ਪੜ੍ਹਾਈ ਨੂੰ ਮੈਂ ਸੁਖਾਲਾ ਕਰ ਸਕਿਆ। ਸਾਰੀ ਉਮਰ ਫਿਜਿਕਸ ਪੜ੍ਹਾਈ ਅਤੇ ਇਸਨੂੰ ਕਿੱਤਾ ਨਹੀਂ ਸਗੋਂ ਸ਼ੌਕ ਸਮਝ ਕੇ, ਇਸ 'ਚੋਂ ਮਾਨਸਿਕ ਅਤੇ ਅੰਤਰੀਵੀ ਆਨੰਦ ਪ੍ਰਾਪਤ ਕੀਤਾ। ਅਤੇ ਅਜੇ ਤੀਕ ਵੀ ਕਰ ਰਿਹਾਂ। ਤਾਂ ਹੀ ਅਮਰੀਕਾ ਦੀ ਯੂਨੀਵਰਸਿਟੀ ਦੇ ਫਿਜਿਕਸ ਡਿਪਾਰਟਮੈਂਟ ਦੇ ਚੇਅਰ ਡਾ. ਪੈਟਰੂ ਐਸ ਫੋਡਰ ਦਾ ਇਹ ਕਹਿਣਾ ਸੀ ਕਿ ਮੈਂ ਚਾਹੁੰਦਾ ਹਾਂ ਕਿ ਮੇਰੇ ਸਾਰੇ ਪ੍ਰੋਫੈਸਰ ਤੇਰੇ ਵਰਗੇ ਹੀ ਹੋਣ। ਇਹ ਮਾਣ ਮੇਰਾ ਨਹੀਂ ਸਗੋਂ ਮੇਰੇ ਬਾਪ ਦਾ ਹੈ ਜਿਸਨੇ ਫੇਲ੍ਹ ਹੋਣ ਤੋਂ ਬਾਅਦ ਮੈਨੂੰ ਸਾਇੰਸ ਦੀ ਪੜ੍ਹਾਈ ਜਾਰੀ ਰੱਖਣ ਲਈ ਹੱਲਾਸ਼ੇਰੀ ਦਿਤੀ ਸੀ। ਫੇਲ੍ਹ ਹੋਣ ਤੋਂ ਬਾਅਦ ਬਾਪ ਦੀ ਦਿੱਤੀ ਹੋਈ ਹੌਂਸਲਾ ਅਫ਼ਜ਼ਾਈ ਦਾ ਕੇਹਾ ਕਮਾਲ ਸੀ ਕਿ ਇਸ ਤੋਂ ਬਾਅਦ ਸਾਇੰਸ ਨੂੰ ਪੜ੍ਹਨਾ ਇੱਕ ਜਨੂਨ ਬਣ ਗਿਆ। ਜਦ ਤੁਸੀਂ ਕਿਸੇ ਵੀ ਮਜ਼ਬੂਨ ਨੂੰ ਮਜ਼ਬੂਰੀ ਦੀ ਬਜਾਏ ਸ਼ੌਕ ਵਜੋਂ ਪੜ੍ਹਦੇ ਹੋ ਤਾਂ ਤੁਹਾਡੇ ਮਨ ਵਿੱਚ ਲਗਨ ਅਤੇ ਉਤਸ਼ਾਹ ਹੁੰਦਾ ਹੈ। ਕੁੱਝ ਵੀ ਔਖਾ ਜਾਂ ਉਕਾਊ ਨਹੀਂ ਲੱਗਦਾ। ਤੁਹਾਨੂੰ ਜਾਪਣ ਲੱਗਦਾ ਕਿ ਇਹ ਤਾਂ ਬਹੁਤ ਅਸਾਨ ਸੀ। ਮੈਂ ਤਾਂ ਐਂਵੇਂ ਇਸ ਤੋਂ ਡਰਦਾ ਰਿਹਾ।

ਫੇਲ੍ਹ ਹੋਣ ਦਾ ਵਰਦਾਨ ਜਾਂ ਬਰਕਤ ਇਸ ਲਈ ਸਮਝੀ ਜਾ ਸਕਦੀ ਹੈ ਕਿ ਇਸ ਤੋਂ ਬਾਅਦ ਫਿਜਿਕਸ ਦੀ ਐਮ.ਐਸ.ਸੀ ਤੱਕ ਦੀ ਸਮੁੱਚੀ ਪੜ੍ਹਾਈ ਮੈਂ ਮੈਰਿਟ ਸਕਲਾਰਸ਼ਿੱਪ ਲੈ ਕੇ ਕੀਤੀ। ਭਾਂਵੇਂ ਕਿ ਮੇਰੇ ਬਾਪ ਲਈ ਇਹੀ ਮਾਣ ਵਾਲੀ ਗੱਲ ਸੀ ਕਿ ਉਸਦਾ ਪੁੱਤ ਸੋਲਾਂ ਜਮਾਤਾਂ ਪੜ੍ਹ ਗਿਆ ਹੈ। ਬਾਪ ਲਈ ਇਹ ਤਸੱਲੀ ਵਾਲੀ ਗੱਲ ਸੀ ਕਿ ਉਸਦੇ ਪੁੱਤ ਦੇ ਜਮਾਤੀ ਪ੍ਰੈੱਪ ਵਿੱਚ ਪਾਸ ਹੋ ਕੇ ਕੋਈ ਵੀ ਸੋਲਾਂ ਜਮਾਤਾਂ ਨਹੀਂ ਕਰ ਸਕੇ ਜਦ ਉਸਦਾ ਬੇਟਾ ਫੇਲ੍ਹ ਹੋ ਕੇ ਵੀ ਸੋਲਾਂ ਜਮਾਤਾਂ ਕਰ ਗਿਆ।

ਇਸ ਤੋਂ ਬਾਅਦ ਪੀਐਚਡੀ ਕਰਨਾ, ਮੇਰੀ ਖੁਦ ਨੂੰ ਪਾਈ ਉਸ ਕਸਮ ਦਾ ਪੂਰਾ ਕਰਨਾ ਸੀ ਜਿਹੜੀ ਮੈਂ ਪ੍ਰੈੱਪ ਵਿੱਚ ਫੇਲ੍ਹ ਹੋਣ ਤੋਂ ਬਾਅਦ ਖੁਦ ਨਾਲ ਪਾਈ ਸੀ। ਪੀਐਚਡੀ ਦੀ ਇੰਟਰਵਿਊ ਦੌਰਾਨ ਜਦ ਐਗਜਾਮੀਨਰ ਨੇ ਮੈਨੂੰ ਪੁੱਛਿਆ ਕਿ ਤੂੰ ਸਰਕਾਰੀ ਕਾਲਜ ਵਿੱਚ ਪੜ੍ਹਾਉਂਦਾ ਏਂ। ਟਿਊਸ਼ਨਾਂ ਪੜ੍ਹਾਂ ਕੇ ਬਹੁਤ ਪੈਸੇ ਕਮਾ ਸਕਦਾ ਸੀ। ਫਿਰ ਪੰਜ ਸਾਲ ਪੀਐਚਡੀ ਕਰਨ ਤੇ ਕਿਉਂ ਗਵਾਏ? ਉਹ ਵੀ ਨੌਕਰੀ ਕਰਨ ਦੇ ਨਾਲ-ਨਾਲ, ਬਿਨਾਂ ਛੁੱਟੀ ਲਿਆਂ। ਤਾਂ ਮੇਰਾ ਸਨਿੰਮਰ ਉਤਰ ਸੀ ਕਿ ਇਹ ਪੰਜ ਸਾਲ ਵਿਅਰਥ ਨਹੀਂ ਗਵਾਏ। ਇਹ ਤਾਂ ਬਾਪ ਦੀ ਅੱਖ ਵਿੱਚ ਜੰਮ ਚੁੱਕੇ ਅੱਥਰੂਆਂ ਦਾ ਭਾਰ ਘਟਾਉਣ ਲਈ ਨਿਮਰ ਯਤਨ ਹੈ। ਤਾਂ ਕਿ ਬਾਪ ਨੂੰ ਇਹ ਮਾਣ ਹੋਵੇ ਕਿ ਉਸਦਾ ਪੁੱਤ ਪ੍ਰੈੱਪ ਵਿਚੋਂ ਫੇਲ੍ਹ ਹੋ ਕੇ ਵੀ ਸਾਇੰਸ ਦੀ ਸਿਖਰਲੀ ਡਿਗਰੀ ਵੀ ਹਾਸਲ ਕਰ ਸਕਦਾ ਹੈ। ਮੇਰੀ ਇਹ ਸਦਾ ਇੱਛਾ ਰਹੀ ਕਿ ਹੱਲ ਵਾਹੁਣ ਵਾਲੇ ਬਾਪ ਦੀ ਕਿਰਤ-ਕਮਾਈ, ਹੌਂਸਲਾ-ਅਫ਼ਜ਼ਾਈ ਅਤੇ ਫੱਕਰਤਾਈ ਨੂੰ ਪੀਐਚਡੀ ਦੀ ਡਿਗਰੀ ਅਰਪਿੱਤ ਕਰ ਸਕਾਂ। ਆਪਣੇ ਬਾਪ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਾਂ। ਬਾਪ ਦੀਆਂ ਦੀਆਂ ਅੱਖਾਂ ਵਿੱਚ ਸ਼ਰਫ਼ ਦਾ ਰੰਗ ਭਰ ਸਕਾਂ ਜਿਹਨਾਂ ਵਿੱਚ ਕਦੇ ਮੇਰੇ ਫੇਲ੍ਹ ਹੋਣ ਨੇ ਨਿਰਾਸ਼ਾ ਤਰੌਂਕੀ ਸੀ।

TAIL PIECE

Dalip Singh Wasan, Advocate
Email: dalipsinghwassan@yahoo.co.in

## Oppositions were not happy with the budget because of discriminationwith the states

On reacting on budget of government of India, the oppositions in the Parliament reacted raising objections that there is discrimination with the states where there are governments of theother groups than the BJP. Finance minister had already pronounced that it is not necessary to name the sates in budget and whileproviding aid to states, none has been discreminated. Here in India itis not necessary that one party may rule the whole country in statesas well as in the centre. And this type of complaint shall remain theorder of the day. This time government of India could not get absolute majority and because of that even there had been no Thanksfor the voters from both teh sides because even oppositions are having complaints that had there been some more seats they too were having an opportunity to form government. They too did not come out to thank the voters. Voting is just a duty of teh people and the contesting groups often feel there is no duty of winning parties to thank them.In spite of all these discdreminations the people are still performing their duties and slowely and steadely they are decreasing percentage in voting. In these elections wars contesting groups are losing interest in welfare of teh people and that is the reason, this time in Parliament Elections, none of the contesting groups could come outwith Bills, Projects, Schemes and Policies to reduce or root outpoverty from India when they could get credit that they are givingfree ration to two-third population in India.

## Through central budget we shall try to make everyone strong- Modi jee Prime Minister

Much has been said by oppositions pointing out discrimination with states where parties other than BJP are ruling and it is also on record that the Finance Minister said that there is no need to point out names of the states in the first speech. The members raising objects must read details of the budget and all the states have been given their share. Even Rail way Minister has shown a huge amountearmarked for punjab for establishing rail lines. The prime Ministermr. Narender Modi has finally said that the governemnt of India shall try to make each one in the country strong. And he talks of each citizen and also talks of making him strong, let us concentrate onthis point. When we take up a citizen, in a democracy like us, each individual must be of proper health, proper education, proper training, proper employment and proper income and when these five basics are complete only then one can say that he is a citizen of free and democracy. Till these five basics are lacking, one cannot say himself even a citizen. And during past tenures only first aids have been given to poor just to continue living and till date no measure shave been taken to root out poverty from India. If the present budget have such provisions which shall concentrate on these five basics, we shall hope that BJP shall continuing even in next teures. If no concentration on these fives, there is no occasion to have a proper continuation this time. Sucdh types of reactions from the oppositions would not allow tem even to have a proper function. And when Prime Minister has talked of strength to all, even oppositions shall support and his call for cooperation on national matyters shall meet success.



## Pakistan has started a proxy waar against India through terrorists-Prime Minister Modi

It is on record that whole of Kashir has become a part of India. Now the temprory provisions of Article 370 are no more andpart of Kashmir, now we must say a part of India is in illegal occupation of Pakistan. Our Defence Minister had said that at anytime we can go ahead and oust pakistan from this area and even a Bluestar operation is enough. Pakistan had a direct war and in that war we had occupied mucharea of Pakistan. While coming to peace, we could have demanded leaving of Pakistan from this occupied area. That item is now just inhistory. In spite of all these facts against Pakistan, Pakistan is still on proxy war through terrorists. All terrorists sent in this war have been killed. Pakistan and even people of Pakistan know tht this proxy war is just a futile game and losing their youths in this futile exercise must end. The people of Pakistan too are silent and are notagitating because Pakistan is having youths from other sides on heavy-costs. Time has come when India must take up this serious matter in itsown hands and see this problem of terrorists is solved immedietly-without any further delay. And the same should be solved before elections in state of Jamnmu and Kashmir. There is no need of war, because POK is our part and only a Blue Star Operation is enough. Allowing this proxy war for decades does not suit us because all developments in our own state are stopped because of this terrorism. We are one of the greatest Powers in the world and must see that our unity and integrity is maintained. Keeping pending this problem is the root cause of giving birth to this proxsy war through terrorists.

## On developments in States Prime Minister Modi hints target year 2047


Hearing all comments from the sides of oppositions in the Parliament on budget , Mr. Narender Modi, teh Prime Minister hinted at the target year-2047 the year fixed for our entry in list of Developed Countries when all the states shall be standing with heads high equal as one develop-ed country. He wants to say that while making provisions in the budget, centre is very much alive to maintain equality and none of the states is discriminated.

The comments raised by oppositions are common and as per record-such comments are always there on central budget from those states where governments of other parties are in force. These comments are not new. but this time, such comments coming from the oppositions-sides means otherwise and help and cooperation are not expected and it seems, BJP government would not be able to work as per their own principls. They shall not be able to introduce Bills, Projects, Schemes and Policies as per their own desires and wishes and oppositions would not help and cooperte till their wishes, desires and wills too are accommodated.

One way out is this that all the members present should bring at least two problems of his area and these problems could be taken into consideration , Out of teh list of problems, only those problems which are coming from at least fifty per cent of the members should betaken up in Bills, Projects, Schemes and Policies mentioning specific names of the members supporting. When members from opposition too get equality here, they are supposed to support and we must ensure that members are free to work on these items with free conscience, will and wisdom and become real Representatives of the people and mustavoid to follow directions from the party-heads.

And the Speaker of the house too must declare that each member-must be free and must worjk as per his own conscience, will, desirte-and wisdom and must represent the people. On such subjects in which all are members, should not be left only for the supporters of the government. The subjects are National and a National out-outlook is most necessary. Another way-out could be that we should abolish all state legislative assemblies and since all the states are duly representatives in the Parliament, one nation one parliament could bee stablished for the whole country to avoid different parties indifferent states. Even growth of too much politicians and too much political sub groups could be avoided.

## The whole Nation is under fear and un-certainities- Rahul Gandhi



Speaking from the oppositions side, Mr. Rahul Gandhi has declared that at present, the whole Nation is under fear and in certainities. He may be blaming one political group, but actually who soever, had been in power till date, are responsible for creating these situations in the country. From the very beginning, we noticed partition of this country on teh basis of religions what we saw, only those can tell details who actually suffered killings and uprootings and forced to goto unknown places to settle. Such type of bloody and uprooting is not having an entry in history. And in spite of this partition, both the countries could not settle disputes till date. And this partition-tradition is still on in this country in names of Hindu Nation, Sikhs Nation and Muslim minority.

*Continue on page 33*

# The Trap of Mixing Religion and Politics: A Threat to Sikhism

**Iqbal Singh Lalpura**

Guru Nanak's teachings emphasize living a complete life, finding God within, and serving humanity selflessly. However, the mixing of religion and politics has spoiled Sikh society, undermining the very foundations of the faith. This toxic blend has led to:

- Politicization of Gurdwaras
- Corruption and power struggles
- Erosion of Sikh values and principles
- Division and infighting within the community

It's time to debate and reclaim Sikhism's true essence, separating the distinct roles of religion and politics.

_The Dangers of Mixing Religion and Politics_

Politics is about ruling public sentiment, while religion is about spiritual growth and selfless service. When mixed, both suffer. Gurdwara management by political parties or individuals has ruined Sikhism, prioritizing power over truth and service. This has led to:

- Loss of spiritual focus
- Corruption and mismanagement
- Disconnection from Guru Nanak's teachings

_Sikhism's Core Values_

Truth is Sikhism's first pillar, followed by living a truthful life. Sikh politicians must embody these values, visible in their words and actions. Sikhs should be saint-soldiers, protecting society and upholding justice. This requires:

- Living a life of truth and integrity
- Serving humanity selflessly
- Protecting society with courage and compassion
- Inspiring trust and love from the people

_Rebuilding on Guru's Foundations_

Let's return to the teachings of Guru Nanak and the Sri Guru Granth Sahib. Let's promote:

- Spiritual growth through selfless service
- Truthful living and honest leadership
- Protection of society through saint-soldier values
- Distinct roles for religion and politics, with no interference

_Saint-Soldier Politicians_

Sikh politicians should:

- Live truthful lives, upholding Sikhism's first pillar
- Serve humanity selflessly, without expectation of gain
- Protect society with courage and compassion
- Inspire trust and love from the people

This requires a transformation from power-hungry leaders to selfless servants of humanity.

_Protecting Religious Purity_

Interference in religious places undermines their sanctity. Sikh politicians should:

- Avoid using religious platforms for political gain
- Refrain from influencing religious decisions
- Respect the autonomy of religious institutions

This ensures the purity and integrity of Sikhism, protecting it from political manipulation.



_By Example, Not Interference_

Sikh politicians can inspire a new generation by living saint-soldier values. Their selfless service and truthful leadership will naturally draw people to Sikhism, protecting its purity and integrity. This approach:

- Inspires trust and love
- Fosters spiritual growth
- Promotes truthful living
- Protects society with courage and compassion

Let's reclaim Sikhism's true essence, separating religion and politics, and promoting saint-soldier values. This will ensure the prosperity and integrity of Sikhism for generations to come.

• • •

*... Continue from page 32*

We had seen so many terrorists movements and actually the minorities suffered killings and cause of these riotsare untraced as yet.

The politicians had been ruling this country in their own ways and we can call just administering the country on the same paths which the British had left here and in spite of identifications of problems of the people, we had been just giving the sufferers first aids and none of the problems could be solved finally. We are talking of progress and development, but here two-third population has turned poor and are living on free ration. We are talking of equality, but even proper life could not be provided to our people. About one-fourth people are socially low graded and they could not get merger in mains ocieties and even children having love marriages accross these borderlines are killed. The reservations provided for them could be availaed by only some selected families and these benefits could not be divided in a right manner. Till dates people belonging to different religions and groups are having separate colonies and basties and even civic facilies are not available for them. Even in Parliament and in state legislative assemblies people are sitting as supporters and opposition and could not turn representatives of the people who elected them and often remain silent on problems of the people. Till date nothing is clear whether party is ruling or there is one man rule and members sitting in houses remain silent or just appreciate and may speak, but none hears.Mr. Rahul who spoke aout this type of democracy, has not yet given us the right path of democracy. Even our whole nation is silenton this subject and none can say that when members in our august houses shall turn representatives of the people.

# ਹਾਸੇ ਦੀ ਪਟਾਰੀ

**ਟੀਚਰ** (ਪੱਪੂ ਨੂੰ), ਤੂੰ ਇਸ ਗਧੇ ਨੂੰ ਇਥੇ ਕਿਉਂ ਲੈ ਕੇ ਆ ਗਿਆ ਏਂ ?

ਪੱਪੂ, ਮੈਡਮ, ਤੁਸੀਂ ਹੀ ਤਾਂ ਕਿਹਾ ਸੀ ਕਿ ਮੈਂ ਵੱਡੇ-ਵੱਡੇ ਗਧਿਆਂ ਨੂੰ ਵੀ ਇਨਸਾਨ ਬਣਾ ਦਿੰਦੀ ਹਾਂ।

*---*---*

**ਇਕ** ਨੌਜਵਾਨ ਨੌਕਰੀ ਦੀ ਤਲਾਸ਼ ਵਿੱਚ ਇਕ ਦਫਤਰ ਵਿੱਚ ਗਿਆ। ਦਫਤਰ ਦੇ ਮੈਨੇਜਰ ਨੇ ਉਸ ਤੋਂ ਪੁੱਛਿਆ, ਤੂੰ ਕੁਝ ਪੜ੍ਹਨਾ ਲਿਖਣਾ ਜਾਣਦਾ ਏਂ ?

ਨੌਜਵਾਨ, ਜੀ ਮੈਂ ਸਿਰਫ ਲਿਖਣਾ ਜਾਣਦਾ ਹਾਂ, ਪੜ੍ਹਨਾ ਨਹੀਂ।

ਮੈਨੇਜਰ, ਮੈਂ ਕੁਝ ਬੋਲਦਾ ਹਾਂ, ਉਸ ਨੂੰ ਲਿਖ।

ਮੈਨੇਜਰ ਬੋਲਦਾ ਗਿਆ ਅਤੇ ਉਹ ਕਾਗਜ਼ 'ਤੇ ਉਲਟੀਆਂ-ਸਿੱਧੀਆਂ ਲਕੀਰਾਂ ਖਿੱਚਦਾ ਰਿਹਾ। ਮੈਨੇਜਰ ਬੋਲਿਆ, ਹੁਣ ਇਸ ਨੂੰ ਪੜ੍ਹ।

ਨੌਜਵਾਨ, ਮੈਂ ਤੁਹਾਨੂੰ ਪਹਿਲਾਂ ਹੀ ਕਿਹਾ ਸੀ ਮੈਂ ਸਿਰਫ ਲਿਖ ਸਕਦਾ ਹਾਂ, ਪੜ੍ਹ ਨਹੀਂ ਸਕਦਾ।

*---*---*

**ਜਵਾਈ** 15 ਦਿਨਾਂ ਤੋਂ ਸਹੁਰੇ ਘਰ ਵਿੱਚ ਸੀ। ਸੱਸ ਬੋਲੀ, ਜਵਾਈ ਜੀ, ਕਦੋਂ ਵਾਪਸ ਜਾ ਰਹੇ ਹੋ, ਬਹੁਤ ਦਿਨ ਹੋ ਗਏ ?

ਜਵਾਈ, ਤੁਹਾਡੀ ਬੇਟੀ ਤਾਂ 6-6 ਮਹੀਨੇ ਮੇਰੇ ਘਰ ਰਹਿੰਦੀ ਹੈ।

ਸੱਸ, ਉਹ ਤਾਂ ਉਥੇ ਵਿਆਹੀ ਹੋਈ ਹੈ।

ਜਵਾਈ, ਅਤੇ ਮੈਂ ਕਿਹੜਾ ਇਥੇ ਅਗਵਾ ਕਰਕੇ ਲਿਆਂਦਾ ਗਿਆ ਹਾਂ।

*---*---*

# ਭਾਰਤ ਪਾਸਪੋਰਟ ਰੈਂਕਿੰਗ ਸੂਚੀ 'ਚ 82ਵੇਂ ਸਥਾਨ 'ਤੇ ਸ਼ਾਮਲ




ਸਿੰਗਾਪੁਰ ਪਾਸਪੋਰਟ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਹੈ। ਪਾਸਪੋਰਟ ਰੈਂਕਿੰਗ ਸੰਸਥਾ ਹੈਨਲੇ ਐਂਡ ਪਾਰਟਨਰਸ ਨੇ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਰੈਂਕਿੰਗ ਜਾਰੀ ਕੀਤੀ ਹੈ। ਇਸ ਸੂਚੀ ਚ ਭਾਰਤ ਨੂੰ 82ਵਾਂ ਸਥਾਨ ਮਿਲਿਆ ਹੈ। ਇਸ ਸਾਲ ਜਨਵਰੀ 'ਚ ਜਾਰੀ ਇੰਡੈਕਸ ਦੇ ਮੁਕਾਬਲੇ ਭਾਰਤ ਦੀ ਰੈਂਕਿੰਗ 'ਚ 3 ਸਥਾਨ ਦਾ ਵਾਧਾ ਹੋਇਆ ਹੈ। ਭਾਰਤੀ ਪਾਸਪੋਰਟ 'ਤੇ 58 ਦੇਸ਼ਾਂ 'ਚ ਵੀਜ਼ਾ ਫ੍ਰੀ ਐਂਟਰੀ ਹੈ। ਇਸ ਤੋਂ ਪਹਿਲਾਂ ਜਨਵਰੀ 'ਚ ਜਾਰੀ ਇੰਡੈਕਸ 'ਚ ਭਾਰਤ ਦੀ ਰੈਂਕਿੰਗ 5 ਸਥਾਨ ਹੇਠਾਂ ਆ ਗਈ ਸੀ। ਸਾਲ 2023 'ਚ ਭਾਰਤ 80ਵੇਂ ਸਥਾਨ 'ਤੇ ਸੀ।

ਇਸ ਸੂਚੀ ਚ ਸਿੰਗਾਪੁਰ ਦੇ ਪਾਸਪੋਰਟ ਨੂੰ ਪਹਿਲਾ ਸਥਾਨ ਮਿਲਿਆ ਹੈ, ਜਿਸ ਦੀ 195 ਦੇਸ਼ਾਂ ਚ ਵੀਜ਼ਾ ਮੁਕਤ ਵੈਧਤਾ ਹੈ। ਜਾਪਾਨ ਦੇ ਨਾਲ-ਨਾਲ ਫ਼ਰਾਂਸ, ਇਟਲੀ, ਜਰਮਨੀ ਅਤੇ ਸਪੇਨ ਦੂਜੇ ਸਥਾਨ 'ਤੇ ਹਨ, ਜਿਨ੍ਹਾਂ ਦੇ ਪਾਸਪੋਰਟ ਨਾਲ 192 ਦੇਸ਼ਾਂ ਦੀ ਵੀਜ਼ਾ ਮੁਫ਼ਤ ਯਾਤਰਾ ਕੀਤੀ ਜਾ ਸਕਦੀ ਹੈ।ਆਸਟ੍ਰੇਲੀਆ, ਫਿਨਲੈਂਡ, ਆਇਰਲੈਂਡ, ਲਕਸਮਬਰਗ, ਨੀਦਰਲੈਂਡ, ਦੱਖਣੀ ਕੋਰੀਆ ਅਤੇ ਸਵੀਡਨ ਮੁਫ਼ਤ ਵੀਜ਼ਾ ਦਾਖ਼ਲੇ ਵਾਲੇ 191 ਦੇਸ਼ਾਂ ਵਿੱਚੋਂ ਤੀਜੇ ਸਥਾਨ 'ਤੇ ਹਨ। ਇਹ ਰੈਂਕਿੰਗ ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ ਦੇ ਅੰਕੜਿਆਂ ਦੇ ਆਧਾਰ 'ਤੇ ਜਾਰੀ ਕੀਤੀ ਗਈ ਹੈ।

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ

ਲੜੀਵਾਰ ਨਾਵਲ




ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891

Email: jaggikussa@yahoo.de


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-62

# ਕੋਸੀ ਧੁੱਪ ਦਾ ਨਿੱਘ

**ਅਗਲੇ ਦਿਨ ਉਹ ਸਾਰੇ ਹੀਰੇ ਦਾ ਖ਼ੂਨ ਬਦਲਾਉਣ ਚਲੇ ਗਏ। ਨਸੀਬ ਕੌਰ ਵੀ ਨਾਲ਼ ਹੀ ਗਈ ਸੀ। ਉਹ ਅਮਰੋ ਕੋਲ਼ ਬੈਠਣਾ ਵੀ ਨਹੀਂ ਚਾਹੁੰਦੀ ਸੀ। ਮਹਿਸੂਸ ਅਮਰੋ ਨੂੰ ਵੀ ਹੋ ਗਿਆ ਸੀ ਕਿ ਰਹਿੰਦੀ ਜ਼ਿੰਦਗੀ ਕੋਈ ਉਸ ਨਾਲ਼ ਕਲਾਮ ਨਹੀਂ ਕਰੇਗਾ। ਉਸ ਨੂੰ ਹੁਣ ਰਿਸ਼ਤੇਦਾਰਾਂ ਅਤੇ ਪਿੰਡ ਵਾਲ਼ਿਆਂ ਬਿਨਾ ਹੀ ਜਿਉਣਾ ਸਿੱਖਣਾ ਪਵੇਗਾ। ਕਈ ਵਾਰ ਉਸ ਦਾ ਬਲੱਡ ਘਟ ਜਾਂਦਾ ਤੇ ਉਹ ਖ਼ੁਰਕ ਵਾਲ਼ੇ ਕੁੱਤੇ ਵਾਂਗ ਅੰਦਰ ਜਾ ਪੈਂਦੀ। ਬੱਸ ਓਦੋਂ ਹੀ ਉਠਦੀ, ਜਦ ਉਸ ਨੂੰ ਹੀਰਾ ਅਵਾਜ਼ ਮਾਰਦਾ। ਬੱਗੇ ਦੇ ਚਾਲੇ ਹੁਣ ਮੁਲੋਂ ਜ਼ਿਆਦਾ ਖ਼ਰਾਬ ਹੋ ਗਏ ਸਨ। ਜਦੋਂ ਦੇ ਮੋਬਾਇਲ ਫ਼ੋਨ ਆਏ ਸਨ। ਦਿਨੇ ਉਹ ਮੋਬਾਇਲ ਫ਼ੋਨ ਨੂੰ ਚਿੰਬੜਿਆ ਰਹਿੰਦਾ ਅਤੇ ਰਾਤ ਨੂੰ ਨਸ਼ੇ ਨਾਲ਼ ਟੁੰਨ ਹੋ ਕੇ ਮੰਜੇ 'ਤੇ ਡਿੱਗਦਾ। ਘਰ ਨੂੰ ਲੁੜਕਦਾ ਹੀ ਆਉਂਦਾ।**

## ਕਾਂਡ 25

ਉਹ ਅਮਰੋ ਦੇ ਮੂੰਹ ਨੂੰ ਨਹੀਂ, ਕੌਰੇ ਦੇ ਮੂੰਹ ਨੂੰ ਪਹੁੰਚੇ ਸਨ। ਦੂਜਾ ਉਹਨਾਂ ਨੂੰ ਬਖ਼ਤੌਰ ਦੇ ਆਉਣ ਬਾਰੇ ਵੀ ਪਤਾ ਚੱਲ ਗਿਆ ਸੀ।

ਉਹ ਕੌਰੇ ਅਤੇ ਬਖ਼ਤੌਰ ਦਾ ਦਿਲੋਂ ਮੋਹ ਕਰਦੇ ਸਨ। ਨਸੀਬ ਕੌਰ ਦਾ ਸਾਰਾ ਸਿਰ ਚਿੱਟਾ ਹੋ ਗਿਆ ਸੀ। ਇੰਦਰ ਵੀ ਕੁੱਬਾ ਜਿਹਾ ਹੋ ਕੇ ਤੁਰਦਾ ਸੀ। ਸਾਰੇ ਜੱਫ਼ੀਆਂ ਪਾ ਕੇ ਮਿਲ਼ੇ।

ਦੁਖੀ ਹੋਇਆ ਕੌਰਾ ਇੰਦਰ ਦੇ ਗਲ਼ ਲੱਗ ਕੇ ਰੋਣ ਲੱਗ ਪਿਆ।

-"ਦੁਨੀਆਂ ਨੇ ਤਾਂ ਖਹਿੜਾ ਛੱਡਤਾ ਇੰਦਰਾ, ਤੂੰ ਕਿਉਂ ਮੋਹ ਤੋੜ ਹੋ ਗਿਆ, ਤੇਰਾ ਤਾਂ ਮੈਂ ਕੁਛ ਨੀ ਵਿਗਾੜਿਆ ਸੀ...?" ਉਹ ਸਾਲ਼ੇ ਦੇ ਗਲ਼ ਲੱਗਿਆ ਰੋਈ ਜਾ ਰਿਹਾ ਸੀ। ਕੋਲ਼ ਬੈਠੀ ਨਸੀਬ ਕੌਰ ਚੁੱਪ ਚਾਪ ਹੰਝੂ ਵਗਾਈ ਜਾ ਰਹੀ ਸੀ। ਇੰਦਰ ਕੌਰੇ ਨੂੰ ਘੁੱਟੀ ਖੜ੍ਹਾ ਸੀ।

-"ਪਤਾ ਨੀ ਕਿਹੜੇ ਮਾੜੇ ਕਰਮਾਂ ਦੇ ਫ਼ਲ਼ ਭੋਗੀ ਜਾਨੇ ਆਂ, ਕੌਰਿਆ...!" ਨਸੀਬ ਕੌਰ ਨੇ ਹੰਝੂ ਪੂੰਝ ਕੇ ਗਲ਼ਾ ਸਾਫ਼ ਕੀਤਾ।

ਅਮਰੋ ਨੇ ਨਸੀਬ ਕੌਰ ਨਾਲ਼ ਗਲ਼ੇ ਮਿਲ਼ਣਾ ਚਾਹਿਆ।

ਪਰ ਨਸੀਬ ਕੌਰ ਨੇ ਹੱਥ ਚੁੱਕ ਕੇ ਦੂਰੋਂ ਹੀ ਰੋਕ ਦਿੱਤੀ। ਪਰ ਅਮਰੋ ਬੇਸ਼ਰਮਾਂ ਵਾਂਗ ਨਸੀਬ ਕੌਰ ਦੇ ਗਲ਼ ਨੂੰ ਚਿੰਬੜ ਗਈ ਅਤੇ ਧਾਹੀਂ ਰੋਣ ਲੱਗ ਪਈ। ਨਸੀਬ ਕੌਰ ਵੀ ਚੁੱਪ ਚਾਪ ਰੋਈ ਜਾ ਰਹੀ ਸੀ। ਪੂਰੇ ਯੁੱਗ ਦਾ ਉਸ ਦੇ ਅੰਦਰ ਟਿਕਿਆ ਗੁਬਾਰ ਅੱਜ ਹੜ੍ਹ ਦਾ ਰੂਪ ਧਾਰਨ ਕਰ ਗਿਆ ਸੀ। ਅਮਰੋ ਜਾਰੋ-ਜਾਰ ਰੋ ਰਹੀ ਸੀ।

-"ਬੀਬੀ ਰੋ ਨਾ...! ਮੈਥੋਂ ਝੱਲਿਆ ਨੀ ਜਾਂਦਾ...!" ਇੱਕ ਪਾਸੇ ਪਏ ਹੀਰੇ ਨੇ ਸੁੰਨ ਜਿਹੀ ਅਵਾਜ਼ 'ਚ ਕਿਹਾ। ਮੰਜੇ ਵਿੱਚ ਪਿਆ ਉਹ ਇੱਕ ਪਿੰਜਰ ਹੀ ਜਾਪਦਾ ਸੀ।

ਨਸੀਬ ਕੌਰ ਬਹਾਨੇ ਨਾਲ਼ ਉਠ ਕੇ ਹੀਰੇ ਕੋਲ਼ ਜਾ ਬੈਠੀ।

ਚਾਹੇ ਉਸ ਨੇ ਹੀਰਾ ਅੱਜ ਤੱਕ ਨਹੀਂ ਦੇਖਿਆ ਸੀ। ਪਰ ਉਸ ਨੂੰ ਫ਼ਿਰ ਵੀ ਮੁੰਡੇ ਦਾ ਮੋਹ ਆਇਆ ਸੀ।

-"ਚੰਗਾ ਹੋ ਗਿਆ ਤੁਸੀਂ ਆ ਗਏ ਨਸੀਬ ਕੌਰੇ...! ਮੇਰੇ ਵਾਪਸ ਮੁੜਨ ਦਾ ਵੀ ਟੈਮ ਆ ਗਿਆ ਸੀ...!" ਮਾਹੌਲ ਬਦਲਣ ਲਈ ਬਖ਼ਤੌਰ ਬੋਲਿਆ।

-"ਕਿੰਨਾ ਚਿਰ ਹੋ ਗਿਆ ਆਏ ਨੂੰ ਬਖ਼ਤੌਰ ਸਿਆਂ, ਆ ਕੇ ਮਿਲ਼ ਈ ਜਾਂਦਾ...!"

-"ਹੀਰੇ ਆਲ਼ੇ ਚੱਕਰ 'ਚ ਈ ਉਲ਼ਝੇ ਰਹੇ ਨਸੀਬ ਕੁਰੇ...! ਮਿਲ਼ਣ ਨੂੰ ਤਾਂ ਬਥੇਰਾ ਜੀਅ ਕਰਦਾ ਸੀ, ਨਾਲ਼ੇ ਆਬਦੇ ਕਿਤੇ ਛੱਡੇ ਜਾਂਦੇ ਐ..?"

-"ਹੀਰੇ ਆਲ਼ਾ ਤਾਂ ਪੁੱਤ ਖਾਣੇ ਦਿਆਂ ਨੇ ਲੋਹੜ੍ਹਾ ਈ ਮਾਰਿਆ...!"

-"ਕੋਈ ਸਜ਼ਾ ਬਗੈਰਾ ਹੋਈ ਉਹਨਾਂ ਨੂੰ...?" ਇੰਦਰ ਨੇ ਪੁੱਛਿਆ।

-"ਸਜ਼ਾ ਤਾਂ ਬਾਈ ਚਾਹੇ ਸਾਲ਼ਿਆਂ ਨੂੰ ਮੌਤ ਦੀ ਹੋਜੇ...! ਪਰ ਆਹ ਜੁਆਕ ਥੋੜ੍ਹੋ ਤਾਬ ਆਉਣਗੇ...? ਇਹਨਾਂ ਦੀ ਜ਼ਿੰਦਗੀ ਤਾਂ ਕੱਖ ਬਣਾ ਕੇ ਧਰ-ਤੀ...!"

-"ਬਖ਼ਤੌਰ ਸਿਆਂ, ਕਦੋਂ ਵਾਪਸੀ ਐ...?" ਉਸ ਦੇ ਸਾਲ਼ੇ ਇੰਦਰ ਨੇ ਪੁੱਛਿਆ।

-"ਬੱਸ ਅਗਲੇ ਹਫ਼ਤੇ ਐ, ਇੰਦਰ ਸਿਆਂ...!"

-"ਜੇ ਅਸੀਂ ਨਾ ਮਿਲ਼ ਕੇ ਜਾਂਦੇ, ਤੂੰ ਤਾਂ ਮੁੜ ਗਿਆ ਸੀ ਬਿਨਾ ਮਿਲ਼ੇ ਤੋਂ ਈ...?"

-"ਬਾਈ ਇੰਦਰਾ, ਹੀਰੇ ਵਾਲ਼ੀ ਘਟਨਾ ਨੇ ਸਾਡੀ ਤਾਂ ਭੂਤਨੀ ਭੁਲਾਈ ਰੱਖੀ, ਕਿਸੇ ਗੱਲ ਦੀ ਸੁਰਤ ਈ ਨੀ ਰਹੀ..!"

ਸਾਰੇ ਚੁੱਪ ਕਰ ਗਏ।

ਅਗਲੇ ਦਿਨ ਉਹ ਸਾਰੇ ਹੀਰੇ ਦਾ ਖ਼ੂਨ ਬਦਲਾਉਣ ਚਲੇ ਗਏ।

ਨਸੀਬ ਕੌਰ ਵੀ ਨਾਲ਼ ਹੀ ਗਈ ਸੀ। ਉਹ ਅਮਰੋ ਕੋਲ਼ ਬੈਠਣਾ ਵੀ ਨਹੀਂ ਚਾਹੁੰਦੀ ਸੀ। ਮਹਿਸੂਸ ਅਮਰੋ ਨੂੰ ਵੀ ਹੋ ਗਿਆ ਸੀ ਕਿ ਰਹਿੰਦੀ ਜ਼ਿੰਦਗੀ ਕੋਈ ਉਸ ਨਾਲ਼ ਕਲਾਮ ਨਹੀਂ ਕਰੇਗਾ। ਉਸ ਨੂੰ ਹੁਣ ਰਿਸ਼ਤੇਦਾਰਾਂ ਅਤੇ ਪਿੰਡ ਵਾਲ਼ਿਆਂ ਬਿਨਾ ਹੀ ਜਿਉਣਾ ਸਿੱਖਣਾ ਪਵੇਗਾ। ਕਈ ਵਾਰ ਉਸ ਦਾ ਬਲੱਡ ਘਟ ਜਾਂਦਾ ਤੇ ਉਹ ਖ਼ੁਰਕ ਵਾਲ਼ੇ ਕੁੱਤੇ ਵਾਂਗ ਅੰਦਰ ਜਾ ਪੈਂਦੀ। ਬੱਸ ਓਦੋਂ ਹੀ ਉਠਦੀ, ਜਦ ਉਸ ਨੂੰ ਹੀਰਾ ਅਵਾਜ਼ ਮਾਰਦਾ।

ਬੱਗੇ ਦੇ ਚਾਲੇ ਹੁਣ ਮੁਲੋਂ ਜ਼ਿਆਦਾ ਖ਼ਰਾਬ ਹੋ ਗਏ ਸਨ। ਜਦੋਂ ਦੇ ਮੋਬਾਇਲ ਫ਼ੋਨ ਆਏ ਸਨ। ਦਿਨੇ ਉਹ ਮੋਬਾਇਲ ਫ਼ੋਨ ਨੂੰ ਚਿੰਬੜਿਆ ਰਹਿੰਦਾ ਅਤੇ ਰਾਤ ਨੂੰ ਨਸ਼ੇ ਨਾਲ਼ ਟੁੰਨ ਹੋ ਕੇ ਮੰਜੇ 'ਤੇ ਡਿੱਗਦਾ। ਘਰ ਨੂੰ ਲੁੜਕਦਾ ਹੀ ਆਉਂਦਾ।

-"ਬੀਬੀ....! ਓਹ ਬੀਬੀਏ...!" ਬੱਗਾ ਬੋਲਿਆ।

-"ਯਾਰ ਹੌਲ਼ੀ ਬੋਲ..! ਮੇਰੇ ਤੋਂ ਉਚਾ ਬੋਲ ਝੱਲਿਆ ਨੀ ਜਾਂਦਾ...!" ਹੀਰੇ ਨੇ ਗਿਲ਼ਾ ਕੀਤਾ।

"ਕੁਛ ਨੀ ਗੋਲ਼ੀ ਪੈਂਦੀ ਤੈਨੂੰ..! ਮੇਰਾ ਸਾਲ਼ਾ ਅੱਠੇ ਪਹਿਰ ਬੁੜ੍ਹੀਆਂ ਆਂਗੂੰ ਚੱਚਰ ਜੇ ਕਰੀ ਜਾਊਗਾ...! ਭੈਣ ਦੇਣਿਆਂ ਜੁਆਕ ਜੰਮ ਕੇ ਹਟਿਐਂ...?" ਬੱਗਾ ਟੁੱਟ ਕੇ ਪਿਆ।

ਰੌਲ਼ਾ ਸੁਣ ਕੇ ਸੰਨ੍ਹੀਂ ਰਲ਼ਾਉਂਦੀ ਅਮਰੋ ਕੋਲ਼ ਆ ਗਈ।

-"ਵੇ ਕੀ ਗੱਲ ਹੋਗੀ ਬੱਗਿਆ...? ਕਿਉਂ ਝੱਜੂ ਪਾਇਐ...?"

-"ਬੀਬੀ ਤੂੰ ਵੀ ਹੌਲ਼ੀ ਬੋਲ...!" ਹੀਰੇ ਦੇ ਮੱਥੇ ਤੋਂ ਪਸੀਨਾਂ ਧਰਾਲ਼ੀਂ ਵਹਿ ਰਿਹਾ ਸੀ।

ਅਮਰੋ ਉਸ ਦੀ ਹਾਲਤ ਦੇਖ ਕੇ ਪਾਣੀ ਦਾ ਗਿਲਾਸ ਭਰ ਲਿਆਈ।

"ਇਹਨੂੰ ਪਾਣੀ ਫ਼ੇਰ ਪਿਆ ਲਈਂ...! ਪਹਿਲਾਂ ਮੇਰੀ ਗੱਲ ਸੁਣ ਲੈ...! ਇਹ ਭੈਣ ਦਾ ਲੱਕੜ ਪਟਿਆਲ਼ੇ ਆਲ਼ਾ ਰਾਜੈ...?"

-"ਵੇ ਉਹ ਬਿਮਾਰ ਐ ਪੁੱਤ...!" ਅਮਰੋ ਹੀਰੇ ਨੂੰ ਪਾਣੀ ਪਿਆਉਂਦੀ ਬੋਲੀ।


ਪਾਣੀ ਪਿਆ ਕੇ ਉਸ ਨੇ ਗਿਲਾਸ ਪਾਸੇ ਰੱਖ ਦਿੱਤਾ।

-"ਬੁੜ੍ਹੇ ਨੂੰ ਕਹਿ ਮੈਨੂੰ ਬੁਲਿਟ ਮੋਟਰ ਸਾਈਕਲ ਲੈ ਕੇ ਦੇਵੇ...!" ਬੱਗੇ ਨੇ ਕੱਛ 'ਚੋਂ ਮੁੰਗਲ਼ਾ ਕੱਢ ਮਾਰਿਆ।

-"ਬੁਲ਼ਟ ਮੋਟਰ ਛੈਂਕਲ ਨੂੰ ਨੋਟ ਧਰੇ ਪਏ ਐ...? ਆੜ੍ਹਤੀਆਂ ਦਾ ਕਰਜ਼ਾ ਤਾਂ ਅਜੇ ਸਿਰ ਖੜ੍ਹੈ...!"

-"ਮੈਨੂੰ ਨੀ ਪਤਾ, ਮੈਨੂੰ ਬੁਲਿਟ ਮੋਟਰ ਸਾਈਕਲ ਚਾਹੀਦੈ, ਜਿੱਥੋਂ ਮਰਜ਼ੀ ਪੈਦਾ ਕਰੋ..! ਅੱਜ ਦੱਸਦੀਂ ਬੁੜ੍ਹੇ ਆਏ ਨੂੰ, ਨਹੀਂ ਮੈਥੋਂ ਦਾਹੜੀ ਪਟਵਾਊਗਾ...!" ਉਹ ਅਵੱਲਾ ਹੁਕਮ ਦੇ ਕੇ ਬਾਹਰ ਨਿਕਲ਼ ਗਿਆ। ਅਮਰੋ ਪੁੜਪੜੀਆਂ ਫ਼ੜ ਕੇ ਬੈਠ ਗਈ। ਅਮਰੋ ਨੂੰ ਮਹਿਸੂਸ ਹੁੰਦਾ ਜਾ ਰਿਹਾ ਸੀ ਕਿ ਉਹ ਦਿਨੋਂ ਦਿਨ ਜ਼ਿੰਦਗੀ ਦੀ ਬਾਜ਼ੀ ਹਾਰ ਰਹੀ ਸੀ। ਉਸ ਨੂੰ ਇਹ ਵੀ ਮਹਿਸੂਸ ਹੋ ਗਿਆ ਸੀ ਬੱਗਾ ਹੁਣ ਬੁਰੀ ਤਰ੍ਹਾਂ "ਬਦ" ਬਣ ਚੁੱਕਿਆ ਸੀ ਅਤੇ ਉਸ ਨੂੰ ਮਾਂ ਬਾਪ ਦੀ ਇੱਜ਼ਤ ਦਾ ਕੋਈ ਖ਼ਿਆਲ ਨਹੀਂ ਸੀ। ਪਰ ਇਸ ਵਿੱਚ ਕਸੂਰ ਸਾਰਾ ਅਮਰੋ ਦਾ ਸੀ, ਜਿਸ ਨੇ ਆਪਣੇ ਮੁੰਡਿਆਂ ਨੂੰ ਪੁੱਠੀ ਪੜ੍ਹਤ ਪੜ੍ਹਾਈ ਰੱਖੀ। ਜੇ ਹੁਣ ਉਹ ਬਦ-ਇਖ਼ਲਾਕੀ ਬਣ ਤੁਰੇ ਸਨ, ਇਸ ਵਿੱਚ ਉਹਨਾਂ ਦਾ ਕੋਈ ਬਹੁਤਾ ਕਸੂਰ ਨਹੀਂ ਸੀ। ਉਹ ਛੱਤੀ ਕੋਠੜੀਆਂ ਅਤੇ ਨੌਂ ਦਰਵਾਜਿਆਂ ਦੇ ਰਸਤਿਆਂ ਵਿੱਚ ਹੀ ਉਲ਼ਝੀ ਪਈ ਸੀ।

ਜਦ ਉਸ ਨੇ ਬਖ਼ਤੌਰ ਹੋਰਾਂ ਦੀ ਪੈੜ ਸੁਣੀ ਤਾਂ ਉਹ ਉਠ ਕੇ ਚੌਂਕੇ ਵਿੱਚ ਆ ਗਈ।





ਉਸ ਦੇ ਸਿਰ ਦੀਆਂ ਨਾੜਾਂ "ਟੱਸ-ਟੱਸ" ਕਰੀ ਜਾ ਰਹੀਆਂ ਸਨ।

ਉਸ ਨੂੰ ਹੁਣ ਸਹੇ ਦਾ ਨਹੀਂ, ਪਹੇ ਦਾ ਡਰ ਖਾਣ ਲੱਗ ਪਿਆ ਸੀ ਕਿ ਜਿਹੜਾ ਅਲ਼ੱਥ ਬੱਗੇ ਨੇ ਫੜ ਲਿਆ, ਉਸ ਨੂੰ ਉਹ ਹਰ ਸੂਰਤ ਵਿੱਚ ਪੂਰਾ ਕਰ ਕੇ ਖੜ੍ਹੇਗਾ। ਰੁਕਣ ਵਾਲ਼ੀ ਉਹ ਜੜੀ ਹੀ ਨਹੀਂ ਸੀ। ਕੌਰੇ ਨੂੰ ਕਹੇ ਤਾਂ ਕਿਵੇਂ ਕਹੇ...? ਕੌਰਾ ਤਾਂ ਹੀਰੇ ਕਰ ਕੇ ਅੱਗੇ ਹੀ ਘੁਲ਼ਾੜੇ ਵਿੱਚ ਆਇਆ ਹੋਇਆ ਸੀ। ਚਾਹੇ ਉਹ ਮੂੰਹੋਂ ਬੁ-ਕਲਾਪ ਨਹੀਂ ਕਰਦਾ ਸੀ, ਪਰ ਉਸ ਦਾ ਰੋਣਹ-ਾਕਾ ਮੂੰਹ ਦੱਸ ਦਿੰਦਾ ਸੀ ਕਿ ਉਹ ਅੰਦਰੋਂ ਬੇਹੱਦ ਦੁਖੀ ਸੀ। ਚਾਹੇ ਹੀਰਾ ਉਸ ਦੀ ਦੁਰਗਤੀ ਕਰਦਾ ਰਿਹਾ ਸੀ। ਗਾਲ੍ਹਾਂ ਵੀ ਕੱਢਦਾ ਰਿਹਾ ਸੀ। ਪਰ ਕੌਰੇ ਨੂੰ ਉਸ ਦੇ ਬਿਮਾਰ ਹੋਣ ਦਾ ਹੱਦੋਂ ਵੱਧ ਦੁੱਖ ਸੀ। ਇਸੇ ਲਈ ਕੌਰਾ ਦਿਨਾਂ ਵਿੱਚ ਹੀ ਸੁੱਕ ਕੇ ਤਾਂਬਾ ਬਣ ਗਿਆ ਸੀ। ਪੁੱਤਾਂ ਦੇ ਦੁੱਖ ਕਿਤੇ ਛੋਟੇ ਨਹੀਂ ਹੁੰਦੇ!

-"ਠੀਕ ਐਂ ਪੁੱਤ ਤੂੰ...?" ਕੌਰੇ ਨੇ ਹੀਰੇ ਦੇ ਸਿਰ 'ਤੇ ਹੱਥ ਰੱਖ ਕੇ ਪੁੱਛਿਆ।

-"......!" ਹੀਰੇ ਦੀਆਂ ਅੱਖਾਂ 'ਚ ਅੱਥਰੂ ਕੰਬਣ ਲੱਗ ਪਏ।

-"ਰੋਣਾ ਨੀ ਪੁੱਤ...! ਤੇਰੀ ਖਾਤਰ ਤੇਰਾ ਪਿਉ ਘੁਲ਼ਾੜੀ ਪੀੜਿਆ ਜਾਊ...! ਰੋਣਾ ਬਿਲਕੁਲ ਨੀ...!" ਕੌਰੇ ਨੇ ਕਿਹਾ ਤਾਂ ਸੁਣ ਕੇ ਅਮਰੋ ਦਾ ਦਿਲ ਪਾਣੀ-ਪਾਣੀ ਹੋ ਗਿਆ। .... ਨੀ ਤੂੰ ਐਹਨੂੰ ਬੁਰਾ ਬਣਾਇਆ ਵਿਆ ਸੀ ਅਮਰੋ...? ਉਸ ਦਾ ਦਿਲ ਬੋਲਿਆ। ...ਜੀਹਨੂੰ ਤੂੰ ਸਾਰੀ ਉਮਰ ਬੁਰਾ ਬਣਾਇਆ, ਉਹੀ ਹੁਣ ਕੰਮ ਆਉਂਦੈ...! ਜੀਹਨੂੰ ਤੂੰ ਮੁੰਡਿਆਂ ਤੋਂ ਗੰਦ ਬਕਵਾਉਂਦੀ ਰਹੀ, ਓਹੀ ਸੂਰਮਾਂ ਹੁਣ ਤੇਰੇ ਮੁੰਡੇ ਦਾ ਹਮਦਰਦ ਐ ਅਮਰੋ...! ਓਹੀ ਉਹਦੀ ਖਾਤਰ ਜਾਨ ਵਾਰਨ ਨੂੰ ਤਿਆਰ ਐ...! ਐਵੇਂ ਨੀ ਸਿਆਣੇ ਕਹਿੰਦੇ ਬਈ ਆਪਦਾ ਖ਼ੂਨ ਆਪਦਾ ਹੀ ਹੁੰਦੈ...! ਉਸ ਦਾ ਮਨ ਭਰ ਆਇਆ। ਪਰ ਹੁਣ ਅਮਰੋ ਨੂੰ ਸਮਝ ਨਹੀਂ ਲੱਗ ਰਹੀ ਸੀ ਕਿ ਜਿੰਨਾ ਉਸ ਨੇ ਕੌਰੇ ਨੂੰ ਤੰਗ ਕੀਤਾ, ਜਾਂ ਮੁੰਡਿਆਂ ਤੋਂ ਕਰਵਾਇਆ, ਉਸ ਰਿਸ਼ਤੇ ਦੇ ਕਿਲ੍ਹੇ ਨੂੰ ਮੁੜ ਕਿਵੇਂ ਉਸਾਰਿਆ ਜਾਵੇ...? ਕਿਉਂਕਿ ਚਕਨਾਚੂਰ ਹੋਇਆ ਵਿਸ਼ਵਾਸ ਛੇਤੀ ਕੀਤੇ ਮੁੜ ਸੁਰਜੀਤ ਨਹੀਂ ਹੁੰਦਾ!

ਹਫ਼ਤਾ ਬੀਤ ਗਿਆ।

ਬਖ਼ਤੌਰ ਦੇ ਜਾਣ ਦਾ ਸਮਾਂ ਆ ਗਿਆ ਸੀ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਸ਼ਾਂਤਮਈ ਸੰਘਰਸ਼ ਦੀ ਜਿੱਤ ਦਾ ਇਤਿਹਾਸ -- ਮੋਰਚਾ ਗੁਰੂ ਕਾ ਬਾਗ਼

**ਜਸਵਿੰਦਰ ਸਿੰਘ "ਰੁਪਾਲ"**
+91 9814715796





ਜਿੱਥੇ ਗੁਰਮਤਿ ਦੇ ਸਿਧਾਂਤ ਸੇਵਾ, ਸਿਮਰਨ, ਪ੍ਰੇਮ, ਸਾਂਝ ਅਤੇ ਕੁਰਬਾਨੀ , ਅੱਜ ਤੱਕ ਲਾਗੂ ਹੁੰਦੇ ਵੇਖਦੇ ਹਾਂ, ਉੱਥੇ ਦੂਜੇ ਪਾਸੇ ਅਣਖ, ਬਹਾਦਰੀ, ਨਿਰਭੈਤਾ, ਆਪਣੇ ਹੱਕਾਂ ਲਈ ਜ਼ੁਲਮ ਵਿਰੁੱਧ ਅੰਤ ਤੱਕ ਲੜਨਾ ਵੀ ਸਾਨੂੰ ਵਿਰਸੇ ਵਿੱਚ ਹੀ ਮਿਲਿਆ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਅਜੋਕੇ ਸਮੇਂ ਤੱਕ ਖਾਲਸੇ ਦੀ ਰਾਜ ਸ਼ਕਤੀ ਨਾਲ ਟੱਕਰ ਹੁੰਦੀ ਆਈ ਹੈ। ਤੇਗ ਦੀ ਧਾਰ ਵਿਚੋਂ ਜੰਮਿਆ ਖਾਲਸਾ "ਕਬਹੂੰ ਨ ਛਾਡੈ ਖੇਤਿ" ਦੀ ਗੁੜਤੀ ਲਈ ਹੋਣ ਕਾਰਨ ਪੁਰਜਾ ਪੁਰਜਾ ਕਟਵਾ ਕੇ ਖਤਮ ਤਾਂ ਭਾਵੇਂ ਹੋ ਜਾਵੇ, ਪਰ ਜਿੱਤ ਤੱਕ ਲੜਦੇ ਰਹਿਣਾ ਕਦੇ ਨਹੀਂ ਭੁੱਲਦਾ। ਅੱਜ ਅਸੀਂ ਸ਼ਾਂਤਮਈ ਸਿੱਖ ਸੰਘਰਸ਼ ਦੀ ਦਾਸਤਾਂ ਬਿਆਨ ਕਰਨ ਵਾਲੇ ਇੱਕ ਅਜਿਹੇ ਹੀ ਸਾਕੇ ਬਾਰੇ ਗੱਲ ਕਰਾਂਗੇ, ਜੋ ਸਿੱਖ ਇਤਿਹਾਸ ਵਿੱਚ ਮੋਰਚਾ ਗੁਰੂ ਕਾ ਬਾਗ਼ ਨਾਂ ਨਾਲ ਜਾਣਿਆ ਜਾਂਦਾ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਸੀ। ਮਹੰਤਾਂ ਦੇ ਕਬਜੇ ਹੇਠ ਆਏ ਹੋਏ ਗੁਰਦੁਆਰੇ ਛੁਡਵਾਏ ਜਾ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆ ਚੁੱਕੀ ਸੀ ਅਤੇ ਗੁਰਦੁਆਰਿਆਂ ਅੰਦਰ ਖੁੱਸੀ ਹੋਈ ਮਰਿਯਾਦਾ ਬਹਾਲ ਕੀਤੀ ਜਾ ਰਹੀ ਸੀ। ਅੰਮ੍ਰਿਤਸਰ ਤੋਂ 13 ਕੁ ਮੀਲ ਦੂਰ ਪਿੰਡ ਘੁਕੇਵਾਲੀ ਵਿੱਚ ਗੁਰਦੁਆਰਾ ਗੁਰੂ ਕਾ ਬਾਗ਼ ਸਥਿਤ ਹੈ ਜਿੱਥੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਗੁਰਦੁਆਰੇ ਕੋਲ ਗੁਰੂ ਤੇਗ ਬਹਾਦਰ ਜੀ ਨੇ ਇੱਕ ਬਾਗ਼ ਲਗਵਾਇਆ ਸੀ, ਜਿਹੜਾ ਗੁਰੂ ਕਾ ਬਾਗ਼ ਕਰਕੇ ਜਾਣਿਆ ਜਾਣ ਲੱਗਾ।ਇਹ ਗੁਰਦੁਆਰਾ ਮਹੰਤ ਸੁੰਦਰ ਦਾਸ ਦੇ ਕਬਜੇ ਵਿੱਚ ਸੀ। ਇਹ ਮਹੰਤ ਵਿਭਚਾਰੀ ਅਤੇ ਅਯਾਸ਼ ਕਿਸਮ ਦਾ ਵਿਅਕਤੀ ਸੀ ਨਨਕਾਣਾ ਸਾਹਿਬ ਦੇ ਮਹੰਤ ਲਛਮਣ ਦਾਸ ਦਾ ਲੰਗੋਟੀਆ ਯਾਰ ਸੀ। ਸੁੰਦਰ ਦਾਸ ਨੇ ਬਿਨਾਂ ਵਿਆਹ ਕਰਵਾਏ ਤੋਂ ਦੋ ਇਸਤਰੀਆਂ ਈਸ਼ਰੋ ਅਤੇ ਜਗਦੇਈ ਰੱਖੀਆਂ ਹੋਈਆਂ ਸਨ। ਜਦੋਂ ਸੁਧਾਰ ਲਹਿਰ ਦਾ ਧਿਆਨ ਇਸ ਪਾਸੇ ਆਇਆ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਦਾਨ ਸਿੰਘ ਅਤੇ ਕਰਤਾਰ ਸਿੰਘ ਝੱਬਰ ਦੀ ਨਿਗਰਾਨੀ ਹੇਠ ਇੱਕ ਜੱਥਾ 31 ਜਨਵਰੀ 1921 ਨੂੰ ਇਸ ਮਹੰਤ ਨੂੰ ਸਮਝਾਉਣ ਲਈ ਭੇਜਿਆ ਗਿਆ। ਇਸ ਜੱਥੇ ਦੇ ਦਲੀਲਪੂਰਨ ਗੱਲ ਕਰਨ ਨਾਲ ਇਸ ਨੇ ਆਪਣੀ ਗਲਤੀ ਕਬੂਲ ਕਰ ਲਈ ਅਤੇ ਜੱਥੇ ਨਾਲ ਇਕਰਾਰ ਕੀਤਾ ਕਿ ਉਹ ਗਲਤ ਕੰਮ ਛੱਡ ਦੇਵੇਗਾ ਅਤੇ ਅੰਮ੍ਰਿਤ ਵੀ ਛਕ ਲਵੇਗਾ। ਉਸ ਨੇ ਅਕਾਲ ਤਖਤ ਤੋਂ ਅੰਮ੍ਰਿਤ ਛਕ ਵੀ ਲਿਆ। ਈਸ਼ਰੋ ਨਾਲ ਵਿਆਹ ਵੀ ਕਰਵਾ ਲਿਆ। ਕੁਝ ਦੇਰ ਲਈ ਸੁਧਰਿਆ ਵੀ ਰਿਹਾ । 23 ਅਗਸਤ 1921 ਨੂੰ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਆਪ ਸੰਭਾਲ ਲਿਆ ਸੀ।

8 ਅਗਸਤ 1922 ਨੂੰ ਜਦੋਂ ਕੁਝ ਸਿੰਘ ਗੁਰੂ ਕੇ ਲੰਗਰ ਵਾਸਤੇ ਗੁਰੂ ਕੇ ਬਾਗ ਵਿੱਚੋਂ ਸੁੱਕੇ ਕਿੱਕਰ ਨੂੰ ਕੱਟ ਰਹੇ ਸਨ, ਤਾਂ ਮਹੰਤ ਸੁੰਦਰ ਦਾਸ ਨੇ ਪੁਲਿਸ ਕੋਲ ਸ਼ਿਕਾਇਤ ਲਗਾ ਦਿੱਤੀ। ਜਿਸ ਤੇ ਕਾਰਵਾਈ ਕਰਦੇ ਹੋਏ ਅਗਲੇ ਦਿਨ ਸਰਕਾਰ ਨੇ 5 ਸੇਵਾਦਾਰਾਂ ਨੂੰ ਚੋਰੀ ਦੇ ਦੋਸ਼ ਹੇਠ ਫੜ ਲਿਆ। ਅਤੇ ਮਿਸਟਰ ਜੈਨਕਿਨ ਦੀ ਅਦਾਲਤ ਨੇ 50 ਰੁਪਏ ਜੁਰਮਾਨਾ ਅਤੇ 6 ਮਹੀਨੇ ਦੀ ਕੈਦ ਦੀ ਸਜਾ ਸੁਣਾ ਦਿੱਤੀ। ਇਸ ਗੱਲ ਨੂੰ ਸ਼੍ਰੋਮਣੀ ਕਮੇਟੀ ਸਮੇਤ ਸਮੂਹ ਸਿੱਖਾਂ ਨੇ ਹੱਕਾਂ ਤੇ ਡਾਕਾ ਸਮਝਿਆ। ਕਿਉਂਕਿ ਗੁਰੂ ਕਾ ਬਾਗ਼ ਗੁਰਦੁਆਰੇ ਦੀ ਮਲਕੀਅਤ ਸੀ ਅਤੇ ਆਪਣੀ ਹੀ ਜਮੀਨ ਵਿਚੋਂ ਗੁਰੂ ਕੇ ਲੰਗਰ ਲਈ ਸੁੱਕੀ ਕਿੱਕਰ ਕੱਟਣੀ ਕਿਵੇਂ ਗੁਨਾਹ ਬਣ ਗਿਆ ? ਇਸ ਲਈ ਪੰਥ ਨੇ ਸੰਘਰਸ਼ ਸ਼ੁਰੂ ਕਰ ਦਿੱਤਾ।

ਹਰ ਰੋਜ ਪੰਜ ਸਿੰਘਾਂ ਦਾ ਜੱਥਾ ਅਕਾਲ ਤਖਤ ਤੋਂ ਅਰਦਾਸ ਕਰਕੇ ਗੁਰੂ ਕੇ ਬਾਗ਼ ਲਈ ਚਾਲੇ ਪਾ ਦਿੰਦਾ। ਪੁਲਿਸ ਰਸਤੇ ਵਿੱਚ ਹੀ ਕੁੱਟਣਾ ਸ਼ੁਰੂ ਕਰ ਦਿੰਦੀ। ਲਾਠੀਆਂ ਨਾਲ, ਬੂਟਾਂ ਨਾਲ ਕੁੱਟਦੀ। ਕੇਸਾਂ ਤੋਂ ਫੜ ਕੇ ਧੂੰਹਦੀ । ਅਤੇ ਹੋਰ ਕਿਸੇ ਥਾਂ ਤੇ ਲੈ ਜਾਂਦੀ। ਜਿਉ ਜਿਉ ਪੁਲਿਸ ਦੇ ਅੱਤਿਆਚਾਰ ਵਧਣ ਲੱਗੇ, ਤਿਉ ਤਿਉ ਮੋਰਚੇ ਵਿੱਚ ਜੋਸ਼ ਵੀ ਵਧਦਾ ਗਿਆ। ਗ੍ਰਿਫਤਾਰੀ ਦੇਣ ਵਾਲੇ ਜੱਥੇ ਦੀ ਗਿਣਤੀ ਵੱਧਦੀ ਵੱਧਦੀ ਪਹਿਲਾਂ 100 ਅਤੇ ਫਿਰ 200 ਤੱਕ ਪੁੱਜ ਗਈ। ਪੁਲਿਸ ਮੁਖੀ ਬੀ. ਟੀ . ਨੇ ਹੋਰ ਸਖਤੀ ਵਧਾ ਦਿੱਤੀ, ਜਿਵੇਂ ਕਿ ਆਮ ਹੀ ਹਰ ਸਰਕਾਰ ਹਰ ਵਿਰੋਧ ਨੂੰ ਸਖਤੀ ਨਾਲ ਕੁਚਲਣ ਦੀ ਸ਼ੌਕੀਨ ਹੁੰਦੀ ਹੈ। 26 ਅਗਸਤ ਨੂੰ ਲੱਕੜ ਲੈਣ ਗਏ 36 ਸਿੰਘਾਂ ਦੇ ਜੱਥੇ ਦੀ ਬੇਤਹਾਸ਼ਾ ਮਾਰ ਕੁੱਟ ਕੀਤੀ ਗਈ। ਕੇਸਾਂ ਤੌਂ ਫੜ ਫੜ ਕੇ ਖਿੱਚਿਆ ਗਿਆ। ਇਸ ਸਾਰੇ ਸੰਘਰਸ਼ ਦੀ ਇੱਕ ਖਾਸ ਗੱਲ ਇਹ ਸੀ ਕਿ ਸਿੰਘ ਪੂਰੀ ਤਰਾਂ ਸ਼ਾਂਤ ਸਨ। ਉਹ ਅਕਾਲ ਤਖਤ ਤੋਂ ਅਰਦਾਸ ਕਰਕੇ ਚੱਲਦੇ। ਬਾਕਾਇਦਾ ਸਿਰੋਪੇ ਦੇ ਕੇ ਸਨਮਾਨ ਕੀਤਾ ਜਾਂਦਾ। ਅਤੇ ਉਹ ਹਰ ਜ਼ੁਲਮ ਸਹਿੰਦੇ ਹੋਏ, ਆਪਣੀ ਸ਼ਾਂਤੀ ਬਿਲਕੁਲ ਨਾ ਗਵਾਉਂਦੇ। ਨਾ ਵਿਰੋਧ ਵਿੱਚ ਬੋਲਦੇ, ਤੇ ਨਾ ਕਿਸੇ ਤਰਾਂ ਦੀ ਜਵਾਬੀ ਕਾਰਵਾਈ। ਡੀ. ਸੀ. ਡੰਨਿਟ ਅਤੇ ਪੁਲਿਸ ਕਪਤਾਨ ਮੈਕਫਰਸਨ ਹੋਰ ਸਖਤੀ ਕਰਕੇ ਮੋਰਚੇ ਨੂੰ ਦਬਾਉਣਾ ਚਾਹੁੰਦੇ ਸਨ, ਪਰ ਸਿੰਘਾਂ ਨੂੰ ਮੀਰ ਮੰਨੂੰ ਦੇ ਕੀਤੇ ਜ਼ੁਲਮ ਅਤੇ ਸਿੱਖਾਂ ਦੀ ਚੜ੍ਹਦੀ ਕਲਾ ਯਾਦ ਸੀ। ਮੀਰ ਮੰਨੂੰ ਸਮੇਂ ਸਿੱਖ ਇਹ ਗਾਇਆ ਕਰਦੇ ਸਨ।

**ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ ॥**
**ਜਿਉ ਜਿਉ ਮੰਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ॥**

ਅੱਜ ਵੀ ਹਾਲਤ ਉਸੇ ਤਰਾਂ ਦੇ ਬਣ ਰਹੇ ਸਨ, ਸਰਕਾਰੀ ਤਸੱਦਦ ਸਿੰਘਾਂ ਨੂੰ ਹੋਰ ਚੜ੍ਹਦੀ ਕਲਾ ਦੇ ਰਿਹਾ ਸੀ । ਉਹ ਹੋਰ ਵਧੇਰੇ ਜੋਸ਼ ਨਾਲ ਜ਼ੁਲਮ ਦਾ ਮੁਕਾਬਲਾ ਸਬਰ ਅਤੇ ਸ਼ਾਂਤੀ ਨਾਲ ਕਰਨ ਲਈ ਮਜਬੂਤ ਹੋ ਰਹੇ ਸਨ । ਕਿਸੇ ਕਵੀ ਨੇ ਸਿੰਘਾਂ ਦੀ ਮਨੋਦਸ਼ਾ ਬਾਰੇ ਲਿਖਿਆ ਹੈ -

ਸਾਡੇ ਪਾਸ ਸਾਂਤਮਈ ਖੰਡਾ,
**ਤੇਰੇ ਕੋਲ ਜ਼ੁਲਮ ਦਾ ਡੰਡਾ ।**
**ਖੰਡੇ ਖੰਡ ਖੰਡ ਕਰ ਦੇਣਾ ।**
**ਤੇਰਾ ਪਾਪੀ ਦਾ ਸਿਰ ਫੇਹਣਾ ।**

ਇਹ ਖੰਡਾ ਅੰਤ ਤੱਕ ਸ਼ਾਂਤਮਈ ਹੀ ਰਿਹਾ। ਇਸੇ ਲਈ ਇਹ ਬਹੁ ਗਿਣਤੀ ਦੀ ਹਮਦਰਦੀ ਵੀ ਹਾਸਲ ਕਰਨ ਵਿਚ ਕਾਮਯਾਬ ਰਿਹਾ। ਪ੍ਰਸਿੱਧ ਕਵੀ ਮੇਲਾ ਰਾਮ ਵਫਾ ਨੇ ਇਹਨਾਂ ਸਿੰਘਾਂ ਬਾਬਤ ਸੱਚ ਹੀ ਲਿਖਿਆ ਹੈ --

**ਤੇਰੀ ਕੁਰਬਾਨੀਓ ਕੀ ਧੂਮ ਹੈ**
**ਆਜ ਇਸ ਜਮਾਨੇ ਮੇਂ,**
**ਬਹਾਦਰ ਹੈ ਅਗਰ ਕੋਈ ਤੋ**
**ਵੋਹ ਇਕ ਤੂ ਅਕਾਲੀ ਹੈ ।**
**ਜਾਲਮੋ ਕੀ ਲਾਠੀਓਂ ਤੂ ਨੇ**
**ਸਹੀ ਸੀਨਾ-ਏ-ਸਪਰ ਹੋ ਕਰ,**
**ਲੁਤਫ਼ ਇਸ ਪੇ ਕਿ ਲਬ ਪਹਿ**
**ਸ਼ਿਕਾਇਤ ਹੈ ਨਾ ਗਾਲੀ ਹੈ।**

ਮੋਰਚੇ ਦੀ ਲਗਾਤਾਰਤਾ ਨੇ ਬਹੁਤ ਜਨਤਾ ਦਾ ਧਿਆਨ ਖਿੱਚਿਆ। ਖਬਰਾਂ ਅਖਬਾਰਾਂ ਵਿੱਚ ਛਪਦੀਆਂ। ਸਰਕਾਰ ਦੀ ਨਿੰਦਾ ਹੁੰਦੀ। ਸਰਕਾਰ ਹੋਰ ਜ਼ੁਲਮ ਵਧਾਉਂਦੀ ਪਰ ਸਿੰਘ ਟੁੱਟਦੇ ਨਾ। ਇਸ ਸਮੇਂ ਕਾਫੀ ਪ੍ਰਸਿੱਧ ਸ਼ਖਸ਼ੀਅਤਾਂ ਗੁਰੂ ਕੇ ਬਾਗ਼ ਪੁੱਜੀਆਂ । ਇਹਨਾਂ ਵਿੱਚ ਅੰਗਰੇਜ ਪਾਦਰੀ ਸੀ. ਐਫ. ਐਂਡਰਿਯੂਜ, ਪੰਡਿਤ ਮਦਨ ਮੋਹਨ ਮਾਲਵੀਆ, ਰੁਚੀ ਰਾਮ ਸਾਹਨੀ, ਹਲੀਨ ਅਜਮਲ ਖਾਂ ਅਤੇ ਸ੍ਰੀ ਮਤੀ ਸਰੋਜਨੀ ਨਾਇਡੂ ਵੀ ਸਨ। ਪਾਦਰੀ ਸੀ. ਐਫ. ਐਂਡਰਿਊਜ਼ ਤਾਂ ਜ਼ੁਲਮ ਹੁੰਦੇ ਦੇਖ ਕੇ ਰੋ ਹੀ ਉੱਠਿਆ। ਉਸਨੇ ਤਾਂ ਇੱਕ ਈਸਾ ਨੂੰ ਸੂਲੀ ਚੜ੍ਹਦੇ ਸੁਣਿਆ ਸੀ ,ਪਰ ਇੱਥੇ ਕਿੰਨੇ ਹੀ ਈਸਾ ਉਸਦੀਆਂ ਅੱਖਾਂ ਸਾਹਮਣੇ ਜ਼ੁਲਮ ਸਹਿ ਰਹੇ ਸਨ। ਉਹ ਪੰਜਾਬ ਦੇ ਉਸ ਸਮੇਂ ਦੇ ਗਵਰਨਰ ਸਰ ਮੈਕਲੇਗਨ ਨੂੰ ਮਿਲਿਆ ਅਤੇ ਇਸ ਸਭ ਕੁਝ ਨੂੰ ਬੰਦ ਕਰਨ ਲਈ ਕਿਹਾ। ਇਸ ਦੇ ਸਿੱਟੇ ਵਜੋਂ ਸਰ ਮੈਕਲੇਗਨ 13 ਸਤੰਬਰ 1922 ਨੂੰ ਆਪ ਗੁਰੂ ਕੇ ਬਾਗ਼ ਵਿਖੇ ਪੁੱਜਿਆ। ਉਸ ਦੀਆਂ ਦਿੱਤੀਆਂ ਹਦਾਇਤਾਂ ਨਾਲ ਕੁੱਟ ਮਾਰ ਤਾਂ ਬੰਦ ਹੋ ਗਈ ਪਰ ਗ੍ਰਿਫਤਾਰੀਆਂ ਜਾਰੀ ਰਹੀਆਂ।

ਹੁਣ ਮੋਰਚੇ ਵਿੱਚ ਸੇਵਾ ਮੁਕਤ ਫੌਜੀ ਵੀ ਸ਼ਾਮਲ ਹੋ ਗਏ ਸਨ। ਸਰਕਾਰ ਦੀ ਨਿੰਦਾ ਪਹਿਲਾਂ ਹੀ ਬਹੁਤ ਹੋ ਰਹੀ ਸੀ। ਉਧਰੋਂ ਉਸ ਨੂੰ ਇਹ ਡਰ ਪੈ ਗਿਆ ਕਿ ਕਿਧਰੇ ਸਿੱਖ ਰੈਜਮੈਂਟ ਫੌਜ ਵਿੱਚ ਹੀ ਬਗਾਵਤ ਨਾ ਕਰ ਦੇਵੇ। ਉਸ ਨੇ ਸਰ ਗੰਗਾ ਰਾਮ ਜੋ ਇਕ ਸੇਵਾ ਮੁਕਤ ਇੰਜੀਨੀਅਰ ਸੀ, ਉਸ ਨੂੰ ਮਨਾਇਆ ਅਤੇ ਉਸਨੇ ਬਾਗ਼ ਦੀ ਜਮੀਨ ਪਟੇ ਤੇ ਲੈ ਲਈ। ਸਿੱਖਾਂ ਨੂੰ ਲੱਕੜਾਂ ਕੱਟਣ ਦੀ ਮਨਜ਼ੂਰੀ ਮਿਲ ਗਈ। ਓਧਰ ਸਰਕਾਰ ਨੇ ਬਾਗ਼ ਤੋਂ ਪੁਲਿਸ ਵਾਪਸ ਬੁਲਾ ਲਈ । ਬੰਦੀ ਸਿੱਖ ਰਿਹਾ ਕਰ ਦਿੱਤੇ। ਇਸ ਤਰਾਂ 7 ਨਵੰਬਰ 1922 ਨੂੰ ਤਿੰਨ ਮਹੀਨੇ ਬਾਅਦ ਇਹ ਮੋਰਚਾ ਸਮਾਪਤ ਹੋਇਆ। ਗੁਰੂ ਕੇ ਬਾਗ਼ ਦੀ ਜਮੀਨ ਉੱਪਰ ਸਿੱਖਾਂ ਦਾ ਕਬਜਾ ਹੋ ਗਿਆ ਅਤੇ ਇਹ ਮੋਰਚਾ ਜਿੱਤ ਦੇ ਰੂਪ ਵਿੱਚ ਸਮਾਪਤ ਹੋਇਆ। ਪਰ ਇਸ ਅਰਸੇ ਦੌਰਾਨ 1500 ਸਿੰਘ ਜਖਮੀ ਹੋਏ ਅਤੇ 5605 ਗ੍ਰਿਫਤਾਰੀਆਂ ਹੋਈਆਂ ਸਨ। ਜਬਰ ਦਾ ਟਾਕਰਾ ਸਬਰ ਨਾਲ ਕਰਕੇ ਅਤੇ ਪੂਰੇ ਸ਼ਾਂਤ ਰਹਿ ਕੇ ਜਿੱਤ ਆਪਣੇ ਹਿੱਸੇ ਵਿੱਚ ਲਿਖਾ ਕੇ ਇੱਕ ਵਾਰੀ ਫੇਰ ਖਾਲਸੇ ਨੇ ਇਤਿਹਾਸ ਸਿਰਜ ਦਿੱਤਾ ਸੀ। ਅਜਿਹਾ ਇਤਿਹਾਸ ਸਦੀਆਂ ਤੀਕ ਸਿੱਖਾਂ ਨੂੰ ਮਾਣ ਦਿਵਾਉਂਦਾ ਰਹੇਗਾ ਅਤੇ ਆਪਣੀਆਂ ਸਿੱਖੀ ਰਵਾਇਤਾਂ ਕਾਇਮ ਰੱਖਣ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।

## ਹਾਸਾ ਕਲੀਨਿਕ

**ਪਤਨੀ,** ਜਦੋਂ ਮੈਂ ਵਿਆਹ ਕਰਵਾ ਕੇ ਇਥੇ ਆਈ ਸੀ ਤਾਂ ਘਰ ਵਿੱਚ ਬਹੁਤ ਮੱਛਰ ਸਨ, ਹੁਣ ਬਿਲਕੁੱਲ ਵੀ ਮੱਛਰ ਨਹੀਂ ਹਨ, ਅਜਿਹਾ ਕਿਉਂ ?

ਪਤੀ, ਸਾਡਾ ਵਿਆਹ ਹੋਣ ਤੋਂ ਬਾਅਦ ਮੱਛਰਾਂ ਨੇ ਇਹ ਕਹਿ ਕੇ ਮੇਰਾ ਘਰ ਛੱਡ ਦਿੱਤਾ ਸੀ ਕਿ ਹੁਣ ਤਾਂ ਪਰਮਾਨੈਂਟ ਖ਼ੂਨ ਪੀਣ ਵਾਲੀ ਆ ਗਈ ਹੈ, ਸਾਡੇ ਲਈ ਤਾਂ ਬਚੇਗਾ ਹੀ ਨਹੀਂ ।

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ - 28**

# ਮੈਂ ਤੰਦਰੁਸਤ ਕਿਵੇਂ ਹੋਇਆ ?

**ਅਜੋਕੇ ਸੰਸਾਰਕ ਹਾਲਾਤ ਦੇਖ ਕੇ ਜੇਕਰ ਇੰਜ ਕਹਿ ਲਿਆ ਜਾਵੇ ਕਿ ਸਮਾਜਿਕ, ਸੰਸਾਰਕ ਅਤੇ ਕੁਦਰਤ ਦੀ ਤਬਾਹੀ ਲਈ ਸਿਰਫ ਤੇ ਸਿਰਫ ਮਨੁੱਖ ਹੀ ਜਿੰਮੇਵਾਰ ਹੈ, ਜੇਕਰ ਧਰਤੀ 'ਤੋਂ ਮਨੁੱਖ ਜਾਤੀ ਨੂੰ ਮਨਫੀ ਕਰ ਦਿੱਤਾ ਜਾਵੇ ਤਾਂ ਮੁੜ ਤੋਂ ਕੁਦਰਤ ਦੇ ਰੰਗ ਨਜਾਰੇ ਵਾਪਸ ਪਰਤ ਆਉਣਗੇ ਕਿਉਂਕਿ ਜੀਵ ਜੰਤੂਆਂ, ਪਛੂ ਅਤੇ ਪੰਛੀਆਂ ਦਾ ਇਹਨਾਂ ਹਾਲਾਤਾਂ ਨੂੰ ਵਿਗਾੜਨ ਵਿਚ ਰਤਾ ਜਿੰਨਾ ਵੀ ਰੋਲ ਨਹੀਂ ਹੈ, ਉਹ ਤਾਂ ਕੁਦਰਤ ਨੂੰ ਬਚਾਉਣ ਲਈ ਮਨੁੱਖ ਦੇ ਮਿੱਤਰ ਹੋ ਕੇ ਵਿਚਰਦੇ ਰਹੇ ਹਨ, ਪਰ ਅਫਸੋਸ ਕਿ ਉਹਨਾਂ ਵਿਚੋਂ ਕਈ ਜੀਵ ਜੰਤੂਆਂ, ਜਾਨਵਰਾਂ ਤੇ ਪੰਛੀਆਂ ਦੀਆਂ ਜਾਤੀਆਂ ਦਾ ਮਨੁੱਖ ਦੁਆਰਾ ਵਾਤਾਵਰਣ ਵਿਚ ਖਿਲਾਰੀਆਂ ਜ਼ਹਿਰਾਂ ਕਾਰਨ ਬੀਜ ਨਾਸ਼ ਹੋ ਚੁੱਕਾ ਹੈ ।**

ਕਾਦਰ ਦਾ ਕਮਾਲ ਦੇਖੋ ਕਿ ਮੂੰਹ ਇਕ, ਅੱਖਾਂ ਦੋ, ਕੰਨ ਦੋ, ਨੱਕ ਦੀਆਂ ਨਾਸਾਂ ਦੋ ਅਤੇ ਜੀਭ ਇਕ ਬਖਸ਼ੀ ਹੈ । ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਅੱਖ, ਕੰਨ ਅਤੇ ਨੱਕ ਦੀਆਂ ਨਾਸਾਂ ਇਕ ਇਕ ਹੀ ਦਿੱਤੇ ਹੁੰਦੇ ਅਤੇ ਮੂੰਹ ਤੇ ਜੀਭ ਦੋ ਦੋ ਦਿੱਤੇ ਹੁੰਦੇ ਤਾਂ ਇਸ ਸੰਸਾਰ ਵਿਚ ਕੀ ਹੁੰਦਾ ? ਦਰਅਸਲ ਕਰਤੇ ਦੀ ਸਾਜਨਾ ਅਤੇ ਕਾਰੀਗਰੀ ਬੜੀ ਕਮਾਲ ਦੀ ਹੈ । ਅੱਖਾਂ ਦੋ ਦਿੱਤੀਆਂ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੇਖਣ ਵਿਚ ਭੁਲੇਖਾ ਨਾ ਲੱਗੇ, ਕੰਨ ਦੋ ਦਿੱਤੇ ਹਨ ਤਾਂ ਕਿ ਸੁਣਨ ਵਿਚ ਭੁਲੇਖਾ ਨਾ ਰਹੇ । ਨੱਕ ਦੀਆਂ ਨਾਸਾਂ ਦੋ ਹਨ ਤਾਂ ਕਿ ਸਾਹ ਦਾ ਆਉਣਾ ਜਾਣਾ ਬਣਿਆ ਰਹੇ । ਇਹਨਾਂ ਦਾ ਮਹੱਤਵ ਬਹੁਤ ਵਡੇਰਾ ਹੈ । ਸੁਣਨਾ, ਦੇਖਣਾ ਅਤੇ ਸਾਹ ਦਾ ਆਉਣਾ ਜਾਣਾ ਜਿੰਦਗੀ ਲਈ ਬਹੁਤ ਜਰੂਰੀ ਹੈ । ਮੂੰਹ ਤੇ ਜੀਭ ਇਕ ਇਕ ਇਸ ਕਰਕੇ ਹਨ ਕਿ ਇਹਨਾਂ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ ਤੇ ਕੀਤੀ ਵੀ ਬਹੁਤ ਜਾਬਤੇ ਨਾਲ ਜਾਵੇ, ਪਰ ਆਮ ਜੀਵਨ ਵਿਚ ਅਸੀਂ ਦੇਖਦੇ ਹਾਂ ਕਿ ਕਈ ਲੋਕ ਸਾਨੂੰ ਇਸ ਤਰਾਂ ਦੇ ਵੀ ਮਿਲ ਜਾਂਦੇ ਹਨ, ਜਿਹਨਾਂ ਦਾ ਮੂੰਹ ਕੰਨਾ ਤੱਕ ਪਾਟਾ ਹੋਇਆ ਹੁੰਦਾ ਹੈ ਜਾਂ ਇੰਜ ਕਹਿ ਲਓ ਕਿ ਪਾਟੇ ਹੋਏ ਛਿੱਤਰ ਵਾਂਗ ਖੁੱਲ੍ਹਾ ਹੁੰਦਾ ਹੈ ਤੇ ਜੀਭ ਹਮੇਸ਼ਾਂ ਬਾਹਰ ਹੀ ਲਟਕਦੀ ਰਹਿੰਦੀ ਹੈ । ਉਹ ਨਾ ਕਿਸੇ ਦੀ ਸੁਣਦੇ ਹਨ ਤੇ ਨਾ ਹੀ ਸਮਝਦੇ ਹਨ, ਬੱਸ ਬਿਨਾ ਸੋਚੇ ਬੋਲੀ ਜਾਂਦੇ ਹਨ ਤੇ ਬਿਨਾ ਸਮਝੇ ਜੋ ਹੱਥ ਆਇਆ ਖਾਈ ਨਿਗਲੀ ਜਾਂਦੇ ਹਨ। ਹੁਣ ਸਾਡੇ ਵਿਚੋਂ ਕਈ ਇਹ ਵੀ ਸੋਚਦੇ ਹੋਣਗੇ ਕਿ ਕੋਈ ਕੁੱਝ ਵੀ ਖਾਵੇ, ਪੀਵੇ ਤੇ ਬੋਲੇ ਅਸੀਂ ਇਸ ਗੱਲ ਤੋਂ ਕੀ ਲੈਣਾ ਜਾਂ ਜੋ ਵੀ ਅਜਿਹਾ ਕਰਦਾ ਹੈ, ਉਹ ਆਪਣੀ ਜੇਬ ਵਿਚੋਂ ਕਰਦਾ ਹੈ ਤੇ ਜੋ ਵੀ ਬੋਲਦਾ ਹੈ ਉਸ ਦਾ ਚੰਗਾ ਮੰਦਾ ਭੁਗਤਦਾ ਵੀ ਓਹੀ ਹੈ। ਗੱਲ, ਸਾਡੇ ਵਿਚੋਂ ਉਕਤ ਸੋਚਣ ਵਾਲਿਆਂ ਦੀ ਵੀ ਸਹੀ ਹੈ । ਇਸ ਕਰਕੇ ਮੈਂ ਸ਼ੁਰੂ ਵਿਚ ਹੀ ਆਖ ਦਿੱਤਾ ਹੈ ਕਿ ਕਰਤੇ ਨੇ ਮਨੁੱਖੀ ਸਰੀਰ ਦੀ ਰਚਨਾ ਬਹੁਤ ਕਮਾਲ ਦੀ ਕੀਤੀ ਹੈ, ਪਰ ਇਸ ਨੂੰ ਸਮਝਣ ਵਾਲੇ ਬਹੁਤ ਘੱਟ ਹਨ, ਸਰੀਰਕ ਅੰਗਾਂ ਦਾ ਮਹੱਤਵ ਸਮਝਕੇ, ਉਹਨਾਂ ਦੀ ਵਰਤੋਂ ਕਰਨ ਵਾਲੇ ਵੀ ਇਸ ਸੰਸਾਰ ਬਹੁਤ ਵਿਰਲੇ ਟਾਵੇਂ ਹੀ ਮਿਲਦੇ ਹਨ । ਜਰਾ ਸੋਚੋ ਕਿ ਮੂੰਹ ਤੇ ਜੀਭ ਦੋ ਦੋ ਹੁੰਦੇ ਤਾਂ ਇਸ ਸੰਸਾਰ ਵਿਚ ਤਬਾਹੀ ਆਉਂਦੀ ਕਿ ਨਾ । ਜੀਭ ਬਿਨਾ ਹੱਡੀ ਤੋਂ ਹੈ, ਬੱਤੀ ਦੰਦਾਂ ਦੇ ਕਿਲੇ ਦੇ ਵਿਚ ਕੈਦ ਹੋਣ ਦੇ ਬਾਵਜੂਦ ਵੀ ਵੱਡਿਆਂ ਵੱਡਿਆਂ ਹੱਡੀਆਂ ਤੁੜਵਾਉਣ ਦੇ ਸਮਰੱਥ ਹੈ । ਇਸੇ ਤਰਾਂ ਮੂੰਹ ਇਕ ਹੈ, ਪਰ ਸੁਆਦਾਂ ਤੋਂ ਬੇਕਾਬੂ ਹੋਣ ਕਰਕੇ ਖਾਂਦਿਆਂ ਰੱਜਦਾ ਨਹੀਂ, ਜੇਕਰ ਦੋ ਹੁੰਦੇ ਤਾਂ ਇਸ ਦੁਨੀਆਂ ਵਿਚ ਭੁੱਖਮਰੀ ਦਾ ਅਕਾਲ ਪੈ ਜਾਂਦਾ । ਇਸੇ ਤਰਾਂ ਹੱਥ ਤੇ ਲੱਤਾਂ ਦੀ ਗੱਲ ਕੀਤੀ ਜਾ ਸਕਦੀ ਹੈ । ਜੇਕਰ ਸਰੀਰ ਦੇ ਇਹ ਅੰਗ ਦੋ ਦੋ ਹੋਣ ਦੀ ਬਜਾਏ ਇਕ ਇਕ ਹੁੰਦੇ ਤਾਂ ਆਪਾਂ ਸਮਝ ਸਕਦੇ ਹਾਂ ਕਿ ਸਾਡਾ ਸਰੀਰਕ ਤਵਾਜਨ ਤੇ ਹਾਲਤ ਕੀ ਹੁੰਦੀ । ਇਸ ਸਾਰੀ ਚਰਚਾ ਦਾ ਕੇਂਦਰੀ ਬਿੰਦੂ ਇਹ ਹੈ ਕਿ ਅਸੀਂ ਆਪਣਾ ਮੂਲ ਵੀ ਤੇ ਮੁੱਲ ਵੀ ਪਹਿਚਾਣੀਏ । ਜੋ ਕਾਦਰ ਨੇ ਸਾਡੇ ਉੱਤੇ ਮਿਹਰ ਕੀਤੀ ਹੈ, ਅਨਮੋਲ ਸਰੀਰ ਦਿੱਤਾ ਹੈ, ਲੋੜ ਮੁਤਾਬਿਕ ਅੰਗ ਦੇ ਕੇ ਆਪਣੀ ਕਾਰਾਗਰੀ ਦਾ ਕਮਾਲ ਪੇਸ਼ ਕੀਤਾ ਹੈ, ਉਸ ਨੇ ਕੋਈ ਕਸਰ ਸਾਡੀ ਸਹੂਲਤ ਵਾਸਤੇ ਬਾਕੀ ਛੱਡੀ ਹੀ ਨਹੀਂ, ਛੱਤੀ ਪ੍ਰਕਾਰ ਦੇ ਭੋਜਨ ਸੰਸਾਰ ਨੂੰ ਦਿਤੇ ਹਨ, ਪਰ ਅਸੀਂ ਨਾ ਸ਼ੁਕਰੇ ਹੋ ਕੇ ਕਿਧਰ ਨੂੰ ਤੁਰੇ ਹੋਏ ਹਾਂ ? ਅਸੀਂ ਉਸ ਦਾ ਸ਼ੁਕਰਾਨਾ ਕਰਨ ਤੋਂ ਵੀ ਨਾਬਰ ਹਾਂ । ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਕੁਦਰਤ ਦੁਆਰਾ ਇਸ ਸ੍ਰਿਸ਼ਟੀ ਦੀ ਸਭ ਤੋਂ ਉਤਮ ਰਚਨਾ ਹੈ, ਇਸ ਧਰਤੀ ਦਾ ਸਰਦਾਰ ਵੀ ਹੈ ਕੇ ਸਿਕਦਾਰ ਵੀ, ਪਰ ਵਿਡੰਬਣਾਂ ਦੇਖੋ ਕਿ ਕੁਦਰਤ ਦੀ ਓਹੀ ਰਚਨਾ ਆਪਣੇ ਖੁਦ ਨੂੰ ਨਾ ਪਹਿਚਾਣਦੀ ਹੋਈ, ਖੁਦੀ ਕਰ ਰਹੀ ਹੈ ਤੇ ਆਪਣੇ ਆਪ ਦੀ ਅਤੇ ਸਮੁੱਚੇ ਬ੍ਰਹਿਮੰਡ ਦੀ ਰਖਵਾਲੀ ਕਰਨ ਦੀ ਬਜਾਏ ਤਬਾਹੀ ਦਾ ਮੰਜ਼ਿਰ ਪੇਸ਼ ਕਰ ਰਹੀ ਹੈ । ਅੱਜ ਇਹ ਮਨੁੱਖ ਦੀ ਵਜ੍ਹਾ ਕਰਕੇ ਹੀ ਹੈ ਕਿ ਹਰ ਪਾਸੇ ਭਿਆਨਕ ਬਿਮਾਰੀਆਂ, ਹਾਦਸੇ, ਕੁਦਰਤੀ ਕਰੋਪੀਆਂ ਤੇ ਮੌਤਾਂ ਦੇ ਕਹਿਰ ਦਾ ਤਾਂਡਵ ਮਚਿਆ ਹੋਇਆ ਹੈ, ਵਿਸ਼ਵ ਸਮਾਜਕ ਮਾਹੌਲ ਆਪੋ ਤਾਪੀ, ਅਨਰਥ, ਵਿਭਚਾਰ, ਦੁਰਾਚਾਰ ਤੇ ਅਨਾਚਾਰ ਵਾਲਾ ਹੈ । ਪਦਾਰਥ ਦੀ ਕਾਣੀ ਵੰਡ ਨੇ ਮਨੁੱਖ ਨੂੰ ਦਰਅਸਲ ਮਨੁੱਖ ਰਹਿਣ ਹੀ ਨਹੀਂ ਦਿੱਤਾ । ਅਜੋਕੇ ਸੰਸਾਰਕ ਹਾਲਾਤ ਦੇਖ ਕੇ ਜੇਕਰ ਇੰਜ ਕਹਿ ਲਿਆ ਜਾਵੇ ਕਿ ਸਮਾਜਿਕ, ਸੰਸਾਰਕ ਅਤੇ ਕੁਦਰਤ ਦੀ ਤਬਾਹੀ ਲਈ ਸਿਰਫ ਤੇ ਸਿਰਫ ਮਨੁੱਖ ਹੀ ਜਿੰਮੇਵਾਰ ਹੈ, ਜੇਕਰ ਧਰਤੀ 'ਤੋਂ ਮਨੁੱਖ ਜਾਤੀ ਨੂੰ ਮਨਫੀ ਕਰ ਦਿੱਤਾ ਜਾਵੇ ਤਾਂ ਮੁੜ ਤੋਂ ਕੁਦਰਤ ਦੇ ਰੰਗ ਨਜਾਰੇ ਵਾਪਸ ਪਰਤ ਆਉਣਗੇ ਕਿਉਂਕਿ ਜੀਵ ਜੰਤੂਆਂ, ਪਛੂ ਅਤੇ ਪੰਛੀਆਂ ਦਾ ਇਹਨਾਂ ਹਾਲਾਤਾਂ ਨੂੰ ਵਿਗਾੜਨ ਵਿਚ ਰਤਾ ਜਿੰਨਾ ਵੀ ਰੋਲ ਨਹੀਂ ਹੈ, ਉਹ ਤਾਂ ਕੁਦਰਤ ਨੂੰ ਬਚਾਉਣ ਲਈ ਮਨੁੱਖ ਦੇ ਮਿੱਤਰ ਹੋ ਕੇ ਵਿਚਰਦੇ ਰਹੇ ਹਨ, ਪਰ ਅਫਸੋਸ ਕਿ ਉਹਨਾਂ ਵਿਚੋਂ ਕਈ ਜੀਵ ਜੰਤੂਆਂ, ਜਾਨਵਰਾਂ ਤੇ ਪੰਛੀਆਂ ਦੀਆਂ ਜਾਤੀਆਂ ਦਾ ਮਨੁੱਖ ਦੁਆਰਾ ਵਾਤਾਵਰਣ ਵਿਚ ਖਿਲਾਰੀਆਂ ਜ਼ਹਿਰਾਂ ਕਾਰਨ ਬੀਜ ਨਾਸ਼ ਹੋ ਚੁੱਕਾ ਹੈ । ਜੇਕਰ ਮਨੁੱਖ ਇਸੇ ਵਿਵਹਾਰ ਵਿਚ ਅੱਗੇ ਵਧਦਾ ਰਿਹਾ ਤਾਂ ਅੰਦਾਜਾ ਲਾਉਣਾ ਮੁਸ਼ਕਿਲ ਨਹੀਂ ਕਿ ਆਉਣ ਵਾਲਾ ਕਿੰਨਾ ਭਿਆਨਕ ਹੋਵੇਗਾ, ਨਤੀਜੇ ਕਿੰਨੇ ਦਰਦਨਾਕ ਹੋਣਗੇ । ਸੋ ਉਸ ਤੋ ਪਹਿਲਾਂ ਕਿ ਅਜਿਹਾ ਵਾਪਰੇ ਮਨੁੱਖ ਨੂੰ ਆਪਣੀ ਸਰੀਰਕ ਬਣਤਰ ਤੋਂ ਹੀ ਕੋਈ ਸੇਧ ਲੈ ਕੇ ਆਪਣੇ ਆਪ ਵਿਚ ਸੁਧਾਰ ਕਰ ਲੈਣਾ ਚਾਹੀਦਾ ਹੈ, ਸਾਡੀ ਸਭ ਦੀ ਭਲਾਈ ਇਸੇ ਵਿਚ ਹੈ। — ਚਲਦਾ

# ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਤੋਂ ਫੇਰ ਪਾਸਾ ਵੱਟਿਆ-ਲੋਕ ਮੰਚ ਪੰਜਾਬ ਵਲੋਂ ਵੀ ਸੀ ਅਤੇ ਮੰਤਰੀ ਨੂੰ ਪੱਤਰ

ਲੋਕ ਮੰਚ ਪੰਜਾਬ ਦੇ ਚੇਅਰਮੈਨ ਡਾਕਟਰ ਲਖਵਿੰਦਰ ਸਿੰਘ ਜੌਹਲ ਨੇ ਉਚੇਰੀ ਸਿੱਖਿਆ ਦੇ ਮੁੱਖ ਸਕੱਤਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਕਮਲ ਕਿਸ਼ੋਰ ਯਾਦਵ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕੰਪਿਊਟਰ ਵਿਭਾਗ ਅਤੇ ਯੂਨੀਵਰਸਿਟੀ ਨਾਲ ਸੰਬੰਧਤ ਕੁਝ ਕਾਲਜਾਂ ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਕਾਦਮਿਕ ਕੌਂਸਿਲ ਦੇ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਸੰਬੰਧੀ ਕੀਤੇ ਗਏ ਫ਼ੈਸਲਿਆਂ ਦੀ ਉਲੰਘਣਾ ਕੀਤੇ ਜਾਣ ਦੀ ਜਾਂਚ ਕਰਵਾਈ ਜਾਵੇ।

ਇਸ ਪੱਤਰ ਵਿੱਚ ਡਾਕਟਰ ਜੌਹਲ ਨੇ ਲਿਖਿਆ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ 21 ਜੁਲਾਈ, 2023 ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਅਕਾਦਮਿਕ ਕੌਂਸਿਲ ਦੀ 07-07-2023 ਨੂੰ ਹੋਈ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਸੀ ਕਿ: "ਬੀ. ਸੀ. ਏ. (ਤਿੰਨ ਸਾਲਾ ਡਿਗਰੀ ਕੋਰਸ) ਦੇ ਛੇਆਂ ਹੀ ਸਮੈਸਟਰਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ। ਇਸ ਦੇ ਪਾਠਕ੍ਰਮ ਪੰਜਾਬੀ ਵਿਭਾਗ ਦੀ 'ਬੋਰਡ ਆਫ਼ ਸਟੱਡੀਜ਼' ਵਲੋਂ ਨਵੀਆਂ ਤਕਨੀਕਾਂ, ਸਾਫ਼ਟਵੇਅਰ ਤੇ ਕੰਪਿਊਟਰ ਸੰਬੰਧੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਜਾਣਗੇ ਅਤੇ ਇਨ੍ਹਾਂ ਨੂੰ ਪੰਜਾਬੀ ਦੇ ਕੋਰਸਾਂ ਵਿੱਚ ਸ਼ਾਮਿਲ ਕੀਤਾ ਜਾਵੇਗਾ।"


ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਵਿਭਾਗ ਵਲੋਂ ਅਕਾਦਮਿਕ ਕੌਂਸਿਲ ਦੇ ਆਦੇਸ਼ ਅਨੁਸਾਰ ਪਾਠਕ੍ਰਮ ਬਣਾ ਕੇ ਭੇਜ ਵੀ ਦਿੱਤੇ ਗਏ ਹਨ, ਜੋ ਯੂਨੀਵਰਸਿਟੀ ਦੀ ਵੈੱਬਸਾਈਟ ਉੱਪਰ ਵੀ ਉਪਲਬੱਧ ਹਨ। ਪਰ ਯੂਨੀਵਰਸਿਟੀ ਦੇ ਕੰਪਿਊਟਰ ਵਿਭਾਗ ਵੱਲੋਂ ਯੂਨੀਵਰਸਿਟੀ ਵੈੱਬਸਾਈਟ ਤੇ ਬੀ. ਸੀ. ਏ. ਕੋਰਸ ਦੀ ਸਕੀਮ ਵਿਚ ਪੰਜਾਬੀ ਲਾਜ਼ਮੀ ਦਾ ਵਿਸ਼ਾ ਪਹਿਲੇ ਦੋ ਸਮੈਸਟਰਾਂ ਵਿਚ ਹੀ ਲਾਗੂ ਦਿਖਾਇਆ ਗਿਆ ਹੈ। ਅਕਾਦਮਿਕ ਕੌਂਸਲ ਦੇ ਫ਼ੈਸਲੇ ਅਨੁਸਾਰ ਬੀ. ਸੀ. ਏ. ਦੇ ਸਾਰੇ ਸਮੈਸਟਰਾਂ ਵਿਚ ਪੰਜਾਬੀ ਲਾਜ਼ਮੀ ਦਾ ਵਿਸ਼ਾ ਪੜ੍ਹਾਉਣਾ ਲਾਜ਼ਮੀ ਹੈ। ਇਸ ਤਰ੍ਹਾਂ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਅਕਾਦਮਿਕ ਕੌਂਸਲ ਦੇ ਫ਼ੈਸਲੇ ਦੀ ਸਰਾਸਰ ਉਲੰਘਣਾ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ, ਸੰਬੰਧਿਤ ਅਧਿਕਾਰੀਆਂ/ਵਿਭਾਗਾਂ ਅਤੇ ਕਾਲਜਾਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਅਕਾਦਮਿਕ ਕੌਂਸਿਲ ਦੇ ਫ਼ੈਸਲਿਆਂ ਅਨੁਸਾਰ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਨੂੰ ਯਕੀਨੀ ਬਣਾਉਣ। ਡਾ. ਜੌਹਲ ਨੇ ਇਸ ਪੱਤਰ ਦਾ ਉਤਾਰਾ, ਉਚੇਰੀ ਸਿੱਖਿਆ ਮੰਤਰੀ, ਪੰਜਾਬ -ਸਕੱਤਰ, ਉਚੇਰੀ ਸਿੱਖਿਆ ਪੰਜਾਬ, ਡਾਇਰੈਕਟਰ , ਭਾਸ਼ਾ ਵਿਭਾਗ ਪੰਜਾਬ,ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ), ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਨੂੰ ਵੀ ਭੇਜਿਆ ਹੈ।

ਇਥੇ ਇਹ ਵਰਨਣਯੋਗ ਹੈ ਕਿ ਪੰਜਾਬੀ ਭਾਸ਼ਾ ਦੇ ਨਾਮ ਉਤੇ ਬਣੀ ਇਸ ਯੂਨੀਵਰਸਿਟੀ ਵਿੱਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਪੜ੍ਹਾਏ ਜਾਣ ਲਈ ਪੰਜਾਬ ਦੇ ਲੋਕਾਂ ਨੂੰ ਵਾਰ ਵਾਰ ਸੰਘਰਸ਼ ਕਰਨਾ ਪੈਂਦਾ ਹੈ। ਪਿਛਲੇ ਸਾਲ ਇਹ ਫੈਸਲੇ ਕਰਾਉਣ ਲਈ ਵੀ ਲੰਮੀ ਲੜਾਈ ਲੜਨੀ ਪਈ ਸੀ। ਜਿਨ੍ਹਾਂ ਨੂੰ ਹੁਣ ਸਾਬੋਤਾਜ ਕੀਤਾ ਜਾ ਰਿਹਾ ਹੈ।


# ਦਰਸ਼ਕਾਂ ਦੇ ਮਨਾਂ 'ਚ ਅਮਿੱਟ ਛਾਪ ਛੱਡ ਗਿਆ ਧਾਰਮਿਕ ਨਾਟਕ 'ਜ਼ਫ਼ਰਨਾਮਾ'* ਜੋਸ਼ੀਲੇ ਦ੍ਰਿਸ਼ਾਂ ਨੂੰ ਵੇਖ ਕੇ ਹਾਲ 'ਚ ਗੂੰਜੇ 'ਬੋਲੇ ਸੋ ਨਿਹਾਲ' ਦੇ ਜੈਕਾਰੇ-ਵੱਡੀ ਗਿਣਤੀ 'ਚ ਪੁੱਜੇ ਲੋਕਾਂ ਨੇ ਨਾਟਕ ਦੀ ਪੇਸ਼ਕਾਰੀ ਨੂੰ ਸਲਾਹਿਆ 5 ਦਸੰਬਰ ਤੋਂ ਪੰਜਾਬ ਦੇ ਸ਼ਹਿਰਾਂ 'ਚ ਵੀ ਪੇਸ਼ ਕੀਤਾ ਜਾਵੇਗਾ 'ਜ਼ਫ਼ਰਨਾਮਾ' ਨਾਟਕ

ਵੈਨਕੂਵਰ-(ਮਲਕੀਤ ਸਿੰਘ)-'ਸਰਕਾਰ ਪ੍ਰੋਡਕਸ਼ਨ' ਦੇ ਸਹਿਯੋਗ ਨਾਲ 'ਪੰਜਾਬ ਲੋਕ ਰੰਗ' ਦੀ ਟੀਮ ਵੱਲੋਂ ਸਰੀ ਸਥਿਤ ਬੈੱਲ ਸੈਂਟਰ ਦੇ ਵੱਡ ਅਕਾਰੀ ਹਾਲ 'ਚ ਪੇਸ਼ ਕੀਤਾ ਗਿਆ ਧਾਰਮਿਕ ਨਾਟਕ 'ਜ਼ਫ਼ਰਨਾਮਾ', ਉਥੇ ਵੱਡੀ ਗਿਣਤੀ 'ਚ ਪੁੱਜੇ ਦਰਸ਼ਕਾਂ ਦੇ ਮਨਾਂ 'ਤੇ ਅਮਿੱਟ ਛਾਪ ਛੱਡ ਗਿਆ। ਉੱਘੇ ਨਾਟਕਕਾਰ ਅਤੇ ਲੇਖਕ ਸੁਰਿੰਦਰ ਸਿੰਘ ਧਨੋਆ ਵੱਲੋਂ ਲਿਖੇ ਅਤੇ ਨਿਰਦੇਸ਼ਿਤ ਕੀਤੇ ਇਸ ਧਾਰਮਿਕ ਨਾਟਕ 'ਚ ਦਸਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਸ ਵੇਲੇ ਦੇ ਹਿੰਦੋਸਤਾਨੀ ਜਾਲਮ ਬਾਦਸ਼ਾਹ ਔਰੰਗਜੇਬ ਨੂੰ ਭੇਜੇ ਫ਼ਤਿਹ ਦੇ ਪੱਤਰ 'ਜ਼ਫ਼ਰਨਾਮਾ' ਨਾਲ ਸਬੰਧਿਤ ਇਤਿਹਾਸ 'ਤੇ ਅਧਾਰਿਤ ਵੱਖ-ਵੱਖ ਦ੍ਰਿਸ਼ਾਂ ਨੂੰ ਨਾਟਕ ਵਿਚਲੇ ਪਾਤਰਾਂ ਵੱਲੋਂ ਬੜੀ ਸੂਝਬੂਝ ਅਤੇ ਮਿਹਨਤ ਨਾਲ ਪੇਸ਼ ਕੀਤਾ ਗਿਆ। ਨਾਟਕ ਵਿਚਲੇ ਕੁਝ ਜੋਸ਼ੀਲੇ ਦ੍ਰਿਸ਼ਾਂ ਤੋਂ ਪ੍ਰਭਾਵਿਤ ਹੋਏ ਵੱਡੀ ਗਿਣਤੀ 'ਚ ਮੌਜੂਦ ਦਰਸ਼ਕਾਂ ਵੱਲੋਂ ਜੋਸ਼ 'ਚ ਆ ਕੇ 'ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਸਮੁੱਚਾ ਹਾਲ ਕਈ ਵੇਰ ਗੂੰਜਦਾ ਮਹਿਸੂਸ ਕੀਤਾ ਗਿਆ।

# ਗੱਲਾਂ 'ਚੋਂ ਗੱਲ



**ਮਨਦੀਪ ਖੁਰਮੀ ਹਿੰਮਤਪੁਰਾ**
ਮੁੱਖ ਸੰਪਾਦਕ 'ਪੰਜ ਦਰਿਆ (ਯੂ.ਕੇ.)
+44 7519 112 312




ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਸ਼ਿਵਚਰਨ ਜੱਗੀ ਕੁੱਸਾ ਪੰਜਾਬੀ ਸਾਹਿਤ ਦਾ ਇੱਕ ਵਗਦਾ ਦਰਿਆ ਹੈ। ਚਾਹੇ 'ਮੁੱਖ-ਧਾਰਾ ਵਾਲੇ 'ਸਾਹਿਤਕ ਮੱਠਧਾਰੀਆਂ ਨੇ ਜੱਗੀ ਕੁੱਸਾ ਨੂੰ ਆਪਣੇ 'ਕਬੀਲੇ ਵਿੱਚੋਂ 'ਛੇਕੀ ਰੱਖਿਆ। ਪਰ ਉਹ ਪਾਠਕਾਂ ਦੇ ਦਿਲਾਂ ਵਿੱਚ ਐਨੀ ਡੂੰਘੀ ਥਾਂ ਬਣਾ ਗਿਆ, ਕਿ ਉਸ ਨੂੰ ਇਹਨਾਂ ਅਖੌਤੀ ਵਿਦਵਾਨਾਂ ਦੇ ਸਰਟੀਫ਼ਿਕੇਟਾਂ ਜਾਂ ਸਨਮਾਨਾਂ ਦੀ ਲੋੜ ਹੀ ਨਹੀਂ ਪਈ। ਮੇਰੇ ਵਰਗੇ ਹਜ਼ਾਰਾਂ ਪਾਠਕਾਂ ਨੂੰ ਉਸ ਨੇ ਪੰਜਾਬੀ ਸਾਹਿਤ ਦੇ ਲੜ ਲਾਇਆ। ਜਿੰਨਾਂ ਠੇਠ ਅਤੇ ਪੇਂਡੂ ਸਰਲ ਪੰਜਾਬੀ ਬੋਲੀ ਵਿੱਚ ਜੱਗੀ ਕੁੱਸਾ ਨੇ ਲਿਖਿਆ, ਹੋਰ ਬਹੁਤ ਘੱਟ ਕਿਸੇ ਸਮਕਾਲੀ ਲੇਖਕ ਦੇ ਹਿੱਸੇ ਆਇਆ ਹੈ।

ਉਸ ਨੇ ਸਿਰਫ਼ ਸ਼ੁਗਲ, ਜਾਂ ਖ਼ੁਦ ਦਾ ਝੱਸ ਜਿਹਾ ਪੂਰਾ ਕਰਨ ਵਾਸਤੇ ਹੀ ਨਹੀਂ ਲਿਖਿਆ। ਜੋ ਕੁਝ ਲਿਖਿਆ, ਸਮਾਜ ਵਿੱਚ ਵਾਪਰ ਰਹੀਆਂ ਕੁਰੀਤੀਆਂ, ਮਾਨੁੱਖਤਾ ਅਤੇ ਇਨਸਾਨੀਅਤ ਦੇ ਹੋ ਰਹੇ ਘਾਣ ਉੱਪਰ ਲਿਖਿਆ। ਪੰਜਾਬ ਵਿੱਚ ਨਸ਼ਿਆਂ ਦੀ ਭਰਮਾਰ, ਕੋਹੜ ਵਾਂਗ ਫ਼ੈਲਿਆ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਕਰਜ਼ੇ ਹੇਠ ਦੱਬੇ ਕਿਸਾਨਾਂ ਦੀਆਂ ਖ਼ੁਦਕਸ਼ੀਆਂ, ਖੇਤੀ-ਬਾੜੀ ਦੇ 'ਕਾਲੇ ਕਾਨੂੰਨ, ਭਰੂਣ ਹੱਤਿਆ, ਦਾਜ ਪ੍ਰਥਾ, ਮੰਦਹਾਲੀ ਤੋਂ ਨਿਰਾਸ਼ ਹੋ ਕੇ ਪੰਜਾਬ ਦੀ ਜੁਆਨੀ ਦੀ ਪ੍ਰਵਾਸ ਵੱਲ ਨੂੰ ਹਿਜ਼ਰਤ, ਡਾਕਟਰੀ ਅੱਤਿਵਾਦ ਅਤੇ ਵੱਡੇ-ਵੱਡੇ ਹਸਪਤਾਲਾਂ ਵਿੱਚ ਮਰੀਜ਼ਾਂ ਦਾ ਹੋ ਰਿਹਾ ਸ਼ੋਸ਼ਣ ਅਤੇ ਘਾਣ, ਪ੍ਰਵਾਸੀਆਂ ਦੀ ਹਵਾਈ ਅੱਡਿਆਂ 'ਤੇ ਹੁੰਦੀ ਖੱਜਲਖ਼ੁਆਰੀ ਅਤੇ ਵਿਦੇਸ਼ੀ ਧਰਤੀ ਉੱਪਰ "ਆਪਣੇ" ਲੋਕਾਂ ਵੱਲੋਂ "ਆਪਣਿਆਂ" ਦੇ ਹੀ ਹੁੰਦੇ ਸ਼ੋਸ਼ਣ ਉੱਪਰ ਪੂਰੀ ਬੇਬਾਕੀ ਅਤੇ ਨਿੱਡਰਤਾ ਨਾਲ ਲਿਖਿਆ। ਆਪਣੇ ਨਾਵਲਾਂ: ਪੁਰਜਾ ਪੁਰਜਾ ਕਟਿ ਮਰੈ, ਤਵੀ ਤੋਂ ਤਲਵਾਰ ਤੱਕ, ਬਾਰ੍ਹੀਂ ਕੋਹੀਂ ਬਲਦਾ ਦੀਵਾ, ਸੱਜਰੀ ਪੈੜ ਦਾ ਰੇਤਾ ਅਤੇ ਉੱਜੜ ਗਏ ਗਰਾਂ ਵਿੱਚ ਜੋ ਸੱਚ ਜੱਗੀ ਕੁੱਸਾ ਲਿਖ ਗਿਆ, ਹੋਰ ਕਿਸੇ ਨੇ ਹਿੰਮਤ ਨਹੀਂ ਕੀਤੀ। ਕਈ ਵਾਰ ਸਿੱਖ ਅਦਾਰਿਆਂ ਉੱਪਰ ਵੀ ਰੋਸ ਉੱਪਜਦਾ ਹੈ, ਕਿ ਕਿੰਨਾਂ ਕੁਝ ਜੱਗੀ ਕੁੱਸਾ ਨੇ ਸਿੱਖ ਕੌਮ ਦੇ ਦਰਦ ਪ੍ਰਤੀ ਲਿਖਿਆ, ਪਰ ਇੱਕ ਵੀ ਅਦਾਰੇ ਨੇ ਉਚੇਚ ਕਰ ਕੇ ਉਸ ਨੂੰ ਮਾਣ ਸਨਮਾਨ ਨਹੀਂ ਦਿੱਤਾ।

ਸ਼ਿਵਚਰਨ ਜੱਗੀ ਕੁੱਸਾ ਇੱਕ ਰੱਜਿਆ ਪੁੱਜਿਆ ਅਤੇ ਸਮੁੰਦਰ ਦਿਲ ਇਨਸਾਨ ਹੈ। ਨਿੱਕੀ-ਮੋਟੀ ਗੱਲ ਨੂੰ ਤਾਂ ਉਹ ਬੁਲਡੋਜ਼ਰ ਵਾਂਗ ਮਿੱਧ ਕੇ ਹੀ ਅੱਗੇ ਲੰਘ ਜਾਂਦਾ ਹੈ। ਬਹੁਤ ਲੋਕਾਂ ਨੇ ਉਸ ਦੀ ਬਦਖੋਹੀ ਕਰ ਕੇ ਠਿੱਬੀ ਲਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਪਰਬਤ ਵਰਗਾ ਬੰਦਾ, ਆਪਣੀ ਬੁਲੰਦ ਕਲਮ ਦਾ ਗੁਰਜ ਚੁੱਕੀ ਅੱਜ ਤੱਕ ਸਾਹਿਤਕ ਖੇਤਰ ਵਿੱਚ ਗੱਜ ਰਿਹਾ ਹੈ। ਸਿਰਫ਼ ਗੱਜ ਹੀ ਨਹੀਂ ਰਿਹਾ, ਉਸ ਦਾ ਲਿਖਿਆ ਧੜਾ-ਧੜ ਵਿਕ ਵੀ ਰਿਹਾ ਹੈ, ਅਤੇ ਪ੍ਰਕਾਸ਼ਕ ਉਸ ਨੂੰ ਖੁੱਲ੍ਹਾ-ਡੁੱਲ੍ਹਾ ਪੈਸਾ ਵੀ ਦੇ ਰਹੇ ਹਨ। ਉਹ ਆਪਣੇ ਬਹੁ-ਚਰਚਿਤ ਅਤੇ ਸੰਸਾਰ-ਪ੍ਰਸਿੱਧ ਨਾਵਲ "ਪੁਰਜਾ ਪੁਰਜਾ ਕਟਿ ਮਰੈ" ਨਾਲ ਤੂਫ਼ਾਨ ਬਣ ਕੇ ਨਾਵਲਕਾਰੀ ਦੇ ਖੇਤਰ ਵਿੱਚ ਆਇਆ ਅਤੇ ਅੱਜ ਤੱਕ ਝੱਖੜ ਬਣ ਝੁੱਲ ਰਿਹਾ ਹੈ। ਸਿਰਫ਼ ਸਾਹਿਤਕ ਅਖਾੜੇ ਵਿੱਚ ਹੀ ਨਹੀਂ, 2010 ਤੋਂ ਉਸ ਦੀਆਂ ਲਿਖਤਾਂ ਦਾ ਡੰਕਾ ਮੁੰਬਈ ਦੀ ਫ਼ਿਲਮ ਇੰਡਸਟਰੀ ਵਿੱਚ ਵੀ ਖ਼ੂਬ ਵੱਜ ਰਿਹਾ ਹੈ। ਕਈ ਚਰਚਿਤ ਫ਼ਿਲਮਾਂ ਵਿੱਚ ਵੀ ਉਸ ਨੇ ਆਪਣਾ ਲਿਖਤੀ ਯੋਗਦਾਨ ਪਾਇਆ ਹੈ।

ਇਸ ਵਾਰ ਜੱਗੀ ਕੁੱਸਾ ਇੱਕ ਵੱਖਰਾ ਅਤੇ ਦਿਲ-ਹਿਲਾਊ ਵਿਸ਼ਾ ਲੈ ਕੇ ਆਪਣੇ ਵੱਡ-ਅਕਾਰੀ ਨਾਵਲ "ਕੱਲਾ ਨਾ ਹੋਵੇ ਪੁੱਤ ਜੱਟ ਦਾ" ਨਾਲ ਆਪਣੇ ਪਾਠਕਾਂ ਦੇ ਸਨਮੁੱਖ ਹੋਇਆ ਹੈ। ਇਸ ਨਾਵਲ ਵਿੱਚ ਉਸ ਨੇ ਭਾਰਤ ਦੇ ਗਰਕ ਚੁੱਕੇ ਮੈਡੀਕਲ ਢਾਂਚੇ ਉੱਪਰ ਉਂਗਲ ਉਠਾਈ ਹੈ, ਕਿ ਕਦੇ "ਰੱਬ ਦਾ ਰੂਪ" ਅਖਵਾਉਣ ਵਾਲੇ ਡਾਕਟਰ, ਕਿਵੇਂ ਅੱਜ ਕਲਯੁਗੀ ਪ੍ਰੇਤ ਬਣ ਲੋਕਾਂ ਦਾ ਲਹੂ ਪੀ ਰਹੇ ਹਨ ਅਤੇ ਉਹਨਾਂ ਦੀਆਂ ਜ਼ਿੰਦਗੀਆਂ ਨਾਲ ਖੁੱਲ੍ਹੇਆਮ ਖੇਡ ਰਹੇ ਹਨ। ਕਦੇ "ਦੂਜਾ ਰੱਬ" ਅਖਵਾਉਣ ਵਾਲੇ ਡਾਕਟਰ, ਕਿਵੇਂ ਅੱਜ ਸ਼ਰੇਆਮ "ਡਾਕੂ" ਅਤੇ "ਲੁਟੇਰੇ" ਬਣ ਮਜਬੂਰ ਜਨਤਾ ਨੂੰ ਲੁੱਟ ਅਤੇ ਪੁੱਟ ਰਹੇ ਹਨ। ਇਸ ਨਿੱਘਰ ਚੁੱਕੇ ਮੈਡੀਕਲ ਸਿਸਟਮ ਵਿੱਚ ਕਿਵੇਂ ਲਾਲਚੀ ਅਤੇ ਬੇਈਮਾਨ ਡਾਕਟਰ, ਮਜਬੂਰ, ਲਾਚਾਰ ਅਤੇ ਭੋਲੇ-ਭਾਲੇ ਮਰੀਜ਼ਾਂ ਦੀ ਸਿਹਤ ਨਾਲ ਖਿਲਵਾੜ੍ਹ ਕਰਦੇ ਹਨ। ਕਿਵੇਂ ਉਹਨਾਂ ਨੂੰ ਪਰਦੇ ਪਿੱਛੇ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ। ਫ਼ਿਰ ਮਰਨ ਉਪਰੰਤ ਕਿਵੇਂ ਮਰੇ ਮਰੀਜ਼ ਨੂੰ ਪੈਸੇ ਬਟੋਰਨ ਲਈ "ਵੈਂਟੀਲੇਟਰ" ਉੱਪਰ ਰੱਖਿਆ ਜਾਂਦਾ ਹੈ ਅਤੇ ਕਿਵੇਂ ਮਰੇ ਮਰੀਜ਼ ਦੇ ਗੁਰਦੇ "ਫ਼ੇਲ੍ਹ" ਦਰਸਾ ਕੇ ਉਸ ਦਾ ਕਈ-ਕਈ ਦਿਨ "ਡਾਇਲੇਸਿੱਸ" ਕੀਤਾ ਜਾਂਦਾ ਹੈ। ਕੀ ਇਹਨਾਂ ਖ਼ੂਨ ਪੀਣੀਆਂ ਜੋਕਾਂ ਨੂੰ ਰੋਕਣ ਜਾਂ ਟੋਕਣ ਵਾਲੀ ਸਾਡੇ ਦੇਸ਼ ਵਿੱਚ ਕੋਈ ਵੀ ਹਸਤੀ ਕਾਇਮ ਨਹੀਂ? ਕੀ




ਮੌਕੇ ਦੀਆਂ ਸਰਕਾਰਾਂ ਇਸ ਖ਼ੂਨੀ ਖੇਡ ਤੋਂ ਅਣਜਾਣ ਹਨ?? ਜਾਂ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਆਪਣੇ ਕਿਸੇ ਸੁਆਰਥ ਕਾਰਨ, ਜਾਣ ਬੁੱਝ ਕੇ "ਘੇਸਲ" ਮਾਰ ਛੱਡੀ ਹੈ??? ਕਾਫ਼ੀ ਖੋਜ ਅਤੇ ਛਾਣ-ਬੀਣ ਬਾਅਦ ਜੱਗੀ ਕੁੱਸਾ ਨੇ ਇਸ ਨਾਵਲ ਵਿੱਚ ਕਈ ਹੈਰਾਨੀਜਨਕ ਅਤੇ ਦਿਲ ਹਿਲਾ ਦੇਣ ਵਾਲੇ ਖ਼ੁਲਾਸੇ ਕੀਤੇ ਹਨ, ਜੋ ਪੜ੍ਹ ਕੇ ਹੀ ਪਤਾ ਲੱਗਦਾ ਹੈ। ਕੀ ਤੁਹਾਨੂੰ ਇਹ ਦੁੱਖ ਤੁਹਾਡੇ ਆਪਣੇ ਲੱਗੇ? ਪੜ੍ਹ ਕੇ ਜ਼ਰੂਰ ਦੱਸਣਾ।

# ਸਿਨਸਿਨੈਟੀ ਦੇ ਸਿੱਖ ਭਾਈਚਾਰੇ ਨੇ ਇੰਟਰਫ਼ੇਥ ਸਮਾਗਮ 'ਚ ਕੀਤੀ ਸ਼ਮੂਲੀਅਤ ਸਿੱਖ ਧਰਮ 'ਚ ਸੇਵਾ ਅਤੇ ਲੰਗਰ ਦੀ ਮਹੱਤਤਾ ਸੰਬੰਧੀ ਸਾਂਝੀ ਕੀਤੀ ਜਾਣਕਾਰੀ





ਸਿਨਸਿਨੈਟੀ, ਓਹਾਇਓ-(ਸਮੀਪ ਸਿੰਘ ਗੁਮਟਾਲਾ)- ਗੁਰੂ ਨਾਨਕ ਸੋਸਾਇਟੀ ਆਫ਼ ਗ੍ਰੇਟਰ ਸਿਨਸਿਨੈਟੀ ਅਤੇ ਡੇਟਨ ਤੋਂ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਹਾਲ ਹੀ ਵਿੱਚ ਸਿਨਸਿਨੈਟੀ, ਓਹਾਇਓ ਵਿੱਚ "ਦ ਐਪੀਸਕੋਪਲ ਚਰਚ ਆਫ਼ ਦਿ ਰੀਡੀਮਰ" ਵਿਖੇ ਆਯੋਜਿਤ "ਇੰਟਰਫੇਥ ਕੰਨਵਰਸੇਸ਼ਨ ਐਂਡ ਕੁਜ਼ੀਨ" ਸਮਾਗਮ ਵਿੱਚ ਹਿੱਸਾ ਲਿਆ। ਇਸ ਇਕੱਠ ਦਾ ਮੰਤਵ ਵੱਖ-ਵੱਖ ਧਾਰਮਿਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਖਾਣੇ 'ਤੇ ਇਕੱਠੇ ਕਰਕੇ ਆਪਸ 'ਚ ਆਪਣੇ ਧਰਮ ਬਾਰੇ ਜਾਣਕਾਰੀ ਸਾਂਝੀ ਕਰਨਾ ਸੀ। ਇਸ ਸਮਾਗਮ ਵਿੱਚ ਸਿੱਖ ਭਾਈਚਾਰੇ ਤੋਂ ਇਲਾਵਾ ਜਿਊਇਸ਼ ਕਮਿਊਨਿਟੀ ਕੌਂਸਲ, ਹਿੰਦੂ ਟੈਂਪਲ ਆਫ ਗ੍ਰੇਟਰ ਸਿਨਸਿਨੈਟੀ, ਇਸਲਾਮੀਕ ਸੈਂਟਰ ਆਫ ਗ੍ਰੇਟਰ ਸਿਨਸਿਨਾਟੀ, ਬਹਾਈ ਅਤੇ ਹੋਰ ਧਰਮਾਂ ਦੇ ਮੈਂਬਰ ਸ਼ਾਮਲ ਸਨ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ, ਕਮਿਊਨਿਟੀ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਜਿਵੇਂ ਕਿ ਸੇਵਾ, ਕਿਰਤ ਕਰੋ, ਨਾਮ ਜਪੋ ਦੀ ਮਹੱਤਤਾ ਬਾਰੇ ਦੱਸਿਆ। ਗੁਮਟਾਲਾ ਨੇ ਕਿਹਾ ਕਿ ਵੱਖ-ਵੱਖ ਧਰਮਾਂ ਦੇ ਮੈਂਬਰਾਂ ਨੂੰ ਖਾਣੇ ਦੇ ਟੇਬਲਾਂ 'ਤੇ ਇਕੱਠੇ ਬਿਠਾਇਆ ਗਿਆ ਸੀ ਤਾਂ ਜੋ ਉਹ ਇੱਕ-ਦੂਜੇ ਨਾਲ ਆਪਣੇ ਧਰਮ ਅਤੇ ਸਭਿਆਚਾਰ ਬਾਰੇ ਜਾਣਕਾਰੀ ਸਾਂਝੀ ਕਰ ਸਕਣ। ਉਹਨਾਂ ਕਿਹਾ, "ਇਹ ਦੇਖਣਾ ਬਹੁਤ ਉਤਸ਼ਾਹਜਨਕ ਹੈ ਕਿ ਹਰ ਉਮਰ ਦੇ ਲੋਕ ਇਸ ਸਮਾਗਮ ਦਾ ਹਿੱਸਾ ਹਨ ਅਤੇ ਵੱਖ-ਵੱਖ ਭਾਈਚਾਰਿਆਂ ਵਿੱਚਕਾਰ ਏਕਤਾ ਬਣਾਉਣ ਅਤੇ ਕਾਇਮ ਰੱਖਣ ਲਈ ਅਜਿਹੇ ਸਮਾਗਮ ਬਹੁਤ ਮਹੱਤਤਾ ਰੱਖਦੇ ਹਨ।

ਹਾਈ ਸਕੂਲ ਅਤੇ ਕਾਲਜ 'ਚ ਪੜ੍ਹ ਰਹੇ ਸਿੱਖ ਨੌਜਵਾਨ ਕੀਰਤ ਸਿੰਘ, ਜਪਨੀਤ ਸਿੰਘ, ਮਾਨਿਤ ਸਿੰਘ, ਅਤੇ ਮਿਹਰ ਕੌਰ ਨੇ ਵੀ ਹੋਰ ਧਰਮਾਂ ਦੇ ਮੈਂਬਰਾਂ ਨਾਲ ਸਰਗਰਮੀ ਨਾਲ ਸ਼ਮੂਲੀਅਤ ਕੀਤੀ। 10ਵੀਂ ਜਮਾਤ ਦੀ ਵਿਦਿਆਰਥਣ ਮਿਹਰ ਕੌਰ ਨੇ ਦੱਸਿਆ ਕਿ ਉਹਨਾਂ ਨੇ ਆਪਣੇ ਖਾਣੇ ਦੇ ਟੇਬਲ 'ਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਸਿੱਖ ਧਰਮ 'ਚ ਸੇਵਾ ਅਤੇ ਲੰਗਰ ਦੀ ਮਹੱਤਤਾ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਬੋਲਦਿਆਂ ਅਸੀਸ ਕੌਰ ਨੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਕੱਠਾ ਕੀਤਾ ਅਤੇ ਉਹਨਾਂ ਦੇ ਧਰਮ ਤੇ ਹੋਰ ਪਰੰਪਰਾਵਾਂ ਬਾਰੇ ਜਾਣਕਾਰੀ ਸਾਂਝੀ ਕਰਨ ਦਾ ਮੌਕਾ ਦਿੱਤਾ। ਸਿੱਖ ਭਾਈਚਾਰੇ ਦੇ ਮੈਂਬਰਾਂ ਵਿੱਚ ਡਾ: ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਹਰਵਿੰਦਰ ਸਿੰਘ ਅਤੇ ਰਸਪ੍ਰੀਤ ਕੌਰ ਵੀ ਸ਼ਾਮਲ ਸਨ। ਇਹਨਾਂ ਸਾਰੇ ਮਹਿਮਾਨਾਂ ਨੇ ਚਰਚ ਵੀ ਦੇਖਿਆ ਜਿੱਥੇ ਉਹਨਾਂ ਨੂੰ ਰੇਵ. ਮੈਲਾਨੀ ਸਲੇਨ ਨੇ ਸਿਨਸਿਨੈਟੀ ਸਥਿਤ ਇਸ ਚਰਚ ਦੇ ਇਤਿਹਾਸ, ਹਫਤਾਵਾਰੀ ਪ੍ਰੋਗਰਾਮਾਂ 'ਚ ਬਾਈਬਲ ਤੋਂ ਦਿੱਤੇ ਜਾਂਦੇ ਉਪਦੇਸ਼ਾਂ ਬਾਰੇ ਜਾਣਕਾਰੀ ਦਿੱਤੀ। ਗਿਆਨ ਭਰਪੂਰ ਵਿਚਾਰ-ਵਟਾਂਦਰੇ ਤੋਂ ਇਲਾਵਾ, ਮੈਂਬਰਾਂ ਨੇ ਉੱਥੇ ਮੌਜੂਦ ਵਿਭਿੰਨ ਸਭਿਆਚਾਰਾਂ ਦੀ ਨੁਮਾਇੰਦਗੀ ਕਰਦੇ ਹੋਏ ਕਈ ਮੁਲਕਾਂ ਦੇ ਕਈ ਤਰ੍ਹਾਂ ਦੇ ਪਕਵਾਨਾਂ ਦਾ ਆਨੰਦ ਮਾਣਿਆ।



4 ਅਗਸਤ ਲਈ ਪਵਿੱਤਰ ਯਾਦ ਵਿੱਚ ਵਿਸ਼ੇਸ਼

– ਲੇਖਕ –
ਭਗਵਾਨ ਸਿੰਘ ਜੌਹਲ

Email:bhagwansinghjohal@gmail.com

# ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲੇ ਸਮੇਤ ਚਾਰ ਮਹਾਂਪੁਰਸ਼ਾਂ ਦੀ ਸਿਮ੍ਰਤੀ ਵਿੱਚ

ਸਾਹਿਬ-ਏ-ਕਮਾਲ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ 'ਤੇ ਸੁਭਾਇਮਾਨ ਕਰਨ ਵਾਲੇ ਅਸਥਾਨ ਸਚਖੰਡ ਸ੍ਰੀ ਹਜ਼ੂਰ ਸਾਹਿਬ ਪ੍ਰਤੀ ਦੇਸ਼ ਦੁਨੀਆਂ ਵਿੱਚ ਵੱਸਣ ਵਾਲਾ ਹਰ ਇਕ ਸਿੱਖ ਦਰਸ਼ਨ-ਦੀਦਾਰ ਕਰਨ ਦੀ ਲੋਚਾ ਰੱਖਦਾ ਹੈ। ਸੇਵਾ, ਸਿਮਰਨ ਤੇ ਪ੍ਰਭੂ ਬੰਦਗੀ ਦੇ ਨਾਲ ਮਨੁੱਖਤਾ ਦੀ ਸੇਵਾ ਨੂੰ ਆਪਣੇ ਜੀਵਨ ਦਾ ਅੰਗ ਬਣਾ ਕੇ ਹਰ ਪਲ ਜੀਵਨ ਬਸਰ ਕਰਨ ਵਾਲੇ ਬਾਬਾ ਨਿਧਾਨ ਸਿੰਘ ਨੇ ਗੁਰਦੁਆਰਾ ਲੰਗਰ ਸਾਹਿਬ ਦੀ ਉਸਾਰੀ ਕਰਕੇ ਇਕ ਅਜਿਹਾ ਕਾਰਜ ਕੀਤਾ, ਜਿਸ ਨੂੰ ਦੇਸ਼ ਦੁਨੀਆਂ ਵਿੱਚ ਵੱਸਣ ਵਾਲੀ ਸਿੱਖ ਸੰਗਤ ਤਨ, ਮਨ, ਧਨ ਨਾਲ ਸਹਿਯੋਗ ਦਿੰਦੀ ਹੈ। ਇਸ ਨਾਮ-ਰਸੀ ਆਤਮਾ ਬਾਬਾ ਨਿਧਾਨ ਸਿੰਘ ਦਾ ਜਨਮ 1882 ਈ: ਵਿੱਚ ਭਾਈ ਉੱਤਮ ਸਿੰਘ ਦੇ ਗ੍ਰਹਿ ਵਿਖੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨਡਾਲੋਂ ਵਿਖੇ ਹੋਇਆ। ਬਾਬਾ ਜੀ ਬਚਪਨ ਤੋਂ ਹੀ ਇਕਾਂਤ-ਪਸੰਦ, ਕੁਦਰਤ ਪ੍ਰੇਮੀ ਅਤੇ ਰੱਬੀ ਰੰਗ ਵਿੱਚ ਰੰਗੀ ਆਤਮਾ ਦੇ ਮਾਲਕ ਸਨ। ਮੁੱਢਲੀ ਸਿੱਖਿਆ ਇਸੇ ਪਿੰਡ ਦੇ ਸੰਤ ਬਾਬਾ ਦੀਵਾਨ ਸਿੰਘ ਦੇ ਡੇਰੇ ਵਿਖੇ ਹੋਈ। ਆਪਣੇ ਸ਼ਾਂਤ-ਚਿੱਤ ਸੁਭਾਅ ਮੁਤਾਬਿਕ ਪ੍ਰਭੂ-ਬੰਦਗੀ ਨੂੰ ਪਹਿਲ ਦਿੰਦੇ ਸਨ। ਪਿੰਡ ਦੇ ਬਾਕੀ ਨੌਜਵਾਨਾਂ ਨੂੰ ਵੀ ਅਕਾਲ ਪੁਰਖ ਵਾਹਿਗੁਰੂ ਦੇ ਸਿਮਰਨ ਅਤੇ ਸੰਗਤ ਦੀ ਸੇਵਾ ਲਈ ਪ੍ਰੇਰਨਾ ਦਿੰਦੇ ਸਨ। 18 ਸਾਲ ਦੀ ਉਮਰ ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਜਦੋਂ ਆਪ ਜੀ ਦੀ ਪਲਟਨ ਝਾਂਸੀ ਵਿਖੇ ਤਾਇਨਾਤ ਸੀ ਤਾਂ ਹਰ ਸਮੇਂ ਸਿਮਰਨ ਕਰਦੇ ਰਹਿਣਾ। ਹਰ ਫੌਜੀ ਜਵਾਨ ਨੂੰ ਵੀ ਪ੍ਰਭੂ ਬੰਦਗੀ ਦੀਆਂ ਬਰਕਤਾਂ ਸਬੰਧੀ ਪ੍ਰੇਰਦੇ ਰਹਿੰਦੇ। ਸੰਗਤ ਦੀ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ, ਸਚਖੰਡ ਸ੍ਰੀ ਹਜ਼ੂਰ ਸਾਹਿਬ ਨੂੰ ਜਾਣ ਵਾਲੀ ਸੰਗਤ ਰੇਲ ਗੱਡੀਆਂ ਰਾਹੀਂ ਝਾਂਸੀ ਰੇਲਵੇ ਸਟੇਸ਼ਨ ਤੋਂ ਹੋ ਕੇ ਜਾਂਦੀ ਸੀ, ਸਾਰੀ ਸਾਰੀ ਰਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਅਸਥਾਨ ਦੇ ਦਰਸ਼ਨ-ਦੀਦਾਰੇ ਕਰਨ ਵਾਲੀ ਸੰਗਤ ਨੂੰ ਜਲ ਛਕਾਉਣਾ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਪ੍ਰੇਮ ਤੇ ਦਰਸ਼ਨ ਦੀਦਾਰੇ ਕਰਨ ਦੀ ਤਾਂਘ ਨੇ ਉਨ੍ਹਾਂ ਨੂੰ ਫੌਜੀ ਨੌਕਰੀ ਨੂੰ ਅਲਵਿਦਾ ਕਹਿਣ ਲਈ ਮਜਬੂਰ ਕਰ ਦਿੱਤਾ। ਹੁਣ ਆਪ ਜੀ ਇਕ ਨਿਸ਼ਕਾਮ ਸੇਵਾਦਾਰ ਵਜੋਂ ਸਚਖੰਡ ਸ੍ਰੀ ਹਜ਼ੂਰ ਸਾਹਿਬ ਪਹੁੰਚ ਗਏ। ਭਰ ਜਵਾਨੀ ਦੀ ਉਮਰ ਦੇ 12 ਵਰ੍ਹੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਗਤ ਦੀ ਸੇਵਾ ਵਿੱਚ ਬਤੀਤ ਕੀਤੇ।

ਉਨ੍ਹਾਂ ਦੀ ਸੇਵਾ ਦੀ ਕਦਰ ਕਰਨ ਵਾਲੀਆਂ ਮਹਾਨ ਸਿੱਖ ਹਸਤੀਆਂ ਉਨ੍ਹਾਂ ਨੂੰ ਦਿਲ ਤੋਂ ਪਿਆਰ ਕਰਦੀਆਂ ਸਨ। ਪਰ ਕੁਝ ਕੁ ਈਰਖਾਲੂ ਲੋਕਾਂ ਨੇ ਉਨ੍ਹਾਂ ਨੂੰ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਤੋਂ ਬਾਹਰ ਕਰਨ ਲਈ ਬੋਲ-ਕਬੋਲ ਵੀ ਬੋਲੇ। ਹੁਣ ਉਨ੍ਹਾਂ ਦੁਨੀਆਂ ਭਰ ਤੋਂ ਦਰਸ਼ਨ ਕਰਨ ਵਾਲੀ ਸੰਗਤ ਨੂੰ ਜਲ-ਛਕਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ। ਪਰ ਇਸ ਸੇਵਾ ਨੂੰ ਨਿਭਾਉਂਦਿਆਂ ਵੀ ਉਨ੍ਹਾਂ ਨੂੰ ਨਫ਼ਰਤ ਦੀ ਅੱਗ ਵਿੱਚ ਸੜ ਰਹੇ ਲੋਕਾਂ ਦੀ ਘ੍ਰਿਣਾ ਤੇ ਵਧੀਕੀਆਂ ਦਾ ਸ਼ਿਕਾਰ ਹੋਣਾ ਪਿਆ। ਇਕ ਦਿਨ ਉਚਾਟ ਹੋ ਕੇ ਵਾਪਸ ਪੰਜਾਬ ਲਈ ਉਹ ਰੇਲਵੇ ਸਟੇਸ਼ਨ ਨਾਂਦੇੜ ਵਿਖੇ ਪਹੁੰਚ ਗਏ। ਸਟੇਸ਼ਨ ਉੱਤੇ ਹੀ ਇਕ ਨਿੰਮ ਦੇ ਦਰਖ਼ਤ ਹੇਠ ਵੈਰਾਗ ਅਵਸਥਾ ਵਿੱਚ ਬੈਠੇ ਸਨ। ਇਥੇ ਬੈਠਿਆਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦੀ ਸਿੱਕ, ਅੱਜ ਪੂਰੀ ਹੋ ਗਈ। ਦਸਮੇਸ਼ ਪਿਤਾ ਜੀ ਦੇ ਬਚਨ ਹੱਥ ਮੇਰਾ ਤੇ ਖੀਸਾ ਤੇਰਾ ਨੇ ਬਾਬਾ ਨਿਧਾਨ ਸਿੰਘ ਵਰਗੀ ਵੈਰਾਗੀ ਆਤਮਾ ਨੂੰ ਧੁਰ ਅੰਦਰੋਂ ਹਿਲਾ ਦਿੱਤਾ।



ਬਾਬਾ ਨਿਧਾਨ ਸਿੰਘ

ਹੁਣ ਬਾਬਾ ਨਿਧਾਨ ਸਿੰਘ ਗੋਦਾਵਰੀ ਨਦੀ ਦੇ ਕਿਨਾਰੇ ਦਸਮ ਪਿਤਾ ਜੀ ਦੇ ਪੁਰਾਤਨ ਗੁਰੂ ਕੇ ਲੰਗਰ ਦੇ ਅਸਥਾਨ 'ਤੇ ਪਹੁੰਚ ਗਏ। ਆਪਣੇ ਅੰਤਲੇ ਸੁਆਸਾਂ ਤੱਕ ਇਥੇ ਸੰਗਤ ਦੀ ਸੇਵਾ ਤਨ-ਦੇਹੀ ਨਾਲ ਨਿਭਾਈ। ਇਸੇ ਸਥਾਨ 'ਤੇ ਦੇਸ਼ ਦੀ ਆਜ਼ਾਦੀ ਤੋਂ ਥੋੜ੍ਹੇ ਦਿਨ ਪਹਿਲਾਂ 4 ਅਗਸਤ, 1947 ਈ: ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੇ ਸਰੀਰਕ ਵਿਛੋੜੇ ਤੋਂ ਪਿੱਛੋਂ ਬਾਬਾ ਹਰਨਾਮ ਸਿੰਘ, ਬਾਬਾ ਆਤਮਾ ਸਿੰਘ ਮੋਨੀ ਅਤੇ ਬਾਬਾ ਸ਼ੀਸ਼ਾ ਸਿੰਘ ਨੇ ਇਸ ਅਸਥਾਨ ਦੀ ਮਹਾਨ ਸੇਵਾ ਨੂੰ ਬਾਖ਼ੂਬੀ ਨਿਭਾਇਆ। ਅੱਜ ਇਨ੍ਹਾਂ ਚਾਰਾਂ ਮਹਾਂਪੁਰਸ਼ਾਂ ਦੀ ਯਾਦ ਵਿੱਚ ਤਿੰਨ ਦਿਨਾਂ ਗੁਰਮਤਿ ਸਮਾਗਮ ਚੱਲ ਰਹੇ ਹਨ। ਇਸ ਅਸਥਾਨ ਦੇ ਮੌਜੂਦਾ ਸੇਵਾ ਨਿਭਾਉਣ ਵਾਲੇ ਕਾਰਸੇਵਾ ਮੁਖੀ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਵੱਲੋਂ ਦਿਨ ਰਾਤ ਚੱਲਣ ਵਾਲੇ ਗੁਰੂ ਕੇ ਲੰਗਰ ਵਿੱਚੋਂ ਸੰਸਾਰ ਭਰ ਤੋਂ ਆਉਣ ਵਾਲੀ ਸੰਗਤ ਇਥੇ ਗੁਰੂ ਕਾ ਲੰਗਰ ਛਕਦੀ ਹੈ। ਇਸੇ ਅਸਥਾਨ 'ਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚ ਰਹੀ ਰੇਲ ਗੱਡੀਆਂ, ਹਵਾਈ ਜਹਾਜ਼ਾਂ, ਕਾਰਾਂ, ਬੱਸਾਂ ਰਾਹੀਂ ਆਉਣ ਵਾਲੀ ਸੰਗਤ ਨੂੰ ਆਧੁਨਿਕ ਸਹੂਲਤਾਂ ਵਾਲੀਆਂ ਰਿਹਾਇਸ਼ੀ ਬਹੁਮੰਜ਼ਿਲਾਂ ਇਮਾਰਤਾਂ ਰਾਹੀਂ ਸਾਂਭ ਸੰਭਾਲ ਕੀਤੀ ਜਾਂਦੀ ਹੈ। ਨਾਮ-ਬਾਣੀ ਦੇ ਪ੍ਰਵਾਹ ਰਾਤ ਦਿਨ ਚੱਲਦੇ ਰਹਿੰਦੇ ਹਨ। ਵਾਤਾਵਰਣ ਨੂੰ ਬਚਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਨਾਂਦੇੜ ਸ਼ਹਿਰ ਵਿੱਚ ਪੌਦੇ ਲੱਗਵਾ ਕੇ ਸ਼ਹਿਰ ਨੂੰ ਹਰਿਆ-ਭਰਿਆ ਕੀਤਾ ਗਿਆ ਹੈ। ਇਨ੍ਹਾਂ ਸਮਾਗਮਾਂ ਦੌਰਾਨ ਦੇਸ਼ ਭਰ ਤੋਂ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੀ ਹੈ। ਉਥੇ ਕੀਰਤਨੀਏ, ਢਾਡੀ, ਪ੍ਰਚਾਰਕ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਸਿੱਖ ਇਤਿਹਾਸ ਨਾਲ ਜੋੜਦੇ ਹਨ। ਹਰ ਸਾਲ ਵਾਂਗ ਇਸ ਵਾਰ ਵੀ ਇਹ ਸਮਾਗਮ ਯਾਦਗਾਰੀ ਹੋਵੇਗਾ।

* * * * * * *

# ਇੰਗਲੈਂਡ ਚ ਵੱਸਦੀਆਂ ਪੰਜਾਬਣਾਂ ਨੇ ਖੁੱਲ੍ਹੇ ਪਾਰਕ ਚ ਮਨਾਇਆ ਸਾਉਣ ਮਹੀਨੇ ਦਾ ਤਿਉਹਾਰ ਤੀਆਂ

## *ਇੰਗਲੈਂਡ ਭਰ ਚੌਂ ਰੰਗ ਬਰੰਗੇ ਸੂਟ, ਸੰਗੀ ਫੁੱਲ ਅਤੇ ਫੁਲਕਾਰੀਆਂ ਪਹਿਨ ਕੇ ਪੁੱਜੀਆਂ ਪੰਜਾਬਣਾਂ ਨੇ ਨੱਚ ਗਾ ਕੇ ਬੋਲੀਆਂ ਪਾ ਕੇ ਅਤੇ ਪੀਂਘਾਂ ਝੂਟ ਕੇ ਪੁਰਾਤਨ ਪੇਂਡੂ ਮਾਹੌਲ ਸਿਰਜਿਆ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸਾਉਣ ਮਹੀਨੇ ਦਾ ਪਵਿੱਤਰ ਤਿਉਹਾਰ ਤੀਆਂ ਇੰਗਲੈਂਡ ਦੀਆਂ ਪੰਜਾਬਣਾਂ ਵੱਲੋਂ ਲੈਸਟਰ ਦੇ ਇੱਕ ਖੁੱਲ੍ਹੇ ਪਾਰਕ ਚ ਵੱਡੇ ਪੱਧਰ ਤੇ ਮਨਾਇਆ ਗਿਆ। ਲੈਸਟਰ ਦੀਆਂ ਪੰਜਾਬਣਾਂ ਮਨਜਿੰਦਰ ਪੁਰੇਵਾਲ, ਪ੍ਰਮਜੀਤ ਕੌਰ, ਜੱਸੀ ਢਿੱਲੋਂ, ਰਾਜਵਿੰਦਰ ਕੌਰ ਅਤੇ ਹਰਵਿੰਦਰ ਕੌਰ ਰਾਏ ਦੇ ਉਪਰਾਲੇ ਸਦਕਾ ਲੈਸਟਰ ਦੇ ਓਡਬੀ ਦੇ ਖੁੱਲੇ ਪਾਰਕ ਚ ਕਰਵਾਏ ਗਏ ਇਸ ਤੀਆਂ ਦੇ ਵਿਸ਼ਾਲ ਮੇਲੇ ਚ ਇੰਗਲੈਂਡ ਭਰ ਚੋਂ ਵੱਖ ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਚ ਪੰਜਾਬਣਾਂ ਨੇ ਰੰਗ ਬਰੰਗੇ ਸੂਟ, ਫੁਲਕਾਰੀਆਂ ਪਹਿਨ ਕੇ ਪੁਰਾਤਨ ਪੇਂਡੂ ਪੰਜਾਬੀ ਵਿਰਸੇ ਨੂੰ ਦਰਸਾਉਂਦਾ ਮਾਹੌਲ ਸਿਰਜਿਆ। ਇਸ ਮੌਕੇ ਤੇ ਪੰਜਾਬਣਾਂ ਵੱਲੋਂ ਨੱਚ ਗਾ ਕੇ ਬੋਲੀਆਂ ਪਾ ਕੇ ਅਤੇ ਪੀਂਘਾਂ ਝੂਟ ਕੇ ਖ਼ੂਬ ਮਨੋਰੰਜਨ ਕੀਤਾ।

ਇਸ ਮੌਕੇ ਤੇ ਪੰਜਾਬਣ ਮੁਟਿਆਰਾਂ ਨੇ ਆਪਣੇ ਘਰਾਂ ਤੋਂ ਸਾਉਣ ਮਹੀਨੇ ਦਾ ਪ੍ਰਸਿੱਧ ਪਕਵਾਨ ਮਾਲ ਪੂੜੇ ਅਤੇ ਖੀਰ ਤਿਆਰ ਕਰਕੇ ਅਤੇ ਸਮੋਸੇ ਪਕੌੜੇ ਲਿਆ ਕੇ ਆਪਸ ਵਿੱਚ ਵੰਡੇ। ਇਸ ਮੌਕੇ ਤੇ ਗੱਲਬਾਤ ਕਰਦਿਆਂ ਇਸ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਮਨਜਿੰਦਰ ਪੁਰੇਵਾਲ, ਪ੍ਰਮਜੀਤ ਕੌਰ ਅਤੇ ਜੱਸੀ ਢਿੱਲੋਂ ਨੇ ਸਾਂਝੇ ਤੌਰ ਤੇ ਦੱਸਿਆ ਕਿ ਅੱਜ ਤੋਂ 30, 35 ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਚ ਵੱਡੇ ਪੱਧਰ ਤੇ ਮਨਾਇਆ ਜਾਣ ਵਾਲਾ ਤੀਆਂ ਦਾ ਤਿਉਹਾਰ ਜੋ ਅਜੋਕੇ ਸਮੇਂ ਵਿਚ ਪੰਜਾਬ ਦੇ ਪਿੰਡਾਂ ਚੋਂ ਗਾਇਬ ਹੁੰਦਾ ਜਾ ਰਿਹਾ ਹੈ ਉਸਨੂੰ ਵਿਦੇਸ਼ਾਂ ਵਿੱਚ ਜਿਉਂਦਾ ਰੱਖਣ ਸਾਡੇ ਵੱਲੋਂ ਪਿਛਲੇ 8 ਸਾਲਾ ਤੋਂ ਇੰਗਲੈਂਡ ਚ ਤੀਆਂ ਦਾ ਮੇਲਾ ਮਨਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਆਪਣੇ ਕੀਮਤੀ ਪੁਰਾਤਨ ਪੇਂਡੂ ਪੰਜਾਬੀ ਵਿਰਸੇ ਤੋਂ ਜਾਣੂ ਹੋ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਇਹ ਉਪਰਾਲਾ ਇਸੇ ਤਰ੍ਹਾਂ ਨਿਰੰਤਰ ਜਾਰੀ ਰੱਖਿਆ ਜਾਵੇਗਾ।



ਲੈਸਟਰ ਦੇ ਖੁੱਲ੍ਹੇ ਪਾਰਕ ਚ ਮਨਾਏ ਗਏ ਤੀਆਂ ਦੇ ਮੇਲੇ ਮੌਕੇ ਗਿੱਧਾ ਪਾਉਂਦੀਆਂ ਹੋਈਆਂ ਪੰਜਾਬਣਾਂ।

# 2 ਲੱਖ ਭਾਰਤੀ ਨੌਜਵਾਨ 'ਤੇ ਮੰਡਰਾਇਆ ਡਿਪੋਰਟੇਸ਼ਨ ਦਾ ਖ਼ਤਰਾ

ਵਾਸ਼ਿੰਗਟਨ : ਅਮਰੀਕਾ ਵਿਚ 2 ਲੱਖ ਭਾਰਤੀ ਨੌਜਵਾਨਾਂ ਤੇ ਡਿਪੋਰਟੇਸ਼ਨ ਦਾ ਖਤਰਾ ਮੰਡਰਾਅ ਰਿਹਾ ਹੈ ਅਤੇ ਸਮਾਂ ਲੰਘਣ ਦੇ ਨਾਲ ਉਮੀਦਾਂ ਟੁਟਦੀਆਂ ਮਹਿਸੂਸ ਹੋ ਰਹੀਆਂ ਹਨ। ਮਾਪਿਆਂ ਨੂੰ ਗਰੀਨ ਕਾਰਡ ਮਿਲਣ ਵਿਚ ਹੋ ਰਹੀ ਦੇਰ ਬੱਚਿਆਂ ਦਾ ਭਵਿੱਖ ਧੁੰਦਲਾ ਕਰ ਸਕਦੀ ਹੈ ਅਤੇ ਵਾਈਟ ਹਾਊਸ ਵੱਲੋਂ ਇਸ ਸਮੱਸਿਆ ਲਈ ਰਿਪਬਲਿਕਨ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਵਾਈਟ ਹਾਊਸ ਨੇ ਦਾਅਵਾ ਕੀਤਾ ਹੈ ਕਿ ਕਾਨੂੰਨੀ ਤਰੀਕੇ ਨਾਲ ਅਮਰੀਕਾ ਆਏ ਪ੍ਰਵਾਸੀਆਂ ਦੇ ਤਕਰੀਬਨ ਢਾਈ ਲੱਖ ਬੱਚਿਆਂ ਨੂੰ ਪੱਕਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਪਰ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਵਿਚ ਰਿਪਬਲਿਕਨ ਪਾਰਟੀ ਦਾ ਬਹੁਮਤ ਹੋਣ ਕਾਰਨ ਮਤਾ ਅੱਗੇ ਨਹੀਂ ਵਧ ਰਿਹਾ।

# ਦਰਬਾਰ ਸਾਹਿਬ ਅੰਮ੍ਰਿਤਸਰ ਅਜਾਇਬ ਘਰ ਤੋਂ ਬਾਅਦ, ਸਿੰਘ ਸਭਾ ਗੁਰਦੁਆਰਾ ਡਰਬੀ ਵੱਲੋਂ ਬਣਾਏ ਗਏ ਸਿੱਖ ਅਜਾਇਬ ਘਰ ਦਾ ਉਪਰਾਲਾ ਸਲਾਹੁਣਯੋਗ ਹੈ - ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

## ਸਿੱਖ ਅਜਾਇਬ ਘਰ ਡਰਬੀ ਦੇ ਸਿੱਖ ਇਤਿਹਾਸ ਅਤੇ ਵਿਰਸੇ ਨੂੰ ਸੰਭਾਲਣ ਦੇ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ




ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸਿੱਖ ਅਜਾਇਬਘਰ ਡਰਬੀ ਵਿਖੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਅਤੇ ਸੱਜੇ ਪਾਸੇ ਸ: ਗਜਿੰਦਰ ਸਿੰਘ ਦੀ ਬੇਟੀ ਅਤੇ ਦਮਾਦ ਸ: ਗੁਰਪ੍ਰੀਤ ਸਿੰਘ ਅਜਾਇਬ ਘਰ ਵਿਖੇ ਦਰਸ਼ਨ ਕਰਦੇ ਹੋਏ, ਨਾਲ ਹਨ ਪ੍ਰੋ: ਦਲਜੀਤ ਸਿੰਘ ਵਿਰਕ ਤੇ ਸ: ਜਗਮੋਹਨ ਸਿੰਘ। ਹੇਠਲੀ ਤਸਵੀਰ 'ਚ ਦਰਬਾਰ ਸਾਹਿਬ ਦਾ ਹਜ਼ੂਰੀ ਜਥਾ ਕੀਰਤਨ ਕਰਦੇ ਹੋਏ

ਡਰਬੀ – (ਪੰਜਾਬ ਟਾਈਮਜ਼) – ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਯੂ ਕੇ ਦੇ ਦੌਰੇ ਸਮੇਂ ਸਿੱਖ ਅਜਾਇਬ ਘਰ ਡਰਬੀ ਵਿਖੇ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਜਿੱਥੇ ਉਹਨਾਂ ਨੇ ਅਜਾਇਬਘਰ ਅਤੇ ਸ਼ਹੀਦੀ ਯਾਦਗਾਰ ਦੇਖਣ ਉਪਰੰਤ ਗੁਰੂ ਘਰ ਦੇ ਸੇਵਾਦਾਰਾਂ ਦੇ ਉਦਮ ਦੀ ਭਰਪੂਰ ਸ਼ਲਾਘਾ ਕੀਤੀ।

ਬੀਤੇ ਐਤਵਾਰ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਐਤਵਾਰ ਵਾਲੇ ਦਿਨ ਕੀਰਤਨ ਸਮਾਗਮ ਕੀਤਾ ਗਿਆ । ਸਮਾਗਮ ਵਿੱਚ ਦਰਬਾਰ ਸਾਹਿਬ ਦੇ ਹਜ਼ੂਰੀ ਜਥਿਆਂ ਨੇ ਕੀਰਤਨ ਦੀਆਂ ਸੇਵਾਵਾਂ ਨਿਭਾਈਆਂ । ਕੀਰਤਨੀ ਜਥਿਆਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੀ ਪਹੁੰਚੇ । ਉਨ੍ਹਾਂ ਨੇ ਪਹਿਲਾਂ ਇਕ ਘੰਟਾ ਸਿੱਖ ਅਜਾਇਬ ਘਰ ਦੇਖਿਆ ਤੇ ਫਿਰ ਉੱਪਰ ਆਰਟ ਗੈਲਰੀ ਵਿੱਚ ਭਾਈ ਗਜਿੰਦਰ ਸਿੰਘ ਜੋ ਕਿ ਪਾਕਿਸਤਾਨ ਵਿੱਚ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦਾ ਚਿੱਤਰ ਅਜਾਇਬ ਘਰ ਵਿੱਚ ਲਾਇਆ । ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਬਾਅਦ ਸਾਰੇ ਸੰਸਾਰ ਵਿੱਚ ਜੇ ਕੋਈ ਹੋਰ ਅਜਾਇਬ ਘਰ



ਹੈ ਤਾਂ ਉਹ ਡਰਬੀ ਦਾ ਸਿੱਖ ਅਜਾਇਬ ਘਰ ਹੈ, ਜਿਸ ਵਿੱਚ ਸਿੱਖ ਵਿਰਸਾ ਤੇ ਇਤਿਹਾਸ ਨੂੰ ਸੰਭਾਲਿਆ ਹੋਇਆ ਹੈ। ਉਨ੍ਹਾਂ ਨੇ ਅਜਾਇਬ ਘਰ ਦੇ ਸਮੂਹ ਸੇਵਾਦਾਰਾਂ ਤੇ ਸਿੰਘ ਸਭਾ ਦੇ ਸਾਰੇ ਸੇਵਾਦਾਰਾਂ ਦਾ ਧੰਨਵਾਦ ਕੀਤਾ । ਉਨ੍ਹਾਂ ਨੇ ਪੰਜਾਬ ਤੋਂ ਲਿਆ ਕੇ ਇਕ ਪੁਰਾਤਨ ਸ੍ਰੀ ਸਾਹਿਬ ਮਿਊਜ਼ੀਅਮ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੂੰ ਭੇਂਟ ਕੀਤੀ ।

ਬਾਅਦ ਵਿੱਚ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਬਣੇ ਸ਼ਹੀਦੀ ਸਥਾਨ ਤੇ ਸ਼ਹੀਦੀ ਬਗੀਚੀ ਵਿੱਚ ਇਕ ਬੂਟਾ ਵੀ ਲਾਇਆ । ਸ਼ਹੀਦੀ ਬਗੀਚੀ ਵਿੱਚ ਯੂ ਕੇ ਦੇ ਬਹੁਤ ਸਾਰੇ ਗੁਰੂ ਘਰਾਂ, ਨਿਸ਼ਕਾਮ ਸੇਵਕ ਜਥਾ ਬ੍ਰਮਿੰਘਮ, ਕਾਰ ਸੇਵਾ ਕਮੇਟੀ ਪਾਕਿਸਤਾਨ ਗੁਰਧਾਮ, ਦਮਦਮੀ ਟਕਸਾਲ ਦੇ ਜਥੇਦਾਰ ਭਾਈ ਹਰਨਾਮ ਸਿੰਘ ਧੁੰਮਾ ਜੋ ਕਿ ਯੂ ਕੇ ਫੇਰੀ ਦੌਰਾਨ ਇਥੇ ਆਏ ਸਨ ਉਨ੍ਹਾਂ ਨੇ ਵੀ ਸ਼ਹੀਦੀ ਬਗੀਚੀ ਵਿੱਚ ਬੂਟੇ ਲਾਏ ਸਨ ।

ਬਾਅਦ ਵਿੱਚ ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਅਤੇ ਸੰਗਤਾਂ ਨਾਲ ਜਥੇਦਾਰ ਹੋਰਾਂ ਵਿਚਾਰਾਂ ਸਾਂਝੀਆਂ ਕੀਤੀਆਂ। ਭਾਈ ਗਜਿੰਦਰ ਸਿੰਘ ਦੀ ਧੀ ਰਾਣੀ ਬਿਕਰਮਜੀਤ ਕੌਰ ਤੇ ਉਨ੍ਹਾਂ ਦੇ ਸਿੰਘ ਸਾਹਿਬ ਭਾਈ ਗੁਰਪ੍ਰੀਤ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਸਮੇਂ ਉਹਨਾਂ ਦੇ ਬੱਚੇ ਬੇਟੀ ਅਵਨੀਤ ਕੌਰ ਅਤੇ ਪੁੱਤਰ ਸੁਖਰਾਜ ਸਿੰਘ ਵੀ ਸ਼ਾਮਿਲ ਸਨ । ਉਨ੍ਹਾਂ ਵੱਲੋਂ ਧਰਮੀ ਫੌਜੀ ਰਣਬੀਰ ਸਿੰਘ ਤੇ ਸ਼ਹੀਦ ਦੇ ਭਰਾਤਾ ਮਹਾਂਬੀਰ ਸਿੰਘ ਨੂੰ ਸਿਰੋਪਾਓ ਦਿੱਤੇ ਗਏ। ਉਨ੍ਹਾਂ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ । ਇਸੇ ਤਰ੍ਹਾਂ ਹੀ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਆਪਣਾ ਯੋਗਦਾਨ ਪਾਉਂਦੇ ਰਹੋ । ਸ: ਰਣਜੀਤ ਸਿੰਘ ਰਾਣਾ, ਸ: ਜਗਮੋਹਨ ਸਿੰਘ, ਸ: ਗੁਰਪਾਲ ਸਿੰਘ, ਸ: ਹਰਪਿੰਦਰ ਸਿੰਘ ਕੰਗ, ਸ: ਰਣਜੀਤ ਸਿੰਘ ਮੰਨਣ, ਸ: ਪ੍ਰਭਜੋਤ ਸਿੰਘ, ਸ: ਅਮਰਜੀਤ ਸਿੰਘ ਤੂਰ ਤੇ ਸਲੋਹ ਤੋਂ ਆਏ ਪੰਥਕ ਆਗੂਆਂ ਸ: ਸਰਬਜੀਤ ਸਿੰਘ ਬਨੂੜ ਤੇ ਸਾਬਕਾ ਕੌਂਸਲਰ ਉਨ੍ਹਾਂ ਦੀ ਧਰਮ ਪਤਨੀ ਦਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ: ਰਘਬੀਰ ਸਿੰਘ ਨੇ ਜਥੇਦਾਰ ਰਘਬੀਰ ਸਿੰਘ ਦਾ ਧੰਨਵਾਦ ਕੀਤਾ । ਸੇਵਾਦਾਰਾਂ ਵੱਲੋਂ ਅਕਾਲੀ ਦਲ ਨੂੰ 1920 ਵਿੱਚ ਬਣੇ ਅਕਾਲੀ ਦਲ ਵਰਗੇ ਗੁਰਸਿੱਖਾਂ ਨੂੰ ਅਕਾਲੀ ਦਲ ਦੀ ਵਾਗਡੋਰ ਸੰਭਾਲਣ ਦੀ ਬੇਨਤੀ ਕੀਤੀ ਗਈ ਤੇ ਯੂ ਕੇ ਦੇ ਸਾਰੇ ਗੁਰੂ ਘਰਾਂ ਨੂੰ ਬੇਨਤੀ ਕੀਤੀ ਗਈ ਕਿ ਸਭ ਗੁਰੂ ਘਰਾਂ ਵਿੱਚ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਰੱਖਣਾ ਚਾਹੀਦਾ ਹੈ। ਇਸੇ ਸਾਲ ਜਦੋਂ ਅਪ੍ਰੈਲ ਵਿੱਚ ਜਥੇਦਾਰ ਸਾਹਿਬ ਯੂ ਕੇ ਦੇ ਦੌਰੇ ਤੇ ਆਏ ਸਨ ਤਾਂ ਸਿੱਖ ਅਜਾਇਬ ਘਰ ਦੇ ਸੇਵਾਦਾਰਾਂ ਵੱਲੋਂ ਉਹਨਾਂ ਦੇ ਨੋਟਿਸ ਵਿੱਚ ਲਿਆਂਦਾ ਗਿਆ ਸੀ ਕਿ ਅੱਜਕਲ੍ਹ ਸਿੱਖਾਂ ਵਿੱਚ ਕੇਸਰੀ ਨਿਸ਼ਾਨ ਦੇ ਨਾਂ ਤੇ ਭਗਵਾਂ ਨਿਸ਼ਾਨ ਸਾਹਿਬ ਲਾਉਣ ਦੀ ਬਹੁ-ਤਾਤ ਹੋ ਗਈ ਹੈ । ਜਥੇਦਾਰ ਹੁਣਾਂ ਨੇ ਦੱਸਿਆ ਕਿ ਉਹਨਾਂ ਸ਼੍ਰੋ: ਗੁ; ਪ੍ਰਬੰਧਕ ਕਮੇਟੀ ਨੂੰ ਚਿੱਠੀ ਲਿਖ ਕੇ ਇਹ ਮਾਮਲਾ ਉਠਾਇਆ ਸੀ ਜਿਸ ਤੇ ਕਾਰਵਾਈ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਸਮੁੱਚੇ ਪੰਥ ਨੂੰ ਸਾਰੇ ਗੁਰੂ ਘਰਾਂ ਵਿੱਚ ਨਿਸ਼ਾਨ ਸਾਹਿਬ ਦੇ ਕੇਸਰੀ ਚੋਲੇ ਦੀ ਬਜਾਏ ਬਸੰਤੀ ਅਤੇ ਸੁਰਮਈ ਰੰਗ ਦੇ ਚੋਲੇ ਪਾਉਣ ਲਈ ਕਿਹਾ ਗਿਆ ਹੈ। ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਸਿੰਘ ਸਭਾ ਡਰਬੀ ਵਿਖੇ ਉਨ੍ਹਾਂ ਨੇ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਅਤੇ ਸੁਰਮਈ ਹੀ ਰੱਖਿਆ ਹੈ। ਸਭ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਕੋਲ ਇਹ ਰੰਗ ਦੇ ਨਿਸ਼ਾਨ ਸਾਹਿਬ ਦੇ ਚੋਲੇ ਨਹੀਂ ਹਨ ਤਾਂ ਉਹ ਪੰਜਾਬ ਟਾਈਮਜ਼ ਦੇ ਦਫ਼ਤਰ ਵਿੱਚ ਸੰਪਰਕ ਕਰ ਸਕਦੇ ਹਨ ਸਾਡੇ ਕੋਲ ਕੁਝ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਵਾਧੂ ਹਨ ਤੇ ਆ ਕੇ ਲਿਜਾ ਸਕਦੇ ਹਨ ।


VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Construction Builders Required on Various Sites in UK


Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਸਿਹਤ ਤੇ ਸੁੰਦਰਤਾ



## ਇਮਿਊਨਿਟੀ ਵਧਾਉਣ ਵਾਲੇ ਫੂਡਜ

ਹਰ ਉਮਰ 'ਚ ਸਰੀਰ ਨੂੰ ਸਿਹਤਮੰਦ ਰੱਖਣ ਲਈ ਸਭ ਤੋਂ ਜ਼ਰੂਰੀ ਹੈ ਮਜ਼ਬੂਤ ਇਮਿਊਨਿਟੀ। ਇਸ ਨੂੰ ਮਜ਼ਬੂਤ ਕਰਨ ਨਾਲ ਨਾ ਸਿਰਫ਼ ਮਾਮੂਲੀ ਬਲਕਿ ਵੱਡੀਆਂ ਅਤੇ ਗੰਭੀਰ ਬਿਮਾਰੀਆਂ ਦੇ ਖਤਰੇ ਨੂੰ ਵੀ ਕਾਫ਼ੀ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ। ਇਸ ਦੇ ਲਈ ਆਪਣੀ ਡਾਈਟ 'ਚ ਖਾਸ ਤੌਰ 'ਤੇ ਫਲ, ਸਬਜ਼ੀਆਂ ਅਤੇ ਫਰਮੈਂਟਿਡ ਫੂਡਜ਼ ਨੂੰ ਸ਼ਾਮਲ ਕਰੋ। ਇਹ ਨਾ ਸਿਰਫ ਇਮਿਊਨਿਟੀ ਵਧਾਉਂਦੇ ਹਨ ਸਗੋਂ ਪਾਚਨ ਸੰਬੰਧੀ ਸਮੱਸਿਆਵਾਂ ਨੂੰ ਵੀ ਦੂਰ ਰੱਖਦੇ ਹਨ।

ਦਹੀ-ਸਰੀਰ ਵਿੱਚ ਚੰਗੇ ਬੈਕਟੀਰੀਆ ਦੀ ਮੌਜੂਦਗੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਦਾ ਕੰਮ ਕਰਦੀ ਹੈ ਦਹੀ।

ਲਾਲ ਸ਼ਿਮਲਾ ਮਿਰਚ-ਹਾਲਾਂਕਿ ਸ਼ਿਮਲਾ ਮਿਰਚ ਦਾ ਹਰ ਰੰਗ ਗੁਣਾਂ ਦਾ ਖਜ਼ਾਨਾ ਹੈ, ਲਾਲ ਸ਼ਿਮਲਾ ਮਿਰਚ ਵਿਚ ਵਿਟਾਮਿਨ ਸੀ ਅਤੇ ਬੀਟਾ ਕੈਰੋਟੀਨ ਦੀ ਚੰਗੀ ਮਾਤਰਾ ਹੁੰਦੀ ਹੈ।

ਪਪੀਤਾ-ਪਪੀਤੇ ਨੂੰ ਡਾਈਟ 'ਚ ਸ਼ਾਮਲ ਕਰਕੇ ਇਮਿਊਨਿਟੀ ਨੂੰ ਵਧਾਇਆ ਜਾ ਸਕਦਾ ਹੈ, ਕਿਉਂਕਿ ਐਂਟੀਆਕਸੀਡੈਂਟਸ ਅਤੇ ਵਿਟਾਮਿਨ ਸੀ ਦੇ ਨਾਲ-ਨਾਲ ਪਪੀਤੇ 'ਚ ਹੋਰ ਵੀ ਕਈ ਜ਼ਰੂਰੀ ਪੋਸ਼ਕ ਤੱਤ ਮੌਜੂਦ ਹੁੰਦੇ ਹਨ। ਇਸ ਨੂੰ ਖਾਣ ਨਾਲ ਪਾਚਨ ਕਿਰਿਆ ਵੀ ਠੀਕ ਰਹਿੰਦੀ ਹੈ।


ਬਦਾਮ-ਬਦਾਮ 'ਚ ਮੌਜੂਦ ਵਿਟਾਮਿਨ ਈ ਬਹੁਤ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਹੁੰਦਾ ਹੈ, ਜੋ ਸਰੀਰ ਨੂੰ ਕਈ ਫਾਇਦੇ ਪਹੁੰਚਾਉਂਦਾ ਹੈ।

ਬਰੋਕਲੀ-ਬਰੋਕਲੀ ਆਇਰਨ, ਵਿਟਾਮਿਨ ਕੇ, ਸੀ, ਫਾਈਬਰ ਅਤੇ ਐਂਟੀਆਕਸੀਡੈਂਟਸ ਦਾ ਖਜ਼ਾਨਾ ਹੈ। ਇਸ ਨੂੰ ਭੋਜਨ 'ਚ ਸ਼ਾਮਲ ਕਰਨ ਨਾਲ ਪਾਚਨ ਕਿਰਿਆ 'ਚ ਸੁਧਾਰ ਹੁੰਦਾ ਹੈ ਅਤੇ ਇਮਿਊਨਿਟੀ ਵੀ ਵਧਦੀ ਹੈ।

ਹਲਦੀ-ਹਲਦੀ, ਐਂਟੀਬੈਕਟੀਰੀਅਲ ਅਤੇ ਐਂਟੀਸੈਪਟਿਕ ਗੁਣਾਂ ਨਾਲ ਭਰਪੂਰ, ਇਮਿਊਨ ਸਿਸਟਮ ਨੂੰ ਸੁਧਾਰਦੀ ਹੈ।

ਸੇਬ-ਰੋਜ਼ਾਨਾ ਇੱਕ ਸੇਬ ਦਾ ਸੇਵਨ ਕਰਨ ਨਾਲ ਸਰੀਰ ਬਿਮਾਰੀਆਂ ਤੋਂ ਦੂਰ ਰਹਿੰਦਾ ਹੈ। ਸੇਬ ਵਿਟਾਮਿਨ ਏ, ਖਣਿਜ ਅਤੇ ਫਾਈਬਰ ਨਾਲ ਭਰਪੂਰ ਹੁੰਦਾ ਹੈ। ਸੇਬ ਹਰ ਮੌਸਮ 'ਚ ਮਿਲਣ ਵਾਲਾ ਬਹੁਤ ਹੀ ਫਾਇਦੇਮੰਦ ਫਲ ਹੈ।

## ਹਾਈ ਯੂਰਿਕ ਐਸਿਡ ਘਟਾਉਣ ਲਈ ਵਰਤੋਂ ਇਹ ਖ਼ੁਰਾਕ




ਸਰੀਰ ਵਿੱਚ ਪਿਊਰੀਨ ਦੇ ਮੈਟਾਬੋਲਿਜ਼ਮ ਤੋਂ ਬਾਅਦ ਬਣਦੇ ਵੇਸਟ ਉਤਪਾਦ ਨੂੰ ਯੂਰਿਕ ਐਸਿਡ ਕਿਹਾ ਜਾਂਦਾ ਹੈ। ਜਦੋਂ ਸਰੀਰ ਵਿਚ ਇਸ ਦੀ ਮਾਤਰਾ ਜ਼ਿਆਦਾ ਹੋ ਜਾਂਦੀ ਹੈ ਜਾਂ ਇਹ ਲੋੜੀਂਦੀ ਮਾਤਰਾ ਵਿਚ ਸਰੀਰ ਤੋਂ ਬਾਹਰ ਨਹੀਂ ਆ ਪਾਉਂਦੀ ਹੈ, ਤਾਂ ਇਹ ਵਧੇ ਹੋਏ ਯੂਰਿਕ ਐਸਿਡ ਦੇ ਸ਼ੀਸ਼ੇ ਦੇ ਰੂਪ ਵਿਚ ਜੋੜਾਂ 'ਤੇ ਇਕੱਠਾ ਹੋਣਾ ਸ਼ੁਰੂ ਕਰ ਦਿੰਦਾ ਹੈ, ਜਿਸ ਨਾਲ ਗਠੀਆ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਪਿਊਰੀਨ ਜਾਂ ਤਾਂ ਭੋਜਨ ਰਾਹੀਂ ਸਰੀਰ ਵਿੱਚ ਦਾਖਲ ਹੁੰਦੇ ਹਨ ਜਾਂ ਸਰੀਰ ਖੁਦ ਇਸਨੂੰ ਪੈਦਾ ਕਰਦਾ ਹੈ।

ਜੇਕਰ ਤੁਸੀਂ ਵੀ ਇਸ ਸਵਾਲ ਦਾ ਜਵਾਬ ਲੱਭ ਰਹੇ ਹੋ ਤਾਂ ਤੁਹਾਨੂੰ ਦੱਸ ਦੇਈਏ ਕਿ ਜਵਾਬ ਹਾਂ ਹੈ! ਗਾਊਟ ਤੋਂ ਬਚਣਾ ਬਿਲਕੁਲ ਸੰਭਵ ਹੈ। ਹਾਲਾਂਕਿ, ਕੁਝ ਗੰਭੀਰ ਮਾਮਲਿਆਂ ਵਿੱਚ, ਦਵਾਈਆਂ ਦੀ ਜਰੂਰਤ ਹੁੰਦੀ ਹੈ, ਪਰ ਸਹੀ ਪੋਸ਼ਣ ਦੇ ਨਾਲ ਭੋਜਨ ਖਾਣਾ ਇਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਓ ਜਾਣਦੇ ਹਾਂ ਕਿ ਕਿਹੜੇ ਫੂਡਜ਼ ਨੂੰ ਖਾਣ ਨਾਲ ਯੂਰਿਕ ਐਸਿਡ ਘੱਟ ਕੀਤਾ ਜਾ ਸਕਦਾ ਹੈ-

**ਕੜੀ ਪੱਤਾ**-ਇਹ ਫੋਲੇਟ ਦਾ ਵਧੀਆ ਸਰੋਤ ਹੈ। ਕੁਝ ਖੋਜਾਂ ਨੇ ਸਾਬਤ ਕੀਤਾ ਹੈ ਕਿ ਫੋਲੇਟ ਦਾ ਸੇਵਨ ਯੂਰਿਕ ਐਸਿਡ ਦੀ ਮਾਤਰਾ ਨੂੰ ਘਟਾਉਂਦਾ ਹੈ।

**ਅਮਰੂਦ**-ਅਮਰੂਦ, ਵਿਟਾਮਿਨ ਸੀ ਦਾ ਇੱਕ ਵਧੀਆ ਸਰੋਤ, ਯੂਰਿਕ ਐਸਿਡ ਨੂੰ ਘਟਾਉਣ ਲਈ ਵੀ ਜਾਣਿਆ ਜਾਂਦਾ ਹੈ। ਇਸ ਨੂੰ ਡਾਈਟ ਵਿਚ ਸ਼ਾਮਲ ਕਰਕੇ ਹਾਈ ਯੂਰਿਕ ਐਸਿਡ ਤੋਂ ਬਚਿਆ ਜਾ ਸਕਦਾ ਹੈ।

**ਹਲਦੀ**-ਹਲਦੀ ਭਾਰਤੀ ਪਕਵਾਨਾਂ ਵਿੱਚ ਵਰਤਿਆ ਜਾਣ ਵਾਲਾ ਇੱਕ ਪ੍ਰਸਿੱਧ ਮਸਾਲਾ ਹੈ। ਹਲਦੀ, ਐਂਟੀ-ਇੰਫਲੇਮੇਟਰੀ ਗੁਣਾਂ ਨਾਲ ਭਰਪੂਰ, ਸਰੀਰ ਨੂੰ ਯੂਰਿਕ ਐਸਿਡ ਦੇ ਵਧੇ ਹੋਏ ਪੱਧਰਾਂ ਨਾਲ ਲੜਨ ਲਈ ਤਿਆਰ ਕਰਦੀ ਹੈ।

**ਸੀਡਜ਼-ਫਲੈਕਸ** ਸੀਡਜ਼ ਜਾਂ ਫਲੈਕਸ ਸੀਡਜ਼ ਜਿਸ ਵਿੱਚ ਓਮੇਗਾ ਥ੍ਰੀ ਫੈਟੀ ਐਸਿਡ ਹੁੰਦੇ ਹਨ, ਯੂਰਿਕ ਐਸਿਡ ਦੇ ਵਧੇ ਹੋਏ ਪੱਧਰ ਨੂੰ ਵੀ ਘਟਾਉਂਦੇ ਹਨ।

**ਅਦਰਕ**-ਅਦਰਕ, ਐਂਟੀ-ਇਨਫਲੇਮੇਟਰੀ ਅਤੇ ਐਂਟੀ-ਆਕਸੀਡੈਂਟ ਗੁਣਾਂ ਨਾਲ ਭਰਪੂਰ, ਅਦਰਕ ਵਿੱਚ ਜਿੰਗਰੋਲ ਅਤੇ ਸ਼ੋਗਾਓਲ ਨਾਮਕ ਐਂਟੀ-ਇਨਫਲੇਮੇਟਰੀ ਏਜੰਟ ਹੁੰਦੇ ਹਨ, ਜੋ ਯੂਰਿਕ ਐਸਿਡ ਦੇ ਪੱਧਰ ਨੂੰ ਘਟਾਉਣ ਲਈ ਜਾਣੇ ਜਾਂਦੇ ਹਨ।

**ਵਿਟਾਮਿਨ ਸੀ**-ਵਿਟਾਮਿਨ ਸੀ ਯੁਕਤ ਨਿੰਬੂ ਸਰੀਰ ਵਿੱਚ ਦਾਖਲ ਹੋਣ ਤੋਂ ਬਾਅਦ ਅਲਕਲਾਈਨ ਵਿੱਚ ਬਦਲ ਜਾਂਦਾ ਹੈ, ਜਿਸ ਕਾਰਨ ਸਰੀਰ ਵਿੱਚ ਕੈਲਸ਼ੀਅਮ ਕਾਰਬੋਨੇਟ ਬਣਨਾ ਸ਼ੁਰੂ ਹੋ ਜਾਂਦਾ ਹੈ। ਇਹ ਕੈਲਸ਼ੀਅਮ ਯੂਰਿਕ ਐਸਿਡ ਨਾਲ ਬੰਧਨ ਬਣਾਉਂਦਾ ਹੈ ਅਤੇ ਇਸਨੂੰ ਪਾਣੀ ਅਤੇ ਹੋਰ ਮਿਸ਼ਰਣਾਂ ਵਿੱਚ ਤੋੜ ਦਿੰਦਾ ਹੈ। ਇਸ ਨਾਲ ਖੂਨ ਵਿੱਚ ਤੇਜ਼ਾਬ ਘੱਟ ਹੁੰਦਾ ਹੈ ਅਤੇ ਸਰੀਰ ਵਿੱਚ ਯੂਰਿਕ ਐਸਿਡ ਦੀ ਮਾਤਰਾ ਵੀ ਘੱਟ ਜਾਂਦੀ ਹੈ।

# * ਚੂੰਢਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਐਮ.ਪੀ. ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਹਾਈ ਕੋਰਟ ਵਿਚ ਚੁਣੌਤੀ- ਇਕ ਖ਼ਬਰ

-ਨਾਲ ਠਾਣੇਦਾਰ ਦੇ ਖਹਿੰਦੀ, ਚੁੱਕੀ ਹੋਈ ਲੰਬੜਾਂ ਦੀ।



*ਬੇਅਦਬੀ ਵਲ ਬੇਰੁਖ਼ੀ ਵਿਖਾਉਣ ਵਾਲਿਆਂ ਦਾ ਹਸ਼ਰ ਮਾੜਾ ਹੋਵੇਗਾ- ਪਰਗਟ ਸਿੰਘ

-ਕੀੜੇ ਪੈਣਗੇ ਮਰੇਂਗੀ ਸੱਪ ਲੜਕੇ, ਮਿੱਤਰਾਂ ਨੂੰ ਦਗਾ ਦੇਣੀਏਂ।



*ਸੰਸਦ 'ਚ ਚਰਨਜੀਤ ਸਿੰਘ ਚੰਨੀ ਅਤੇ ਰਵਨੀਤ ਸਿੰਘ ਬਿੱਟੂ ਇਕ-ਦੂਜੇ ਨਾਲ ਉਲਝੇ- ਇਕ ਖ਼ਬਰ

-ਕੁੰਡੇ ਟੁੱਟ ਗਏ, ਘੋਟਣੇ ਭੱਜ ਗਏ, ਤਕੀਏ ਮਲੰਗ ਲੜ ਪਏ।



*ਅਮਰੀਕੀ ਰਾਸ਼ਟਰਪਤੀ ਦੀ ਚੋਣ ਉਮੀਦਵਾਰੀ 'ਚੋਂ ਬਾਈਡਨ ਹੋਏ ਲਾਂਭੇ-ਇਕ ਖ਼ਬਰ

-ਭੱਠ ਪਿਆ ਸੋਨਾ, ਜਿਹੜਾ ਕੰਨਾਂ ਨੂੰ ਖਾਵੇ।



*ਆਪਣੇ ਮਿੱਤਰਾਂ ਨੂੰ ਖ਼ੁਸ਼ ਕਰਨ ਲਈ ਪੰਜਾਬ ਵਰਗੇ ਰਾਜਾਂ ਨਾਲ ਬਜਟ ਵਿਚ ਧੋਖਾ ਕੀਤਾ ਗਿਆ- ਰਾਜਾ ਵੜਿੰਗ

-ਮਿੱਤਰਾਂ ਦੇ ਫੁਲਕੇ ਨੂੰ, ਨੀਂ ਮੈਂ ਖੰਡ ਦਾ ਪਲੇਥਣ ਲਾਵਾਂ।



*ਕੇਂਦਰ ਸਰਕਾਰ ਦੀ ਨੀਅਤ ਅਤੇ ਨੀਤੀ ਦੋਵੇਂ ਖੋਟੇ- ਸਰਵਣ ਸਿੰਘ ਪੰਧੇਰ

-ਢਾਬ ਤੇਰੀ ਦਾ ਗੰਧਲਾ ਪਾਣੀ, ਉੱਤੋਂ ਬੂਰ ਹਟਾਵਾਂ।

*ਹਰਿਆਣਾ ਪੁਲਿਸ ਦੇ ਅਫ਼ਸਰਾਂ ਨੂੰ ਗੈਲੰਟਰੀ ਐਵਾਰਡਾਂ ਨੂੰ ਹਾਈਕੋਰਟ 'ਚ ਚੁਣੌਤੀ- ਇਕ ਖ਼ਬਰ

-ਲੋਕੋ ਜਾਗਦੇ ਰਹਿਣਾ, ਗੱਡੀ ਜ਼ਾਲਮਾਂ ਦੀ ਆਈ।



*ਸੁਖਬੀਰ ਬਾਦਲ ਨੇ ਅਕਾਲ ਤਖ਼ਤ 'ਤੇ ਪੇਸ਼ ਹੋ ਕੇ 'ਜਥੇਦਾਰ' ਨੂੰ ਲਿਖਤੀ ਸਪਸ਼ਟੀਕਰਨ ਦਿਤਾ- ਇਕ ਖ਼ਬਰ

-ਕੀਤੇ ਤੂੰ ਜੋ ਐਬ ਹਦਾਇਤੁੱਲਾ, ਨਹੀਂ ਕਿਸੇ ਦੇ ਵਹਿਮ ਗੁਮਾਨ ਅੰਦਰ।



*ਮੁੱਖ ਮੰਤਰੀ ਮਾਨ ਵਲੋਂ ਨੀਤੀ ਆਯੋਗ ਦੀ ਮੀਟਿੰਗ ਦੇ ਬਾਈਕਾਟ ਦਾ ਐਲਾਨ- ਇਕ ਖ਼ਬਰ

-ਆਹ ਲੈ ਫੜ ਮਿੱਤਰਾ, ਮੇਰੇ ਬਾਂਕਾਂ ਮੇਚ ਨਾ ਆਈਆਂ।

*ਕਿਸਾਨ ਪੰਦਰਾਂ ਅਗਸਤ ਨੂੰ ਕੱਢਣਗੇ ਟ੍ਰੈਕਟਰ ਮਾਰਚ- ਇਕ ਖ਼ਬਰ

-ਸਿੰਘ ਸੂਰਮੇ ਸ਼ੇਰ ਦਲੇਰ ਬਾਂਕੇ, ਕੱਸਣ ਘੋੜੀਆਂ ਜਿਨ੍ਹਾਂ ਸਵਾਰੀਆਂ ਨੀ।

*ਸਰਕਾਰ ਨੇ ਸੰਸਦ 'ਚ ਕਿਹਾ ਕਿ ਬਿਹਾਰ ਨੂੰ ਵਿਸ਼ੇਸ਼ ਦਰਜਾ ਦੇਣ ਦਾ ਮਾਮਲਾ ਨਹੀਂ ਬਣਦਾ- ਇਕ ਖ਼ਬਰ

-ਤੇਰਾ ਕੱਖ ਨਹੀਂ ਬਚਨੀਏਂ ਰਹਿਣਾ, ਛੜਿਆਂ ਦਾ ਹੱਕ ਮਾਰ ਕੇ।



*ਮੋਦੀ ਸਰਕਾਰ ਜੰਮੂ-ਕਸ਼ਮੀਰ ਵਿਚ ਕੁਝ ਨਹੀਂ ਬਦਲ ਸਕੀ- ਉਮਰ ਅਬਦੁੱਲਾ

-ਰੋਂਦੀ ਮਾਂ ਸੁੰਦਰ ਦੀ ਖੜ੍ਹ ਕੇ, ਕਿਹੜਾ ਦੇਵੇ ਧੀਰਾਂ।



*ਕੇਂਦਰੀ ਬਜਟ 'ਚ ਸਰਕਾਰ ਹਰਿਆਣੇ ਦਾ ਨਾਂ ਲੈਣਾ ਹੀ ਭੁੱਲ ਗਈ- ਦੀਪੇਂਦਰ ਹੁੱਡਾ

-ਮਾਰੀਂ ਨਾ, ਖਿਚੜੀ 'ਚ ਵੇ ਲੂਣ ਭੁੱਲ ਗਈ।



*ਰਾਹੁਲ ਗਾਂਧੀ ਨੇ ਭਾਰਤੀ ਇਮਤਿਹਾਨ ਪ੍ਰਣਾਲੀ ਨੂੰ 'ਫਰਾਡ' ਕਰਾਰ ਦਿਤਾ- ਇਕ ਖ਼ਬਰ

-ਸਿਆਲ਼ਾਂ ਦੇ ਵਿਹੜੇ ਨਿੰਮ ਜੋ, ਉਹਦੇ ਪੱਤ ਗਏ ਕੁਮਲਾਅ।



*ਮਮਤਾ ਨੇ ਨੀਤੀ ਆਯੋਗ ਦੀ ਮੀਟਿੰਗ 'ਚੋਂ ਕੀਤਾ ਵਾਕਆਊਟ- ਇਕ ਖ਼ਬਰ

-ਅੰਨ੍ਹਿਆਂ ਦੀ ਮੰਡੀ ਦਾ, ਛੱਡ ਦੇ ਸਾਕ ਕੁਸੰਗਾ।

* * * * * * *

# ਇੱਕ ਜ਼ਰੂਰੀ ਮਸਲਾ

**ਕਿਰਪਾਲ ਸਿੰਘ ਪੰਨੂੰ**
905-796-0531, Emial:
ikrpal.pannu36@gmial.com

ਵਿਚਾਰ ਅਧੀਨ ਮੁੱਦਾ ਤਾਂ ਹੈ ਉਰਦੂ ਅਤੇ ਸ਼ਾਹਮੁਖੀ ਵਿੱਚ ਪੂਰੀਆਂ ਮਾਤਰਾਂ ਕਿਓਂ ਨਹੀਂ ਟਾਈਪ ਕੀਤੀਆਂ ਜਾਂਦੀਆਂ। ਪਰ ਪਹਿਲੋਂ ਲਿੱਪੀਆਂ ਵਾਰੇ ਕੁੱਝ ਜ਼ਰੂਰੀ ਨੁਕਤੇ ਸੰਖੇਪ ਵਿੱਚ ਵਿਚਾਰ ਲਏ ਜਾਣ ਤਾਂ ਠੀਕ ਰਹੇਗਾ। ਸਾਰੇ ਜਾਣਦੇ ਹਾਂ ਕਿ ਹਰ ਇੱਕ ਭਾਸ਼ਾ ਦਾ ਹੌਲੀ-ਹੌਲੀ ਤੇ ਕੁਦਰਤੀ ਵਿਕਾਸ਼ ਹੋਇਆ ਪਹਿਲੋਂ ਬੋਲਣ ਲਈ ਤੇ ਫਿਰ ਲਿਖਣ ਲਈ। ਇਸ ਕਾਰਜ ਨੂੰ ਸਦੀਆਂ ਦਾ ਸਮਾਂ ਲੱਗਿਆ। ਤੇ ਭਾਸ਼ਾਵਾਂ ਅਤੇ ਲਿੱਪੀਆਂ ਦਾ ਵਿਕਾਸ਼ ਅੱਜ ਵੀ ਹੋ ਰਿਹਾ ਹੈ ਅਤੇ ਅੱਗੇ ਨੂੰ ਵੀ ਹੁੰਦਾ ਰਹੇਗਾ। ਵਿਕਾਸ਼ ਹੀ ਜੀਵਨ ਹੈ ਹਰ ਇੱਕ ਸ਼ੈ ਦਾ। ਵਿਕਾਸ਼ ਦੀ ਗਤੀ ਉਸ ਭਾਸ਼ਾ ਜਾਂ ਲਿੱਪੀ ਵਿਸ਼ੇਸ਼ ਨੂੰ ਬੋਲਣ ਲਿਖਣ ਵਾਲ਼ਿਆਂ ਦੀ ਬੌਧਕਤਾ, ਸੋਚ ਅਤੇ ਇੱਛਾ ਅਨੁਸਾਰ ਹੁੰਦੀ ਹੈ। ਭਾਸ਼ਾਵਾਂ ਤੇ ਲਿੱਪੀਆਂ ਨੂੰ, ਉਨ੍ਹਾਂ ਵਿੱਚ ਲਿਖੇ ਗਏ ਧਰਮ ਗ੍ਰੰਥਾਂ ਨੇ ਅੰਮ੍ਰਿਤਾ ਵੀ ਬਖ਼ਸ਼ੀ ਹੈ ਅਤੇ ਜੜ੍ਹ ਜੂਨੀ ਵੀ। ਸੂਝਵਾਨ ਵਿੱਦਵਾਨ ਅਤੇ ਮਾਹਰ ਭਾਸ਼ਾ ਤੇ ਲਿੱਪੀ ਨੂੰ ਸਮਿਆਂ ਦੀ ਹਾਣੀ ਬਨਾਉਣ ਦੇ ਸਦਾ ਯਤਨ ਕਰਦੇ ਰਹਿੰਦੇ ਹਨ। ਸਮਾਂ, 'ਚੋਰ ਸਿਪਾਹੀ ਦੀ ਚਾਲ ਵਿਚਲੇ ਚੋਰ ਵਾਂਗ' ਸਦਾ ਅੱਗੇ ਰਹਿੰਦਾ ਹੈ।

ਪੰਜਾਬੀ ਦੀਆਂ ਦੋ ਲਿੱਪੀਆਂ ਹਨ। ਗੁਰਮੁਖੀ ਅਤੇ ਸ਼ਾਹਮੁਖੀ। ਸਮੇਂ ਨੇ ਬੋਲਣ ਵਾਲ਼ਿਆਂ ਦੀ ਗਿਣਤੀ ਪੱਖੋਂ ਸ਼ਾਹਮੁਖੀ ਨੂੰ ਪਹਿਲੇ ਨੰਬਰ ਉੱਤੇ ਲੈ ਆਂਦਾ ਹੈ। ਇਨ੍ਹਾਂ ਵਿੱਚੋਂ ਵਿਰਲੇ ਹੀ ਹਨ ਜੋ ਗੁਰਮੁਖੀ ਅਤੇ ਸ਼ਾਹਮੁਖੀ ਦੋਹਾਂ ਦੇ ਵਿੱਦਵਾਨ ਹਨ। ਹਰ ਇੱਕ ਵਿਅਕਤੀ ਤੋਂ ਇਹ ਆਸ ਰੱਖੀ ਵੀ ਨਹੀਂ ਜਾ ਸਕਦੀ। ਪਰ ਗੁਰਮੁਖੀ ਅਤੇ ਸ਼ਾਹਮੁਖੀ ਦੀਆਂ ਚੰਗੀਆਂ ਰਚਨਾਵਾਂ ਦਾ ਪਰਵਰਤਨ ਇੱਛਾਵਾਨਾਂ ਅੱਗੇ ਜ਼ਰੂਰ ਪਰੋਸਿਆ ਜਾ ਸਕਦਾ ਹੈ। ਇਸ ਕਾਰਜ ਲਈ, ਅਜੋਕਾ ਕੰਪਿਊਟਰ ਅਤੇ ਪ੍ਰੋਗਰਾਮਰ ਦੋਵੇਂ ਹੀ ਸਮਰੱਥ ਹਨ। ਪੰਜਾਬੀਆਂ ਦੇ ਇੱਕ ਦੂਜੇ ਦੇ ਜੀਵਨ ਢੰਗ ਨੂੰ ਸਮਝਣ ਲਈ ਇਨ੍ਹਾਂ ਦੋਹਾਂ ਲਿੱਪੀਆਂ ਦਾ ਆਪਸੀ ਪਰਵਰਤਨ ਬਹੁਤ ਜ਼ਰੂਰੀ ਹੈ ਤੇ ਸਹੀ ਢੰਗ ਤਰੀਕਾ ਹੈ।

ਲੇਖਕ 25, 30 ਸਾਲ ਤੋਂ ਗੁਰਮੁਖੀ ਸ਼ਾਹਮੁਖੀ ਪਰਵਰਤਨ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਯਤਨਾਂ ਵਿੱਚ ਹੈ। ਗੁਰਮੁਖੀ ਸ਼ਾਹਮੁਖੀ ਦਾ ਦੁਪਾਸੀ ਪਰਵਰਤਨ ਦੋ ਵਿਧੀਆਂ ਨਾਲ਼ ਕੀਤਾ ਜਾ ਸਕਦਾ ਹੈ। 1. ਅੱਖਰ ਤੋਂ ਅੱਖਰ ਦਾ। ਜਿਨ੍ਹਾਂ ਦੀ ਕੁੱਲ ਗਿਣਤੀ ਸੌ ਕੁ ਦੇ ਕਰੀਬ ਬਣਦੀ ਹੈ। ਇਹ ਸੌਖਾ ਤਰੀਕਾ ਹੈ। ਪਰ ਇਸ ਲਈ ਚਾਹੀਦਾ ਹੈ ਕਿ ਜਿੱਥੋਂ ਤੀਕਰ ਹੋ ਸਕੇ, ਦੋਹਾਂ ਲਿੱਪੀਆਂ ਦੇ ਅੱਖਰ ਸਮਾਨਾਨਤਰ ਹੋਣ। ਜੋ ਹਨ ਨਹੀਂ ਇਸ ਲਈ ਕਿਤੇ ਨਾ ਕਿਤੇ ਸਮਝੌਤਾ ਕਰਨਾ ਪੈਂਦਾ ਹੈ। 2. ਸ਼ਬਦ ਤੋਂ ਸ਼ਬਦ ਦਾ। ਹੋ ਇਹ ਵੀ ਸਕਦਾ ਹੈ ਪਰ ਸ਼ਬਦਾਂ ਦੀ ਗਿਣਤੀ ਲੱਖਾਂ, ਕਰੋੜਾਂ ਭਾਵ ਅਸੀਮ ਹੈ। ਤੇ ਪ੍ਰੋਗਰਾਮ ਸੀਮਤ ਸ਼ਬਦਾਂ ਦਾ ਹੀ ਬਣਾਇਆ ਜਾ ਸਕਦਾ ਹੈ। ਸੌਖ ਅਤੇ ਦਰੁਸਤੀ ਲਈ ਪਰਵਰਤਨ ਲਈ ਦੋਹਾਂ ਵਿਧੀਆਂ ਦਾ ਸੁਮੇਲ ਹੀ ਠੀਕ ਰਹਿੰਦਾ ਹੈ। ਇਨ੍ਹਾਂ ਪਰਵਤਨਾਂ ਵਿੱਚ ਵੱਡੀ ਸਮੱਸਿਆ ਹੈ ਲਿਖਣ ਸਮੇਂ ਰਚਨਾਵਾਂ ਵਿੱਚ ਬਣਦੀਆਂ ਮਾਤਰਾਂ ਦਾ ਨਾ ਲਾਉਣਾ। ਮਾਤਰਾਂ ਦੀ ਅਣਹੋਂਦ ਵਿੱਚ ਵਾਕ ਦੇ ਸੰਦਰਭ ਵਿੱਚ ਪਾਠਕ ਸੋਝੀ ਅਨੁਸਾਰ ਸ਼ਬਦ ਨੂੰ ਆਪੇ ਹੀ ਸਮਝਦਾ ਹੈ ਤੇ ਸੋਝੀ ਹਰ ਇੱਕ ਦੀ ਆਪੋ ਆਪਣੀ ਹੁੰਦੀ ਹੈ। ਇਸ ਵਿਚਾਰ ਨੂੰ ਵਿੱਦਵਾਨਾਂ ਨੇ ਵੀ ਪਰਵਾਨ ਕਰ ਲਿਆ ਹੈ ਕਿ ਇਸ ਵਿਧੀ ਅਨੁਸਾਰ ਅਰਥਾਂ ਨਾਲ਼ ਅਨਰਥ ਹੁੰਦੇ ਦੇਖੇ ਸੁਣੇ ਗਏ ਹਨ। ਇਹ ਕਾਰਵਾਈ ਸ਼ਾਹਮੁਖੀ ਨੂੰ ਗੁਰਮੁਖੀ ਵਿੱਚ ਅਲਖਾਉਣ ਵੇਲੇ ਸਿਖਰ ਉੱਤੇ ਦੇਖੀ ਗਈ ਹੈ।

ਪਰਵਰਤਨ ਸਬੰਧੀਂ ਸਹੀ ਗੱਲ ਤਾਂ ਇਹ ਹੈ ਕਿ ਜੇ ਸ਼ਾਹਮੁਖੀ ਵਿੱਚ ਬਣਦੀਆਂ ਸਾਰੀਆਂ ਮਾਤਰਾਂ ਲਾਈਆਂ ਜਾਣ ਤਾਂ ਸ਼ਾਹਮੁਖੀ ਤੋਂ ਗੁਰਮੁਖੀ ਪਰਵਰਤਨ ਇੱਕ ਬੱਚਿਆਂ ਦੀ ਖੇਲ੍ਹ ਬਣ ਜਾਂਦਾ ਹੈ ਅਤੇ ਹੋਵੇਗਾ ਵੀ ਲੱਗਭੱਗ ਸੌ ਪ੍ਰਤੀ ਸ਼ਦ ਠੀਕ। ਇੰਨੀਆਂ ਲਾਭਦਾਇਕ ਹੋਣ ਤੇ ਵੀ ਸ਼ਾਹਮੁਖੀ ਵਿੱਚ ਸਾਰੀਆਂ ਮਾਤਰਾਂ ਕਿਓਂ ਨਹੀਂ ਲਾਈਆਂ ਜਾਂਦੀਆਂ ਇਸ ਸਬੰਧੀ ਲੇਖਕ ਵੱਲੋਂ ਉਰਦੂ ਦੇ ਵਿੱਦਵਾਨਾਂ ਅੱਗੇ ਸਮੇਂ ਸਮੇਂ ਸਵਾਲ ਉਠਾਏ ਗਏ ਹਨ। ਤੇ ਉੱਤਰ ਕੁੱਝ ਅੱਗੇ ਲਿਖੇ ਅਨੁਸਾਰ ਮਿਲ਼ੇ ਹਨ।

1. ਧਾਰਮਕ ਗ੍ਰੰਥਾਂ ਵਿੱਚ ਮਾਤਰਾਂ ਦੀ ਬਹੁਤ ਘੱਟ ਵਰਤੋਂ ਹੈ ਇਸ ਲਈ ਆਮ ਲਿਖਤਾਂ ਵਿੱਚ ਵੀ ਮਾਤਰਾਂ ਨਹੀਂ ਲਾਈਆਂ ਜਾਂਦੀਆਂ। (ਸੂਚਨਾ: ਲੇਖਕ ਨੇ ਸਮਰਾਲ਼ੇ ਮਸਜਿਦ ਵਿੱਚ ਜਾ ਕੇ ਆਪ ਦੇਖਿਆ ਕਿ ਕੁਰਾਨ ਸ਼ਰੀਫ ਵਿੱਚ ਪੂਰੀਆਂ ਮਾਤਰਾਂ ਲੱਗੀਆਂ ਹੋਈਆਂ ਹਨ। ਜਦੋਂ ਇਸਦੀ ਚਰਚਾ ਉਰਦੂ ਲਿਖਾਰੀਆਂ ਨਾਲ਼ ਕੀਤੀ ਤਾਂ, "ਘੱਟ ਪੜ੍ਹਿਆਂ ਨੂੰ ਕੁਰਾਨ ਸ਼ਰੀਫ ਦੀ ਸਹੀ ਸਮਝ ਦੇਣ ਲਈ ਇਹ ਲਾਈਆਂ ਗਈਆਂ ਹਨ। ਵਰਨਾ ਅਸਲੀ ਕੁਰਾਨ ਸ਼ਰੀਫ ਵਿੱਚ ਪੂਰੀਆਂ ਮਾਤਰਾਂ ਨਹੀਂ ਲਾਈਆਂ ਗਈਆਂ", ਦਾ ਉੱਤਰ ਮਿਲ਼ਿਆ ਸੀ। ਪਰ ਇਹ ਵਰਤਾਰਾ ਗੁਰਮੁਖੀ ਵਿੱਚ ਨਹੀਂ। ਇਸ ਦੇ ਧਾਰਮਕ ਗ੍ਰੰਥਾਂ ਵਿੱਚ ਮਾਤਰਾਂ ਪਾਉਣ ਦੀ ਆਪਣੀ ਗਰਾਮਰ ਹੈ ਅਤੇ ਆਮ ਰਚਨਾਵਾਂ ਵਿੱਚ ਹੋਰ। ਗੁਰਮੁਖੀ ਲਿੱਪੀ ਵਿੱਚ ਲੋੜ ਅਨੁਸਾਰ ਵਿਕਾਸ਼ ਹੋ ਰਿਹਾ ਹੈ। ਜਿਸਦੀਆਂ ਸਪਸ਼ਟ ਉਦਾਹਰਣਾਂ ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨਕੋਸ਼ ਵਿੱਚ ਅਤੇ ਪੁਰਾਣੀ ਤੇ ਅਜੋਕੀ ਪੰਜਾਬੀ ਦਾ ਮੁਕ-ਾਬਲਾ ਕਰ ਕੇ ਦੇਖੀਆਂ ਜਾ ਸਕਦੀਆਂ ਹਨ।

2. ਲਿਖਾਰੀ ਦਾ ਸੁਸਤੀ ਮਾਰਨ ਦਾ ਸੁਭਾਅ। ਪਰ ਸੁਸਤੀ ਗੁਰਮੁਖੀ ਵਿੱਚ ਘੱਟ ਅਤੇ ਸ਼ਾਹਮੁਖੀ ਵਿੱਚ ਵੱਧ ਕਿਓਂ ਮਾਰੀ ਜਾਂਦੀ ਹੈ? ਮਾਤਰਾਂ ਘੱਟ ਪਾਉਣ ਵਾਲ਼ਿਆਂ ਦੀ ਦਲੀਲ ਹੈ ਕਿ ਜਦੋਂ ਇਨ੍ਹਾਂ ਦੇ ਪਾਉਣ ਤੋਂ ਬਿਨਾਂ ਹੀ ਸਰ ਜਾਂਦਾ ਹੈ ਫਿਰ ਵਾਧੂ ਖੇਚਲ ਕਿਓਂ ਕੀਤੀ ਜਾਵੇ?

3. ਸ਼ਾਹਮੁਖੀ (ਉਰਦੂ) ਵਿੱਦਵਾਨ ਪੂਰੀਆਂ ਮਾਤਰਾਂ ਲਿਖਣ ਵਾਲ਼ੇ ਨੂੰ ਅਨਾੜੀ ਸਮਝਦੇ ਹਨ ਅਤੇ ਘੱਟ ਪਾਉਣ ਵਾਲ਼ੇ ਨੂੰ ਪਹੁੰਚਿਆ ਹੋਇਆ ਵਿੱਦਵਾਨ। ਹਰ ਕੋਈ ਆਪਣੇ ਆਪ ਨੂੰ ਇੱਕ ਪਹੁੰਚਿਆ ਹੋਇਆ ਵਿੱਦਵਾਨ ਹੀ ਸਮਝਿਆ ਜਾਣਾ ਚਾਹੁੰਦਾ ਹੈ।

4. ਕੋਰਟ ਕਚਹਿਰੀ ਦੀ ਭਾਸ਼ਾ ਦੇ ਲਿਖਣ ਦੀ ਰੁਚੀ ਸੰਖੇਪ ਹੱਥ ਲਿਖਤ (ਸ਼ੌਰਟ ਹੈਂਡ) ਵੱਲ ਨੂੰ ਤੋਰਦੀ ਹੈ ਤਾਂ ਕਿ ਹਾਕਮ ਦੇ ਬੋਲਣ ਦੇ ਨਾਲ਼-ਨਾਲ਼ ਹੀ ਲਿਖਿਆ ਜਾਵੇ ਅਤੇ ਕੋਈ ਭਾਗ ਰਹਿ ਨਾ ਜਾਏ। ਉਰਦੂ ਭਾਸ਼ਾ ਜੋ ਸ਼ਾਹਮੁਖੀ ਦੀ ਮਾਂ ਹੈ ਤਾਂ ਕਈ ਸਦੀਆਂ ਤੀਕਰ ਪੰਜਾਬ ਦੀ ਸਰਕਾਰੀ ਦਰਬਾਰੀ ਭਾਸ਼ਾ ਰਹੀ ਹੈ। ਸੋ ਲਿਖਾਰੀ ਛੇਤੀ ਲਿਖਣ ਲਈ ਮਾਤਰਾਂ ਲਿਖਣੀਆਂ ਛੱਡ ਦਿੰਦੇ ਹਨ।

5. ਸ਼ਾਹਮੁਖੀ ਤੇ ਉਰਦੂ ਪਹਿਲੋਂ ਪ੍ਰਿੰਟ ਕਰਨ ਲਈ ਕੰਪੋਜ਼ ਕਰਨ ਦੇ ਯੋਗ ਨਹੀਂ ਸਨ। ਸੋ ਅਖ਼ਬਾਰ, ਕਿਤਾਬਾਂ ਪਹਿਲੋਂ ਕਾਤਿਬਾਂ ਵੱਲੋਂ ਹੱਥ ਨਾਲ ਲਿਖੀਆਂ ਜਾਂਦੀਆਂ ਸਨ। ਕਾਤਿਬ ਘੱਟ ਤੋਂ ਘੱਟ ਸਮੇਂ ਵਿੱਚ ਵੱਧ ਤੋਂ ਵੱਧ ਲਿਖਣ ਲਈ ਪੂਰੀਆਂ ਮਾਤਰਾਂ ਪਾਉਣ ਦੀ ਕੁਤਾਹੀ ਕਰ ਜਾਂਦੇ ਸਨ। ਪਾਠਕਾਂ ਕੋਲ਼ ਉਦੋਂ ਵੀ ਤੇ ਅੱਜ ਵੀ ਸਿਵਾਏ ਇਸ ਕਮਜ਼ੋਰੀ ਨੂੰ ਸਵੀਕਾਰ ਕਰਨ ਦੇ ਕੋਈ ਦੂਸਰਾ ਰਾਹ ਨਹੀਂ ਰਹਿ ਜਾਂਦਾ ਸੀ। ਜੇ ਪਾਠਕ ਕਿੰਤੂ ਪ੍ਰੰਤੂ ਉਠਾਉਣ ਤਾਂ ਪ੍ਰਿੰਟਰ ਕੋਲ਼ ਵੀ ਠੀਕ ਛਾਪਣ ਤੋਂ ਬਿਨਾਂ ਕੋਈ ਹੋਰ ਰਾਹ ਬਾਕੀ ਨਾ ਹੋਵੇ। ਅਸਲ ਵਿੱਚ ਪੂਰੀਆਂ ਮਾਤਰਾਂ ਨਾ ਪਾਉਣ ਦਾ ਵੱਡਾ ਕਾਰਨ ਇਹੋ ਹੀ ਜਾਪਦਾ ਹੈ।

ਮੇਰੀ ਸੂਝ ਅਨੁਸਾਰ ਕੰਪਿਊਟਰ ਦੇ ਆ ਜਾਣ ਨਾਲ਼ ਉਪਰੋਕਤ ਕਾਰਨਾਂ ਵਿੱਚੋਂ ਜੇ ਸਾਰੇ ਨਹੀਂ ਤਾਂ ਬਹੁਤੇ ਕਾਰਨ ਅੱਜ ਅਲੋਪ ਹੋ ਚੁੱਕੇ ਹਨ। ਆਸ ਕੀਤੀ ਜਾਂਦੀ ਹੈ ਕਿ ਹੁਣ ਸ਼ਾਹਮੁਖੀ ਲਿਖਣ ਜਾਂ ਟਾਈਪ ਕਰਨ ਵਾਲ਼ਿਆਂ ਨੂੰ ਪੂਰੀਆਂ ਮਾਤਰਾਂ ਪਾਉਣ ਵੱਲ ਮੋੜਾ ਕੱਟਣਾ ਚਾਹੀਦਾ ਹੈ। ਪਰ ਕੱਟਦਾ ਦਿਖਾਈ ਨਹੀਂ ਦੇ ਰਿਹਾ। ਕਿਓਂ? ਇਹੋ ਹੀ ਅੱਜ ਦਾ ਵੱਡਾ ਮਸਲਾ ਹੈ। ਜੇ ਰੋਗ ਲੱਗ ਪਵੇ ਤਾਂ ਉਸਦਾ ਭੋਗ ਵੀ ਪਾਇਆ ਜਾ ਸਕਦਾ ਹੈ।

ਇਸਦਾ ਕਾਰਨ ਜਾਨਣ ਲਈ ਮੈਂ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੀ ਜੁਲਾਈ 21, 2024 ਦੀ ਮੀਟਿੰਗ ਵਿੱਚ ਇਹ ਮੁੱਦਾ ਪੇਸ਼ ਕੀਤਾ। ਕਿਉਂਕਿ ਇਸ ਵਿੱਚ ਬਹੁਤ ਸਾਰੇ ਪਾਕਿਸਤਾਨੀ ਵਿੱਦਵਾਨ ਜਿਵੇਂ ਕਿ ਓਰੀਐਂਟਲ ਕਾਲਜ ਲਾਹੌਰ ਦੀ ਪ੍ਰਿੰਸੀਪਲ ਤੇ ਇੰਸਟੀਚਿਊਟਰ ਆਫ ਪੰਜਾਬੀ ਐਂਡ ਕਲਚਰਲ ਸਟੱਡੀਜ਼ ਦੀ ਡਾਇਰੈੱਕਟਰ ਡਾ. ਨਬੀਲਾ ਰਹਿਮਾਨ, ਪ੍ਰੋ. ਆਸ਼ਿਕ ਰਹੀਲ, ਹਜ਼ਰਤ ਸ਼ਾਮ ਸੰਧੂ, ਸਮੀਉੱਲਾ ਖ਼ਾਨ, ਰੋਬੀਨਾ ਨਸੀਮ, ਮਕਸੂਦ ਚੌਧਰੀ, ਰਸ਼ੀਦ ਨਦੀਮ, ਜ਼ਾਹਿਦਾ ਰਹੀਲ, ਅਹਿਮਦ ਫ਼ੈਸਲ ਸਦੀਕ, ਖ਼ਾਲਿਦ ਵਿਰਕ, ਮੁਹੰਮਦ ਉਸਮਾਨ ਖ਼ਾਨ, ਮਹੁੰਮਦ ਸਲੀਮ, ਮਹੁੰਮਦ ਉਮੈਦ ਵਿਰਕ, ਫ਼ੈਸਲ ਇਲਿਆਸ, ਸਲੀਮ ਜਾਵੇਦ ਆਦਿਇਸ ਹਾਜ਼ਰ ਸਨ। ਪਰ ਕਿਸੇ ਵੱਲੋਂ ਵੀ ਕੋਈ ਢੁਕਵਾਂ ਉੱਤਰ ਨਹੀਂ ਮਿਲਿਆ। ਕੇਵਲ ਪ੍ਰੋਫੈੱਸਰ ਆਸ਼ਿਕ ਰਹੀਲ ਹੋਰਾਂ ਨੇ ਕਿਹਾ, "ਇਸਦਾ ਉੱਤਰ ਮੈਂ 2008 ਵਿੱਚ ਦੇ ਚੁੱਕਿਆ ਹਾਂ", ਮੈਂ ਇਸ ਨੂੰ ਆਪਣੇ ਸਵਾਲ ਦੀ ਵਰੋਧਤਾ ਵਜੋਂ ਲਿਆ।

ਅਗਲੇ ਦਿਨ ਮੈਂ ਰਹੀਲ ਸਾਹਿਬ ਨੂੰ ਫੋਨ ਉੱਤੇ ਉਹ ਕਾਰਨ ਦੋਬਾਰਾ ਦੱਸਣ ਲਈ ਬੇਨਤੀ ਕੀਤੀ। ਉਨ੍ਹਾਂ ਕੋਈ ਖਾਸ ਨਹੀਂ ਦੱਸੇ। ਸਗੋਂ ਇਹ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੇ ਤਾਂ ਮੇਰੇ ਹੱਕ ਵਿੱਚ ਗੱਲ ਕੀਤੀ ਸੀ। ਖੈਰ ਮੈਂ ਤੇ ਰਹੀਲ ਸਾਹਿਬ ਕਈ ਦਹਾਕਿਆਂ ਤੋਂ ਇਕੱਠਿਆਂ ਕੰਮ ਕਰਦੇ ਆ ਰਹੇ ਹਾਂ। ਉਹ ਬਹੁਤ ਹੀ ਵਧੀਆ ਇਨਸਾਨ ਵੀ ਹਨ ਤੇ ਵਿੱਦਵਾਨ ਵੀ ਹਨ। ਮੈਂ ਉਨ੍ਹਾਂ ਦਾ ਦਿਲੋਂ ਸਤਕਾਰ ਕਰਦਾ ਹਾਂ। ਭਾਵੇਂ ਕਿ ਉਹ ਮੇਰੀ ਜਗਿਆਸਾ ਦੀ ਪੂਰਤੀ ਨਹੀਂ ਕਰ ਸਕੇ। ਪਰ ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਗੁਰਮੁਖੀ ਤੋਂ ਸ਼ਾਹਮੁਖੀ ਵਿੱਚ ਲਿੱਪੀਆਂਤਰ ਕੀਤੀਆਂ ਹਨ।

ਮੈਂ ਉਰਦੂ ਸ਼ਾਹਮੁਖੀ ਦੇ ਲਿਖਾਰੀਆਂ ਨੂੰ ਖਾਸ ਕਰਕੇ ਅਤੇ ਹਰ ਭਾਸ਼ਾ ਦੇ ਲਿਖਾਰੀ ਨੂੰ ਆਮ ਕਰਕੇ ਬੇਨਤੀ ਕਰਦਾ ਹਾਂ ਕਿ ਸੁਸਤੀਆਂ ਲਾਪਰਵਾਹੀਆਂ ਲਿੱਪੀਆਂ ਨੂੰ ਗ਼ਲਤ ਦਿਸ਼ਾਵਾਂ ਵੱਲ ਤੋਰਦੀਆਂ ਹਨ। ਕਿਰਪਾ ਕਰਕੇ ਅਪਣੀਆਂ ਰਚਨਾਵਾਂ ਵਿੱਚ ਸਹੀ ਅਤੇ ਪੂਰੀਆਂ ਮਾਤਰਾਂ ਦੀ ਵਰਤੋਂ ਕਰੋ। ਸਹੀ ਗੱਲ ਤਾਂ ਇਹ ਵੀ ਹੈ ਕਿ ਅਖਰਾਂ, ਸ਼ਬਦਾਂ, ਮਾਤਰਾਂ ਦੀ ਸਹੀ ਵਰਤੋਂ ਜਿੰਨੀਂ ਜ਼ਰੂਰੀ ਹੈ ਪੰਕਚੂਏਸ਼ਨ ਚਿੰਨ੍ਹਾਂ ਦੀ ਸਹੀ ਵਰਤੋਂ ਵੀ ਉਤਨੀ ਹੀ ਜ਼ਰੂਰੀ ਹੈ। ਪੰਕਚੂਏਸ਼ਨ ਦੀ ਗ਼ਲਤ ਵਰਤੋਂ ਕਈ ਪਰਮਾਣਤ ਲਿਖਾਰੀ ਵੀ ਆਮ ਹੀ ਕਰ ਜਾਂਦੇ ਹਨ। ਸਾਡੀਆਂ ਅੱਜ ਦੀਆਂ ਕਿਤਾਬਾਂ ਅਤੇ ਅਖ਼ਬਾਰ ਰਸਾਲੇ ਇਸ ਦੇ ਚਸ਼ਮਦੀਦ ਗਵਾਹ ਹਨ।

ਅੰਤ ਵਿੱਚ ਮੈਂ ਵਿੱਦਵਾਨਾਂ ਅੱਗੇ ਬੇਨਤੀ ਕਰਦਾ ਹਾਂ ਕਿ ਸਵਾਲ ਅਧੀਨ ਮੁੱਦੇ ਕਿ ਉਰਦੂ ਸ਼ਾਹਮੁਖੀ ਲਿਖਣ ਸਮੇਂ ਬਹੁਤੀਆਂ ਮਾਤਰਾਂ ਕਿਓਂ ਛੱਡ ਦਿੱਤੀਆਂ ਜਾਂਦੀਆਂ ਹਨ, ਕੀ ਇਹ ਸਹੀ ਹਨ ਜਾਂ ਗ਼ਲਤ, ਸਬੰਧੀ ਜੋ ਵੀ ਤੁਹਾਡੇ ਵਿਚਾਰ ਹਨ ਉਨ੍ਹਾਂ ਤੋਂ ਜਾਣੂ ਜ਼ਰੂਰ ਕਰਵਾਓ। ਉਹ ਭਵਿੱਖ ਵਿੱਚ ਲਿੱਪੀਆਂ ਦੇ ਸੁਧਾਰ/ਵਿਕਾਸ਼ ਲਈ ਲਾਹੇਵੰਦ ਹੀ ਹੋਣਗੇ। ਧੰਨਵਾਦ।

**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388

**ਕਿਸ਼ਤ ਚੌਥੀ**

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਭੱਟ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ

**ਗੁਰੂ ਸਾਹਿਬ ਦਾ ਹੇਹਰੀਂ ਆਉਣਾ ਜਾਣ ਕੇ ਸੰਗਤਾਂ ਦਰਸ਼ਨ ਕਰਨ ਲਈ ਹੁੰਮ ਹੁੰਮਾ ਕੇ ਪਹੁੰਚੀਆਂ। ਦੋ ਦਿਨ ਬਾਬਾ ਮਿਹਰਵਾਨ ਜੀ ਨੇ ਗੁਰੂ ਸਾਹਿਬ ਨੂੰ ਆਪਣੇ ਕੋਲ ਅਟਕਾਈ ਰੱਖਿਆ। ਮਾਘ ਦੀ ਪਹਿਲੀ ੧੬੭੭ ਬਿਕਰਮੀ/੧੬੨੦ ਈਸਵੀ ਨੂੰ ਸਤਿਗੁਰੂ ਸਾਥੀਆਂ ਸਹਿਤ ਓਥੋਂ ਗੁਰੂ ਕੇ ਚੱਕ ਲਈ ਰਵਾਨਾ ਹੋਏ ਅਰ ਨਾਲ ਹੀ ਬਾਬਾ ਮਿਹਰਵਾਨ ਜੀ ਨੂੰ ਲੈ ਆਏ। ਗੁਰੂ ਸਾਹਿਬ ਦੇ ਗੜ੍ਹ ਗੁਆਲੀਅਰ ਤੋਂ ਵਾਪਸ ਇਥੇ ਪਹੁੰਚਣ ਦੀ ਖ਼ੁਸ਼ੀ ਵਿਚ ਦੀਪਮਾਲਾ ਕੀਤੀ ਗਈ। ਹਜ਼ੂਰ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਦੀਵੇ ਬੱਤੀ ਦੀ ਸੇਵਾ ਬਾਬਾ ਮਿਹਰਵਾਨ ਦੀ ਲਗਾ ਦਿੱਤੀ ਅਰ ਦੋ ਦਿਨ ਅੰਮ੍ਰਿਤਸਰ ਰੁਕ ਕੇ ਆਪ ਜੀ ਗੋਇੰਦਵਾਲ ਆ ਗਏ**



ਗੁਰੂ ਸਾਹਿਬ ਦਾ ਹੇਹਰੀਂ ਆਉਣਾ ਜਾਣ ਕੇ ਸੰਗਤਾਂ ਦਰਸ਼ਨ ਕਰਨ ਲਈ ਹੁਮ ਹੁਮਾ ਕੇ ਪਹੁੰਚੀਆਂ। ਦੋ ਦਿਨ ਬਾਬਾ ਮਿਹਰਵਾਨ ਜੀ ਨੇ ਗੁਰੂ ਸਾਹਿਬ ਨੂੰ ਆਪਣੇ ਕੋਲ ਅਟਕਾਈ ਰੱਖਿਆ। ਮਾਘ ਦੀ ਪਹਿਲੀ ੧੬੭੭ ਬਿਕਰਮੀ/੧੬੨੦ ਈਸਵੀ ਨੂੰ ਸਤਿਗੁਰੂ ਸਾਥੀਆਂ ਸਹਿਤ ਓਥੋਂ ਗੁਰੂ ਕੇ ਚੱਕ ਲਈ ਰਵਾਨਾ ਹੋਏ ਅਰ ਨਾਲ ਹੀ ਬਾਬਾ ਮਿਹਰਵਾਨ ਜੀ ਨੂੰ ਲੈ ਆਏ। ਗੁਰੂ ਸਾਹਿਬ ਦੇ ਗੜ੍ਹ ਗੁਆਲੀਅਰ ਤੋਂ ਵਾਪਸ ਇਥੇ ਪਹੁੰਚਣ ਦੀ ਖ਼ੁਸ਼ੀ ਵਿਚ ਦੀਪਮਾਲਾ ਕੀਤੀ ਗਈ। ਹਜ਼ੂਰ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਦੀਵੇ ਬੱਤੀ ਦੀ ਸੇਵਾ ਬਾਬਾ ਮਿਹਰਵਾਨ ਦੀ ਲਗਾ ਦਿੱਤੀ ਅਰ ਦੋ ਦਿਨ ਅੰਮ੍ਰਿਤਸਰ ਰੁਕ ਕੇ ਆਪ ਜੀ ਗੋਇੰਦਵਾਲ ਆ ਗਏ:

ਗੁਰੂ ਹਰਿਗੋਬਿੰਦ ਜੀ ਮਹਲ ਛਟਮਾਂ.....ਸੰਬਤ ਸੋਲਾ ਸੈ ਸਤਤ੍ਰਾ ਮਾਘ ਪ੍ਰਵਿਸਟੇ ਪਹਿਲੀ ਸੰਗਰਾਂਦ ਕੇ ਦਿਹੁ ਹੇਹਰ ਨਗਰੀ ਸੇ ਚਲ ਗਾਮ ਗੁਰੂ ਕਾ ਚਕ ਪ੍ਰਗਣਾ ਨਿਝਰਆਲਾ ਆਏ। ਗੈਲੋ ਗੁਰੂ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ, ਗੁਰੂ ਮਿਹਰਵਾਨ ਬੇਟਾ ਗੁਰੂ ਪ੍ਰਿਥੀ ਚੰਦ ਕਾ, ਬਾਵਾ ਬੁਢਾ 'ਰਾਮਦਾਸ' ਬੇਟਾ ਬਾਬੇ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸਰ ਦਾਸ ਭਲੇ ਕਾ, ਬਲੂ ਰਾਇ ਮੂਲ ਚੰਦ ਜਲਹਾਨੇ ਪ੍ਰਮਾਰ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਬਤ ਚਾਹਿਮਾਨ ਕਾ, ਹੋਰ ਸਿਖ ਫਕੀਰ ਆਏ। ਗੁਰੂ ਜੀ ਕੇ ਆਨੇ ਕੀ ਖੁਸ਼ੀ ਮੇ ਦੀਪਮਾਲਾ ਕੀ ਗਈ। ਗੁਰੂ ਜੀ ਨੇ ਹਰਿਮੰਦਰ ਕੀ ਦੀਆ ਬਾਤੀ ਕੀ ਸੇਬਾ ਗੁਰੂ ਮਿਹਰਬਾਨ ਕੀ ਲਾਈ। ਆਪ ਜੀ ਤੀਜੇ ਦਿਹੁ ਗੁਰੂ ਚਕ ਸੇ ਬਿਦਿਆ ਹੋਇ ਗੋਇੰਦਬਾਲ ਮੇਂ ਆਇ ਬਿਰਾਜੇ। (ਭੱਟ ਵਹੀ ਮੁਲਤਾਨੀ ਸਿੰਧੀ ਲਿਖਤ ਭੱਟ ਕੀਰਤ ਕੀ)

ਉਪਰੋਕਤ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਪੰਡੇ ਤੇ ਭੱਟ ਰਵਾਜਨ ਬੇਦੀ, ਤ੍ਰੇਹਣ, ਭੱਲੇ ਤੇ ਸੋਢੀਆਂ ਦੇ ਨਾਂਵਾਂ ਨਾਲ ਅਜੇ ਤਕ 'ਗੁਰੂ' ਸ਼ਬਦ ਦੀ ਵਰਤੋਂ ਕਰਦੇ ਸਨ ਜਦ ਕਿ ਗੱਦੀ ਨਸ਼ੀਨ ਸਤਿਗੁਰਾਂ ਲਈ 'ਮਹਲਾ' ਲਿਖਦੇ ਸਨ।

ਗੁਰੂ ਸਾਹਿਬ ਦਾ ਹੇਹਰੀਂ ਆਉਣਾ ਜਾਣ ਕੇ ਸੰਗਤਾਂ ਦਰਸ਼ਨ ਕਰਨ ਲਈ ਹੁੰਮ ਹੁੰਮਾ ਕੇ ਪਹੁੰਚੀਆਂ। ਦੋ ਦਿਨ ਬਾਬਾ ਮਿਹਰਵਾਨ ਜੀ ਨੇ ਗੁਰੂ ਸਾਹਿਬ ਨੂੰ ਆਪਣੇ ਕੋਲ ਅਟਕਾਈ ਰੱਖਿਆ। ਮਾਘ ਦੀ ਪਹਿਲੀ ੧੬੭੭ ਬਿਕਰਮੀ/੧੬੨੦ ਈਸਵੀ ਨੂੰ ਸਤਿਗੁਰੂ ਸਾਥੀਆਂ ਸਹਿਤ ਓਥੋਂ ਗੁਰੂ ਕੇ ਚੱਕ ਲਈ ਰਵਾਨਾ ਹੋਏ ਅਰ ਨਾਲ ਹੀ ਬਾਬਾ ਮਿਹਰਵਾਨ ਜੀ ਨੂੰ ਲੈ ਆਏ। ਗੁਰੂ ਸਾਹਿਬ ਦੇ ਗੜ੍ਹ ਗੁਆਲੀਅਰ ਤੋਂ ਵਾਪਸ ਇਥੇ ਪਹੁੰਚਣ ਦੀ ਖ਼ੁਸ਼ੀ ਵਿਚ ਦੀਪਮਾਲਾ ਕੀਤੀ ਗਈ। ਹਜ਼ੂਰ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਦੀਵੇ ਬੱਤੀ ਦੀ ਸੇਵਾ ਬਾਬਾ ਮਿਹਰਵਾਨ ਦੀ ਲਗਾ ਦਿੱਤੀ ਅਰ ਦੋ ਦਿਨ ਅੰਮ੍ਰਿਤਸਰ ਰੁਕ ਕੇ ਆਪ ਜੀ ਗੋਇੰਦਵਾਲ ਆ ਗਏ:

ਗੁਰੂ ਹਰਿਗੋਬਿੰਦ ਜੀ ਮਹਲ ਛਟਮਾਂ.....ਸੰਬਤ ਸੋਲਾ ਸੈ ਸਤਤ੍ਰਾ ਮਾਘ ਪ੍ਰਵਿਸਟੇ ਪਹਿਲੀ ਸੰਗਰਾਂਦ ਕੇ ਦਿਹੁ ਹੇਹਰ ਨਗਰੀ ਸੇ ਚਲ ਗਾਮ ਗੁਰੂ ਕਾ ਚਕ ਪ੍ਰਗਣਾ ਨਿਝਰਆਲਾ ਆਏ। ਗੈਲੋ ਗੁਰੂ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ, ਗੁਰੂ ਮਿਹਰਵਾਨ ਬੇਟਾ ਗੁਰੂ ਪ੍ਰਿਥੀ ਚੰਦ ਕਾ, ਬਾਵਾ ਬੁਢਾ 'ਰਾਮਦਾਸ' ਬੇਟਾ ਬਾਬੇ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸਰ ਦਾਸ ਭਲੇ ਕਾ, ਬਲੂ ਰਾਇ ਮੂਲ ਚੰਦ ਜਲਹਾਨੇ ਪ੍ਰਮਾਰ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਬਤ ਚਾਹਿਮਾਨ ਕਾ, ਹੋਰ ਸਿਖ ਫਕੀਰ ਆਏ। ਗੁਰੂ ਜੀ ਕੇ ਆਨੇ ਕੀ ਖੁਸ਼ੀ ਮੇ ਦੀਪਮਾਲਾ ਕੀ ਗਈ। ਗੁਰੂ ਜੀ ਨੇ ਹਰਿਮੰਦਰ ਕੀ ਦੀਆ ਬਾਤੀ ਕੀ ਸੇਬਾ ਗੁਰੂ ਮਿਹਰਬਾਨ ਕੀ ਲਾਈ। ਆਪ ਜੀ ਤੀਜੇ ਦਿਹੁ ਗੁਰੂ ਚਕ ਸੇ ਬਿਦਿਆ ਹੋਇ ਗੋਇੰਦਬਾਲ ਮੇਂ ਆਇ ਬਿਰਾਜੇ। (ਭੱਟ ਵਹੀ ਮੁਲਤਾਨੀ ਸਿੰਧੀ ਲਿਖਤ ਭੱਟ ਕੀਰਤ ਕੀ)
ਉਪਰੋਕਤ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਪੰਡੇ ਤੇ ਭੱਟ ਰਵਾਜਨ ਬੇਦੀ, ਤ੍ਰੇਹਣ, ਭੱਲੇ ਤੇ ਸੋਢੀਆਂ ਦੇ ਨਾਂਵਾਂ ਨਾਲ ਅਜੇ ਤਕ 'ਗੁਰੂ' ਸ਼ਬਦ ਦੀ ਵਰਤੋਂ ਕਰਦੇ ਸਨ ਜਦ ਕਿ ਗੱਦੀ ਨਸ਼ੀਨ ਸਤਿਗੁਰਾਂ ਲਈ 'ਮਹਲਾ' ਲਿਖਦੇ ਸਨ।

ਗੋਇੰਦਵਾਲ ਆ ਕੇ ਵੀ ਗੁਰੂ ਸਾਹਿਬ ਇਥੇ ਲਗਾਤਾਰ ਨਹੀਂ ਟਿਕੇ। ਬਾਬਾ ਮਿਹਰਵਾਨ ਦੇ ਸੱਦਿਆਂ ਜਾਂ ਲੋੜ ਅਨੁਸਾਰ ਗੁਰੂ-ਚੱਕ ਵੀ ਜਾਂਦੇ ਰਹਿੰਦੇ ਸਨ ਪਰ, ਕਿਤੇ ਇਕ ਜਗਹ ਨਹੀਂ ਸੀ ਠਹਿਰਦੇ, ਸ਼ਾਇਦ ਇਸ ਦਾ ਕਾਰਨ ਰਾਜਸੀ ਤੌਰ 'ਤੇ ਅਜੇ ਹਾਲਾਤ ਸਾਜ਼ਗਾਰ ਨਾ ਹੋਣੇ, ਹੋਵੇ। ਸ਼ਿਕਾਰ ਖੇਲ੍ਹਣ ਜਾਇਆ ਕਰਦੇ ਸਨ। ਗਿਆਨੀ ਗਰਜਾ ਸਿੰਘ ਅਨੁਸਾਰ ਭਾਈ ਗੁਰਦਾਸ ਜੀ ਦੀ ਇਹ ਪਉੜੀ ਇਸੇ ਹਾਲਾਤ ਵੱਲ ਹੀ ਇਸ਼ਾਰਾ ਕਰਦੀ ਹੈ:

ਧਰਮਸਾਲ ਕਰ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ। ਪਾਤਿਸਾਹ ਘਰਿ ਆਵਦੇ ਗੜਿ ਪਾਤਸਾਹ ਚੜਾਇਆ। ਉਮਤਿ ਮਹਲ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ। ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰ ਖਿਲਾਇਆ। ਬਾਣੀ ਕਰਿ ਸੁਣਿ ਗਾਵਦਾ ਕਥੇ ਨ ਸੁਣੈ ਨ ਗਾਵਿ ਸੁਣਾਇਆ। ਸੇਵਕ ਪਾਸਿ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ। ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ। ਅਜਰ ਜਰੇ ਨ ਆਪੁ ਜਣਾਇਆ॥੨੪॥ (ਵਾਰ ੨੬ਵੀਂ)

ਗਿਆਨੀ ਜੀ ਦੀ ਟਿੱਪਣੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਦ ਬਾਰਾਂ ਸਾਲ ਬੰਦ ਰਿਹਾ ਤੇ ਛੇਵੇਂ ਗੁਰੂ ਜੀ ਦੀ ਨਜ਼ਰਬੰਦੀ ਖ਼ਤਮ ਹੋਣ ਦੇ ਬਾਦ ਰੌਣਕ ਪਰਤੀ ਸੀ।

## ਪਹਿਲਾ ਯੁੱਧ

ਕੁਝ ਇਤਿਹਾਸਕਾਰਾਂ ਅਨੁਸਾਰ ਪੰਚਮ ਪਾਤਸ਼ਾਹ ਜੀ ਨੇ ਬਿਆਸ ਦਰਿਆ ਦੇ ਕਿਨਾਰੇ ਰੋਹੀਲਾ ਦੇ ਸਥਾਨ 'ਤੇ ਨਗਰ ਵਸਾਇਆ ਜਿਸ ਦਾ ਨਾਂ ਗੋਬਿੰਦਪੁਰਾ ਰੱਖਿਆ। ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਹੋਣ 'ਤੇ ਬਦਲੇ ਹਾਲਾਤ ਦੌਰਾਨ ਇਸ ਇਲਾਕੇ ਦੇ ਸਰਕਾਰੀ ਪਹੁੰਚ ਵਾਲੇ ਖੱਤ੍ਰੀ ਭਗਵਾਨ ਚੰਦ ਘੇਰੜ ਜੋ ਕਲਾਨੌਰ ਦੇ ਚੰਦੂ ਲਾਲ ਦਾ ਸਬੰਧੀ ਵੀ ਸੀ, ਨੇ ਇਥੇ ਕਬਜ਼ਾ ਕਰ ਲਿਆ। ਗੁਆਲੀਅਰ ਤੋਂ ਵਾਪਸ ਆਉਣ ਬਾਦ ਛੇਵੇਂ ਪਾਤਸ਼ਾਹ ਜੀ ੧੬੨੧ ਈਸਵੀ/੧੬੭੮ ਬਿਕਰਮੀ ੨੮ ਅੱਸੂ ਨੂੰ ਬਿਆਸ ਦੇ ਕਿਨਾਰੇ ਇਸ ਨਗਰ ਦੀ ਸੰਭਾਲ ਵਾਸਤੇ ਪਹੁੰਚੇ ਤਾਂ ਪਿੰਡ ਦੇ ਵਸਨੀਕ ਕਾਬਜ਼ ਭਗਵਾਨ ਦਾਸ ਨੇ ਵਿਰੋਧ ਕੀਤਾ। ਨਤੀਜੇ ਵਜੋਂ ਘੇਰੜ ਗੋਤ ਦੇ ਖੱਤ੍ਰੀਆਂ ਨਾਲ ਟੱਕਰ ਹੋ ਗਈ ਜਿਸ ਵਿਚ ਭਗਤ ਕਾਨ੍ਹੇ ਦਾ ਪੁੱਤਰ ਭਗਵਾਨਾ ਘੇਰੜ ਤਾਂ ਮਰ ਗਿਆ ਪਰ ਦੋਹਾਂ ਪਾਸਿਓ ਕੁਝ ਜ਼ਖ਼ਮੀ ਵੀ ਹੋ ਗਏ। ਭੱਟ ਵਹੀ ਤਲਉਂਡਾ ਪ੍ਰਗਨਾ ਜੀਂਦ ਅਨੁਸਾਰ:

ਮਾਂਡਨ ਬੇਟਾ ਊਦੇ ਕਾ,.. ਬਿਹਾਰੀ ਬੇਟਾ ਮਾਂਡਨ ਕਾ, ਧੂੜਾ ਬੇਟਾ ਗੋਦੜੀ ਕਾ... ਬਾਸੀ ਲਾਡਵਾ ਪ੍ਰਗਨਾ ਥਾਨੇਸਰ ਸੰਮਤ ਸੋਲਾ ਸੌ ਆਠਤ੍ਰਾ ਅਸੁਬ ਪ੍ਰਬਿਸਟੇ ਅਠਾਈਸ ਕੇ ਦਿਵਸ ਗਾਮ ਰੁਹੀਲਾ ਪ੍ਰਗਨਾ ਬਟਾਲਾ ਮੇਂ ਭਗਮਾਨਾ ਬੇਟਾ ਕਾਨੇ ਕਾ ਘੇਰੜ ਗੋਤ੍ਰਾ ਖਤ੍ਰੀ ਕੇ ਗੈਲ ਜੂਝ ਕੇ ਘਾਇਲ ਹੂਏ। ਭਗਮਾਨਾਂ ਘੇਰੜ ਮਰਾ, ਇਸ ਕਾ ਬੇਟਾ ਰਤਨ ਚੰਦ ਘਾਇਲ ਹੂਆ। (ਭੱਟ ਵਹੀ ਤਲਉਂਡਾ ਜੀਂਦ)

ਸਮਝਿਆ ਗਿਆ ਕਿ ਇਹ ਇਕ ਝਗੜਾ ਹੀ ਹੈ ਪਰ, ਰਤਨ ਚੰਦ ਘੇਰੜ ਨੇ ਭੂਏ ਹੋ ਕੇ ਕਲਾਨੌਰ ਤੋਂ ਚੰਦੂ ਦੇ ਪੁਤਰ ਕਰਮ ਚੰਦ ਜਿਨ੍ਹਾਂ ਨੇ ਇਥੇ ਵੀ ਆਪਣਾ ਘਰ-ਬਾਰ ਬਣਾ ਲਿਆ ਸੀ, ਆਦਿ ਆਪਣੇ ਸਾਕਾਂ ਸਬੰਧੀਆਂ ਨੂੰ ਅਰ ਜਾਲੰਧਰ ਦੇ ਸੂਬੇ ਅਬਦੁੱਲਾ ਖ਼ਾਂ ਨੂੰ ਗੁਰੂ ਸਾਹਿਬ ਦਾ ਟਾਕਰਾ ਕਰਨ ਲਈ ਮਦਦ ਵਾਸਤੇ ਵੰਗਾਰਿਆ। ਇਸ 'ਤੇ ਹਫ਼ਤੇ ਦੇ ਵਿਚ ਹੀ ੩ ਕੱਤਕ ੧੬੭੮ ਬਿਕਰਮੀ/੧੬੨੧ ਈਸਵੀ ਨੂੰ ਜਾਲੰਧਰ ਦੇ ਫ਼ੌਜਦਾਰ ਦੀ ਕਮਾਨ ਹੇਠ ਫ਼ੌਜਾਂ ਮੈਦਾਨ ਵਿਚ ਆ ਪਹੁੰਚੀਆਂ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਗੁਰੂ ਸਾਹਿਬ ਜੀ ਦੀ ਕਮਾਨ ਹੇਠ ਭਾਈ ਬਿਧੀ ਚੰਦ, ਭਾਈ ਕਲਿਆਣਾ, ਭਾਈ ਪਿਰਾਗਾ, ਭਾਈ ਜੱਟੂ, ਭਾਈ ਮਥਰਾ, ਭਾਈ ਤੋਤਾ ਆਦਿ ਸਿੱਖ ਫ਼ੌਜਾਂ ਸਹਿਤ ਆਣ ਉੱਤਰੇ। ਕਰੀਬ ਇਕ ਪਹਿਰ ਭਾਵ ੩ ਘੰਟਿਆਂ ਦੀ ਲੜਾਈ ਦੌਰਾਨ ਭਗਵਾਨੇ ਘੇਰੜ ਰੁਹੀਲੇ ਦਾ ਪੁੱਤਰ ਰਤਨ ਚੰਦ, ਚੰਦੂ ਲਾਲ ਕਲਾਨੌਰ ਦਾ ਪੁੱਤਰ ਕਰਮ ਚੰਦ ਅਰ ਫ਼ੌਜਦਾਰ ਅਬਦੁੱਲਾਂ ਖ਼ਾਂ, ਉਸ ਦੇ ਪੁੱਤਰ ਅਤੇ ਮੁਖੀ ਸਾਥੀਆਂ ਸਹਿਤ ਮਾਰੇ ਜਾਣ ਉਪਰੰਤ ਮੈਦਾਨ ਫ਼ਤਹ ਹੋ ਗਿਆ। ਇਸ ਵਿਚ ਭਾਈ ਭਗਤੂ, ਭਾਈ ਗੱਜਣ, ਭਾਈ ਪਰਸੂ, ਭਾਈ ਸ਼ਕਤੂ, ਭਾਈ ਭਾਮਾਂ, ਭਾਈ ਤੋਤਾ, ਬਾਬਾ ਮੂਲੇ ਦਾ ਪੁੱਤਰ ਨਾਨੂੰ, ਭੱਟ ਭਿੱਖਾ ਦਾ ਪੁੱਤਰ ਭੱਟ ਮਥਰਾ, ਬਾਬਾ ਗੌਤਮ ਦਾ ਪੁੱਤਰ ਭਾਈ ਪਰਾਗਾ ਕੁਝ ਸਾਥੀਆਂ ਸਹਿਤ ਵੀ ਰਣ ਵਿਚ ਸ਼ਹੀਦ ਹੋਏ। ਮੀਰੀ ਪੀਰੀ ਦੇ ਮਾਲਕ ਸਾਹਿਬ ਜੀ ਦੀ ਕਮਾਨ ਹੇਠ ਇਹ ਪਹਿਲਾਂ ਯੁੱਧ ਸੀ:

ੳ. ਨਾਨੂੰ ਬੇਟਾ ਮੂਲੇ ਕਾ ਪੋਤਾ ਰਾਉ ਕਾ ਪੜਪੋਤਾ ਚਾਹੜ ਕਾ ਬੰਸ ਬੀਝੇ ਕਾ ਚੰਦਰ ਬੰਸੀ ਭਾਰਦੁਆਜੀ ਗੋਤ੍ਰਾ ਪ੍ਰਮਾਰ ਬੰਝਰਾਵਤ ਜਲਹ-ਾਨਾ ਬਾਸੀ ਅਲੀਪੁਰ ਪ੍ਰਗਨਾ ਮੁਲਤਾਨ ਸਾਲ ਸੋਲਾਂ ਸੈ ਅਠੱਤ੍ਰਾ ਕਤਿਕ ਪ੍ਰਭਿਸਟੇ ਤੀਜ ਕੇ ਦਿਹੁ ਗਾਮ ਰੁਹੀਲਾ ਪ੍ਰਗਨਾ ਬਟਾਲਾ ਕੇ ਮਲਹਾਨ ਰਤਨਾ ਬੇਟਾ ਭਗਮਾਨੇ ਕਾ ਬਾਸੀ ਰੁਹੀਲਾ, ਕਰਮ ਚੰਦ ਬੇਟਾ ਚੰਦੂ ਲਾਲ ਕਾ ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੋ ਮਥਰਾ ਬੇਟਾ ਭਿਖੇ ਕਾ ਕੌਸਿਕ ਗੋਤ੍ਰਾ ਗੌੜ ਬ੍ਰਾਹਮਨ, ਪਰਾਗਾ ਬੇਟਾ ਗੌਤਮ ਕਾ ਭਾਰਗਵ ਗੋਤ੍ਰਾ ਛਿੱਬਰ ਬ੍ਰਾਹਮਨ ਅਤੇ ਹੋਰ ਰਨ ਜੂਝੰਤੇ ਗੁਰੂ ਕੇ ਜੋਧੇ ਸਾਮੇ ਮਥੇ ਰਨ ਮੇਂ ਜੂਝ ਕਰ ਮਰੇ। ਇਕ ਪਹਿਰ ਦੂੰਹ ਤਰਫ਼ੀ ਘੋਰ ਜੁਧ ਹੂਆ। ਆਗੈ ਗੁਰੂ ਕੀ ਮਤ ਗੁਰੂ ਜਾਨੈ। ਗੁਰੂ ਆਪ ਭਾਣੇ ਕਾ ਖਾਬਿੰਦ।

ਬਚਨ ਗੁਰੂ ਜੀ ਕਾ
ਰੁਹੀਲਾ ਨਾਮ ਕਹੇ ਇਸ ਜੋਈ।
ਤਾ ਕਾ ਕਾਮ ਢੀਲਾ ਸਭ ਹੋਈ।
ਸ੍ਰੀ ਹਰਗੋਬਿੰਦ ਪੁਰਾ ਨਾਮ ਪ੍ਰਭ ਰਾਖਾ।
ਸ੍ਰੀ ਮੁਖ ਥੀਂ ਸਤਿਗੁਰ ਪੁਨ ਭਾਖਾ।
ਮਨ ਬਚ ਮਾਨ ਬਸੈ ਈਹਾ ਆਇ।
ਅਨ ਧਨ ਕੀ ਰਹੇ ਕਮੀ ਨ ਕਾਇ।
(ਭੱਟ ਵਹੀ ਤਲਉਂਡਾ ਪ੍ਰਗਨਾ ਜੀਂਦ)

ਅ. ਪ੍ਰਭ ਜੀ ਕੇ ਅਗਰਜ (ਸਨਮੁਖ) ਆਇ। ਸਾਹਿਬ ਬੁੱਢੇ ਬਚਨ ਅਲਾਇ। ਹਰਗੋਬਿੰਦ ਪੁਰਾ ਜਾ ਕਾ ਨਾਮਾ। ਬਸੈ ਧਨਾਢ ਸੁ ਅੱਚਲ ਮੁਦਾਮਾ।੧੦੬॥ (ਸੋਹਨ ਸਿੰਘ ਗੁਲਾਟੀ, ਵਾਸੀ ਝੰਗ ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ਪੰਦਰਵਾਂ,੧੭੧੮ ਈਸਵੀ)

ਇਤਿਹਾਸਕਾਰਾਂ ਅਨੁਸਾਰ ਯੁੱਧ ਤੋਂ ਬਾਦ ਨਵੇਂ ਸਿਰਿਓਂ ਨਗਰ ਉਸਾਰੀ ਕਰਦਿਆਂ ਸ੍ਰੀ ਹਰਗੋਬਿੰਦਪੁਰ ਵਿਚ ਮੁਸਲਮਾਨ ਵਸਨੀਕਾਂ ਦੀ ਲੋੜ-ਪੂਰਤੀ ਲਈ ਇਕ ਮਸੀਤ ਵੀ ਬਣਵਾਈ। ***ਚਲਦਾ.....***

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਅਤੇ ਬ੍ਰਮਿੰਘਮ ਕਬੱਡੀ ਕਲੱਬ ਵੱਲੋਂ ਕਰਵਾਏ ਬ੍ਰਮਿੰਘਮ ਸ਼ਹੀਦੀ ਕਬੱਡੀ ਟੂਰਨਾਮੈਂਟ 'ਤੇ ਹੋਏ ਗਹਿਗੱਚ ਮੁਕਾਬਲਿਆਂ 'ਚੋਂ ਟੈਲਫੋਰਡ ਜੇਤੂ ਅਤੇ ਲੈਸਟਰ ਡਰਬੀ ਉੱਪ ਜੇਤੂ ਬਣ ਕੇ ਨਿਕਲੀ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੰਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk



ਲੰਡਨ ਤੋਂ ਬਾਅਦ ਬਰਤਾਨੀਆਂ ਦਾ ਸਭ ਤੋਂ ਵੱਡਾ ਸ਼ਹਿਰ ਬ੍ਰਮਿੰਘਮ ਹੈ। ਜਿੱਥੇ ਪੰਜਾਬੀਆਂ ਸਮੇਤ ਘੱਟ ਗਿਣਤੀ ਭਾਈਚਾਰਿਆਂ ਦੀ ਚੋਖੀ ਗਿਣਤੀ ਹੈ। ਵੱਡੇ ਵੱਡੇ ਕਾਰੋਬਾਰ ਬ੍ਰਮਿੰਘਮ ਖੇਤਰ ਵਿੱਚ ਸਥਾਪਿਤ ਹਨ। ਬੀਤੇ ਡੇਢ ਦੋ ਦਹਾਕੇ ਵਿੱਚ ਯੂਰਪੀਅਨ ਦੇਸ਼ਾਂ ਤੋਂ ਪੰਜਾਬੀ ਪ੍ਰੀਵਾਰਾਂ ਨੇ ਯੂ ਕੇ ਵੱਲ ਰੁੱਖ ਕੀਤਾ ਤਾਂ ਬਹੁਤਿਆਂ ਨੇ ਬ੍ਰਮਿੰਘਮ ਅਤੇ ਮਿਡਲੈਂਡ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਵੱਸਣ ਨੂੰ ਤਰਜੀਹ ਦਿੱਤੀ। ਪੰਜਾਬੀਆਂ ਅਤੇ ਸਿੱਖਾਂ ਦੀ ਸਿਆਸਤ ਦਾ ਬ੍ਰਮਿੰਘਮ ਹਮੇਸ਼ਾਂ ਕੇਂਦਰ ਰਿਹਾ ਹੈ। ਗੁਰੂ ਨਾਨਕ ਗੁਰਦੁਆਰਾ ਸਮੈਦਿਕ ਯੂ ਕੇ ਦੇ ਪੁਰਾਣੇ ਗੁਰਦਆਰਿਆਂ ਵਿੱਚੋਂ ਹੈ, ਜਿਸ ਨੇ ਹਮੇਸ਼ਾਂ ਸਿੱਖ ਪੰਥ ਦੇ ਮਸਲਿਆਂ ਤੇ ਅੱਗੇ ਹੋ ਕੇ ਪ੍ਰਤੀਕ੍ਰਿਆ ਦਿੱਤੀ ਹੈ। ਸਿੱਖ ਮਸਲਿਆਂ ਦੀ ਅਵਾਜ਼ ਬੁਲੰਦ ਕੀਤੀ, ਸਿੱਖਾਂ ਦੀ ਮੁਸ਼ਕਿਲਾਂ ਦੇ ਹੱਲ ਲਈ ਕਨਵੈਨਸ਼ਨਾਂ ਕੀਤੀਆਂ। ਸਥਨਿਕ ਕੌਂਸਲ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਬਿਲਕੁੱਲ ਸਾਹਮਣੇ ਵਿਸ਼ਵ ਯੁੱਧ ਦੇ ਸਿੱਖ ਸ਼ਹੀਦਾਂ ਦੀ ਯਾਦ ਸਥਾਪਿਤ ਕਰਨ ਲਈ ਮੁੱਖ ਭੂਮਿਕਾ ਨਿਭਾਈ। ਗੁਰਦੁਆਰਾ ਸਾਹਿਬ ਵੱਲੋਂ ਹਮੇਸ਼ਾਂ ਬ੍ਰਮਿੰਘਮ ਕਬੱਡੀ ਕਲੱਬ ਨੂੰ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਜਾਂਦਾ ਹੈ ਅਤੇ ਬ੍ਰਮਿੰਘਮ ਕਬੱਡੀ ਕਲੱਬ ਦੇ ਸਹਿਯੋਗ ਨਾਲ ਸਾਲਾਨਾ ਕਬੱਡੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ, ਇਸ ਵਾਰ 59ਵਾਂ ਸ਼ਹੀਦੀ ਟੂਰਨਾਮੈਂਟ ਕਰਵਾਇਆ ਗਿਆ। ਇੰਗਲੈਂਡ ਵਿੱਚ ਕਬੱਡੀ ਟੂਰਨਾਮੈਂਟਾਂ ਦੀ ਸ਼ੁਰੂਆਤ ਕਰਨ ਦਾ ਸਿਹਰਾ ਵੀ ਬ੍ਰਮਿੰਘਮ ਨੂੰ ਜਾਂਦਾ ਹੈ। ਸ਼ਹੀਦ ਊਧਮ ਸਿੰਘ ਦੀ ਯਾਦ ਵਿੱਚ ਸ਼ੁਰੂ ਹੋਇਆ ਇਹ ਕਬੱਡੀ ਟੂਰਨਾਮੈਂਟ ਹੁਣ ਸਿੱਖ ਸੰਘਰਸ਼ ਦੇ ਮੌਜੂਦਾ ਯੋਧਿਆਂ ਸ਼ਹੀਦ ਸਤਵੰਤ ਸਿੰਘ, ਸ਼ਹੀਦ ਬੇਅੰਤ ਸਿੰਘ, ਸ਼ਹੀਦ ਕੇਹਰ ਸਿੰਘ, ਹਰਦੇਵ ਸਿੰਘ ਬਾਪੂ ਸਮੇਤ ਸਮੂਹ ਸ਼ਹੀਦਾਂ ਨੂੰ ਵੀ ਸਮਰਪਿਤ ਹੁੰਦਾ ਹੈ।

ਆਓ ਹੁਣ ਚੱਲੀਏ ਗਰਾਉਂਡ ਵਿੱਚ ਹਰੇ ਹਰੇ ਘਾਹ ਵਾਲੀ ਖੁੱਲੀ ਡੁੱਲੀ ਗਰਾਉਂਡ ਵਿੱਚ ਹਰਨੇਕ ਸਿੰਘ ਨੇਕਾ ਮੈਰੀਪੁਰ, ਬਲਵਿੰਦਰ ਸਿੰਘ ਦੂਲੇ, ਸੁਖਦੇਵ ਸਿੰਘ ਸਿੱਧੂ, ਜੀਤ ਸਿੰਘ ਪੁਰੇਵਾਲ, ਪਿੰਦੂ ਜੌਹਲ ਅਤੇ ਸਾਥੀਆਂ ਨੇ ਸਖ਼ਤ ਮੇਹਨਤ ਕਰਕੇ ਸਟੇਡੀਅਮ ਵਾਂਗ ਦੋ ਵੱਡੀਆਂ ਸਟੇਜਾਂ ਲਗਾਈਆਂ ਹੋਈਆਂ ਸਨ। ਜਿਹਨਾਂ ਦੇ ਇੱਕ ਪਾਸੇ ਮਰਦਾਂ ਅਤੇ ਦੂਜੇ ਪਾਸੇ ਬੀਬੀਆਂ ਦੇ ਬੈਠਣ ਲਈ ਪ੍ਰਬੰਧ ਕੀਤੇ ਗਏ ਸਨ। ਰੇਲਾਂ ਦੇ ਬਾਹਰ ਵੀ ਵੱਡੀ ਗਿਣਤੀ ਵਿੱਚ ਦਰਸ਼ਕਾਂ ਲਈ ਕੁਰਸੀਆਂ ਲਗਾਈਆਂ ਸਨ। ਕੜਕਦੀ ਧੁੱਪ ਵਿੱਚ ਦਰਸ਼ਕਾਂ ਦੀ ਸਹੂਲਤ ਲਈ ਖਾਣ ਪੀਣ ਦੇ ਸਟਾਲ ਲੱਗੇ ਹੋਏ ਸਨ, ਗੁਰੂ ਕਾ ਲੰਗਰ ਤਾਂ ਹਮੇਸ਼ਾਂ ਅਤੁੱਟ ਵਰਤਦਾ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਕੁਲਦੀਪ ਸਿੰਘ ਦਿਓਲ ਨੇ ਫੈਡਰੇਸ਼ਨ, ਕਲੱਬਾਂ ਅਤੇ ਦਰਸ਼ਕਾਂ ਨੂੰ ਜੀ ਆਇਆਂ ਆਖਦਿਆਂ ਕਮੇਟੀ ਮੈਂਬਰਾਂ ਬਲਵਿੰਦਰ ਸਿੰਘ, ਸਰਬਜੀਤ ਸਿੰਘ, ਜਸਵਿੰਦਰ ਸਿੰਘ ਵੜਿੰਗ, ਮਲਕੀਤ ਸਿੰਘ ਤੇਹਿੰਗ, ਬਲਦੇਵ ਸਿੰਘ ਦਿਓਲ ਆਦਿ ਵੱਲੋਂ ਸਭ ਦਾ ਸਵਾਗਤ ਕੀਤਾ। ਗਿਆਨੀ ਜੋਗਿੰਦਰ ਸਿੰਘ ਭਰੋਵਾਲ ਨੇ ਆਰੰਭਤਾ ਦੀ ਅਰਦਾਸ ਕੀਤੀ।

## *ਯੂ ਕੇ ਦੇ ਸਾਬਕਾ ਕਬੱਡੀ ਖਿਡਾਰੀਆਂ ਦਾ ਸਨਮਾਨ
## *ਬੂਰੀਆ ਕਬੱਡੀ ਸੀਜ਼ਨ 2024 ਦਾ ਸਰਬੋਤਮ ਧਾਵੀ ਅਤੇ ਸਨੀ ਕਾਲੇ ਸੰਘਾ ਸਰਬੋਤਮ ਜਾਫੀ ਬਣਿਆਂ







ਬ੍ਰਮਿੰਘਮ ਕਬੱਡੀ ਟੂਰਨਾਮੈਂਟ ਦੀਆਂ ਯਾਦਗਰੀ ਤਸਵੀਰਾਂ ਰਾਹੀਂ: ਮਨਪ੍ਰੀਤ ਸਿੰਘ ਬੱਧਨੀ ਕਲਾਂ

ਇਸ ਟੂਰਨਾਮੈਂਟ ਤੇ ਸਮੈਦਿਕ ਤੋਂ ਪਹਿਲੀ ਵਾਰ ਜਿੱਤੇ ਸੰਸਦ ਮੈਂਬਰ ਗੁਰਿੰਦਰ ਸਿੰਘ ਜੋਸ਼ਨ ਉਚੇਚੇ ਤੌਰ ਤੇ ਪਹੁੰਚੇ, ਉਹਨਾਂ ਨਾਲ ਕੌਂਸਲਰ ਲੀਡਰ ਸੈਂਡਵੈਲ ਕੌਂਸਲ ਕੌਂਸਲਰ ਕੇਰੀ ਕਾਰਮਾਈਕਲ, ਕੌਂਸਲਰ ਸੁਖਬੀਰ ਸਿੰਘ ਗਿੱਲ, ਕੌਂਸਲਰ ਸੁਜ਼ੈਨ ਹਾਰਟਵੈਲ, ਕੌਂਸਲਰ ਨਾਗੀ ਦਇਆ ਸਿੰਘ, ਕੌਂਸਲਰ ਪੈਮ ਰੰਧਾਵਾ, ਕੌਂਸਲਰ ਪਰਬਿੰਦਰ ਕੌਰ ਅਤੇ ਕੌਂਸਲਰ ਸ਼ਾਦੇਸ਼ ਪਾਲ ਵੀ ਪਹੁੰਚੇ ਹੋਏ ਸਨ।

ਬ੍ਰਮਿੰਘਮ ਕਬੱਡੀ ਕਲੱਬ ਵੱਲੋਂ ਸਾਬਕਾ ਕਬੱਡੀ ਖਿਡਾਰੀ ਸਤਨਾਮ ਸਿੰਘ ਗਿੱਲ, ਰੇਸ਼ਮ ਸਿੰਘ ਮਾਲੀ, ਹਿੰਮਤ ਸਿੰਘ ਸੋਲੀ, ਅਵਤਾਰ ਸਿੰਘ ਤਾਰਾ ਘਣਸਾਂ, ਸੋਖਾ ਸਾਧਪੁਰੀਆ, ਨਛੱਤਰ ਸਿੰਘ, ਮੀਤ ਜੱਜਾਂ ਵਾਲਾ, ਜੀਤ ਪੁਰੇਵਾਲ, ਸੁਖਦੇਵ ਸਿੰਘ ਟਿਵਾਣਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਬਲਜੀਤ ਸਿੰਘ ਸੰਦੀਪ ਬੇਰੀਆ ਕਲੱਬ ਯੂ ਐਸ ਏ, ਸੇਵਾ ਸਿੰਘ ਰੰਧਾਵਾ ਜੀ ਟੀ ਏ ਕਲੱਬ ਟਰਾਂਟੋ ਉਚੇਚੇ ਤੌਰ ਤੇ ਪਹੁੰਚੇ। ਦਵਿੰਦਰ ਸਿੰਘ ਪਤਾਰਾ ਦੀਆਂ ਕਬੱਡੀ ਪ੍ਰਤੀ ਕੀਤੀਆਂ ਸੇਵਾਵਾਂ ਲਈ ਸੋਨੇ ਦੀ ਚੈਨੀ ਨਾਲ ਸਨਮਾਨ ਕੀਤਾ ਗਿਆ।

ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਸੀਜ਼ਨ 2024 ਦੇ ਸਰਬੋਤਮ ਜਾਫੀ ਸਨੀ ਕਾਲੇ ਸੰਘਾ ਅਤੇ ਧਾਵੀ ਬੂਰੀਆ ਦਾ 1100-1100 ਪੌਂਡ ਅਤੇ ਕੱਪਾਂ ਨਾਲ ਸਨਮਾਨ ਕੀਤਾ ਗਿਆ। ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਨੇ ਦੱਸਿਆ ਕਿ ਸਨੀ ਨੇ ਸਾਰੇ ਸੀਜ਼ਨ ਦੌਰਾਨ 263 ਕੋਸ਼ਿਸ਼ਾਂ ਕਰਦਿਆਂ 109 ਜੱਫੇ ਲਾਏ ਅਤੇ ਬੂਰੀਆ ਨੇ 370 ਕੌਡੀਆਂ ਪਾ ਕੇ 317 ਅੰਕ ਲਏ ਜਦ ਕਿ ਉਸ ਨੂੰ ਸਿਰਫ 53 ਜੱਫੇ ਲੱਗੇ ਹਨ।

ਮਨੀ ਧੂੜ ਨੇ ਵਿਸਲ ਮਾਰੀ ਤੇ ਚੁੰਨੀ ਪੱਤੜ ਨਾਲ ਮਿਡਵੇ ਸਿੱਖ ਟੈਂਪਲ ਵੁਲਵਰਹੈਂਪਟਨ ਅਤੇ ਸਲੋਹ ਇਕਨਹਮ ਨੂੰ ਖੇਡਣ ਲਈ ਸੱਦਾ ਦਿੱਤਾ। ਪਹਿਲੀ ਰੇਡ ਤੇ ਮਾਲਵਿੰਦਰ ਸਿੰਘ ਮਾਹਲਾ ਪੁਲਸੀਆ ਮਿਡਵੇ ਵੱਲੋਂ ਸੁੱਖ ਸਵੀਲੀ ਨਾਲ ਡੇਢ ਨੰਬਰ ਲੈ ਕੇ ਘਰ ਪਹੁੰਚਿਆ। ਉਪਰੰਤ ਚੱਲ ਸੋ ਚੱਲ ਕੰਮ ਰਿਹਾ ਸਲੋਹ ਵੱਲੋਂ ਚਿਸ਼ਤੀ ਕਿਸੇ ਤੋਂ ਨਾ ਰੁਕਿਆ, ਯੋਧਾ ਘਣਸਾਂ ਵੀ ਅੱਜ ਉੱਡਣੇ ਸੱਪ ਵਾਂਗੂ ਫੂਕਾਰੇ ਮਾਰ ਰਿਹਾ ਸੀ 8 ਕੌਡੀਆਂ ਪਾ ਕੇ ਕਾਬੂ ਨਾ ਆਇਆ, ਰਾਣਾ ਹੈਦਰ ਭਾਵੇਂ ਪ੍ਰਤਾਪ ਤੋਂ ਇੱਕ ਜੱਫਾ ਖਾ ਗਿਆ ਪਰ ਲਹਿੰਦੇ ਪੰਜਾਬ ਦੇ ਘਿਓ ਦੀ ਤਾਕਤ ਨੂੰ ਵਿਖਾਉਂਦਾ ਹੈ ਵੋਬਰ, ਪਿੰਦੂ ਦੁਤਾਲ ਨੂੰ ਛੋਟੇ ਸੋਹਣ ਅਤੇ ਗੱਗੀ ਚੱਕ ਦੇਸ ਰਾਜ ਵਾਲੇ ਨੇ ਇੱਕ ਇੱਕ ਵਾਰ ਰੋਕਿਆ। ਅੰਮ੍ਰਿਤ ਬਰਸਾਲ ਨੇ ਦੋ ਵਾਰ ਦੁੱਲਾ ਅਤੇ ਇੱਕ ਵਾਰ ਪ੍ਰੀਤ ਥੰਮਿਆ, ਫਰਿਆਦ ਵੀ ਦੁੱਲਾ ਤੇ ਮਾਹਲਾ ਰੋਕ ਗਿਆ। ਸਾਬੀ, ਸ਼ੀਰਾ ਔਲਖ, ਸੋਨਾ ਹੋਠੀਆਂ, ਜੋਗਿੰਦਰ ਦੁਸਾਂਝ, ਮੰਗੀ ਅਤੇ ਸਾਥੀਆਂ ਦੀ ਟੀਮ ਨੂੰ ਅੱਜ ਸ਼ੀਰਾ ਸੰਮੀਪੁਰ, ਸਤਿੰਦਰ ਗੋਲਡੀ, ਹਰਜੀਤ ਢਿਲੋਂ, ਮੰਤਾ, ਤਾਰੀ ਅਤੇ ਸਾਥੀਆਂ ਦੀ ਟੀਮ ਨੇ 10 ਅੰਕਾਂ ਦੇ ਫਰਕ ਨਾਲ 37/27.5 ਅੰਕਾਂ ਨਾਲ ਮਾਤ ਦਿੱਤੀ।

ਦੂਜੇ ਮੈਚ ਵਿੱਚ ਲੈਸਟਰ/ਡਰਬੀ ਨੇ ਬਰੈਡਫੋਰਡ ਨੂੰ ਸਹਿਜੇ ਹੀ 38/24.5 ਅੰਕਾਂ ਨਾਲ ਹਰਾ ਕੇ ਜਿੱਤ ਦਰਜ਼ ਕੀਤੀ। ਸਿੰਮੂ ਕੰਗ 10 ਕੌਢੀਆਂ 'ਚ ਸਿਰਫ ਇੱਕ ਵਾਰ ਭਿੰਦੇ ਮੂਲੇਵਾਲ ਖਹਿਰਾ ਤੋਂ ਰੁਕਿਆ, ਪ੍ਰੀਤ ਲੱਧੂ 15 ਕੌਢੀਆਂ ਪਾ ਕੇ 3 ਵਾਰ ਹੀ ਰੁਕਿਆ ਇੱਕ ਵਾਰ ਜੱਗੇ ਤੋਂ ਅਤੇ ਦੋ ਵਾਰ ਭਿੰਦੇ ਤੋਂ। ਮੱਛੋ ਨੇ ਬੱਗਾ, ਗੁਲਜ਼ਾਰੀ ਤੇ ਕਰਨ ਰੋਕੇ, ਏਕਤਮ ਨੇ ਗੁਲਜ਼ਾਰੀ, ਕਰਨ ਜਾਦੂ, ਯੋਧਾ, ਰਾਜਾ ਪੱਧਰੀ ਵੀ ਚਾਰ ਜੱਫੇ ਕੱਢ ਗਿਆ। ਮੁੰਡਿਆਂ ਦੀ ਖੇਡ ਤੋਂ ਅੱਜ ਕੁਲਵੰਤ ਸੰਘਾ, ਕੁਲਬੀਰ ਖੱਖ, ਪਿਆਰਾ ਰੰਧਾਵਾ, ਨਿਰਮਲ ਲੱਡੂ, ਹਰਜਿੰਦਰ ਬੋਈ, ਜਸਬੀਰ, ਨਛੱਤਰ ਬਾਗੋ ਬਾਗ ਸੀ। ਪਰ ਬਰੈਡਫੋਰਡ ਵਾਲੇ ਦਲਬੀਰ ਸਿੱਧੂ, ਸੈਂਹਬੀ ਅਤੇ ਸਾਥੀ ਇਸ ਵਾਰ ਪਾਰਟੀਸਪੇਟ ਕਰਕੇ ਹੀ ਮਨ ਸਮਝਾ ਰਹੇ ਸੀ।

ਟੈਲਫੋਰਡ ਅਤੇ ਬਾਰਕਿੰਗ ਗ੍ਰੇਵਜ਼ੈਂਡ ਦਾ ਮੈਚ ਵੀ ਇੱਕ ਪਾਸੜ ਜਿਹਾ ਰਿਹਾ। ਟੈਲਫੋਰਡ ਵੱਲੋਂ ਰਮਨ ਮੱਲੀਆਂ ਪੂਰੇ ਮੈਚ ਵਿੱਚ ਕਿਸੇ ਤੋਂ ਰੁਕਿਆ ਨਹੀਂ, ਬੂਰੀਆ 12 ਕੌਢੀਆਂ ਪਾ ਕੇ ਇੱਕ ਵਾਰ ਰੂਬੀ ਤੋਂ ਜੱਫਾ ਖਾ ਗਿਆ, ਸ਼ੈਲੀ ਕਾਸ਼ੀਪੁਰੀਆ ਅਤੇ ਰੁਪਿੰਦਰ ਦੋਦੇਵਾਲ ਦੀ ਤੇਜ਼ ਤਰਾਰ ਭਾਜ ਨੂੰ ਹੰਦਿਆਂ ਦੇ ਕੋਲ ਆ ਕੇ ਜਦੋਂ ਬਾਹਰ ਕੱਢਿਆ ਤਾਂ ਕਮਾਲ ਦਾ ਨੰਬਰ ਹਾਸਲ ਕੀਤਾ। ਮੰਗੀ ਬੱਗਾ ਪਿੰਡ ਨੇ ਵੀ ਰੁਪਿੰਦਰ ਨੂੰ ਰੋਕਿਆ। ਪਾਲਾ ਸਹੋਤਾ, ਰਾਜਵਿੰਦਰ ਸਿੰਘ ਖਹਿਰਾ, ਅਮਰੀਕ ਬੋਪਾਰਾਏ, ਅਜਮੇਰ ਮੇਲਾ ਅਤੇ ਸਾਥੀ ਸਮਝ ਗਏ ਸੀ ਕਿ ਅੱਜ ਗੱਲ ਨਹੀਂ ਬਣਨੀ। ਦੁੱਖ ਇਸ ਗੱਲ ਦਾ ਸੀ ਕਿ ਕਈ ਖਿਡਾਰੀ ਟੀਮ ਨੂੰ ਇਸ ਵਾਰ ਖੜ੍ਹੇ ਪੈਰ ਧੋਖਾ ਦੇ ਗਏ। ਟੈਲਫੋਰਡ ਨੇ ਇਹ ਮੈਚ 35/25.5 ਦੇ ਫਰਕ ਨਾਲ ਜਿੱਤਿਆ।

ਹੇਜ਼ ਅਤੇ ਈਰਥ ਵੂਲਿਚ ਸਾਊਥਾਲ ਦੇ ਚੌਥੇ ਮੈਚ ਤੱਕ ਗਰਾਉਂਡ ਵਿੱਚ ਖੂਬ ਰੌਣਕ ਹੋ ਚੁੱਕੀ ਸੀ, ਪ੍ਰਬੰਧਕਾਂ ਦੇ ਚਿਹਰੇ ਤੇ ਖੁਸ਼ੀਆਂ ਦੀ ਲਾਲੀ ਝਲਕਦੀ ਸੀ, ਕਿ ਮੇਲਾ ਕਾਮਯਾਬੀ ਵੱਲ ਨੂੰ ਵੱਧ ਰਿਹਾ ਹੈ। ਚੁੰਨੀ ਪੱਤੜ ਤੇ ਅਖ਼ਤਰ ਚੱਕ ਢੱਡਿਆਂ ਵਾਲਾ ਇਸ ਮੈਚ ਦੀ ਰੈਫਰੀ ਕਰ ਰਹੇ ਸੀ। ਪੰਮੀ ਰੰਧਾਵਾ, ਕੰਮਾ ਔਜਲਾ, ਗੁਰਮੀਤ ਰੰਧਾਵਾ, ਅਮਰੀਕ ਲੱਡੂ, ਸੱਤੀ ਛੀਨਾ, ਜਸਵਾਲ ਸਵਾਲ, ਬਲਜਿੰਦਰ ਜੈਨਪੁਰੀਆ, ਕੁਲਬੀਰ ਲਾਲਾ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਲੱਗੇ ਦੂਜੇ ਪਾਸੇ ਬਲਜਿੰਦਰਾ ਭਿੰਡਰ, ਸੋਨੀ ਬਿਲਗਾ, ਕੱਥੋ ਆਪਣੇ ਸੰਗੀ ਸਾਥੀਆਂ ਨਾਲ ਮੁਸ਼ਕੜੀਏਂ ਹੱਸਦੇ ਖਿਡਾਰੀਆਂ ਨੂੰ ਹੌਂਸਲਾ ਦੇ ਰਹੇ ਸੀ।

ਬਾਕੀ ਹਿਸਾ ਸਫਾ 44 'ਤੇ ਪੜੋ



## ਬ੍ਰਮਿੰਘਮ ਕਬੱਡੀ ਟੂਰਨਾਮੈਂਟ

43 ਸਫੇ ਦੀ ਬਾਕੀ

ਹੇਜ਼ ਵੱਲੋਂ ਅਮਨ ਲੁਹਾਰਾ ਨੇ ਭੀਮ, ਬਲਕਰਨ ਅਤੇ ਗੱਗੂ ਨੂੰ ਜੱਫੇ ਲਾਏ, ਰਾਜੂ ਖੋਸਾ ਕੋਟਲਾ ਨੇ ਸ਼ੀਰਾ ਤੇ ਬਲਕਰਨ, ਸੱਤੀ ਨੇ ਭੀਮ ਤੇ ਬਲਰਕਨ ਨੂੰ ਰੋਕਿਆ। ਈਰਥ ਵੂਲਿਚ ਸਾਊਥਾਲ ਵੱਲੋਂ ਧਾਕੜ ਨੇ ਸੁਖਵੀਰ, ਕੁਲਜੀਤ ਤੇ ਅਮਿਤ ਧਨੌਰੀ ਰੋਕੇ, ਗੁਰਵਿੰਦਰ ਘਾਗੇਵਾਲ ਨੇ ਅਮਿਤ ਤੇ ਸੁਖਵੀਰ ਗੁਰੂਸਰ, ਕੁਲਵਿੰਦਰ ਨੇ ਕੁਲਜੀਤ ਰੋਕਿਆ। ਪਰ ਅੱਧੇ ਸਮੇਂ ਤੱਕ 17.5/14 ਨਾਲ ਅੱਗੇ ਜਾ ਰਹੀ ਹੇਜ਼ ਟੀਮ ਆਖਿਰ 32.5/28 ਦੇ ਫਰਕ ਨਾਲ ਜਿੱਤ ਕੇ ਔਹ ਗਈ।

ਕਵੈਂਟਰੀ ਬ੍ਰਮਿੰਘਮ ਅਤੇ ਸਲੋਹ ਇਕਨਹਮ ਵਿਚਕਾਰ ਖੇਡਿਆ ਪੰਜਵਾਂ ਮੈਚ ਪੌਂਡਾਂ ਵਾਲਾ ਮੈਚ ਸੀ, ਨੇਕਾ ਮੈਰੀਪੁਰ ਇਧਰ ਉਧਰ ਭੱਜਦਾ ਨਾਲ ਹੀ ਜੇਬ ਨੂੰ ਹੱਥ ਪਾ ਰਿਹਾ ਸੀ, ਕਦੇ 10 ਦਾ ਕਦੇ 20 ਦਾ ਨੋਟ, ਕਦੇ ਮਹਾਰਾਣੀ ਦੀ ਫੋਟੋ ਵਾਲਾ ਤੇ ਕਦੇ ਮਹਾਰਾਜੇ ਚਾਰਲਸ ਦੀ ਫੋਟੋ ਵਾਲੇ ਨਵੇਂ ਨੋਟ ਖਿਡਾਰੀਆਂ ਤੋਂ ਵਾਰੇ ਜਾਣ ਲੱਗੇ। ਸਵਰਨੇ ਫਰੀਦਕੋਟੀਏ ਦੀ ਵਿਸਲ ਨਾਲ ਉਗਲੀ ਵੀ ਖੜ੍ਹੀ ਹੋ ਰਹੀ ਸੀ। ਅੱਧੇ ਸਮੇਂ ਤੱਕ ਤਾਂ ਦੋਵੇਂ ਟੀਮਾਂ ਲੱਗਭੱਗ ਬਰਾਬਰ ਹੀ ਸੀ। ਪਰ ਬਾਅਦ ਵਿੱਚ ਮੈਚ ਹੋਰ ਹੀ ਭਖ ਗਿਆ। ਘਰ ਦਾ ਟੂਰਨਾਮੈਂਟ ਹੋਣ ਕਰਕੇ ਵੀ ਫਰਕ ਰਹਿੰਦਾ ਹੈ, ਦੀਪਾ ਮੋਲੀ, ਬਲਵਿੰਦਰ ਦੂਲੇ ਵੀ ਗਰਾਉਂਡ ਵਿਚ ਗੇੜੀਆਂ ਦੇ ਰਹੇ ਸੀ, ਮਨਜੀਤ ਢੰਡਾ, ਸਤਨਾਮ ਗਿੱਲ, ਭਜਨ ਸਮਰਾ ਬਾਹਰ ਬੈਠ ਕੇ ਨਜ਼ਾਰੇ ਲੈ ਰਹੇ ਸੀ। ਇਸ ਮੈਚ ਵਿੱਚ ਸਭ ਤੋਂ ਵੱਧ ਕੌਢੀਆਂ ਪ੍ਰਮਜੀਤਪੁਰੇ ਵਾਲੇ ਘੋੜੇ ਨੇ ਪਾਈਆਂ ਤੇ ਸਿਰਫ ਇੱਕ ਵਾਰ ਹੀ ਫਰਿਆਦ ਤੋਂ ਰੁਕਿਆ। ਸਭ ਤੋਂ ਵੱਧ ਤਿੰਨ ਜੱਫੇ ਭੇਲੂ ਬਰਸਾਲ ਨੇ ਲਾਏ ਕ੍ਰਮਵਾਰ ਦੁੱਲੇ, ਸੁੱਖੇ ਤੇ ਨੰਨੀ ਨੂੰ ਇੱਕ ਇੱਕ ਜੱਫਾ ਲਾਇਆ। ਗੋਲਡੀ ਵੀ ਆਪਣੇ ਖਿਡਾਰੀਆਂ ਤੋਂ ਨੋਟ ਵਾਰ ਰਿਹਾ ਸੀ। ਕੇਵਲ ਰਣਦੇਵਾ ਠੰਡੇ ਮਨ ਨਾਲ ਕਬੱਡੀ ਦਾ ਨਜ਼ਾਰਾ ਤੱਕਦਾ ਰਿਹਾ, ਉਸ ਲਈ ਹਾਰ ਜਿੱਤ ਇੱਕ ਬਰਾਬਰ ਜਿਹੀ ਹੀ ਹੁੰਦੀ ਐ। ਸੁਖਦੇਵ ਸਿੱਧੂ, ਜੀਤ ਪੁਰੇਵਾਲ ਵੀ ਬਾਗੋਬਾਗ ਸੀ ਕਿ ਮੁੰਡਿਆਂ ਨੇ 35.5/29 ਨਾਲ ਜਿੱਤ ਦਰਜ ਕੀਤੀ ਐ। ਰਣਜੀਤ ਵੜੈਚ ਵੀ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰ ਰਿਹਾ ਸੀ।

ਬਾਰਕਿੰਗ ਵਾਲੇ ਅਮਰੀਕ ਸਿੰਘ ਬੋਪਾਰਾਏ ਦਾ ਵੀ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਹ ਸਨਮਾਨ ਬਾਰਕਿੰਗ ਕਬੱਡੀ ਕਲੱਬ ਵਾਲਿਆਂ ਵੱਲੋਂ ਲਹਿੰਬਰ ਸਿੰਘ ਲੱਧੜ, ਰਾਣਾ ਪੱਡਾ, ਰਾਜਵਿੰਦਰ ਖਹਿਰਾ, ਭਿੰਦਾ ਭਰੋਲੀ, ਅਜਮੇਰ ਸਿੰਘ ਮੇਲਾ, ਦਿਲਬਾਗ ਸਿੰਘ ਰੰਧਾਵਾ, ਜਸਵੀਰ ਢੇਸੀ ਆਦਿ ਵੱਲੋਂ ਕੀਤਾ ਗਿਆ।

ਪਹਿਲੇ ਸੈਮੀਫਾਈਨਲ ਵਿੱਚ ਹੇਜ਼ ਨੂੰ ਲੈਸਟਰ/ਡਰਬੀ ਨੇ ਸਿਰਫ ਅੱਧੇ ਨੰਬਰ ਨਾਲ ਹਰਾਇਆ। ਕਮਾਲ ਦੀ ਗੱਲ ਇਹ ਸੀ ਕਿ ਅੱਧੇ ਸਮੇਂ ਤੱਕ ਲੈਸਟਰ ਡਰਬੀ ਦੇ ਅੰਕ ਸੀ ਸਾਢੇ 19 ਅਤੇ ਹੇਜ਼ ਦੇ ਸੀ 16 ਜਾਣੀ ਤਿੰਨ ਅੰਕਾਂ ਦਾ ਫਰਕ ਸੀ ਜਾਂ ਕਹਿ ਲਵੋ ਦੋ ਜੱਫਿਆਂ ਨਾਲ ਖੇਡ ਇਧਰ ਉਧਰ ਹੋ ਸਕਦੀ ਸੀ। ਇਸ ਮੈਚ ਨੂੰ ਜੱਫਿਆਂ ਵਾਲਾ ਮੈਚ ਕਹੀਏ ਤਾਂ ਜਿਆਦਾ ਵਧੀਆ ਲੱਗੂ, ਹੇਜ਼ ਵੱਲੋਂ ਅਮਿਤ ਧਨੌਰੀ ਨੇ 11 ਕੌਢੀਆਂ ਪਾਈਆਂ ਤੇ 5 ਜੱਫੇ, ਸੁਖਵੀਰ ਗੁਰੂ ਸਰ ਨੇ 10 ਕੌਢੀਆਂ ਪਾ ਕੇ 6 ਜੱਫੇ, ਕੁਲਜੀਤ ਨੇ ਸਭ ਤੋਂ ਵੱਧ 16 ਕੌਢੀਆਂ ਪਾਈਆਂ ਸਿਰਫ ਦੋ ਜੱਫੇ ਹੀ ਲੱਗੇ। ਲੈਸਟਰ ਡਰਬੀ ਵੱਲੋਂ ਸਿੰਮੂ ਕੰਗ ਨੇ 16 ਕੌਢੀਆਂ ਪਾਈਆਂ ਤੇ 4 ਜੱਫੇ ਲੱਗੇ, ਸੁੱਖੀ ਖੁੰਡਾਂਵਾਲੀ ਸ਼ੇਰ ਨੇ 15 ਪਾ ਕੇ 5 ਜੱਫੇ, ਪ੍ਰੀਤ ਲੱਧੂ ਨੇ 7 ਪਾ ਕੇ 5 ਜੱਫੇ ਖਾਧੇ। ਜਾਫੀਆਂ ਵਿੱਚੋਂ ਰਾਜਾ ਪੱਧਰੀ ਨੇ ਗੋਗੀ, ਸੁਖਵੀਰ, ਅਮਿਤ ਤੇ ਦੋ ਵਾਰ ਕੁਲਜੀਤ ਰੋਕਿਆ, ਏਕਮ ਨੇ ਸੁਖਵੀਰ ਨੂੰ 4 ਤੇ ਅਮਿਤ ਨੂੰ 3 ਵਾਰ ਡੱਕਿਆ, ਮੱਛੋ ਜੱਟ ਨੇ ਸੁਖਵੀਰ ਤੇ ਅਮਿਤ ਰੋਕੇ, ਹੇਜ਼ ਵੱਲੋਂ ਹਰਮਨ ਘੋਲੀਆ ਨੇ ਤਿੰਨ ਸੁੱਖੀ ਨੂੰ ਤੇ ਇੱਕ ਇੱਕ ਸਿੰਮੂ ਕੰਗ ਤੇ ਪ੍ਰੀਤ ਨੂੰ, ਅਮਨ ਲੁਹਾਰਾ ਨੇ ਤਿੰਨ ਪ੍ਰੀਤ ਨੂੰ ਤੇ ਇੱਕ ਸਿੰਮੂ ਨੂੰ, ਸੱਤੀ ਨੇ ਦੋ ਸਿੰਮੂ ਤੇ ਇੱਕ ਪ੍ਰੀਤ ਨੂੰ ਤੇ ਰਾਜੂ ਖੋਸਾ ਕੋਟਲਾ ਨੇ ਦੋ ਵਾਰ ਸੁੱਖੀ ਨੂੰ ਥੰਮਿਆ। ਗੱਲ ਕੀ ਆਖਿਰ ਲੈਸਟਰ ਡਰਬੀ ਦੇ 38.5 ਤੇ ਹੇਜ਼ ਦੇ 38 ਅੰਕ ਰਹੇ ਅਤੇ ਲੈਸਟਰ ਡਰਬੀ ਫਾਈਨਲ 'ਚ ਪਹੁੰਚ ਗਈ।

ਦੂਜਾ ਸੈਮੀਫਾਈਨਲ ਮੈਚ ਟੈਲਫੋਰਡ ਅਤੇ ਕਵੈਂਟਰੀ ਬ੍ਰਮਿੰਘਮ ਵਿਚਕਾਰ ਹੋਇਆ ਇਸ ਮੈਚ ਵਿੱਚ ਟੈਲਫੋਰਡ ਨੇ 13 ਜੱਫੇ ਲਾਏ ਤੇ ਕਵੈਂਟਰੀ ਬ੍ਰਮਿੰਘਮ ਵੱਲੋਂ 8 ਜੱਫੇ ਲੱਗੇ। ਸਭ ਤੋਂ ਵੱਧ ਕੌਢੀਆਂ ਕੁਲਵਿੰਦਰ ਨੇ 14 ਪਾਈਆਂ ਤੇ ਸਿਰਫ 2 ਵਾਰ ਨਵ੍ਹ ਤੇ ਵਿੱਕੀ ਤੋਂ ਰੁਕਿਆ। ਰਮਨ ਮੱਲੀਆਂ ਨੇ 13 ਕੌਡੀਆਂ 'ਚੋਂ ਦੋ ਵਾਰ ਅੰਮ੍ਰਿਤ ਦੁੱਗਾਂਵਾਲਾ ਤੇ ਵਿੱਕੀ ਤੋਂ ਰਕਿਆ, ਬੂਰੀਆ ਦੀ 11 ਕੌਢੀਆਂ ਪਾ ਕੇ ਸਿਰਫ ਦੋ ਵਾਰ ਲੱਭੂ ਸੀਚੇਵਾਲ ਅਤੇ ਹੈਪੀ ਸਭਰਾਵਾਂ ਵਾਲੇ ਤੋਂ ਰੁਕਿਆ। ਕਵੈਂਟਰੀ ਬ੍ਰਮਿੰਘਮ ਵੱਲੋਂ ਘੋੜਾ ਤੇ ਦੁੱਲਾ ਚੱਠਿਆਂ ਵਾਲਾ ਬਰਾਬਰ ਹੀ 11-11 ਕੌਢੀਆਂ ਪਾ ਕੇ 3-3 ਵਾਰ ਰੁਕੇ, ਨੰਨੀ 10 ਕੌਢੀਆਂ ਪਾ ਕੇ ਸਿਰਫ ਦੋ ਵਾਰ ਮੰਗੀ ਤੇ ਰਵੀ ਦੇ ਹੱਥ ਚੜ੍ਹਿਆ, ਸੁੱਖਾ ਬਾਜਵਾ 10 ਕੌਢੀਆਂ ਪਾ ਕੇ ਸ਼ੈਲੀ, ਮੰਗੀ, ਲੱਖਾ ਤੇ ਸਨੀ ਤੋਂ ਜੱਫੇ ਖਾ ਗਿਆ। ਆਖਿਰ ਬਲਵਿੰਦਰ ਚੱਠਾ, ਗੁਰਜੀਤ ਸੰਧੂ, ਸੁੱਖੀ ਬੈਂਸ ਅਤੇ ਸਾਥੀਆਂ ਦੀ ਟੀਮ 47.5/35 ਅੰਕਾਂ ਦੇ ਫਰਕਨ ਨਾਲ ਫਾਈਨਲ ਵਿੱਚ ਪ੍ਰਵੇਸ਼ ਕਰ ਗਈ। ਬੱਚਿਆਂ ਦਾ ਮੈਚ ਸ਼ੇਰੇ ਪੰਜਾਬ ਬਾਬਾ ਦੀਪ ਸਿੰਘ ਨੇ ਪੰਜਾਬ ਯੁਨਾਈਟਡ ਨੂੰ ਹਰਾ ਕੇ ਜਿੱਤਿਆ।

ਫਾਈਨਲ ਮੈਚ ਦਾ ਮੁਕਾਬਲਾ ਟੈਲਫੋਰਡ ਨੇ ਲੈਸਟਰ ਡਰਬੀ ਨੂੰ ਸਹਿਜੇ ਹੀ 30.5/15 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤਿਆ। ਇਸ ਮੈਚ ਵਿੱਚ ਸਨੀ ਕਾਲੇ ਸੰਘਾ ਨੇ ਸੁੱਖੀ ਨੂੰ ਤਿੰਨ ਅਤੇ ਰਾਜਾ ਪੱਧਰੀ ਨੂੰ ਇੱਕ ਜੱਫਾ ਲਾਇਆ, ਰਵੀ ਸਾਹੋ ਕੇ ਨੇ ਸੁੱਖੀ ਨੂੰ ਦੋ, ਰਿੰਕੂ ਨੂੰ ਦੋ ਅਤੇ ਰਾਜੇ ਨੂੰ ਇੱਕ ਵਾਰ ਰੋਕਿਆ, ਏਕਮ ਮੀਰਪੁਰੀਆ ਨੇ ਰਮਨ ਨੂੰ ਤੇ ਰਿੰਕੂ ਨੇ ਬੁਰੀਆ ਨੂੰ ਰੋਕਿਆ। ਆਖਿਰ ਅੱਜ ਦਾ ਲੱਕ ਜਿੰਡਾ ਬਣਾਇਆ ਜੇਤੂ ਕੱਪ ਟੈਲਫੋਰਡ ਨੇ ਜਿੱਤਿਆ ਅਤੇ ਲੈਸਟਰ/ਡਰਬੀ ਨੇ ਉਪ ਜੇਤੂ ਕੱਪ ਜਿੱਤ ਕੇ ਕੁਲਵੰਤ ਸੰਘਾ, ਖੱਖ, ਲੱਡੂ, ਰੰਧਾਵਾ, ਬੋਈ ਅਤੇ ਸਾਥੀਆਂ ਦੇ ਖਰਚੇ ਦਾ ਥੋੜਾ ਜਿਹਾ ਮੁੱਲ ਮੋੜ੍ਹਨ ਦੀ ਸਫਲ ਕੋਸ਼ਿਸ਼ ਕੀਤੀ। ਟੂਰਨਾਮੈਂਟ ਦਾ ਸਰਬੋਤਮ ਧਾਵੀ ਕੁਲਵਿੰਦਰ ਅਤੇ ਸਰਬੋਤਮ ਜਾਫੀ ਰਵੀ ਸਾਹੋ ਕੇ ਨੂੰ ਐਲਾਨਿਆ ਗਿਆ। ਪ੍ਰਬੰਧਕਾਂ ਨੇ ਜੇਤੂ ਟੀਮਾਂ ਨੂੰ ਕੱਪਾਂ ਨਾਲ ਸਨਮਾਨਿਤ ਕੀਤਾ ਗਿਆ।

## ਅਮਰੀਕੀ ਵਿਚ ਵਿਦਿਆਰਥੀ ਵੀਜ਼ੇ 'ਤੇ ਗਏ ਇਕ ਭਾਰਤੀ ਨੂੰ ਨਬਾਲਗ ਨਾਲ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿਚ 12 ਸਾਲ ਕੈਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਪੈਨਸਿਲਵਾਨੀਆ ਦੇ ਏਰੀ ਸ਼ਹਿਰ ਵਿਚ ਇਕ ਭਾਰਤੀ ਨਾਗਰਿਕ ਜੋ ਵਿਦਿਆਰਥੀ ਵੀਜ਼ੇ ਉਪਰ ਅਮਰੀਕਾ ਆਇਆ ਸੀ, ਨੂੰ ਇਕ ਨਬਾਲਗ ਨੂੰ ਫੁਸਲਾਉਣ ਤੇ ਉਸ ਨਾਲ ਗੈਰ ਕਾਨੂੰਨੀ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਇਕ ਅਦਾਲਤ ਵੱਲੋਂ 12 ਸਾਲ ਸੰਘੀ ਜੇਲ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਯੂ ਐਸ ਅਟਾਰਨੀ ਏਰਿਕ ਜੀ ਓਲਸ਼ਾਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 32 ਸਾਲਾ ਭਾਰਤੀ ਉਪੇਂਦਰਾ ਅਡੂਰੂ ਨੂੰ ਡਿਸਟ੍ਰਿਕਟ ਜੱਜ ਸੂਸਾਨ ਪੈਰਾਡਾਈਜ਼ ਬੈਕਸਟਰ ਨੇ ਸਜ਼ਾ ਸੁਣਾਈ। ਸਜ਼ਾ ਪੂਰੀ ਹੋਣ ਉਪਰੰਤ ਅਡੂਰੂ ਨੂੰ 10 ਸਾਲ ਨਿਗਰਾਨੀ ਵਿਚ ਰਹਿਣਾ ਪਵੇਗਾ। ਮਾਮਲੇ ਦੀ ਜਾਂਚ ਵਿੱਚ ਪਤਾ ਲੱਗਾ ਕਿ ਅਡੂਰੂ ਨੇ ਸਤੰਬਰ 20 ਅਤੇ ਅਕਤੂਬਰ 6, 2022 ਦਰਮਿਆਨ ਇਕ 13 ਸਾਲ ਦੀ ਲੜਕੀ ਨੂੰ ਸੋਸ਼ਲ ਮੀਡੀਆ ਰਾਹੀਂ ਕਈ ਸੁਨੇਹੇ ਤੇ ਅਸ਼ਲੀਲ ਤਸਵੀਰਾਂ ਭੇਜੀਆਂ । ਭੇਜੇ ਸੁਨੇਹਿਆਂ ਵਿਚ ਉਸ ਨੇ ਵਾਰ ਵਾਰ ਸਰੀਰਕ ਸਬੰਧ ਬਣਾਉਣ ਦੀ ਇੱਛਾ ਪ੍ਰਗਟਾਈ। ਉਸ ਨੇ ਨਬਾਲਗ ਨਾਲ ਮਿਲਕਰੀਕ ਟਾਊਨਸ਼ਿੱਪ ਦੇ ਇਕ ਪਾਰਕ ਵਿਚ ਮਿਲਣ ਦਾ ਪ੍ਰੋਗਰਾਮ ਬਣਾਇਆ ਜਿਥੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।


## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ

## ਦੋ ਧਾਰਮਿਕ ਸੇਵਾਦਾਰਾਂ ਦੀ ਲੋੜ

ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਡਰਬੀ ਵਿਖੇ ਦੋ (ਧਾਰਮਿਕ ਸੇਵਾਦਾਰਾਂ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ। ਵਾਜਾ ਤਬਲਾ ਜਾਣਦੇ ਹੋਣ । ਪ੍ਰਸ਼ਾਦਿ ਬਣਾਉਣ ਤੇ ਵੰਡਣ ਦੀ ਸੇਵਾ, ਚੌਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਹਲਣਾ ਤੇ ਬੰਦ ਕਰਨਾ ਉਹਨਾ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ । ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ । ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ ।

ਸ਼ਰਤਾਂ :– ਤਬਲੇ ਦੇ ਮਾਹਿਰ ਹੋਣ । ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ ।

ਚਾਹਵਾਨ ਸੇਵਾਦਾਰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰਨ ਜਾਂ ਦਿੱਤੇ ਪਤੇ 'ਤੇ 6 ਸਤੰਬਰ 2024 ਤੋਂ ਪਹਿਲਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ ।

ਜਨਰਲ ਸੈਕਟਰੀ : ਲਹਿੰਬਰ ਸਿੰਘ – 07846 776698

## 2 VACANCIES FOR RELIGIOUS WORKERS AT GADG DERBY U.K.

**Two Religious workers urgently required at Guru Arjan Dev Gurdwara Derby, UK.**

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to homes, Opening and closing Gurdwara Sahib.

**Location:** Derby.

**Duration & Remuneration:** Attractive Salary will be according to UK employment Law. Boarding and Lodging will be provided. Work 34 hours per week.

**Requirements:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to Email:admin@gadgderby.co.uk

**General Secretary** Mr. Lehmber Singh - **07846 776698**

**Closing date - 6th September, 2024**

**GURU ARJAN DEV GURDWARA SAHIB**

**Stanhope Street, Derby, DE23 6QJ, U.K.**

**Tel: 01332 776872 / 01332 270644**

# ਦੁਪਹਿਰਾ ਚੋਪਹਿਰਾ ਸਮਾਗਮ ਦੀ ਨਵੀਂ ਪਿਰਤ ਗੁਰਮਤਿ ਵਿਰੋਧੀ, ਅੰਧ-ਵਿਸ਼ਵਾਸ ਦਾ ਮੱਕੜਜਾਲ਼

ਗਿਆਨੀ ਕੇਵਲ ਸਿੰਘ

• • •

ਸਤਿਗੁਰੂ ਜੀ ਦੀ ਬਾਣੀ ਦਾ ਪਾਵਨ ਉਪਦੇਸ਼ ਹੈ "ਗੁਰ ਸਾਖੀ ਕਾ ਉਜੀਆਰਾ॥ ਤਾ ਮਿਟਿਆ ਸਗਲ ਅੰਧ੍ਰਾ॥"



"ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥" ਧੰਨ ਗੁਰੂ ਨਾਨਕ ਸਾਹਿਬ ਜੀ ਨੇ ਅਗਿਆਨਤਾ ਦੀ ਕਾਲੀ-ਬੋਲ਼ੀ ਰਾਤ ਦਾ ਖ਼ਾਤਮਾ "ਗੁਰਬਾਣੀ ਗਿਆਨ ਸੂਰਜ" ਨਾਲ ਕੀਤਾ ਹੈ। ਇਹ ਉਹ ਗਿਆਨ ਦਾ ਸੂਰਜ ਹੈ ਜਿਸ ਨੇ ਸਦਾ ਚੜ੍ਹੇ ਰਹਿਣਾ ਹੈ ਭਾਵ ਪ੍ਰਕਾਸ਼ਮਾਨ ਰਹਿਣਾ ਹੈ। ਕਿਸੇ ਵੀ ਅੰਧ ਵਿਸ਼ਵਾਸ, ਕਰਮ-ਕਾਂਡ, ਭਰਮ-ਭੇਖ ਤੇ ਗੁਰੂ-ਡੰਭ ਆਦਿ ਨੇ ਇਸ ਗਿਆਨ ਸੂਰਜ ਨੂੰ ਲੁਕਾ-ਛੁਪਾ ਨਹੀਂ ਸਕਣਾ। ਗੁਰੂ ਸਿੱਖਿਆ ਮਨੁੱਖ ਨੂੰ ਕੇਵਲ ਤੇ ਕੇਵਲ ਇੱਕੋ-ਇੱਕ ਰੱਬ ਨਾਲ ਜੋੜਦੀ ਏ।







**ਗੁਰਸਿੱਖ ਨੇ ਕਿਵੇਂ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਪ੍ਰਤੀ ਸਮਰਪਿਤ ਹੋ ਕੇ ਜਿਊਣਾ ਹੈ, ਇਹ ਗੱਲ ਉਸ ਦੇ ਜ਼ਿਹਨ ਵਿਚ ਵਸਾਉਣ ਤੋਂ ਭੱਜਿਆ ਜਾਂਦਾ ਹੈ। ਵੱਖ-ਵੱਖ ਸ਼ਹਿਰਾਂ, ਕਸਬਿਆਂ, ਪਿੰਡਾਂ, ਸੂਬਿਆਂ ਤੇ ਦੇਸ਼-ਵਿਦੇਸ਼ ਵਿਚ ਨਵੇਂ ਢੰਗ ਦਾ ਕਰਮ-ਕਾਂਡ ਦੁਪਹਿਰੇ-ਚੁਪਹਿਰੇ ਦੇ ਰੂਪ 'ਚ ਜੰਗਲ ਦੀ ਅੱਗ ਵਾਂਗ ਅੱਗੇ ਤੋਂ ਅੱਗੇ ਫੈਲਾਇਆ ਜਾ ਰਿਹਾ ਹੈ। ਬੀਬੀਆਂ ਵੱਡੀ ਤਾਦਾਦ ਵਿਚ ਇਨ੍ਹਾਂ ਅਡੰਬਰਵਾਦੀਆਂ ਦੀਆਂ ਸ਼ਿਕਾਰ ਹੋਈਆਂ ਹਨ। ਇਤਿਹਾਸਕ ਗੁਰਦੁਆਰੇ ਸਾਹਿਬਾਨ ਤੇ ਗੁਰਦੁਆਰਾ ਸਿੰਘ ਸਭਾ ਅਸਥਾਨਾਂ ਦੇ ਪ੍ਰਬੰਧਕ ਤੇ ਸੰਗਤਾਂ ਬਹੁਤੇ ਥਾਈਂ ਅੱਖਾਂ ਬੰਦ ਕਰ ਕੇ ਇਨ੍ਹਾਂ ਅੱਗੇ ਸਿਰ ਸੁੱਟ ਕੇ ਖ਼ਾਮੋਸ਼ ਹੋ ਚੁੱਕੇ ਹਨ। ਕਈ ਥਾਵਾਂ ਤੋਂ ਜਾਗਰੂਕ ਸਿੱਖ ਇਸ ਭਾਰੂ ਤੇ ਸਿਧਾਂਤ ਮਾਰੂ ਕਰਮ ਦਾ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਦੀ ਸੁਣਵਾਈ ਲਈ ਸਭ ਦਰਵਾਜ਼ੇ ਹੀ ਬੰਦ ਮਿਲਨ ਲੱਗੇ ਹਨ।**

ਐਸੇ ਸਰਬ ਕਲਾ ਸਮਰੱਥ ਰੱਬ 'ਤੇ ਪੂਰਨ ਵਿਸ਼ਵਾਸ ਰੱਖਣ, ਪਿਆਰ ਕਰਨ, ਸਮਰਪਣ ਦਾ ਲਾਸਾਨੀ ਉਪਦੇਸ਼ ਨਿਰੰਤਰ ਦ੍ਰਿੜ੍ਹ ਕਰਵਾਉਂਦੀ ਹੈ। ਮਨੁੱਖੀ ਮਨਾਂ ਵਿਚ ਅਡੰਬਰਵਾਦੀਆਂ, ਭੇਖਧਾਰੀਆਂ ਵੱਲੋਂ ਸਦੀਆਂ ਤੋਂ ਪ੍ਰਚਾਰੇ-ਫੈਲਾਏ ਹੋਏ ਹਰ ਪ੍ਰਕਾਰ ਦੇ ਅੰਧ ਵਿਸ਼ਵਾਸ, ਕਰਮ-ਕਾਂਡਾਂ ਨੂੰ ਹਮੇਸ਼ਾ-ਹਮੇਸ਼ਾ ਲਈ ਗੁਰਬਾਣੀ ਗੁਰ ਉਪਦੇਸ਼ ਨਾਲ ਦੂਰ ਕਰਨ ਦਾ ਪਰਉਪਕਾਰ ਕਰਦੀ ਰਹੀ ਹੈ।

ਅਸੀਂ ਦੇਖਦੇ ਹਾਂ ਕਿ ਅੰਧ-ਵਿਸ਼ਵਾਸ ਕਰਮ-ਕਾਂਡਾਂ ਦੇ ਧਾਰਨੀ ਅਡੰਬਰ ਵਾਦੀਆਂ ਨੇ ਸਮੇਂ-ਸਮੇਂ ਗੁਰੂ ਨੂੰ ਪਿਆਰ ਕਰਨ ਵਾਲੀ ਸਿੱਖ ਸੰਗਤ ਦੇ ਮਨਾਂ ਵਿਚ ਭਰਮ-ਭੁਲੇਖੇ ਪਾਉਣ ਲਈ ਕਈ ਪ੍ਰਕਾਰ ਦੇ ਯਤਨ ਕੀਤੇ ਹਨ ਤੇ ਲਗਾਤਾਰ ਕਰ ਵੀ ਰਹੇ ਹਨ।

ਗੁਰਮਤਿ ਵਿਚ ਭੇਖ ਭਰਮ ਤੇ ਸਮੇਂ ਆਦਿ ਦਾ ਕੋਈ ਵੀ ਭਰਮ-ਭੁਲੇਖਾ ਨਹੀਂ ਹੈ। ਗੁਰੂ ਬਚਨ ਹਨ "ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥" ਸਤਿਗੁਰੂ ਜੀ ਦਾ ਜੀਵਨ ਇਤਿਹਾਸ ਪੜ੍ਹੀਏ, ਵਿਚਾਰੀਏ ਤਾਂ ਗੁਰੂ ਵੱਲੋਂ ਅੰਧ-ਵਿਸ਼ਵਾਸ ਦੇ ਖ਼ਾਤਮੇ ਦਾ ਵਾਰ-ਵਾਰ ਜ਼ਿਕਰ ਮਿਲਦਾ ਹੈ। ਪਹਿਲੀ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਨੇ ਪੂਰੇ ਸੰਸਾਰ ਦੇ ਮਨੁੱਖਾਂ ਨੂੰ ਰੱਬੀ ਵਿਸ਼ਵਾਸ, ਪ੍ਰਭੂ ਪਿਆਰ, ਮਨੁੱਖੀ ਬਰਾਬਰਤਾ ਦਾ ਉਪਦੇਸ਼ ਦ੍ਰਿੜ੍ਹ ਕਰਵਾ ਕੇ "ਕੁਦਰਤਿ ਕੇ ਸਭ ਬੰਦੇ" ਵਾਲੀ ਅਗੰਮੀ ਸਮਝ ਭਰੀ।

ਸਚਿਆਰ ਹੋਣ ਤੇ ਕੂੜ ਦੀ ਕੰਧ ਤੋੜਨ ਦੀ ਜੁਗਤਿ ਨੂੰ ਸਮਝਾਇਆ। "ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈ ਸਾਰਾ॥ ਜਬ ਇਹ ਗਹੈ ਬਿਪਰਨ ਕੀ ਰੀਤ॥ਮੈ ਨ ਕਰੋਂ ਇਨ ਕੀ ਪ੍ਰਤੀਤ॥ ਦਾ ਉਪਦੇਸ਼ ਵੀ ਰੂਪਮਾਨ ਹੈ।

ਸਿੱਖੀ ਕੇਵਲ ਗੁਰਬਾਣੀ ਸਿਧਾਂਤ ਦੀ ਪਾਲਕ-ਸੰਭਾਲਕ ਹੈ ਤੇ ਇਸ ਦੇ ਅਮਲ ਦੀ ਧਾਰਨੀ ਹੈ। ਇਸ ਵਿਚ ਨਾ ਸ਼ਖ਼ਸੀ (ਵਿਅਕਤੀ ਦਾ) ਪ੍ਰਭਾਵ ਹੈ, ਨਾ ਪੂਜਾ ਹੈ। ਨਾ ਡੇਰਾ, ਨਾ ਡੇਰੇਦਾਰ ਦੀ ਗੁੰਜਾਇਸ਼ ਹੈ। ਨਾ ਸੰਪਰਦਾ ਦੀ ਕੋਈ ਥਾਂ ਹੈ। ਗੁਰੂ ਜੀ ਨੇ ਖ਼ਾਲਸਾ ਪੰਥ ਤਿਆਰ ਕੀਤਾ ਹੈ। ਉਸ ਨੂੰ ਹੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਸੰਸਾਰ ਦਾ ਸਭ ਤੋਂ ਨਿਰਮਲ ਨਿਆਰਾ ਪੰਥ ਹੈ "ਖ਼ਾਲਸਾ ਪੰਥ"। ਜਾਤੀ ਲੋਭ-ਲਾਲਚ ਕਰਕੇ ਲੰਮੇ ਸਮੇਂ ਤੋਂ ਖਾਲਸਾ ਜੀਵਨ ਜੁਗਤਿ ਦੀ ਨਿਰਮਲਤਾ ਨੂੰ ਖ਼ਤਮ ਕਰਨ ਦੀਆਂ ਪਾਖੰਡਵਾਦੀਆਂ ਤੇ ਕਰਮ-ਕਾਂਡੀਆਂ ਵੱਲੋਂ ਕਰਮ-ਕਿਰਿਆਵਾਂ ਹੁੰਦੀਆਂ ਹਨ।

ਸੁਚੇਤ ਖ਼ਾਲਸਾ ਪੰਥ ਇਨ੍ਹਾਂ ਸਭ ਢਾਹ ਲਾਊ ਕੰਮਾਂ, ਯਤਨਾਂ ਨੂੰ ਤਬਾਹ ਕਰਦਾ ਆਇਆ ਹੈ। 'ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥' ਦੇ ਵਾਰਸ ਸਿੱਖ ਕਹਾਉਣ ਵਾਲਿਆਂ ਨੂੰ ਸਿੱਖੀ ਭੇਖ ਵਾਲੇ ਹੀ ਸਭ ਤੋਂ ਵੱਧ ਢਾਹ ਲਾਉਣ ਦਾ ਅਪਰਾਧ ਕਰਦੇ ਦਿਖਾਈ ਦਿੰਦੇ ਹਨ। ਇਨ੍ਹਾਂ ਅਡੰਬਰਵਾਦੀਆਂ ਲਈ ਪੰਥ ਪ੍ਰਮਾਣਿਤ ਸਿੱਖ ਰਹਿਤ-ਮਰਿਆਦਾ ਦੀ ਕੋਈ ਅਹਿਮੀਅਤ ਨਹੀਂ। ਇਹ ਅਨਮੱਤੀਆਂ, ਮਨਮੱਤੀਆਂ ਦੀ ਪੈਰਵੀ ਕਰਦੇ ਹਨ। ਜਾਤੀ ਮਾਣ-ਸਨਮਾਨ ਖ਼ਾਤਰ ਅਡੰਬਰਵਾਦੀ ਅੱਖਾਂ ਬੰਦ ਕਰ ਕੇ ਪ੍ਰਚਾਰ-ਪ੍ਰਸਾਰ ਕਰਨ ਲਈ ਸਾਰੇ ਸਾਧਨ ਝੋਕ ਦੇਂਦੇ ਹਨ।

ਪਿਛਲੇ ਕੁਝ ਸਮੇਂ ਤੋਂ ਦੁਪਹਿਰਾ ਚੋਪਹਿਰਾ ਸਮਾਗਮ ਦੀ ਨਵੀਂ ਪਿਰਤ ਸਥਾਪਤ ਕਰ ਕੇ ਪ੍ਰਚਾਰੀ-ਪ੍ਰਸਾਰੀ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਸਿੱਖ ਰਹਿਤ ਮਰਿਆਦਾ ਤਿਆਰ ਕਰਵਾ ਕੇ ਪੰਥਕ ਪ੍ਰਵਾਨਗੀ ਲੈਣ ਵਾਲੀ ਸੰਸਥਾ ਹੈ, ਉਸ ਦੇ ਨੱਕ ਹੇਠ ਤਥਾ ਪ੍ਰਬੰਧ ਹੇਠਲੇ ਅਸਥਾਨ 'ਤੇ ਐਸਾ ਹੋ ਰਿਹਾ ਹੈ।

ਗੁਰਮਤਿ ਵਿਚ ਕਿਸੇ ਪ੍ਰਕਾਰ ਦੇ ਵਹਿਮ, ਭਰਮ-ਭਲੇਖੇ, ਭੇਖ, ਪਖੰਡ, ਕਰਮਕਾਂਡ, ਸ਼ਖ਼ਸੀ ਪੂਜਾ ਤੇ ਹੋਰ ਵੀ ਕਿਸੇ ਪ੍ਰਕਾਰ ਦੇ ਅੰਧ ਵਿਸ਼ਵਾਸੀ ਕਰਮ ਲਈ ਕੋਈ ਥਾਂ ਨਹੀਂ ਹੋ ਸਕਦੀ। ਅੱਜ ਦੇਸ਼-ਵਿਦੇਸ਼ ਵਿਚ ਵਸਦੇ ਸਿੱਖ ਕਹਾਉਣ ਵਾਲਿਆਂ ਨੂੰ ਜੋ ਖ਼ੁਦ ਗੁਰਮਤਿ ਤੋਂ ਵਾਕਫ਼ ਨਹੀਂ, ਉਹ ਭਾਵੇਂ ਪ੍ਰਬੰਧਕ ਹਨ ਜਾਂ ਸੰਗਤ, ਬਹੁਤ ਵੱਡੇ ਪੱਧਰ 'ਤੇ ਇਨ੍ਹਾਂ ਅਡੰਬਰਵਾਦੀਆਂ ਨੇ ਬੜੇ ਮਿੱਠੇ ਸਹਿਜ ਮੱਤੀਏ ਫ਼ਰੇਬੀ ਢੰਗ ਨਾਲ ਆਪਣੇ ਮੱਕੜਜਾਲ਼ ਵਿਚ ਫਸਾ ਲਿਆ। ਇਨ੍ਹਾਂ ਨੇ ਹਰ ਕਿਰਿਆ ਨੂੰ ਮਨਾਉਂਤਾ ਸ਼ਰਧਾ ਦੀ ਚਾਸ਼ਣੀ ਚੜ੍ਹਾ ਕੇ ਪ੍ਰਚਾਰਿਆ ਹੈ। ਜੇ ਕੋਈ ਪੰਥਕ ਸਿੱਖ ਰਹਿਤ ਮਰਿਆਦਾ ਤੇ ਗੁਰਮਤਿ ਸਿਧਾਂਤਾਂ ਦੀ ਗੱਲ ਰੱਖਣ ਦਾ ਹੀਆ ਕਰਦਾ ਹੈ ਭਾਵੇਂ ਉਹ ਪ੍ਰਬੰਧਕ ਹੈ ਜਾਂ ਪ੍ਰਚਾਰਕ, ਉਨ੍ਹਾਂ ਦੀ ਲਾਹ-ਪਾਹ ਲਈ ਭੋਲੀ ਤੇ ਗੁਮਰਾਹ ਕਰ ਲਈ ਗਈ ਸਿੱਖ ਸੰਗਤ ਨੂੰ ਰੱਜ ਕੇ ਵਰਤਿਆ ਜਾਂਦਾ ਹੈ। ਐਸੇ ਮਹਾਨ ਪੰਥ ਪ੍ਰਸਤ ਸੇਵਕਾਂ ਨੂੰ ਕੌਮੀ ਗ਼ਦਾਰ/ਗੁਰੂ ਨਿੰਦਕ ਆਦਿ ਜਾਂ ਪੰਥ ਵਿਰੋਧੀ ਜਥੇਬੰਦੀਆਂ ਜਾਂ ਕਿਸੇ ਹੋਰ ਨਾਲ ਜੋੜਨ ਦੀਆਂ ਕਰਤੂਤਾਂ ਕੀਤੀਆਂ ਜਾਂਦੀਆਂ ਹਨ। ਅੱਜ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਨੂੰ ਹਕੀਕੀ ਰੂਪ ਵਿਚ ਪ੍ਰਚਾਰਨ ਦੀ ਥਾਂ ਵਿਅਕਤੀਗਤ ਪ੍ਰਭਾਵ ਵਾਲੀਆਂ ਕਲਪਿਤ ਕਹਾਣੀਆਂ ਨੂੰ ਗੁਰ ਇਤਿਹਾਸ ਨੂੰ ਦਰਕਿਨਾਰ ਕਰ ਕੇ ਪਹਿਲ ਦੇ ਆਧਾਰ 'ਤੇ ਪ੍ਰਚਾਰਿਆ ਜਾਂਦਾ ਹੈ। ਗੁਰਬਾਣੀ ਗਿਆਨ ਚਾਨਣ ਨਾਲ ਸਿੱਖ ਜਗਿਆਸੂ ਦੀ ਸੁਰਤਿ ਨੂੰ ਜੁੜਨ ਹੀ ਨਹੀਂ ਦਿੱਤਾ ਜਾਂਦਾ।

ਗੁਰਸਿੱਖ ਨੇ ਕਿਵੇਂ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਪ੍ਰਤੀ ਸਮਰਪਿਤ ਹੋ ਕੇ ਜਿਊਣਾ ਹੈ, ਇਹ ਗੱਲ ਉਸ ਦੇ ਜ਼ਿਹਨ ਵਿਚ ਵਸਾਉਣ ਤੋਂ ਭੱਜਿਆ ਜਾਂਦਾ ਹੈ। ਵੱਖ-ਵੱਖ ਸ਼ਹਿਰਾਂ, ਕਸਬਿਆਂ, ਪਿੰਡਾਂ, ਸੂਬਿਆਂ ਤੇ ਦੇਸ਼-ਵਿਦੇਸ਼ ਵਿਚ ਨਵੇਂ ਢੰਗ ਦਾ ਕਰਮ-ਕਾਂਡ ਦੁਪਹਿਰੇ-ਚੁਪਹਿਰੇ ਦੇ ਰੂਪ 'ਚ ਜੰਗਲ ਦੀ ਅੱਗ ਵਾਂਗ ਅੱਗੇ ਤੋਂ ਅੱਗੇ ਫੈਲਾਇਆ ਜਾ ਰਿਹਾ ਹੈ। ਬੀਬੀਆਂ ਵੱਡੀ ਤਾਦਾਦ ਵਿਚ ਇਨ੍ਹਾਂ ਅਡੰਬਰਵਾਦੀਆਂ ਦੀਆਂ ਸ਼ਿਕਾਰ ਹੋਈਆਂ ਹਨ। ਇਤਿਹਾਸਕ ਗੁਰਦੁਆਰੇ ਸਾਹਿਬਾਨ ਤੇ ਗੁਰਦੁਆਰਾ ਸਿੰਘ ਸਭਾ ਅਸਥਾਨਾਂ ਦੇ ਪ੍ਰਬੰਧਕ ਤੇ ਸੰਗਤਾਂ ਬਹੁਤੇ ਥਾਈਂ ਅੱਖਾਂ ਬੰਦ ਕਰ ਕੇ ਇਨ੍ਹਾਂ ਅੱਗੇ ਸਿਰ ਸੁੱਟ ਕੇ ਖ਼ਾਮੋਸ਼ ਹੋ ਚੁੱਕੇ ਹਨ। ਕਈ ਥਾਵਾਂ ਤੋਂ ਜਾਗਰੂਕ ਸਿੱਖ ਇਸ ਭਾਰੂ ਤੇ ਸਿਧਾਂਤ ਮਾਰੂ ਕਰਮ ਦਾ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਦੀ ਸੁਣਵਾਈ ਲਈ ਸਭ ਦਰਵਾਜ਼ੇ ਹੀ ਬੰਦ ਮਿਲਨ ਲੱਗੇ ਹਨ।

ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤਾਂ ਦੇ ਜੱਥੇਦਾਰ, ਇਤਿਹਾਸਕ ਗੁਰਦੁਆਰਾ ਸਾਹਿਬ, ਸਿੰਘ ਸਭਾਵਾਂ ਦੇ ਪ੍ਰਬੰਧਕ, ਸਿੱਖ ਇਸਤਰੀ ਸਭਾਵਾਂ ਦੇ ਆਗੂ, ਰਾਗੀ, ਗ੍ਰੰਥੀ, ਪ੍ਰਚਾਰਕ, ਢਾਡੀ, ਕਵੀ-ਕਵੀਸ਼ਰ ਆਦਿ ਨਿੱਜੀ ਰੋਜ਼ੀ-ਰੋਟੀ ਖ਼ਾਤਰ ਚੁੱਪ ਰਹਿਣਗੇ ਤਾਂ ਸਾਰੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੇਣਦਾਰ ਹੋਣਗੇ। ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੀ ਮਾਣ-ਮਰਿਆਦਾ ਦਾ ਨਿਰਾਦਰ ਕਰਨ ਦੇ ਦੋਸ਼ੀ ਮੰਨੇ ਜਾਣਗੇ।

-(ਸਾਬਕਾ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ।)
ਮੋਬਾਈਲ : 95920-93472


# ਪਾਠਕਾਂ ਦੇ ਪੱਤਰ

TO. H. S. Mander
Editor, Panjab Times,
24 Cotton Brook Road,
Derby DE23 8YJ. UK.

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। –ਡਾਇਰੈਕਟਰ, ਪੰਜਾਬ ਟਾਈਮਜ਼

## ਸਿੱਖ ਨੂੰ ਸਿੱਖ ਨਾ ਮਾਰੇ ਸਿੱਖ ਕਦੀ ਵੀ ਮਾਰ ਨਾ ਖਾਵੇ

ਬਹੁਤ ਵਾਰੀ ਅਖਬਾਰਾਂ ਵਿੱਚ ਗੁਰੂ ਘਰਾਂ ਵਿੱਚ ਹਰ ਥਾਂ ਇਹੋ ਹੀ ਲੈਕਚਰ ਚਲਦੇ ਹਨ ਕਿ ਇਕੱਠੇ ਹੋ ਰਹੋ। ਏਕਤਾ ਵਿੱਚ ਵਰਕਤ ਹੈ। ਵੱਖ ਵੱਖ ਥਾਵਾਂ ਤੇ ਵੱਖਰੇ ਹੋ ਰਹਿਣ ਬਹਿਣ ਨਾਲ ਕੋਈ ਵੀ ਕਾਮਯਾਬ ਨਹੀਂ ਹੋਇਆ, ਮੈਂ ਕਈ ਸਾਲ ਪਹਿਲਾਂ ਪੰਜਾਬੀ ਪੇਪਰ ਵਿੱਚ ਇਕ ਆਰਟੀਕਲ ਲਿਖ ਦਿੱਤਾ ਕਿ ਕਰਾਲੀ ਗੁਰੂ ਘਰ ਵਿੱਚ ਹੁਣ ਜੋ ਹਾਲਾਤ ਸ਼ੁਰੂ ਹੋਏ ਹਨ ਕ੍ਰਿਪਾਨਾਂ ਚੱਲਣਗੀਆਂ ਕਿਉਂਕਿ ਮੈਨੂੰ ਐਡੀਟਰ ਸਾਹਿਬ ਦਾ ਟੈਲੀਫੋਨ ਆਇਆ ਕਿ ਜੋ ਵੀਂ ਥਾਂ ਖਰੀਦ ਲਈ ਹੈ ਇਸ ਥਾਂ ਤੇ ਗੁਰੂ ਘਰ ਚਲਾ ਰਹੇ ਹੋ। ਉਥੇ ਉਨ੍ਹਾਂ ਨੇ ਕਰਾਲੀ ਵੈਸਟ ਗਰੀਨ ਵਾਲਾ ਗੁਰੂ ਘਰ ਵੇਚ ਕੇ ਉਥੇ ਚਲੇ ਜਾਣਾ ਹੈ। ਮੈਂ ਦੱਸਿਆ ਕਿ ਇਹ ਨਹੀਂ ਹੋ ਸਕਦਾ ਜੋ ਨਵੀਂ ਥਾਂ ਖਰੀਦੀ ਹੈ ਉਹ ਵਿਆਹ ਸ਼ਾਦੀਆਂ ਤੇ ਪਾਰਟੀਆਂ ਲਈ ਅਤੇ ਹੋਰ ਵੱਡੇ ਸਮਾਗਮਾਂ ਲਈ ਹੈ। ਖੈਰ ਦਿਨ ਲੰਘ ਗਏ ਹੁਣ ਦੇਖੋ ਕਿਰਪਾਨਾਂ ਤਾਂ ਕੀ ਹੁਣ ਕੀ ਹੋਣਾ ਹੈ। ਇਨ੍ਹਾਂ ਲੀਡਰਾਂ ਨੇ ਕੋਰਟ ਵਿਚੋਂ ਕੇਸ ਜਿੱਤ ਲਿਆ ਹੈ। ਵਿਰੋਧੀ ਧਿਰ ਤੋਂ ਚਾਬੀਆਂ ਮਿਲ ਜਾਣੀਆਂ ਸਨ ਕਿ ਇਹ ਗੁਰੂ ਘਰ ਬੰਦ ਕਰ ਦਿੱਤਾ ਜਾਵੇ। ਸੁਣਿਆ ਹੈ ਕਿ ਇਥੇ ਫਲੈਟ ਬਣਾਉਣੇ ਹਨ। ਇਹ ਸੱਚ ਹੈ ਜਾਂ ਝੂਠ ਇਹ ਤਾਂ ਉਹ ਜਾਣਦੇ ਹਨ। ਜਦੋਂ ਉਨ੍ਹਾਂ ਨੇ ਚਾਬੀਆਂ ਨਹੀਂ ਲਈਆਂ ਤਦ ਚਾਬੀਆਂ ਗੁਰੂ ਦੀਆਂ ਫੌਜਾਂ ਨਿਹੰਗ ਸਿੰਘ ਨੂੰ ਦੇ ਦਿੱਤੀਆਂ ਹਨ ਉਨ੍ਹਾਂ ਨੇ ਗੁਰੂ ਘਰ ਦੀ ਸੇਵਾ ਸੰਭਾਲ ਲਈ ਹੈ। ਵਿਰੋਧੀ ਧਿਰ ਕੇਸ ਜਿੱਤ ਕੇ ਹਾਰ ਗਈ। ਇਧਰ ਹਾਰ ਕੇ ਜਿੱਤ ਪ੍ਰਾਪਤ ਕਰ ਲਈ ਹੈ ਕਿਉਂ ਨਿਹੰਗ ਸਿੰਘਾਂ ਨੇ ਝੰਡੇ ਗੱਡ ਦਿੱਤੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਉਧਰ ਦੇ ਲੀਡਰ ਲੋਕ ਇਧਰ ਬਾਹਰ ਤੋਂ ਫੋਟੋ ਖਿੱਚ ਕੇ ਲੈ ਜਾਂਦੇ ਹਨ। ਆਓ ਦੋਵੇਂ ਪਾਸੇ ਮਿਲ ਕੇ ਬੈਠੋ। ਗਲਤੀ ਮੁਆਫ਼।



**ਕੇ ਐਸ ਜੋਗੀ**

* * * * * *

## ਕੈਲਗਰੀ ਵਿਚ ਸਿੱਖ ਨੌਜਵਾਨ ਟਰਾਂਜਿਟ ਪੀਸ ਅਫ਼ਸਰ ਬਣਿਆ



ਦਸੂਹਾ-ਪਿੰਡ ਸੱਗਲਾਂ ਦੇ ਇਕਬਾਲਪ੍ਰੀਤ ਸਿੰਘ ਵਿਰਕ ਪੁੱਤਰ ਰਣਜੀਤ ਸਿੰਘ ਧਰਮੀ ਫੌਜੀ ਨੇ ਕੈਲਗਰੀ ਕੈਨੇਡਾ ਵਿਖੇ ਟਰਾਂਜਿਟ ਪੀਸ ਅ.ਫ਼ਸਰ ਬਣ ਕੇ ਪਿੰਡ ਦਾ ਨਾਂ ਚਮਕਾਇਆ ਹੈ। ਇਕਬਾਲਪ੍ਰੀਤ ਸਿੰਘ ਵਿਰਕ ਨੇ ਦੱਸਿਆ ਕਿ ਉਸ ਨੇ ਇਲੈਕਟਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਦਾ 3 ਸਾਲ ਦਾ ਡਿਪਲੋਮਾ ਕੀਤਾ ਤੇ ਕੈਨੇਡਾ ਵਿਖੇ ਪੱਕੇ ਤੌਰ 'ਤੇ ਆ ਗਿਆ ਹੈ।

ਉਸਨੇ ਦੱਸਿਆ ਕਿ ਉਸ ਨੇ ਕੈਨੇਡਾ ਵਿਖੇ ਪਬਲਿਕ ਸੇਫਟੀ ਪ੍ਰੋਫੈਸ਼ਨਲ ਡਿਪਲੋਮਾ ਹਾਸਲ ਕੀਤਾ ਤੇ ਲਗਾਤਾਰ 5 ਸਾਲ ਸਿਕਿਉਰਟੀ ਸੁਪਰਵਾਈਜ਼ਰ ਦੇ ਤੌਰ 'ਤੇ ਕੰਮ ਕੀਤਾ ਤੇ 2 ਸਾਲ ਕਨੇਡੀਅਨ ਰੇਲਵੇ ਵਿੱਚ ਨੌਕਰੀ ਕੀਤੀ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਰਣਜੀਤ ਸਿੰਘ ਧਰਮੀ ਫੌਜੀ ਜੋ ਕਿ ਪਹਿਲਾਂ ਫੌਜ ਵਿੱਚ ਆਪਣੀਆਂ ਵਿਲੱਖਣ ਸੇਵਾਵਾਂ ਨਿਭਾ ਚੁੱਕੇ ਹਨ। ਉਸਨੇ ਦੱਸਿਆ ਕਿ ਉਸ ਨੇ ਇਸ ਪੋਸਟ ਨੂੰ ਹਾਸਲ ਕਰਨ ਲਈ ਆਪਣੇ ਪਿਤਾ ਰਣਜੀਤ ਸਿੰਘ ਧਰਮੀ ਫੌਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸ.ਖ਼ਤ ਮਿਹਨਤ ਕੀਤੀ।

ਇਕਬਾਲਪ੍ਰੀਤ ਨੇ ਦੱਸਿਆ ਕਿ ਟੀ.ਪੀ ਅ.ਫ਼ਸਰ ਵਜੋਂ ਉਸਦੀ ਨਿਯੁਕਤੀ 26 ਜੁਲਾਈ ਨੂੰ ਹੋ ਚੁੱਕੀ ਹੈ ਜਦਕਿ ਉਹ 12 ਅਗਸਤ ਨੂੰ ਬਤੌਰ ਟੀ.ਪੀ.ਅਫਸਰ ਵਜੋਂ ਆਪਣੀਆਂ ਸੇਵਾਵਾਂ ਸ਼ੁਰੂ ਕਰੇਗਾ।

## ਮੰਗ ਸੀ ਮੈਂ ਤੇਰੀ ਰਾਂਝਣਾ ਬੇਈਮਾਨ ਮੁੱਕਰ ਗੇ ਮਾਪੇ !

ਸਿੱਖਾਂ ਵਿੱਚ ਤਾਂ ਐਸਾ ਭੜਦੋਹਲ ਪਿਆ ਹੈ ਕਿ ਖਾਰਸ਼ ਹੀ ਪੈ ਗਈ, ਵਿਸ਼ਾ ਸ਼੍ਰੋਮਣੀ ਅਕਾਲੀ ਦਲ, ਅਕਾਲ ਤਖ਼ਤ ਦੇ ਜਥੇਦਾਰ ਅਤੇ ਬਾਗੀ ਧੜਾ, ਨਾਲ ਹੁਣ ਦੇਖੋ ਅਮਰੀਕ ਸਿੰਘ ਅਜਨਾਲਾ ਨਾਲੇ ਪ੍ਰਾਈਵੇਟ ਟਕਸਾਲ ਦੂਜੇ ਹਵਾਰਾ ਅਕਾਲ ਤਖ਼ਤ ਦੇ ਪੰਜਾ ਵਿੱਚੋਂ ਇਕ ਯਾਨੀ ਅਕਾਲ ਤਖ਼ਤ ਤੋਂ ਬਾਗੀ, ਹਮਾਕਤ ਦੇਖੋ ਕਿ ਹੁਣ ਅਖ਼ਬਾਰ ਵਿੱਚ ਬਿਆਨ ਜੀ ਜਥੇਦਾਰ ਨੇ ਜੇਕਰ ਮਾਫ ਕੀਤਾ ਤਾਂ ਨਹੀਂ ਮਨਜ਼ੂਰ ਭਲਾ ਇਨ੍ਹਾਂ ਚਤਰ ਸਿੰਆਂ ਨੂੰ ਪੁੱਛੋ ਕਿ ਫੇਰ ਤਾਂ ਤੁਸੀਂ ਫੈਸਲਾ ਕਰਨਾ ਹੈ ਤਖ਼ਤਾਂ ਦੇ ਜਥੇਦਾਰਾਂ ਨੇ ਤਾਂ ਹੁਕਮ ਤੁਹਾਡਾ ਮੰਨਣਾ ਹੈ ਇਹੀ ਹਾਲ ਇਥੇ ਭਾਜਪਾਈ ਚੈਨਲ 'ਤੇ ਸਿੱਖ ਭਰਾਵਾਂ ਦਾ ਹੈ ਬਈ ਤੁਸੀਂ ਮੈਂਬਰ ਨੀ ਵਾਸੀ ਨਹੀਂ, ਕੋਈ ਭੀ ਕਦੀ ਧੇਲਾ ਦਿੱਤਾ ਨਹੀਂ ਹੁਣ ਭਾਜਪਾ ਦੀ ਗੱਠੜੀ ਚੁੱਕਣ ਲਈ ਭਾਰ ਥੱਲੇ ਅਕਾਲੀਆਂ ਨੂੰ ਦੱਬੋ, ਜੇਕਰ ਅਕਾਲੀ ਦਲ ਦਾ ਥੱਲਾ ਲੱਗਣਾ ਹੈ ਭਾਜਪਾ ਦੀ ਵਾਰੀ ਆਈ ਲਵੋ ਰੋਡੇ ਅੱਡ, ਦਾੜੀਆਂ ਵਾਲੇ ਅੱਡ, ਅਖੇ ਜੀ ਸੁਖਬੀਰ ਬਾਦਲ ਕਿਸੇ ਦੀ ਸੁਣਦਾ ਨੀ, ਆਹ ਤੁਹਾਡੀ ਨਹੀਂ ਸੀ ਸੁਣੀ ਕਿ ਦੇਹ ਪੈਸਾ ਅਸੀਂ ਤੇਰਾ ਚੈਨਲ ਭਾਵੇਂ ਯੂ:ਟੀਊਬਾਂ ਹੀ ਹੈ ਤੇ ਅਖ਼ਬਾਰੀ ਜਿਹੀ ਤੇਰੇ ਗੁਣ ਗਾਵਾਂਗੇ ਉਹਨੂੰ ਪਤਾ ਸੀ ਕਿ ਸਿੰਘ ਨਹੀਂ ਰੋਡੇ ਨੇ ਕਹਿੰਦਾ ਪੰਜਾਬ ਵਿੱਚ ਘਾਟਾ ਮੀਡੀਏ ਦਾ ਬੱਸ ਆਹ ਗਿਲਾ ਹੈ। ਪਿੱਟਦੇ ਨੇ ਪੰਜਾਬ ਵਿੱਚ ਭਾਜਪਾ ਭਾਂਡਾ ਮੂਧਾ, ਸੈਂਟਰ ਵਿੱਚ ਕਾਂਗਰਸ ਦੀ ਸੀਰਨੀ ਖਰਾਬ ਹੋ ਗਈ, ਪਾਧੇ ਸੱਦੇ ਐਮੇ ਮੋੜਨੇ ਪਏ ਆਹ ਹੈ ਘੁਣ ਇਨ੍ਹਾਂ ਨੂੰ ਡਿੱਗੀ ਖੋਤੇ ਤੋਂ ਵਾਲੀ ਗੁੱਸਾ ਸੁਖਬੀਰ ਬਾਦਲ 'ਤੇ ਲਾਹੋ ਅਸੀਂ ਕਬਜੇ ਕਰੀਏ, ਮੰਗ ਤਾਂ ਫੇਰ ਭੀ ਹੁਣ ਵਿਆਹੀ ਨੀ ਜਾਣੀ ਹੋਰ ਲਾੜੇ ਨੇ ਹੋਰ ਮੰਗੇਤਰਾਂ ਲਈ ਐਮੇ ਨਾ ਖੰਮਣੀਆਂ ਬਨਦੇ ਫਿਰੋ ਨਾਲੇ ਜੋ ਝੂਠ ਤੁਫਾਨ ਬੋਲਦੇ ਹੋ ਰੱਬ ਨੇ ਸਭ ਲੇਖਾ ਮੰਗਣਾ ਹੈ, ਅਗੇਤਾ ਪਛੇਤਾ ਮੇਰੇ ਭਰਾਵਾਂ ਦਾ ਚੈਨਲ 'ਤੇ ਇਹ ਕਹਿਣਾ ਕਬਜ਼ਾ ਕਰੋ, ਐਮੇ ਨੀ ਸੁਖਬੀਰ ਨੇ ਜਾਣਾ ਕੀ ਇਹ ਸਲਾਹ ਪੰਥਕ ਹੈ ਜਾਂ ਸੁਹਿਰਦ ਹੈ ਇਹ ਤਾਂ ਤੁਹਾਡੀ ਬਦਨੀਤੀ ਦੱਸਦੀ ਹੈ ਤੇ ਬੜਾ ਦੁੱਖਦਾਇਕ ਹੈ ਸੁਨਣਾ ਸਾਰਾ ਸਮਾਂ ਇਨ੍ਹਾਂ ਸੰਤ ਭਿੰਡਰਾਂਵਾਲਿਆਂ ਦੀ ਲਹਿਰ ਦੇ ਗੀਗਿਆਂ ਤੋਂ ਕਿ ਅਕਾਲੀ ਦਲ ਨੂੰ ਨਿਗਲੋ ਜਦੋਂ ਕਿ ਇਹ ਕਦੇ ਭੀ ਪੰਥਕ ਧਿਰ ਨਹੀਂ ਸਨ, ਕਦੀ ਸੁਣਿਆ ਹੈ ਕਹਿੰਦਿਆਂ ਨੂੰ ਕਾਂਗਰਸ ਭਜਾਉ ਕਿਉਂਕਿ ਇਹ ਲਹਿਰ ਸੀ ਕਾਂਗਰਸ ਦੀ, ਇਹ ਚੈਨਲਾਂ 'ਤੇ ਪ੍ਰੋਗਰਾਮ ਦੇਣੇ, ਬੁਲਾਰੇ ਪੱਤਰਕਾਰ ਬਣੇ ਸਭ ਪੰਥ ਵਿਰੋਧੀ ਹਨ, ਸਰਕਾਰੂ ਹਨ ਕੋਈ ਈਮਾਨਦਾਰ, ਦਿਆਨਤਦਾਰ ਤੇ ਖਿਦਮਤਗਾਰ ਨਹੀਂ ਸਭ ਸਰਕਾਰਾਂ ਦੀਆਂ ਪੀਪਨੀਆਂ ਪੰਜਾਬ ਨੂੰ ਤਾਂ 40 ਸਾਲ ਹੋ ਗਏ ਇਹ ਗ੍ਰਹਿਣ ਲੱਗੇ ਨੂੰ, ਆਪ ਬਾਹਰ ਆ ਕੇ ਪਿੱਛੇ ਨੂੰ ਗਰਕਣ ਲਈ ਸਲਾਹਾਂ, ਤੁਹਾਡੇ ਦਿਨ ਭੀ ਰਾਤਾਂ ਵਿੱਚ ਬਦਲਣੇ ਹਨ, ਉਡੀਕਦੇ ਰਹੋ ਗਰਬ ਨਾ ਕੀਜੇ ਮੂਰਖ ਗਵਾਰਾ, ਫਲ ਨੀਮਿਆਂ ਰੁੱਖਾਂ ਨੂੰ, ਗੁਹਾਰ ਤੇ ਅਰਦਾਸ ਹੈ।



ਬਲਵਿੰਦਰ ਕੌਰ ਚਾਹਲ

## ਇਤਿਹਾਸਕ ਫੈਸਲਾ ਕਰਨ ਦੀ ਬੇਨਤੀ

ਸਤਿਕਾਰਯੋਗ ਜਥੇਦਾਰ,
ਸ੍ਰੀ ਅਕਾਲ ਤਖਤ ਸਾਹਿਬ ਜੀ।
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਭਲਾ ਹੋਇਆ, ਤੁਸਾਂ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਤਲਬ ਕੀਤਾ ! ਹੁਣ ਪੰਥ ਨੂੰ ਬੜੀ ਬੇਤਾਬੀ ਨਾਲ ਇਸ ਸਬੰਧੀ ਤੁਸਾਂ ਦੇ ਫੈਸਲੇ ਦਾ ਇੰਤਜ਼ਾਰ ਹੈ।

ਨਿਰਸੰਦੇਹ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਅਥਵਾ ਬਾਦਲ–ਪ੍ਰਵਾਰ ਨੇ ਲੰਬਾ ਸਮਾਂ ਪੰਜਾਬ ਅਤੇ ਸਿੱਖਾਂ ਨੂੰ ਰੱਜ ਕੇ ਲੁੱਟਿਆ–ਕੁੱਟਿਆ ਤੇ ਵੱਢਿਆ–ਟੁੱਕਿਆ ਹੈ। ਸੁਆਰਥ ਲਈ ਜਿੰਨਾ ਨੁਕਸਾਨ ਸਿੱਖ ਕੌਮ ਤੇ ਸਿੱਖ–ਸੰਸਥਾਵਾਂ ਦਾ ਇਹਨਾਂ ਨੇ ਕੀਤਾ ਹੈ ਉਤਨਾ ਕਿਸੇ ਹੋਰਸ ਨੇ ਨਹੀਂ ਕੀਤਾ।



ਹੁਣ ਸਿੱਖ ਆਪ ਤੋਂ ਆਸ–ਤਵੱਕੋ ਰਖਦੇ ਹਨ ਕਿ ਆਪ ਗੁਰੂ–ਭਰੋਸੇ, ਨਿਰਭੈਅ ਹੋ ਕੇ ਇਹਨਾਂ ਨੂੰ ਸਿੱਖਾਂ ਦੇ ਧਾਰਮਿਕ ਤੇ ਸਿਆਸੀ ਖੇਤਰ ਚੋਂ ਸਦਾ ਲਈ ਪਾਸ ਕਰਨ ਦਾ ਇਤਿਹਾਸਕ ਫੈਸਲਾ ਕਰੋਗੇ ਤਾਂ ਕਿ ਭਵਿੱਖ ਵਿੱਚ ਇਹ ਜਾਂ ਹੋਰ ਕੋਈ ਵੀ ਪੰਥ ਦਾ ਇਸ ਤਰ੍ਹਾਂ ਹੋਰ ਨੁਕਸਾਨ ਨਾ ਕਰ ਸਕੇ।

**ਦਾਸ–ਸ਼ੇਰ ਸਿੰਘ ਕੰਵਲ**

## ਵਿਸ਼ੇਸ਼ ਨੋਟ :

**ਲਿਖਾਰੀ ਅਤੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੀ ਲਿਖਤ ਭੇਜਣ ਸਮੇਂ ਆਪਣਾ ਨਾਮ, ਟੈਲੀਫੋਨ ਨੰਬਰ ਤੇ ਐਡਰੈੱਸ ਜ਼ਰੂਰ ਲਿਖੋ। ਅੱਗੇ ਤੋਂ ਤੁਸੀਂ ਕੋਈ ਵੀ ਲਿਖਤ ਭੇਜਦੇ ਹੋ, ਜੇਕਰ ਪੂਰਾ ਪਤਾ ਨਹੀਂ ਦਿੱਤਾ ਗਿਆ ਤਾਂ ਲਿਖਤ ਛਾਪੀ ਨਹੀਂ ਜਾਵੇਗੀ।**
–ਸੰਪਾਦਕ

# ਸਿੱਖਾਂ ਨੂੰ ਭੂਤ ਚਿਮੜਿਆ ਹੈ !


ਲੇਖਿਕਾ
ਬਲਵਿੰਦਰ ਕੌਰ ਚਾਹਲ (ਸਾਊਥਾਲ)




ਪੜ੍ਹਕੇ ਕਿਧਰੇ ਟੂਣੇ, ਧਾਗੇ, ਤਵੀਤਾਂ ਵਿੱਚ ਪਿਓ ਨਾ, ਆਉ ਰਲ੍ਹਕੇ ਸਮੀਖਿਆ ਕਰੀਏ, ਨਿਰਣਾ ਕੀ? ਤੁਕ ਕੁੜ ਡਰਾਉਣੀ ਲੱਗੂ, ਕਈਆਂ ਨੇ ਬੇਤੁਕੀ ਭੀ ਆਖਣੀ ਹੈ। ਪਰ ਹੈ ਬੜੀ ਸਿਉਂਕ, ਘੁਣ ਤੇ ਮਾਰੂ ਵਿਸ਼ਾ, ਜੀਵਨ ਦੇ ਕਈ ਪਹਿਲੂ ਹਨ, ਨਿੱਜੀ, ਪਰਿਵਾਰਕ, ਭਾਈਚਾਰਕ, ਸਮਾਜੀ, ਸਿਆਸੀ, ਦੇਸੀ-ਵਿਦੇਸ਼ੀ ਲੜੀ-ਕੜੀ ਜੜ੍ਹਤ ਹੀ ਹੈ। ਲਿਖਤ ਨੂੰ ਵਿਸਥਾਰਨਾ, ਵਿਚਾਰਨਾ, ਮੰਗ ਹੈ। ਮੈਂ ਕਿਉਂ ਇਹ ਹੀ ਵਿਸ਼ਾ ਚੁਣਿਆ, ਜਿਹੜੀ ਚਿੰਤਾ ਸਤਾਉਂਦੀ ਹੋਵੇ ਉਹਦਾ ਹੀ ਤਾਂ ਗੋਗਾ ਗਾਉਂਦੇ ਹਾਂ, ਜੀਵਨ ਬੜਾ ਸਖਾਲ੍ਹਾ ਲੰਘ ਸਕਦਾ ਹੈ ਜੇਕਰ ਝਮੇਲੇ ਸਹੇੜੇ ਨਾ ਜਾਣ, ਸਮੇਂ ਤਿੰਨ ਹਨ ਵਰਤਮਾਨ, ਭੂਤ ਕਾਲ ਤੇ ਭਵਿੱਖਤ ਕਾਲ, ਭਲ੍ਹਕ ਦੀ ਚਿੰਤਾ ਵਰਤਮਾਨ ਭੀ ਨਸ਼ਟ ਕਰਦੀ ਹੈ, ਯਾਨੀ ਭਵਿੱਖਤ, ਹੈ ਅੱਗੋਂ ਕੀ ਹੋਊ ਤੇ ਸਾਡਾ ਵਾਤਾਵਰਣ ਭੂਤ-ਕਾਲ ਵਿੱਚ ਵੱਸਦਾ ਹੈ, ਵਰਤਮਾਨ ਦੋਨੋਂ ਹੀ ਦੁੱਭਰ ਕਰੀ ਰੱਖਦੇ ਨੇ, ਪੜਚੋਲ ਕਰੀਏ ਕਿ ਅਗਾਹ ਵਧੂ ਸੰਸਾਰ ਵਿੱਚ ਤਰੱਕੀ ਤਾਂ ਬੜੀ ਹੈ ਪਰ ਕੀ ਪੱਧਰ ਸੁਖਾਲ੍ਹਾ ਹੈ ਕੀ! ਵਿੱਦਿਆ ਖੇਤਰ ਵਿੱਚ ਭੀ ਦੇਖ ਲਵੋ ਹਰ ਕਿੱਤੇ ਦੇ ਮਜਬੂਨ ਵੱਖਰੇ ਹਨ, ਜੀਹਦੀ ਯੋਗਤਾ ਤੇ ਰੁਚੀ ਜਿੱਧਰ ਹੋਵੇ ਉਧਰ ਨੂੰ ਜਾਂਦਾ ਹੈ, ਸਾਰੇ ਮਜਬੂਨ ਸਾਰੇ ਵਿੱਦਿਆਰਥੀ ਨਹੀਂ ਪੜ੍ਹਦੇ, ਲਿਖਣ ਤੋਂ ਭਾਵ ਕਿ ਅੱਜ ਸਿੱਖ ਸਮਾਜ ਕੁਰਾਹੇ ਪੈ ਚੁੱਕਿਆ ਹੈ, ਸਾਡਾ ਪਸਾਰਾ, ਪ੍ਰਚਾਰ ਤੇ ਧਰਮ ਗੁੱਥਮ ਗੁੱਥਾ ਕਰੀ ਜਾ ਰਹੇ ਹਨ, ਹਰ ਵੇਲੇ ਅਸੀਂ ਤਾਂ ਤਵਾਰੀਖ ਪੜ੍ਹਾਉਣ, ਪ੍ਰਚਾਰਣ ਅਤੇ ਸਨਾਉਣ 'ਤੇ ਜੋਰ ਦੇ ਰਹੇ ਹਾਂ, ਜੀ ਮੁਗਲਾਂ ਨੇ ਸਾਡੇ 'ਤੇ ਜ਼ੁਲਮ, ਹਿੰਦੂ ਰਾਜਿਆਂ ਨੇ ਨੀਮੇ ਕੀਤੇ, ਅੰਗ੍ਰੇਜ਼ਾਂ ਨੇ ਗੁਲਾਮ, ਬੱਸ ਅਸੀਂ ਗੁਲਾਮ ਹਾਂ ਇਹ ਹੀਣ ਭਾਵਨਾ, ਕੁੱਟ ਕੁੱਟ ਕੇ ਭਰ ਧਰੀ ਸਿੱਖਾਂ ਦੀ ਸੋਚ ਇੰਨੀ ਡਗੜਾਲੂ ਬਣਾ ਧਰੀ ਕਿ ਅਸੀਂ ਲੜਨ ਭਿੜਨ ਬਗੈਰ ਕੋਈ ਭੀ ਮਸਲਾ ਹੱਲ ਕਰਨ ਦੇ ਆਦੀ ਨਹੀਂ, 40 ਕੁ ਸਾਲਾਂ ਤੋਂ ਤਾਂ ਸਹਿਣ-ਸ਼ੀਲਤਾ ਤਾਂ ਕੀ ਤਣਾਅ ਭਰਪੂਰ ਜੀਵਨ ਬਣ ਗਿਆ ਹੈ। ਭਾਵੇਂ ਦੇਸ਼ ਛੱਡ ਵਿਦੇਸ਼ੀ ਜਾ ਵੱਸੇ ਪਰ ਗੁਲਾਮੀ ਦੇ ਸੰਗਲ ਨਾਲ ਹੀ ਟਰੰਕ ਵਿੱਚ ਲਈ ਫਿਰਦੇ ਹਾਂ, ਲਾਹਾ ਖੱਟਣ ਵਾਲੇ ਸੁੱਟਣ ਹੀ ਨਹੀਂ ਦਿੰਦੇ, ਚੌਵੀ ਘੰਟੇ ਗੁਲਾਮੀ ਦੀ ਮਾਲਾ ਗੱਲ ਵਿੱਚ ਪਾਈ ਜਾਂਦੇ ਨੇ ਪਰ ਆਪ ਚੌਧਰੀ ਅਜਾਦ ਨੇ ਸਾਧਾਰਣ ਸਿੱਖਾਂ ਦੀ ਬਗੈਰ ਆਗਿਆ ਪ੍ਰਤੀਨਿੱਧਤਾ ਕਰਨ ਲਈ ਦਰਜਨ ਕੁ ਸਿੰਘ ਕੱਠੇ ਹੋ ਕੇ ਸੰਸਥਾ ਨੇ ਜੀ ਸਮੁੱਚਾ ਪੰਥ ਨੇ, ਹਕੂਮਤ ਕਰਦੇ ਨੇ ਸ਼ਾਂਤਮਈ ਬੈਠਿਆਂ 'ਤੇ ਉਨ੍ਹਾਂ ਕੋਲ ਤਾਂ ਅਜ਼ਾਦੀ ਹੈ ਪਰ ਬਾਕੀ ਗੁਲਾਮ ਨੇ, ਸੱਚ ਤਾਂ ਇਹ ਹੈ ਕਿ ਹਕੂਮਤਾਂ ਦੇ ਗੁਲਾਮਾਂ ਨਾਲੋਂ ਤਾਂ ਅਸੀਂ ਇਨ੍ਹਾਂ ਦੇ ਗੁਲਾਮ ਹਾਂ, ਹਕੂਮਤਾਂ ਦੇ ਗੁਲਾਮ ਤਾਂ ਸਾਰੇ ਅਜ਼ਾਦ ਦੇਸ਼ ਭੀ ਹਨ, ਸਰਕਾਰਾਂ ਭੀ ਤਾਂ ਕਨੂੰਨਾਂ ਦੀਆਂ ਗੁਲਾਮ ਹਨ, ਉਪਰੋਕਤ ਤੱਥਾਂ ਦੇ ਆਧਾਰ 'ਤੇ ਮੇਰੀ ਲਿਖਤ ਹੈ, ਸਾਨੂੰ ਭੂਤ ਤਾਂ ਬੀਤੇ ਸਮੇਂ ਦਾ ਚਿਮੜਿਆ ਹੋਇਆ ਹੈ, ਜੋ ਮੌਕਾ ਪ੍ਰਸਤ ਲੋਕ ਆਪਣੇ ਵਪਾਰਾਂ, ਲਾਹਾਂ ਤੇ ਸਰਕਾਰੇ ਦਰਬਾਰੇ ਨਾਮ ਬਨਾਉਣ ਨੂੰ ਆਮ ਗਿਣਤੀ ਨੂੰ ਇਹ ਭੂਤ ਤੋਂ ਡਰਾ ਕੇ ਮਗਰ ਲਾ ਰਹੇ ਹਨ, ਸਿਆਸੀ ਹੀ ਨਹੀਂ ਧਰਮ ਦੇ ਵਿਭਾਗ, ਪ੍ਰਚਾਰਕ, ਰਾਗੀ, ਢਾਡੀ ਤੇ ਬੁਲਾਰੇ, ਕਥਾਵਾਚਕ ਸਭ ਸਮਾਜੀ ਜੀਵਨ ਨੂੰ ਦੁਸ਼ਵਾਰ ਬਨਾਉਣ ਵਿੱਚ ਭਾਗੀ ਹਨ, ਦੁਖੀ ਜੀਵ ਨਸ਼ੇ ਕਰੂ, ਵਿਹਲਾ ਰਹੂ, ਮਾਨਸਿਕ ਰੋਗੀ ਬਣੂ, ਅੰਤ ਭਾਈਚਾਰਾ ਹੀ ਦੁਖੀ ਨਹੀਂ ਸਰਕਾਰਾਂ ਲਈ ਭੀ ਸਿਰਦਰਦੀ, ਅੱਜ ਸੰਸਾਰ ਭਾਵੇਂ ਇਸ ਭੂਤ ਤੋਂ ਬਹੁਤਾ ਡਰੂ ਨਾ ਹੋਵੇ ਪਰ ਸਿੱਖ ਤਾਂ ਪੂਰੀ ਤਰ੍ਹਾਂ ਗ੍ਰਸੇ ਪਏ ਹਨ ਰੋਗੀ ਹਨ ਸਾਨੂੰ ਝਾਤੀ ਮਾਰਨੀ ਬਣਦੀ ਹੈ ਕਿ ਗੁਰੂ ਕਾਲ ਜੀਹਨੂੰ ਸਾਡਾ ਧਰਮ ਧੁਰਾ ਬਣਾ ਕੇ ਪਾਸਟ ਵਿੱਚ ਵਾੜੀ ਰੱਖਦਾ ਹੈ, ਕੀ ਅੱਜ ਸਾਖਸ਼ਸ਼ ਹੈ ਕੀ ਅਸੀਂ ਉਹੀ ਜੀਵਨ, ਖੁਰਾਕ, ਪੁਸ਼ਾਕ ਵਿੱਚ ਹਾਂ? ਅੱਜ ਤੋਂ 60 ਕੁ ਸਾਲ ਹੋਏ ਯੂ.ਕੇ. ਜਾਂ ਹੋਰ ਦੇਸੀ ਸਿੱਖ ਪਿੰਡਾਂ ਵਾਲੇ ਜਿਨ੍ਹਾਂ ਕਦੀ ਕੋਟ ਪਤਲੂਣ, ਬੂਟ ਜਰਾਬਾਂ ਨੇੜੇ ਨੀ ਸੀ ਲਾਈਆਂ, ਆ ਕੇ ਪਾਏ, ਖਾਣੇ ਇਥੋਂ ਦੇ ਖਾਧੇ, ਨੰਗੇ ਪੈਰੀਂ ਫਿਰਨ ਵਾਲੇ ਬੂਟ ਜਰਾਬਾਂ ਵਾਲੇ ਬਣੇ ਕਿਥੇ ਹੈ ਫੇਰ ਕੁੜਤੇ ਪਜਾਮੇ, ਧੋਤੀਆਂ, ਚਾਦਰੇ, ਤੀਮੀਆਂ ਦੇ ਘੱਗਰੀਆਂ, ਸੁੱਥਣਾਂ, ਕੁੜਤੀਆਂ, ਚੰਗੀ ਲੱਗਦੀ ਹੈ ਬਦਲਾਅ ਵਿੱਚ ਢਾਲ੍ਹ ਜੇਕਰ ਅਸੀਂ ਉਹ ਅਪਣਾ ਸਕਦੇ ਹਾਂ ਤਾਂ ਕਿਉਂ ਸਾਰਾ ਸਮਾਂ ਜੀ ਗੁਰੂ ਜੀ ਆਹ ਕਹਿ ਗਏ, ਭਾਈ ਸਮਾਂ ਸਥਿਰ ਨਹੀਂ ਰਹਿੰਦਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 300 ਸਾਲ ਲਗਪਗ ਭੀ ਇਕੋ ਰੀਤੀ ਰਵਾਜ਼ ਨਹੀਂ ਰਹੇ, ਗੁਰੂ ਘਰ ਤਾਂ ਸੀ ਹੀ ਨਹੀਂ ਫੇਰ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਏ ਤੇ ਹੁਣ ਅਸੀਂ ਸੱਤੇ ਦਿਨ ਹਾਜ਼ਰੀਨ ਹਾਂ, ਲੰਗਰ ਉਥੋਂ ਹੀ, ਘਰੀਂ ਘੱਟ ਹੀ ਸੁਆਣੀਆਂ ਰਸੋਈ ਵਿੱਚ ਵੜਦੀਆਂ ਹਨ, ਜੁਆਨ ਬਾਹਰਲਾ ਭੋਜਨ ਤਾਂ ਕਿਉਂ ਪ੍ਰਚਾਰਕ ਆਪਣੇ ਧਨ ਕਮਾਉਣ ਲਈ ਸਾਰਾ ਸਮਾਂ ਪੁਰਾਤਨ ਹੀ ਧੱਕੀ ਰੱਖਣ, ਮੈਨੂੰ ਕੋਸਣ ਤੋਂ ਪਹਿਲਾਂ ਜਰੂਰ ਧਿਆਨ ਲਾਇਉ ਕਿ ਕੀ ਕੁਝ ਅਕਲ ਦੀ ਮੱਤ ਦੀ ਗੱਲ ਮੈਂ ਲਿਖੀ ਹੈ ਜਾਂ ਝੱਖ ਮਾਰੀ ਹੈ, ਭੂਤ ਨਾਲੋਂ ਇਹ ਭੂਤ ਭੀ ਸਤਾਉਣ ਵਾਲਾ ਹੀ ਹੈ, ਮੇਰੇ ਵਿਚਾਰ ਹਨ ਠੋਸਣ ਨੀ।

ਮਨੋਵਿਗਿਆਨ, ਸਮਾਂ, ਮਨੁੱਖ, ਸੰਸਾਰ, ਸਮਾਂ ਕਿਸੇ ਦੀਆਂ ਆਸਾਂ ਮੰਗਾਂ 'ਤੇ ਨਹੀਂ ਚੱਲਦਾ, ਬੰਦੇ ਨੂੰ ਉਸ ਦੇ ਨਾਲ ਹੀ ਤੁਰਨਾ ਪੈਂਦਾ ਹੈ, ਅਜੋਕੇ ਸਮੇਂ ਵਿੱਚ ਜੋ ਅੰਨੀ ਮਚੀ ਹੈ ਕਾਰਨ:- ਮਨੋਵਿਗਿਆਨ ਹੈ, ਸਮੇਂ ਨਾਲ ਕੁਝ ਤਾਂ ਲੋੜ ਸੀ, ਸਹਿਦਾ ਸਹਿਦਾ, ਪਰ ਬਹੁਲਤਾ ਹਰ ਸ਼ੈਅ ਦੀ ਮਾਰੂ, ਪ੍ਰਤੱਖ ਦਿਸਦਾ ਹੈ ਜੋ ਅੱਜ ਵਿਚਰ ਰਿਹਾ ਹੈ, ਹੁਣ ਦੇਖੋ ਕਿਵੇਂ A.T. ਆਰਟੀਫਿਸ਼ਲ ਟੈਕਨਾਲੋਜੀ, ਕਹਿੰਦੇ ਬੰਦੇ ਭੀ ਬਣਾ ਦੇਣੇ ਹਨ, ਗਜ਼ਬ ਸਾਈਂ ਦਾ ਪਹਿਲਾਂ ਤਾਂ ਰੋਬੋਰਟ ਹੀ ਬਣਾਏ ਸਨ, ਯਾਨੀ ਮਨੁੱਖ ਰੱਬ ਨਾਲ ਮੁਕਾਬਲੇ ਕਰਨ ਲੱਗ ਰਿਹਾ ਹੈ, ਕੋਈ ਭੀ ਧਾਰਮਿਕ ਅਦਾਰਾ ਇਸ ਦੇ ਵਿਰੁੱਧ ਕੁਸਕਦਾ ਨੀ ਲੱਗਦਾ ਪਰ ਅਸਰ ਭੀ ਕੋਈ ਨਹੀਂ ਹੋਣਾ, ਮਨੁੱਖੀ ਅਧਿਕਾਰ ਖੜ੍ਹੇ ਨੇ ਅੰਬਰ ਧਰਤੀ ਇਕ ਹੋਏ ਪਏ ਨੇ, ਆਪੋ ਧਾਪੀ ਨੇ ਤਾਂ ਘਮੁਸਲੀ ਚੱਕੀ ਹੋਈ ਹੈ, ਉਧਰ ਅਸੀਂ ਆਪਣੀ ਪੀਪਨੀ ਹੀ ਬਜਾਈ ਜਾਈਦੀ ਹੈ, ਦੌਲਤ ਲਈ ਹੀ ਹਰ ਵੇਲੇ ਧਰਮ ਨੂੰ ਵਰਤੀ ਜਾ ਰਹੇ ਹਾਂ, ਅਣਗਿਣਤ ਤੇ ਆਲੀਸ਼ਾਨ ਗੁਰੂ ਘਰ ਹਨ ਪਰ ਆਹ ਇਕ ਕੰਪਨੀ ਨੇ ਟੈਂਟਾਂ ਵਿੱਚ ਗੁਰਮਤਿ ਸਮਾਗਮ ਨਉਂ ਥੱਲੇ ਵਪਾਰ ਹੀ ਖੋਲ੍ਹ ਲਿਆ ਹੈ, ਬਹੁਤੀ ਸਰਗਰਮੀ ਅਫ਼ਗਾਨ ਭਾਈਚਾਰੇ ਨੇ ਚੁੱਕੀ ਹੈ, ਹਾਂ ਇਕੋ ਪਹਿਲਾ ਚੈਨਲ ਨਾਲ ਹੈ, ਹੋਰ ਤਾਂ ਹੋਰ ਸੁਣਿਆ ਕਹਿੰਦੇ ਕਿ ਅਕਾਲ ਤਖ਼ਤ ਦੀ ਨਕਲ 'ਤੇ ਨਕਸ਼ਾ ਪ੍ਰਦਰਸ਼ਨ ਕੀਤਾ ਗਿਆ ਤੇ ਜਥੇਦਾਰ ਅਕਾਲ ਤਖ਼ਤ ਸ਼ਿਰਕਤ ਕਰ ਗਏ, ਵਰਜਨਾ ਕੀਹਨੇ ਚੇਤੇ ਰੱਖੋ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ ਭੀ ਮਿਡਲੈਂਡ ਵਿੱਚ ਬੁੱਤ ਦਾ ਉਦਘਾਟਣ ਕਰ ਗਏ ਸਨ, ਸਜ਼ਾ ਭੀ ਮਿਲੀ, ਸੱਦਣ ਵਾਲੇ ਨੂੰ ਭੀ, ਪਰ ਸਬਕ ਕੋਈ ਨਹੀਂ, ਅਸੀਂ ਧਰਮ ਦਾ ਪਸਾਰਾ, ਪ੍ਰਚਾਰ ਬਹਾਨੇ ਕਾਰੋਬਾਰ ਚਲਾ ਰਹੇ ਹਾਂ, ਕੌਮ ਲਚਾਰ ਹੈ, ਡਾਢੇ ਦੀ ਨਜ਼ਰ ਸਵੱਲੀ ਨਹੀਂ, ਪ੍ਰਤੀਤ ਖੋਈ ਹੋਈ ਹੈ, ਭੌਂਦੇ ਹੀ ਫਿਰ ਰਹੇ ਹਾਂ ਕੋਈ ਭੀ ਸੰਸਥਾ ਪ੍ਰਮਾਤਮਾਂ 'ਤੇ ਭਰੋਸੇ ਦੀ ਹਾਮੀ ਨਹੀਂ ਲੱਗਦੀ, ਸਾਡੀਆਂ ਕੌਮੀ ਸੰਸਥਾਵਾਂ ਭੀ ਡਰਦੀਆਂ ਅੱਖਾਂ ਮੀਚੀ ਬੈਠੀਆਂ ਨੇ, ਗਲ੍ਹਬਾ ਇੰਨਾ ਪੈ ਚੁੱਕਿਆ ਹੈ ਕਿ ਹਰ ਸਮੇਂ ਨੁਕਤਾਚੀਨੀ ਦਾ ਭੈਅ, ਬੱਸ ਬੇਅਦਬੀ ਹਥਿਆਰ ਹੈ ਸਤਿਕਾਰ ਕਮੇਟੀ ਪਹਿਲਾਂ ਹੋਰ ਸੀ, ਹੁਣ ਹੋਰ ਬਣ ਗਿਆ, ਆਹ ਜੰਮੂ ਵਿੱਚ ਛਿੜਕਣ ਤੁਰ ਪਿਆ, ਇਹ ਨਮੇਂ ਫੇਰੀਆਂ ਵਾਲੇ ਪਾਧੇ ਨੇ, ਰੱਸਾ ਕਸ਼ੀ ਦੀ ਖੇਡ ਚੱਲ ਰਹੀ ਹੈ ਹਰ ਕੋਈ ਆਪਣੀ ਤਾਕਤ ਦਾ ਪ੍ਰਗਟਾਵਾ ਕਰ ਰਿਹਾ ਹੈ, ਪੰਜਾਬ ਵਿੱਚ ਤਾਂ ਜਿਮੇ ਮਾਹਾਮਾਰੀ ਦੇ ਦੌਰ ਹਨ, ਪਹਿਲੇ ਹਾਲੇ ਜਖ਼ਮ ਅੱਲੇ ਹੀ ਸਨ ਤਾਂ ਅੰਮ੍ਰਿਤਪਾਲ ਕਾਂਡ, ਹੁਣ ਭਰਾ ਦਾ ਅਰੰਭ, ਲਿਖਦੀ ਜਾਵਾਂ ਮਾਪਿਆਂ ਨੂੰ ਪਤਾ ਹੁੰਦਾ ਹੈ ਕਿ ਬੱਚੇ ਨਸ਼ੇ ਕਰਦੇ ਹਨ ਪਰ ਕਹਿ ਨਹੀਂ ਹੁੰਦਾ, ਹਰਿਪ੍ਰਿਤ ਸਿੰਘ ਤੇ ਸਾਥੀ ਦੇ ਪਹਿਲਾਂ ਟੈਸਟ ਤੇ ਕਹਿੰਦੇ ਸੀ ਜੀ ਪੁਲਸ ਟੀਕਾ ਲਾ ਕੇ ਝੂਠਾ ਕੇਸ ਬਣਾ ਰਹੀ ਹੈ, ਹੁਣ ਵਕੀਲ ਕੀ ਕਹਿੰਦਾ ਸੁਣੋ! ਜੀ ਜਿੰਮ ਜਾਂਦੇ ਸਨ ਤਾਂ ਦੋਨਾਂ ਨੂੰ ਸਟੈਰਾਈਡ ਖਾਣੇ ਕਰਕੇ ਟੈਸਟ ਪਾਜ਼ੀਟਿਵ ਹਨ, ਦੂਜੇ ਪਾਸੇ ਟੱਬਰ ਸਭ ਨੂੰ ਭੰਡਣ 'ਤੇ ਸੀ, ਨਾਲੇ ਤਾਂ ਸ਼੍ਰੋਮਣੀ ਕਮੇਟੀ ਤੋਂ ਪੈਸਾ ਖਰਚਾ ਲਿਆ ਨਾਲੇ ਸਹੀ ਨਹੀਂ ਹੈ, ਤੀਜਾ ਹੁਣ ਕਹਿੰਦੇ ਵਿਕਰਮਜੀਤ ਸਿੰਘ ਜੀਹਨੇ ਚੋਣ ਲੜੀ ਸੀ ਕੋਰਟ ਵਿੱਚ ਚੁਣੌਤੀ ਲਈ ਪਹੁੰਚ ਗਿਆ, ਯਾਨੀ ਗਰਕਣੀ ਹੈ ਸਭ ਪਾਸੇ, ਕਿਸਾਨਾਂ ਨੇ ਤਾਂ ਕਾਂਗਰਸ ਦਾ ਝੰਡਾ ਚੁੱਕਿਆ ਹੈ। ਪਰ ਦਿਖਾਵਾ ਕਰ ਰਹੇ ਹਨ ਅਸੀਂ ਸਾਰੇ ਸਾਂਸਦਾਂ ਨੂੰ ਮੰਗ ਪੱਤਰ ਦੇਣੇ ਹਨ ਪ੍ਰਚੰਡਣੇ ਕੀ ਇਸ ਸੰਦਰਭ ਵਿੱਚ ਪੰਜਾਬ ਦੀ ਭਲਾਈ ਝਲਕ ਰਹੀ ਹੈ? ਸਰਬਜੀਤ ਸਿੰਘ ਦੀ ਦੇਖੋ ਕਿਵੇਂ ਅੰਮ੍ਰਿਤਪਾਲ ਨੂੰ ਬੌਸ ਮੰਨਦਾ ਹੈ ਜਾਂ ਤਾਂ ਰਿਸ਼ਤੇਦਾਰੀ ਹੈ ਜਾਂ ਫੇਰ ਇਕੋ ਖੁਫੀਆ ਕਾਰੋਬਾਰੀਆਂ ਦੇ ਯੁਵਕ ਹਨ, ਦਿਨਾਂ ਵਿੱਚ ਹੀ ਬੇਅੰਤ ਸਿੰਘ ਦੀ ਕੁਰਬਾਨੀ ਉਜਾਗਰ ਹੋਈ ਤੇ ਐਮ.ਪੀ. ਬਣਾ ਤਾ ਤੇ ਫੇਰ ਅੰਮ੍ਰਿਤਪਾਲ ਤੇ ਉਹਦੇ ਪਰਿਵਾਰ ਦੀ ਕੀ ਕੁਰਬਾਨੀ ਹੈ ਕਿ ਝੱਖੜ ਝੁਲਾ ਤਾ ਇਹ ਤਾਂ ਕਿਸੇ ਖਾਸ ਸਾਜਿਸ਼ ਤਹਿਤ ਪੰਜਾਬ ਨੂੰ ਲਪੇਟਿਆ ਜਾ ਰਿਹਾ ਹੈ, ਪਤੰਗ ਦੀ ਡੋਰ ਟੁੱਟੀ ਤਾਂ ਲੁੱਟਣ ਵਾਲੇ ਭਾਜੜਾਂ ਬੱਸ ਸ਼੍ਰੋਮਣੀ ਅਕਾਲੀ ਦਲ 'ਤੇ ਤੂਹਮਤਾਂ ਭੀ ਇਸੇ ਸਕੀਮ ਦਾ ਹੀ ਹਿੱਸਾ ਹਨ, ਬਾਗੀ ਦਾਗੀ ਬਣਾ ਸ਼ੋਰ ਮਚਾਉ ਸੁਖਬੀਰ ਹਟਾਉ ਫੇਰ ਦੇਖਾਂਗੇ ਕਿਹੜੀ ਸ਼ਤਰੰਜ, ਜਗੀਰ ਕੌਰ ਨੂੰ ਸੁੱਝੀ ਕਿ ਗੁਰਪ੍ਰਤਾਪ ਸਿੰਘ ਹੀ ਰਹਿੰਦਾ ਲਿਬੜਣ ਤੋਂ, ਕਰ ਲਿਆ ਭਰਤੀ, ਹੁਣ ਤਖ਼ਤੀ 'ਤੇ ਸ਼ੁੱਧ ਨਹੀਂ ਲਿਖ ਹੋਣਾ ਜੇਕਰ ਕੋਈ ਗਿਲ੍ਹਾ ਸੀ ਤਾਂ ਚੁੱਪ ਕਰਕੇ ਬੈਠ ਜਾਂਦਾ ਆਪੇ ਉਨ੍ਹਾਂ ਨੇ ਪੁੱਛਣਾ ਸੀ ਇਹੀ ਹਾਲ ਚਰਨਜੀਤ ਸਿੰਘ ਬਰਾੜ ਨੇ ਕਰ ਲਿਆ, ਬਾਕੀ ਤਾਂ ਸਭ ਸੁਥਰੇ ਸਨ ਹੀ, ਪੰਥ ਦਾ ਹਾਲ ਇਹ ਕਿਉਂ ਹੈ! ਜੋਰ ਅੰਮ੍ਰਿਤ ਛਕੋ ਪਰ ਅੰਮ੍ਰਿਤ ਦੀ ਮਹੱਤਤਾ, ਅੰਮ੍ਰਿਤ ਦਾ ਮਨ 'ਤੇ ਅਸਰ, ਅੱਡਰੀਆਂ ਧਾਰਾ ਹਨ, ਹੁਣ ਗਿਣਤੀ ਕਰਨ ਲਈ ਆਪਣੀ ਪ੍ਰਭਤਾ, ਭੱਲ ਲਈ ਅੰਮ੍ਰਿਤ ਦਾ ਪ੍ਰਚਾਰ ਹੈ, ਪੰਜਾਬ ਕੀ ਵਿਦੇਸ਼ੀ ਕੀ ਡਾਰਾਂ ਬੰਨੀ ਗਾਤਰੇ, ਕਿਰਪਾਨਾਂ ਪਾਈ ਫਿਰਦੇ ਨੇ ਸਭ ਮੰਤਵ ਲਈ ਨਾ ਕਿ ਇਹਦਾ ਜੀਵਨ 'ਤੇ ਅਸਰ, ਧਾਰਨੀ ਹੋਣਾ ਗੁਰੂ ਤੋਂ ਡਰਨਾ ਨਾ ਕਿ ਗੁਰੂ ਨੂੰ ਦੱਸਣਾ ਅਸੀਂ ਤੇਰੇ ਬਣ ਗਏ ਹਾਂ ਹੁਣ ਜੋ ਮਰਜ਼ੀ ਕਰੀਏ ਅੰਮ੍ਰਿਤ ਅਭਿਲਾਸ਼ੀ ਤਾਂ ਕੋਈ ਜੁਰਮ ਫੇਰ ਕਰ ਹੀ ਨਹੀਂ ਸਕਦਾ, ਮਾਨਵ ਹੱਤਿਆ ਤਾਂ ਦੂਰ ਦੀ ਗੱਲ ਹੈ।

ਪ੍ਰਚੰਡ ਧਰਮ ਸਭ ਦਿਸ ਰਿਹਾ ਹੈ ਪਰ ਸਧਾਰ ਵੱਲ ਕੋਈ ਧਿਆਨ ਨਹੀਂ, ਪਿਛਲੇ ਹਫ਼ਤੇ ਦੀ ਵਾਰਤਾ ਰੋਡੇ ਪਰਿਵਾਰ ਦੇ ਹਰਜੀਤ ਸਿੰਘ ਭਰਾਤਾ ਦੀ ਅੰਤਿਮ ਸ਼ਰਧਾਂਜਲੀ, ਅਰਦਾਸ, ਸਮਾਰੋਹ ਵਿੱਚ ਬੜੇ ਹੀ ਹਸਤੀਆਂ ਨਾਲ ਇਕੱਠ ਵਿੱਚ ਇਕ ਕੋਈ ਰਾਜਬੀਰ ਸਿੰਘ ਖ਼ਾਲਸਾ ਕਹਿੰਦੇ ਨੇ ਐਮ.ਪੀ.ਸੀ.ਆਰ.ਐਸ.ਐਸ. ਦਾ ਬੰਦਾ ਹੈ, ਅੰਮ੍ਰਿਤਪਾਲ ਨੂੰ ਅਸ਼ੀਰਵਾਦ ਦੇਣ ਜੇਲ੍ਹ ਗਿਆ ਸੀ ਕਿ ਚੋਣ ਲੜ ਹੁਣ ਇਥੇ ਦੇਖੋ ਕੀ ਬੋਲਿਆ, ਜੀ ਸ਼ਹੀਦਾਂ ਦੇ ਸਿਰਤਾਜ ਭਾਈ ਜਸਵੀਰ ਸਿੰਘ ਰੋਡੇ ਨੂੰ ਅਕਾਲੀ ਦਲ ਦਾ ਪ੍ਰਧਾਨ ਥਾਪੋ ਕੁਰਬਾਨੀ ਪਤਾ ਨਹੀਂ ਕਿਹੜੀ, ਸੰਤਾਂ ਤੋਂ ਸਿਵਾਏ ਬਾਕੀ ਕੀਹਦੀ? ਹੈਰਾਨੀ ਕਿ ਉਥੇ ਸਭ ਅੰਮ੍ਰਿਤਧਾਰੀ ਪਰ ਸੁਸਰੀਆਂ ਉਹਨੇ ਆਪ ਹੀ ਪ੍ਰਗਟਾਵਾ ਕੀਤਾ ਜੀ ਮੇਰੇ ਤੋਂ ਗਲਤੀ ਹੋ ਗਈ ਸ਼ਹੀਦਾਂ ਦੇ ਸਿਰਤਾਜ ਆਖਣ ਦੀ ਖਿਮਾਂ ਕਰੋ ਜੇਕਰ ਇਹੀ ਗੁਸਤਾਖੀ ਕਿਧਰੇ ਅਕਾਲੀ ਕਿਸੇ ਤੋਂ ਹੋ ਜਾਂਦੀ ਤਾਂ ਪੰਜਾਬ ਨੂੰ ਘੜੀਸ ਕੇ ਇਹ ਪਾਕਿਸਤਾਨ ਪਹੁੰਚਾ ਦਿੰਦੇ, ਆਹ ਮੀਡੀਆ ਭੀ ਸੋਸ਼ਲ ਭੀ ਪਤੰਗੇ ਲਉਣ ਤੱਕ ਹੀ ਹੈ। ਕੀ ਸ਼ਰਧਾਂਜਲੀ ਲਈ ਸੱਦੇ ਸੀ ਜਾਂ ਅਕਾਲੀ ਦਲ ਦੀ ਪ੍ਰਧਾਨਗੀ ਮੰਗਣ ਨੂੰ, ਅੱਜ ਕੱਲ੍ਹ ਕੁਰਬਾਨੀਆਂ ਦਾ ਤਾਂ ਮੀਂਹ ਪਿਆ ਹੋਇਆ ਹੈ, ਆਹ ਹੁਣ ਬੇਅੰਤ ਸਿੰਘ ਦਾ ਪੁੱਤ ਸਰਬ-ਜੀਤ ਸਿੰਘ ਕਹਿੰਦਾ ਮੈਂ ਹੁਣ ਅੰਮ੍ਰਿਤਪਾਲ ਨਾਲ ਰੱਲ੍ਹਕੇ ਪਾਰਟੀ ਬਣਾਊਂਗਾ, ਮੂੰਹ ਜੋ ਪੈ ਗਿਆ ਚੌਧਰ ਨੂੰ, ਕੀ ਸ਼੍ਰੋਮਣੀ ਕਮੇਟੀ ਤੋਂ ਘੱਟ ਖੱਟੀਆਂ ਲਈਆਂ ਹੁਣ ਸਿਆਸਤ ਤੋਂ ਫੇਰ ਪਹਿਲਾਂ ਮਾਂ, ਦਾਦਾ ਰਿਸ਼ਤੇਦਾਰ, ਆਹ ਖ਼ਾਲਸਾ ਰਾਜਬੀਰ ਸਿਹੁੰ ਪ੍ਰਵਾਰ ਹੀ ਕਤਾਰਾਂ ਵਿੱਚ ਨੇ ਉਧਰ ਅੰਮ੍ਰਿਤਪਾਲ ਦਾ ਬਾਪ ਕਹਿੰਦਾ ਮੈਂ ਭੀ ਲੜੂ ਸੀਰਨੀ ਹੈ। ਕੀ ਸੁਹਿਰਦ ਵਿਰਸਾ ਅਭਿਲਾਸ਼ੀ ਹਾਲੇ ਭੀ ਸੋਚਦੇ ਨੇ ਇਹ ਪੰਜਾਬ ਹਿਤੈਸ਼ੀ ਨੇ? ਪਰਿਵਾਰਵਾਦ ਦਾ ਕੋਹਾ ਕੇਵਲ ਬਾਦਲ ਪਰਿਵਾਰ ਲਈ ਹੀ ਹੈ, ਬਾਕੀ ਸਭ ਤਾਂ ਸੱਤਕਾਰੀ ਕਿਉਂ ਪੰਥਕ ਹਿੱਤਾਂ ਲਈ ਆਹ ਇਨਸਾਫੀਏ ਤਿਆਗ ਕਰਨ,

ਬਾਕੀ ਹਿਸਾ ਸਫਾ 48 ਤੇ ਪੜ੍ਹੋ

*47 ਸਫ਼ੇ ਦੀ ਬਾਕੀ*

ਹੁਣ ਨਮਾਂ ਏਜੰਡਾ ਰੀਵੀਊ ਅੱਖਰ ਇਨ੍ਹਾਂ ਨੂੰ ਸਮਝ ਨੀ ਆਉਂਦਾ, ਕੀ ਪੰਥ ਦਾ ਘਾਣ ਕਰਨ ਵਿੱਚ, ਹਵਾਰਾ, ਰੋਡੇ, ਸਿਮਰਨਜੀਤ ਸਿੰਘ ਮਾਨ, ਗੁਰਦੀਪ ਬਠਿੰਡਾ, ਕਾਹਨ ਸਿੰਘ ਵਾਲਾ ਹੁਣ ਅੰਮ੍ਰਿਤਪਾਲ ਪਰਿਵਾਰ ਸ਼ਹੀਦ ਕੁਰਬਾਨੀਆਂ ਵੇਚਣੇ, ਹੁਣ ਸਰਬਜੀਤ ਕਹਿੰਦਾ ਮੈਂ ਅਕਾਲੀ ਦਲ ਬਣਾਊਂ ਸਭ ਏਜੰਸੀ ਬਾਲਕੇ ਨੇ ਦੇਖੋ ਕਿਵੇਂ ਆਹ ਵਕੀਲ ਨਾਲੇ ਸਾਬਕਾ ਐਮ.ਪੀ. ਰਾਜਬੀਰ ਸਿੰਘ ਖ਼ਾਲਸਾ, ਆਰ.ਐਸ.ਐਸ. ਦਾ ਸਾਫ ਕਹਿੰਦਾ ਹੈ, ਕੀ ਮੈਂ ਲਿਖ ਸਕਦੀ ਹਾਂ ਕਿ ਰੁਲਦਾ ਸਿੰਘ ਤਾਂ ਇਸ ਬਿੱਲੇ ਕਰਕੇ ਪਾਰ ਬੁਲਾਇਆ ਤੇ ਇਹਨੂੰ ਚੱਕੀ ਫਿਰਦੇ ਨੇ, ਕੀ ਦਾਲ ਵਿੱਚ ਕਾਲਾ ਹੈ ਜਾਂ ਦਾਲ ਹੀ ਖ਼ਾਲਸਾ ਬਣ ਗਈ, ਦੁੱਖ ਹੈ ਕਿ ਕੋਈ ਭੀ ਇਸ ਸੰਦਰਭ ਵਿੱਚ ਕੁਸਕਦਾ ਨਹੀਂ ਕਿਉਂਕਿ ਇਹ ਬਾਦਲਾਂ ਵਿਰੁੱਧ ਹਨ, ਬਾਦਲਾਂ ਦੀ ਵਿਰੋਧਤਾ ਨਹੀਂ ਢਕਵੰਜ ਹੈ ਸਿੱਖ ਪਾਰਟੀ ਮੇਟਣ ਦੀ, ਮੈਂ ਦਾਅਵਾ ਕਰਦੀ ਹਾਂ ਕਿ ਇਹ ਕਦੀ ਭੀ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਥਣ ਦੇਣ ਪਖੰਡ ਧਰਮ ਜੋ ਦੀਸੇ ਬਾਹਰਾ, ਕਿਹੜੇ ਸਬੂਤ ਬਾਦਲਾਂ ਵਿਰੁੱਧ ਬੇਅਦਬੀ ਦੇ, ਸਿਰਸਾ ਵਾਲੇ ਦੀ ਮਾਫੀ ਤਾਂ ਘੱਟ ਗਿਣਤੀ ਤਰਲੋਚਨ ਸਿੰਘ ਆਪ ਮੰਨਿਆ ਹੈ ਕਿ ਮੈਂ ਹੀ ਖੱਤ ਲਿਖ ਕੇ ਲਿਆਇਆ ਸੀ, ਕਿਉਂ ਜੋ ਰਾਮ ਰਹੀਮ ਨੇ ਆਖਿਆ ਸੀ ਕਿ ਮੈਂ ਕੋਈ ਭੀ ਗੁਰੂ ਬਰਾਬਰੀ ਨਹੀਂ ਕੀਤੀ, ਕਲਗੀ, ਪੁਸ਼ਾਕਾਂ ਤਾਂ ਆਮ ਵਿਆਹਾਂ ਵਿੱਚ ਪਾਈਆਂ ਜਾਂਦੀਆਂ ਹਨ, ਕੀ ਬੇਅਦਬੀ ਕਰੀ ਜਾਂਦੇ ਨੇ ਤੂਫਾਨ ਤੋਲਦੇ ਹੋ ਰੱਬ ਤੋਂ ਨੀ ਡਰਦੇ ਸੌਦੇ ਵਾਲਾ ਉਦੋਂ ਇਸ ਕੇਸ ਦਾ ਦੋਸ਼ੀ ਨਹੀਂ ਸੀ, ਮੱਝ ਭੀ ਕਾਲ੍ਹੀ ਭੇਡ ਵੀ ਕਾਲ੍ਹੀ ਤੁਹਾਡੇ ਲਈ ਕੇਰਾਂ ਬਾਈ, ਕਿੱਦਾਂ ਭਾਊ, ਬੋਲਣ ਤੇ ਪੁੱਛਣ ਦੀ ਲੋੜ ਨਹੀਂ ਤੂੰ ਕਿਥੋਂ ਤੋਂ ਹੈਂ ? ਕਿਸਾਨੂੰ ਪਹੁੰਚ ਗਏ ਰਾਹੂ ਕੇਤੂ ਕੋਲ ਕਾਂਗਰਸੀ ਝੰਡਾ ਨਹੀਂ ਕੋਲ, ਹੋਰ ਕੋਈ ਕਸਰ ਨਹੀਂ ਕਿ ਆਹ ਪ੍ਰਚੰਡ ਸਾਰਾ ਕਾਂਗਰਸ ਦੀ ਰਾਜਸੀ ਸੱਤਾ ਲਈ ਸੀ, ਹੈ। ਪਿਛੋਕੜ ਫਰੋਲੋ ਇਹ ਕਿਸਾਨ ਆਗੂ ਸਰਕਾਰੂ ਨਹੀਂ ਸਨ ? ਪਰ ਹੁਣ ਤਾਂ ਸਿੱਧ ਹੋ ਗਿਆ 7 ਐਮ.ਪੀ. ਦੇ ਕੇ ਹੁਣ ਦਿੱਲੀ ਪਹੁੰਚ ਗਏ ਸਰਵਣ ਸਿੰਘ ਪੰਧੇਰ, ਡੱਲੇਵਾਲ, ਉਧਰ ਭਾਜਪਾ ਇਨ੍ਹਾਂ ਨਾਲ ਭਿੜਨ ਦੀ ਥਾਂ ਅਕਾਲੀ ਦਲ ਦੇ ਪਿੜ ਬੈਠ ਗਈ, ਉਹ ਭੀ ਸੁਖਬੀਰ ਬਾਦਲ ਲਾਹੋ ਕਿਉਂਕਿ ਉਹਦੇ ਕੋਲ ਯੋਗਤਾ ਹੈ ਪੈਸਾ ਭੀ ਕਮਾਉਣ ਦੀ, ਇਹ ਕੋਈ ਕੇਂਦਰ ਵੱਲ ਝਾਕ ਵਾਲਾ ਚਾਹੁੰਦੇ ਨੇ ਬੱਸ! ਅਫਸੋਸ ਅਪਣੇ ਆਪ ਨੂੰ ਪੰਥਕ ਦੱਸਣ ਵਾਲੇ ਭੀ ਇਨ੍ਹਾਂ ਦੇ ਭਲੇਚੇ ਆਏ ਪਏ ਨੇ, ਬਾਗੀ ਦਾਗੀ ਤਾਂ ਫਲੂਸੇ ਬਲ੍ਹਵ ਨੇ ਕੀ ਜਗਣੇ ਨੇ ਆਹ ਕੁਝ ਦਿਨਾਂ ਨੂੰ ਕੋਈ ਕਿਤੇ ਕਿਰਾਏਦਾਰ, ਕੋਈ ਅੰਮ੍ਰਿਤਪਾਲੀਆ, ਕੋਈ ਸਰਬਜੀਤ ਸਿੰਘ, ਕੋਈ ਕਿਧਰੇ ਹੋਰ, ਰਹਿ ਜਾਊ ਵਡਾਲਾ ਭੁਗਤਨ ਨੂੰ ***ਹੱਥ ਬਖਤਾਵਰਾਂ ਨਾਲ ਜੋੜੇ ਦੇਖੀ ਧੀਏ ਨਿੰਦ ਨਾ ਦੇਈ,*** ਖਰਚ ਦੇਊ ਦਮੜੇ ਗੁਰਪ੍ਰਤਾਪ ਸਿੰਘ ਵਡਾਲਾ, ਜਗੀਰ ਕੌਰ ਡੇਰੇ ਦਾ ਲਾਊਗੀ ਧਨ, ਸੁਖਬੀਰ ਬਾਦਲ ਕੋਲ ਤਾਂ ਵਪਾਰ ਸਾਧਨ ਹਨ। ***ਕਾਹਨੂੰ ਮਾਰਦਾਂ ਤਲੰਗਿਆ ਗੇੜੇ ਏਥੇ ਤੇਰੀ ਦਾਲ ਨਾ ਗਲੂ,*** ਪਰ ਚੰਡੀ ਦਾ ਭਉਣ ਦੇਖਣ ਬਗੈਰ ਕੀੜਿਆਂ ਦੇ ਲੜਨ ਤੋਂ ਪਹਿਲਾਂ ਪਤਾ ਨਹੀਂ ਹੁੰਦਾ ਭਾਜਪਾ ਭੀ ਰਿੱਝਧੀ ਭੰਨਣ ਨੂੰ ਹੈ, ਪਰੋਸਣ ਨੂੰ ਨਹੀਂ, ਪਾਸੇ ਭਨਾ ਕੇ ਮੁੜੋਂਗੇ, ***ਮੱਛਰਦਾਨੀ ਲੈਂਦੇ ਵੇ ਮੱਛਰ ਨੇ ਖਾ ਲੀ ਤੋੜਕੇ,*** ਮੱਛਰਦਾਨੀ ਤਾਂ ਕੀ ਪੱਖਾ ਨੀ ਦੇਣਾ ਦੇਖ ਲੈਣਾ! ਅੱਜ ਇਕ ਕੋਈ ਅਵਤਾਰ ਸਿੰਘ ਕੋਟਕਪੂਰਾ ਚੈਨਲ 'ਤੇ ਜੋ ਮੈਂ ਲਿਖਿਆ ਸੀ ਕਿ ਸੰਤ ਭਿੰਡਰਾਂਵਾਲਿਆਂ ਦੇ ਚੇਲੇ ਬਾਲਕੇ ਸਭ ਕਾਮਰੇਡ ਨਕਸਲੀਏ ਸਨ, ਰਾਤੋ ਰਾਤ ਅੰਮ੍ਰਿਤਧਾਰੀ ਬਣ ਗਾਤਰੇ ਪਾ ਦਾੜ੍ਹੀਆਂ ਹਾਲੇ ਡੂਢ ਇੰਚ ਦੀਆਂ, ਹਾਲੇ ਭੀ ਉਹੀ ਹਨ।

60 ਕੁ ਸਾਲ ਪਹਿਲਾਂ ਪਿੰਡਾਂ ਵਿੱਚ ਕੋਈ ਦਾਣੇ, ਆਟਾ, ਤੇਲ, ਗਜ਼ਾ ਕਰਨ ਆਉਂਦੇ ਸੀ ਕੋਈ ਪੱਤਰੀ ਚੱਕੀ ਹੱਥ ਦੇਖਣੇ, ਕੋਈ ਪੁੱਛਿਆ ਦੇਣੇ, ਹੁਣ ਇਹ ਸਭ ਧਰਮੀ ਬਣਗੇ, ਲਹਿਰ ਭਿੰਡਰਾਂਵਾਲਾ ਹੀ ਹੈ, ਮੈਂ ਪੁੱਛਦੀ ਹਾਂ ਕਿ ਸੰਤਾਂ ਨੇ ਇੰਨੀ ਵੱਡੀ ਮੁਹਿੰਮ ਤਾਂ ਸਹੇੜ ਲਈ ਕੀ ਆਹ ਲਾਣੇ ਦਾ ਪਤਾ ਨਹੀਂ ਲੱਗਿਆ ਕਿ ਕੀ ਹਨ ਤਬਾਹ ਕਰਤਾ ਪੰਜਾਬ ਆਪੇ ਮੁਖਬਰ ਸਨ ਇਹ ਤੇ ਸਰਕਾਰ ਤੋਂ ਤੇ ਪੁਲਸ ਤੋਂ ਹਥਿਆਰ ਲੈ ਕਤਲੇਆਮ ਕੀਤਾ ਪਰ ਇਹਦਾ ਕਿਸੇ ਭੀ ਅਦਾਰੇ ਨੂੰ ਮਾਫੀ ਦੀ ਮੰਗ ਨਹੀਂ ਕੀਤੀ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੋ ਅਕਾਲ ਤਖ਼ਤ 'ਤੇ ਪੇਸ਼ ਭੀ ਹੋਏ ਲਿਖਤੀ ਸ਼ਿਕਾਇਤ ਤੇ ਲਿਖਤੀ ਸਪੱਸ਼ਟੀਕਰਨ (ਜੋ ਜਥੇਦਾਰ) ਹੋਰਾਂ ਦਾ ਹੁਕਮ ਸੀ, ਉਹਦੇ 'ਤੇ ਭੀ ਕਿੰਤੂ ਪ੍ਰੰਤੂ, ਇਥੋਂ ਤੱਕ ਜੀ ਫੈਸਲਾ ਉਹ ਨਹੀਂ ਹੋਣਾ ਜੋ ਅਸੀਂ ਚਾਹੁੰਦੇ ਹਾਂ, ਠੀਕ ਹੈ ਅਦਾਲਤਾਂ ਵਿੱਚ ਵਕੀਲ ਮੰਗ ਕਰਦੇ ਹੁੰਦੇ ਹਨ ਪਰ ਜਰੂਰੀ ਮੰਨੀ ਨਹੀਂ ਜਾਂਦੀ, ਦੱਸਦੀ ਜਾਵਾਂ ਜੋ ਲੋਕ ਭੁੜਕਦੇ ਨੇ ਪੰਥਕ ਤਾਂ ਹਨ ਹੀ ਨਹੀਂ, ਹਾਂ ਸੁੱਚਾ ਸਿੰਘ ਛੋਟੇਪੁਰ ਕਿੰਨੇ ਸਾਲ ਪਰ੍ਹਾਂ ਕਿਸੇ ਹੋਰ ਸੰਸਥਾ, ਪਾਰਟੀ ਵਿੱਚ ਜਾ ਰਲ੍ਹੇ ਜਦੋਂ ਫੰਡਾਂ ਕਰਕੇ ਛਛਕੇਰੇ ਗਏ ਤਾਂ ਚੁੱਪ ਬੈਠੇ ਰਹੇ ਹੁਣ ਗਿਣਤੀ ਲਈ ਬਾਗੀ ਘੜੀਸ ਲਿਆਏ। ਫੈਸਲੇ 'ਤੇ ਪ੍ਰਤੀਕਰਮ ਭੀ ਉਹੋ ਹੀ ਦਾਗ ਰਹੇ ਹਨ, ਇਹ ਕਦੀ ਭੀ ਪੰਥਕ ਨਹੀਂ ਸਨ, ਹਾਂ ਦੋ ਚਾਰ ਪਹਿਲਾਂ ਅਕਾਲੀ ਦਲ ਵਿੱਚ ਸਨ ਛੋਟੇਪੁਰ ਨੇ ਤਾਂ ਤੁੜ ਸਾਹਬ ਦਾ ਭੀ ਮਾਣ ਸਤਿਕਾਰ ਨਾ ਰੱਖ ਸਕੇ, ਕਿੰਨੇ ਕੁ ਪੰਥਕ ਹਨ ? ਸਿੰਘ ਸਾਹਬ ਦਾ ਫੈਸਲਾ ਸ਼ੱਕੀ ਕਰਨਾ ਇਹ ਹਨ ਪੰਥਕ ? ਮੈਂ ਤਾਂ ਸਮਝਦੀ ਹਾਂ ਕਿ ਇਨ੍ਹਾਂ ਨੂੰ ਪਿੱਛੇ ਹੀ ਰੱਖਣਾ ਬਣਦਾ ਹੈ। ਇਨ੍ਹਾਂ ਦੀ ਗੱਲ ਛੱਡੋ ਆਹ ਚੈਨਲਾਂ ਪੈਸਾ ਕਮਾਉਣੇ ਸੁਣੋ ਭੂਮਿਕਾ ਬੰਨ ਕੇ ਫੇਰ ਬੁਲਾਰੇ, ਕੋਕੋ ਦੇ ਬੱਚੇ ਆਖਣ ਕੀ:– ਗਲਤੀ ਨਹੀਂ ਗੁਨਾਹ ਹੈ ਸਜ਼ਾ ਦਿਉ ਭੁੱਲ ਹੀ ਜਾਂਦੇ ਹਨ ਕਿ ਇਹ ਅਦਾਲਤ ਨਹੀਂ ਸ਼ਰਨ ਆਏ ਕੰਠ ਲਾਏ, ਪਰ ਇਹ ਧਰਮ ਪਾਲਕ ਤਾਂ ਹਨ ਹੀ ਨਹੀਂ ਇਹ ਤਾਂ ਧਨ ਪਾਲਕ ਹਨ ਆਪਣੇ ਆਪ ਨੂੰ ਕੋਈ ਵੱਡੇ ਪੰਥਕ ਬਣਦੇ ਨੇ ਪਿਉ ਦਾਦਾ ਕਾਂਗਰਸੀ, ਆਪ ਕਾਂਗਰਸੀ, ਮਤਲਬ ਲਈ ਖਾਲਿਸਤਾਨੀ ਭੀ ਬਣੇ ਹੁਣ ਚੈਨਲ ਤੋਂ ਲਾਹੇ ਤਾਂ ਅਕਾਲੀ ਦਲ ਵੈਰੀ ਨਾਲੇ ਜੀ ਅਕਾਲੀ ਦਲ ਖੇਤਰੀ ਪਾਰਟੀ ਹੈ ਲਾਠੀਆਂ ਖਾਣ ਨੂੰ ਚਾਹੀਦੀ ਹੈ, ਹੋਰ ਤਾਂ ਕਿਸੇ ਨੇ ਖਾਣੀਆਂ, ਰੱਬ ਇਨ੍ਹਾਂ ਦੰਭੀਆਂ ਨੂੰ ਕਦੋਂ ਮੱਤ ਦੇਊ ਜੋ ਕੌਮ ਸੁੱਖ ਨਾਲ ਸਾਹ ਲੈ ਸਕੇ, ਅਕਾਲ ਤਖ਼ਤ 'ਤੇ ਜੋ ਨਿਮਾਣਾ ਬਣ ਜਾਵੇ ਉਹਨੂੰ ਸਜ਼ਾ ਨਹੀਂ, ਬਖ਼ਸ਼ਣਾ ਹੁੰਦਾ ਹੈ, ਈਸਾਈ ਮੱਤ ਵਿੱਚ ਭੀ ਚਰਚ ਜਾ ਕੇ ਆਪਣੇ ਗੁਨਾਹ ਬੋਲੋ ਪਰਦੇ ਪਿੱਛੇ ਤੇ ਪਾਦਰੀ ਲੁੱਕ ਕੇ ਸੁਣਦਾ ਹੈ ਫੇਰ ਆਖਦਾ ਹੈ ਤੈਨੂੰ ਮੁਆਫੀ ਪਰ ਅਸੀਂ ਤਾਂ ਜਲਾਦੀ ਜਹਾਦੀ ਹਾਂ ਧਾਰਮਿਕ ਨਾ ਹਿਰਦੇ ਹਨ ਨਾ ਦ੍ਰਿਸ਼ਟੀਕੋਨ ਨਾ ਹੀ ਅਸੀਂ ਧਰਮ ਨੂੰ ਮੰਨਦੇ ਹੀ ਹਾਂ ਅਸੀਂ ਤਾਂ ਧਰਮ ਨੂੰ ਵਰਤਦੇ ਹਾਂ।

ਸਭ ਜੱਗ ਭੁੱਲਣਹਾਰ, ਤੂੰ ਕਿਰਪਾ ਕਰਕੇ ਬਖ਼ਸ਼ ਲੈ, ਕੌਣ ਹੈ ਜੋ ਗਲਤੀ ਨਹੀਂ ਕਰਦਾ ਪਲ ਪਲ 'ਤੇ ਕਰੀਦੀ ਹੈ, ਪਰ ਫੇਰ ਦਾਤੇ ਅੱਗੇ ਖਿਮਾਂ ਮੰਗੀਦੀ ਹੈ। ਅਰਦਾਸ ਵਿੱਚ ਭੀ ਸਭ ਕੁਝ ਬੋਲਿਆ ਜਾਂਦਾ ਹੈ ਤਾਂ ਕੀ ਅਸੀਂ ਬੱਸ ਖੜ੍ਹਕੇ ਹੱਥ ਬੰਨ ਕੇ ਸੋ ਨਿਹਾਲ ਹੀ ਆਖਣ ਵਾਲੇ ਜਾਂ ਵਿਚਾਰਧਾਰਾ ਨੂੰ ਸਮਝਣਾ ਹੈ। ਮਰਿਯਾਦਾ ਤਾਂ ਵਿਧਾਨ ਹੈ, ਸਮੇਂ ਨਾਲ ਬਦਲੇ ਗਏ ਹਨ ਕੀ ਚੈਨਲਾਂ 'ਤੇ ਗੁਰੂ ਗ੍ਰੰਥ ਲਿਜਾਣਾ, ਨਸ਼ਰ ਕਰਨਾ, ਕੋਈ ਕਿਸੇ ਹਾਲਤ ਵਿੱਚ ਹੋਵੇ, ਦਰਸ਼ਨ ਕਰਾਵੋ ਤਾਂ ਕਿਥੇ ਹੈ ਅਦਬ ਸਤਿਕਾਰ ਪਰ ਕੋਈ ਹੋਰ ਕਰੇ ਤਾਂ ਗਲਤੀ ਨੀ ਗੁਨਾਹ ਹੈ ਤੁਹਾਡੇ ਲਈ ਪਨਾਹ ਹੈ, ਅੰਦਰ ਝਾਤੀਆਂ ਮਾਰੋ ਪ੍ਰਚਾਰਕੋ ਗੁਰੂ ਤੋਂ ਡਰੋ, ਥੋੜ੍ਹਾ ਆਪਣੇ ਦੇਸ਼ ਦੀ ਸਥਿਤੀ ਨਾਲ ਭੀ ਨੇੜਤਾ ਪਾਈਏ ਨਵੀਂ ਬਣੀ ਸਰਕਾਰ ਆਸਾਂ ਭੀ ਨਵੀਆਂ ਤੇ ਬੜੀਆਂ, ਪਰ ਲੱਗਦਾ ਪ੍ਰਧਾਨ ਮੰਤਰੀ ਭੀ ਅਜ਼ਾਦ ਨਹੀਂ, ਕਈ ਸਹੂਲਤਾਂ ਤਾਂ ਯੂਨੀਅਨਾਂ ਨੇ ਨਹੀਂ ਲਾਗੂ ਕਰਨ ਦੇਣੀਆਂ, ਕੁਝ ਅਵੱਲੇ ਐਮ.ਪੀ. ਭੀ ਹੁੰਦੇ ਹਨ, ਹਰ ਗੱਲ 'ਤੇ ਢੁੱਚਰ, ਕੁਝ ਜਿਨ੍ਹਾਂ ਨੂੰ ਕੋਈ ਲਾਭ ਨਹੀਂ ਮਿਲਿਆ ਰੋਸੇ ਵਜੋਂ ਵਿਰੋਧ, ਪਰ ਖਰਬੂਜੇ 'ਤੇ ਚਾਕੂ ਜਾਂ ਚਾਕੂ 'ਤੇ ਖਰਬੂਜਾ ਢਿੱਡ ਕੀਹਦਾ ਫੱਟਣਾ ਹੈ, ਪਰ ਪ੍ਰਧਾਨ ਮੰਤਰੀ ਦੀ ਮਨਸ਼ਾ ਤਾਂ ਸਹੀ ਲੱਗਦੀ ਹੈ, ਮੰਨਦੇ ਹਾਂ ਆਰਥਿਕ ਵਿਭਾਗ ਵੱਲ ਭੀ ਝਾਤੀ ਮਾਰਨੀ ਪਵੇਗੀ ਆਮ ਲੋਕਾਂ ਦੇ ਹਿੱਤ ਪਾਲਣੇ ਪਹਿਲ ਹੋਵੇ, ਭਾਵੇਂ ਜੋ ਬਣ ਚੁੱਕੀਆਂ ਸਕੀਮਾਂ ਹਨ, ਟੈਕਸ ਹਨ ਹਟਣੇ ਤਾਂ ਨਹੀਂ ਪਰ ਹੋਰ ਨਾ ਲੱਗਣ, ਅੱਗੇ ਹੀ ਦੇਖੋ ਤਿੰਨ ਤਿੰਨ ਹਜ਼ਾਰ ਕੌਂਸਲ ਟੈਕਸ ਭਰਕੇ ਭੀ ਤੁਰਨ ਨੂੰ ਅੜਕਣਾ, ਮੀਂਹ ਪਏ ਤੇ ਸਲੈਬ 'ਤੇ ਪੈਰ ਧਰੀਏ ਪਾਣੀ ਸਾਰੇ ਲੀੜੇ ਛੱਲਾਂ ਨਾਲ ਲਬੇੜਦੀਆਂ ਹਨ ਡਿੱਗਣ ਦੇ ਅੰਦੇਸ਼ੇ ਅੱਡ, ਸੁਣੀ ਜਾਵੋ ਕਿਵੇਂ ਸਿਹਤ ਵਿਭਾਗ ਨੂੰ ਧਨ ਕਮਾਊ ਅਦਾਰਿਆਂ ਨੇ ਚੂੰਨੇ ਲਾਏ ਲੋਕਾਂ ਦੀਆਂ ਸਿਹਤਾਂ ਧਿਆਨ ਬਗੈਰ ਹੀ ਦਾਰੂ ਦੇਈ ਜਾਵੋ ਹੋਰ ਬੀਮਾਰੀ ਪਰ ਦੁਆਈਆਂ ਤਾਂ ਵਿੱਕ ਗਈਆਂ ਦੰਦਾਂ ਵਾਲੇ ਤਾਂ ਵੈਸੇ ਹੀ ਸਾਧਾਰਣ ਵਿਅਕਤੀ ਦੀ ਜੇਬ ਵੱਲ ਦੇਖ ਕੇ ਦੁੱਖ ਹੀ ਝੱਲੀ ਜਾਂਦੇ ਨੇ ਮੂੰਹ ਖੋਲ੍ਹਣ ਦੇ 26, 27 ਪੌਂਡ, ਹੁਣ ਤਾਂ ਇਹਦਾ ਕੁਝ ਭੀ ਨਹੀਂ ਬਨਣਾ ਪਰ ਮਹਿੰਗਾਈ ਘੱਟ ਜੇ ਲੋਕੀ ਚੰਗੀ ਖੁਰਾਕ ਖਾ ਲੈਣ ਆਪੇ ਸਿਹਤ ਨੌ ਬਰ ਨੌ, ਹੁਣ ਸਬਜ਼ੀਆਂ ਜੋ ਏਸ਼ੀਅਨ ਪਸੰਦ ਕਰਦੇ ਨੇ 6 ਪੌਂਡ ਦੀ ਆਵੇ ਤਾਂ ਅਗਲਾ ਦੇਖ ਕੇ ਚਾਅ ਲਾ ਮੁੜ ਆਉਂਦਾ ਹੈ, ਸੁਝਾਅ ਦਿੰਦੀ ਹਾਂ ਕਿ ਸਾਡਾ ਭਾਈਚਾਰਾ ਇਥੇ ਵੱਸਣ ਦੇ ਆਦੀ ਬਣੀਏ, ਚੈਨਲਾਂ ਦੇ ਮਗਰ ਲੱਗ ਪੰਜਾਬ ਵਿੱਚ ਸਾਡਾ ਦਿਲ ਹੈ ਫੇਰ ਚਲੇ ਜਾਵੋ ਰੋਕ ਕੀ ਹੈ, ਪਰ ਕਿਉਂ ਬਾਕੀ ਦਿਆਂ ਦਾ ਭੀ ਜੀਵਨ ਪੱਧਰ ਨੀਮਾ ਕਰਦੇ ਹੋ ਨਾਲੇ ਸਾਡੇ ਬੱਚੇ ਭੀ ਖੁਸ਼ ਬਹੁਤਿਆਂ ਦੇ ਜਿਹੜੇ ਸਾਰਾ ਦਿਨ ਪੰਜਾਬ ਦੇ ਗੀਤ ਗਾਉਂਦੇ ਨੇ।

**–ਬਲਵਿੰਦਰ ਕੌਰ ਚਾਹਲ ਸਾਊਥਾਲ**

* * * * * *

## ਕੌਮੀਂ ਇਨਸਾਫ਼ ਮੋਰਚੇ "ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ





ਅੱਜ ਕੌਮੀਂ ਇਨਸਾਫ਼ ਮੋਰਚੇ "ਚ ਸੰਤ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਦਿੱਲੀ ਵਾਲੇ ਬਾਬਾ ਬਚਨ ਸਿੰਘ ਜੀ ਦਿੱਲੀ ਵਾਲਿਆ ਵੱਲੋਂ ਵਰਸੋਸਾਏ ਬਾਬਾ ਕਰਮ ਸਿੰਘ ਜੀ ਅਲੂਣਾ ਕਾਰ ਸੇਵਾ ਵਾਲੇ ਅਤੇ ਨਗਰ ਅਲੂਣਾ ਦੀ ਸਮੂਹ ਸੰਗਤ ਵੱਲੋਂ ਬਾਲਾ ਪ੍ਰੀਤਮ ਅੱਠਵੇਂ ਪਾਤਸਾਹ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀਆ ਦੇ ਪ੍ਰਕਾਸ਼ ਪੁਰਬ ਨੂੰ ਮਨਾਓਂਦੇ ਹੋਏ ਕੌਮੀਂ ਇਨਸਾਫ਼ ਮੋਰਚੇ "ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ।ਮੋਰਚੇ ਦੇ ਸਰਪ੍ਰਸਤ ਜਥੇਦਾਰ ਜਗਤਾਰ ਸਿੰਘ ਜੀ ਹਵਾਰਾ ਦੇ ਧਰਮ ਪਿਤਾ ਬਾਪੂ ਗੁਰਚਰਨ ਸਿੰਘ ਜੀ ਵੱਲੋਂ ਬਾਬਾ ਕਰਮ ਸਿੰਘ ਜੀ ਅਤੇ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਸਾਥੀ ਬੰਦੀ ਸਿੰਘ ਭਾਈ ਬਲਜੀਤ ਸਿੰਘ ਭਾਊ ਅਤੇ ਬਾਪੂ ਗੁਰਚਨ ਸਿੰਘ ਜੀ ਵੱਲੋਂ ਨਗਰ ਅਲੂਣਾਂ ਅਤੇ ਆਏ ਹੋਏ ਸੱਜਣਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕੀਤਾ ਗਿਆ ਇਸ ਮੌਕੇ ਕ੍ਰਾਂਤੀਕਰੀ ਕਿਸਾਨ ਆਗੂ ਸੁਰਜੀ ਸਿੰਘ ਫੂਲ ਮੋਰਚੇ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ ਬਲਵਿੰਦਰ ਸਿੰਘ ਕਾਲਾ ਝਾੜ ਸਾਹਿਬ ਅਮਰੀਕ ਸਿੰਘ ਘੜੂੰਆਂ ਪਾਲ ਸਿੰਘ ਘੜੂੰਆਂ ਭਾਈ ਪਵਨਦੀਪ ਸਿੰਘ ਬੱਲੋ ਮਾਜਰਾ ਗੁਰਜੰਟ ਸਿੰਘ ਪਟਿਆਲਾ ਇੰਦਰਵੀਰ ਸਿੰਘ ਪਟਿਆਲਾ ਗੁਰਬਿੰਦਰ ਸਿੰਘ ਰਾਜਪੁਰਾ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਤੋਂ ਭਾਈ ਬਲਜੀਤ ਸਿੰਘ ਭਾਊ ਸਰਪੰਚ ਕਰਮ ਸਿੰਘ ਡੇਰਾਬਸੀ ਅਤੇ ਹੋਰ ਕਿਸਾਨ ਜਥੇਬੰਦੀਆ ਦੇ ਆਗੂ ਸਹਿਬਾਨ ਹਾਜਿਰ ਸਨ ॥

# ਕਾਵਿ-ਕਿਆਰੀ

## ਕਬਿੱਤ

ਉੱਦਮ ਅਗੇ ਲੱਛਮੀ ਅਤੇ ਪੱਖੇ ਅਗੇ ਪੌਣ,
ਮੰਜ਼ਿਲ ਨਹੀਂ ਮਿਲਦੀ, ਬਿਨਾ ਤਦਬੀਰ ਜੀ।

ਜ਼ਿੰਦਗੀ 'ਚ ਪੈਸੇ ਦੀ ਹੈ ਹਰ ਪਲ ਲੋੜ ਭਾਂਵੇ,
ਵੇਚ ਦੇਣੀ ਚੰਗੀ ਨਹੀਂ, ਪੈਸੇ ਲਈ ਜ਼ਮੀਰ ਜੀ।

ਬੰਦਾ ਨਹੀਂ ਤਿਆਗਦਾ, ਲੋਭ, ਮੋਹ ਤੇ ਲਾਲਸਾ,
ਪਰ ਮਿਲਦਾ ਹੈ ਉਹੀ, ਜੋ ਵਿੱਚ ਤਕਦੀਰ ਜੀ।

ਪਾਲਦਾ ਹੈ ਮਨ ਵਿੱਚ, ਈਰਖਾ, ਦਵੈਤ ਸਦਾ,
ਰਖਦਾ ਨਾਂ ਬੰਦਾ ਹੁਣ, ਰਤਾ ਭਰ ਧੀਰ ਜੀ।

ਕੰਮ ਨਹੀਂ ਉਦੋਂ ਫਿਰ, ਆਉਂਦੀਆਂ ਸਿਆਣਪਾਂ,
ਬੰਦੇ ਦਾ ਨਾਂ ਸਾਥ ਜਦੋਂ ਦੇਵੇ ਤਕਦੀਰ ਜੀ।


ਠੱਗੀ, ਬੇਈਮਾਨੀ ਛੱਡ, ਕਾਦਰ ਨੂੰ ਰੱਖ ਚੇਤੇ,
ਕਰਮਾਂ ਦਾ ਲੇਖਾ ਜੋਖਾ, ਹੋਣਾ ਹੈ ਅਖ਼ੀਰ ਜੀ।

ਮਾਣਦੇ ਮੈਂ ਮੌਜਾਂ ਵੇਖੇ, ਕੰਮਚੋਰ, ਬੇਈਮਾਨ
ਕੰਮੀਆਂ ਦੀ ਘਸ ਗਈ ਭਾਗਾਂ ਦੀ ਲਕੀਰ ਜੀ।

ਫ਼ਾਨੀ ਇਸ ਦੁਨੀਆ ਤੋਂ, ਤੁਰ ਗਏ ਰਾਜੇ ਰਾਣੇ,
ਪੀਰ, ਪੈਗੰਬਰ, ਸੂਫੀ, ਯੋਧੇ ਤੇ ਫ਼ਕੀਰ ਜੀ।
ਗੁਰਦਰਸ਼ਨ ਸਿੰਘ 'ਗੁਸੀਲ'
* * * * * *

## ਬੋਲੀਆਂ

ਰਲ ਮਿਲ ਕੇ ਰਹਿਣ ਵਾਲਿਆਂ ਤੋਂ
ਕਲੇਸ਼ ਦਾ ਭੂਤ ਸਦਾ ਦੂਰ ਭੱਜਦਾ।
ਉਹ ਜੀਵਨ 'ਚ ਤਰੱਕੀ ਖ਼ੂਬ ਕਰਦੇ
ਜੋ ਸਮੇਂ ਸਿਰ ਲੈਣ ਸਹੀ ਫੈਸਲੇ।
ਦੋਵੇਂ ਇੱਕ, ਦੂਜੇ ਤੋਂ ਵੱਖ ਨਾ ਹੁੰਦੇ
ਜੇ ਪਤੀ- ਪਤਨੀ ਡੂੰਘਾ ਸੋਚਦੇ।
ਕੱਲਾ, ਕੱਲਾ ਪੁੱਤ ਮਾਪਿਆਂ ਦਾ
ਜਾ ਕੇ ਕਨੇਡਾ ਵਿੱਚ ਬਹਿ ਗਿਆ।
ਉਸ ਦਾ ਪੁੱਤ ਨਸ਼ਿਆਂ ਤੋਂ ਕਿਵੇਂ ਬਚੂ ?
ਜਿਸ ਘਰ 'ਚ ਪਿਉ ਨਸ਼ੇ ਕਰਦਾ।
ਗਰੀਬ ਨੂੰ ਮਾਰਨ ਵਾਲੇ ਦਾ ਦੋਸ਼ੀ
ਪੈਸੇ ਨਾਲ ਜੇਲ੍ਹੋਂ ਬਾਹਰ ਆ ਗਿਆ।
ਜੋ ਪਿਉ ਦੀ ਜਾਇਦਾਦ ਤੇ ਅੱਖ ਰੱਖੇ
ਉਹ ਕਦੇ ਨ੍ਹੀ ਅੱਗੇ ਵੱਧ ਸਕਦਾ।
ਉਸ ਨੂੰ ਯਾਰਾਂ ਦੀ ਘਾਟ ਕੋਈ ਨਾ
ਜੋ ਸਦਾ ਖੁੱਲ੍ਹਾ ਰੱਖੇ ਬੂਹਾ ਦਿਲ ਦਾ।



ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ-144514
ਫੋਨ 9915803554

* * * * * *

## ਹਾਏ ਸਾਡਾ ਸਰਬਜੀਤ ਵਿਰਦੀ



ਨਾ ਹੀ ਔਂਦੀ ਵੀਹ ਸੌ ਚੌਵੀ ਛੱਬੀ ਜੁਲਾਈ !
ਚੰਦਰੀ ਮਨਹੂਸ ਇਹ ਕੈਸੀ ਖ਼ਬਰ ਲਿਆਈ !!

ਸੁਪ੍ਰਸਿੱਧ ਮੰਚ ਸੰਚਾਲਕ ਪੰਜਾਬੀ ਦਾ ਨਾਮਵਰ ਗੀਤਕਾਰ !
ਹਾਏ ਸਾਡਾ ਸਰਬਜੀਤ ਵਿਰਦੀ, ਹੁਣ ਨਹੀਂ ਸਾਡੇ ਵਿਚਕਾਰ !!

ਮਾਤਾ ਨਗਰ, ਪੱਖੋਵਾਲ ਰੋਡ ਲੁਧਿਆਣਾ, ਰੋ ਰੋ ਹੰਝੂਆਂ ਚ ਖੁਰ ਗਿਆ!
ਸਰਦਾਰ ਸਰਬਜੀਤ ਵਿਰਦੀ ਖ਼ਬਰੇ ਕਿਉਂ ਅਚਾਨਕ ਤੁਰ ਗਿਆ !!

ਫੇਸ-ਬੁੱਕ ਤੇ ਪੜ੍ਹਿਆ ਜਦ, ਮੇਰਾ ਦਿਲ ਗਿਆ ਲੁੱਛਿਆ !
ਪਾਲੀ ਦੇਤਵਾਲੀਏ ਤੇ ਗੁਰਭਜਨ ਗਿੱਲ ਨੂੰ ਮੈਂ ਪੁੱਛਿਆ !!

ਦੋਹਾਂ ਦੱਸਿਆ ਹਾਂ ਗੱਲ ਸੱਚ ਹੈ, ਇਸ ਵਿੱਚ ਝੂਠ ਨਾ ਕਾਈ !
ਵਰਤ ਗਿਆ ਜੋ ਭਾਣਾ, ਭਾਣੇ ਵਿੱਚ ਰਹਿਣਾ ਪੈਣਾ ਭਾਈ !!

'ਚੰਨ ਜੰਡਿਆਲਵੀ' ਜੀ ਹੇ ਸਤਿਗੁਰ ਹੈ ਹੱਥ ਬੰਨ੍ਹ ਕੇ ਅਰਦਾਸ !
ਪਿੱਛੇ ਰਿਹਾਂ ਨੂੰ ਦਿਓ ਦਿਲਾਸਾ, ਰੂਹ ਨੂੰ ਰੱਖਣਾ ਚਰਨਾਂ ਪਾਸ !!

ਤਰਲੋਚਨ ਸਿੰਘ ਚੰਨ ਜੰਡਿਆਲਵੀ ਯੂ ਕੇ



## ਬੂਬਨੇ ਬਾਬੇ



ਨਿਰਮਲ ਸਿੰਘ ਕੰਧਾਲਵੀ

ਰਾਤੋ- ਰਾਤੀਂ ਉੱਗਦੇ ਬਾਬੇ, ਡਾਰਾਂ ਬੰਨ੍ਹ ਬੰਨ੍ਹ ਆਈ ਜਾਂਦੇ।
ਚਿਮਟੇ,ਤੀਰਾਂ,ਗੜਵਿਆਂ ਵਾਲੇ, ਵੱਖ ਵੱਖ ਨਾਮ ਧਰਾਈ ਜਾਂਦੇ।,
ਕਈ ਹਜ਼ਾਰ ਪੰਜਾਬ 'ਚ ਬੈਠੇ, ਚੂੰਡ ਚੂੰਡ ਸਭ ਖਾਈ ਜਾਂਦੇ।
ਗੁਰੂ ਗਰੰਥ ਦੀ ਤਾਬਿਆ ਬਹਿ ਕੇ, ਪੈਰੀਂ ਹੱਥ ਲੁਆਈ ਜਾਂਦੇ।
ਬਾਂਹ ਨਾਲ ਜੋ ਨਲ਼ੀ ਪੂੰਝਦੇ, ਬ੍ਰਹਮ ਗਿਆਨੀ ਅਖਵਾਈ ਜਾਂਦੇ।
ਅੰਨ ਦਾਣੇ ਨੂੰ ਮੂੰਹ ਨਹੀਂ ਲਾਉਂਦੇ, ਗਰੀ ਛੁਆਰੇ ਖਾਈ ਜਾਂਦੇ।
ਚਰਦੇ ਰਹਿੰਦੇ ਵਿਹਲੇ ਰਹਿ ਕੇ, ਗੋਗੜ ਖ਼ੂਬ ਵਧਾਈ ਜਾਂਦੇ।
ਜਨਤਾ ਬੈਠੀ ਮੂੰਹ ਧੋਣ ਤੋਂ, ਬਾਬੇ ਮਲ਼ ਮਲ਼ ਨ੍ਹਾਈ ਜਾਂਦੇ।
ਸੁਰਗਾਂ ਦੇ ਲਾ ਝੂਠੇ ਲਾਰੇ, ਆਪਣਾ ਸੁਰਗ ਬਣਾਈ ਜਾਂਦੇ।
ਉੱਲੂ ਸਿੱਧਾ ਰੱਖਦੇ ਆਪਣਾ, ਕਲ੍ਹਾ ਕਲੇਸ਼ ਕਰਾਈ ਜਾਂਦੇ।
ਵਿਚ ਟੱਬਰਾਂ ਦੇ ਪਾਉਣ ਲੜਾਈ, ਲਾਉਂਦੇ ਕਿਤੇ ਬੁਝਾਈ ਜਾਂਦੇ।
ਬ੍ਰਹਮਚਰਜ ਦਾ ਹੋਕਾ ਦੇ ਕੇ, ਖਰੇ 'ਚ ਖੋਟ ਰਲਾਈ ਜਾਂਦੇ।
ਸੰਗਮਰਮਰ ਦੇ ਇਹ ਦੀਵਾਨੇ, ਹਰੇਕ ਨਿਸ਼ਾਨੀ ਢਾਈ ਜਾਂਦੇ।
ਕਾਰ-ਸੇਵਾ ਦਾ ਝੁਰਲੂ ਲੈ ਕੇ, ਸਿੱਖ- ਇਤਿਹਾਸ ਮਿਟਾਈ ਜਾਂਦੇ।
ਸੋਨਾ ਸੋਨਾ ਕੂਕਣ ਹਰ ਵੇਲੇ, ਸਿਧਾਂਤ 'ਤੇ ਮਿੱਟੀ ਪਾਈ ਜਾਂਦੇ।
ਲੰਘੇ ਨਹੀਂ ਸਕੂਲ ਦੇ ਅੱਗਿਉਂ, ਕਥਾ ਵਿਖਿਆਨ ਸੁਣਾਈ ਜਾਂਦੇ।
ਬਾਣੀ ਦੀ ਤੁਕ ਇਕ ਨਹੀਂ ਪੜ੍ਹਦੇ, ਟੱਪੇ ਜੋੜ ਸੁਣਾਈ ਜਾਂਦੇ।
ਅੱਠ ਅੱਠ ਚਿਮਟੇ ਵੱਜਣ ਨਾਲ਼, ਰੌਲ਼ਾ ਰੱਪਾ ਪਾਈ ਜਾਂਦੇ।
ਕਹਿੰਦੇ ਮਾਇਆ ਹੁੰਦੀ ਨਾਗਣ, ਆਪ ਜੇਬ ਵਿਚ ਪਾਈ ਜਾਂਦੇ।
ਪੈਸਾ, ਧੇਲਾ, ਜੜੀ-ਜ਼ਮੀਨ, ਜੋ ਹੱਥ ਆਉਂਦਾ ਖਾਈ ਜਾਂਦੇ।
ਹਰ ਲੀਡਰ ਨੂੰ ਚੋਣਾਂ ਵੇਲੇ, ਲਾਰੇ ਵੋਟਾਂ ਦੇ ਲਾਈ ਜਾਂਦੇ।
ਧਰਮ- ਕਰਮ, ਸਿਆਸਤ ਉੱਤੇ, ਹਰ ਥਾਂ ਬਾਬੇ ਛਾਈ ਜਾਂਦੇ।
ਮਹਿੰਗੀਆਂ ਮਹਿੰਗੀਆਂ ਕਾਰਾਂ ਉੱਤੇ, ਬੱਤੀ ਲਾਲ ਲਗਾਈ ਜਾਂਦੇ।
ਕਬਜ਼ੇ ਕਰਨ ਜ਼ਮੀਨਾਂ ਉੱਪਰ, ਡੇਰੇ ਬਹੁਤ ਵਧਾਈ ਜਾਂਦੇ।
ਚੁੱਕੀ ਫਿਰਨ ਮਰਯਾਦਾ ਆਪਣੀ, ਤੇਲ ਜੜ੍ਹਾਂ ਵਿਚ ਪਾਈ ਜਾਂਦੇ।
ਗੁਰ-ਸਿਧਾਂਤ ਦੇ ਇਹ ਨੇ ਦੋਖੀ, ਢਾਅ ਪੰਥ ਨੂੰ ਲਾਈ ਜਾਂਦੇ।
ਏਹਨਾਂ ਪਿੱਛੇ ਬਿਲਕੁਲ ਨਾ ਲੱਗੋ, ਹੁਕਮ ਸਤਿਗੁਰ ਦਾ ਮੰਨੋ।
ਬੂਬਨਿਆਂ ਤੋਂ ਬਚ ਜਾਉ ਸਿੱਖੋ, ਸਿਰਫ਼ ਸਿੱਖ-ਸਿਧਾਂਤ ਨੂੰ ਮੰਨੋ।
ਪੰਥ-ਪ੍ਰਵਾਣਿਤ ਰਹਿਤ ਮਰਯਾਦਾ, ਇਹ ਗੁਰੂ ਪੰਥ ਦਾ ਹੋਕਾ ਹੈ।
ਕੂੜ- ਕਿਰਿਆ ਹੈ ਬਾਕੀ ਸਾਰੀ, ਤੇ ਗੁਰੂ ਪੰਥ ਨਾਲ ਧੋਖਾ ਹੈ।

## ਗਠੜੀ ਸੰਭਾਲ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

**ਗਠੜੀ ਸੰਭਾਲ ਭਾਈ, ਗੁਥਲੀ ਸੰਭਾਲ ਬਈ,**
**ਲੁੱਟਣ ਨੂੰ ਫਿਰਦੇ ਨੇ, ਤੇਰਾ ਸਾਰਾ ਮਾਲ ਬਈ।**

ਕੁੰਡੀ ਚੁੱਕੀ ਫਿਰਦੇ, ਚੌਗਿਰਦੇ ਉਹ ਸਾਰੇ ਤੇਰੇ,
ਹਰ ਦਮ ਲੱਭਦੇ ਨੇ, ਮੌਕਿਆਂ ਦੀ ਭਾਲ ਬਈ।

ਅੱਖ ਮਟਕਾਵੇ ਕੋਈ, ਡੋਰੇ ਵਾਰ ਵਾਰ ਸੁੱਟੇ,
ਚੱਲਣ ਉਹ ਹਰ ਵੇਲੇ, ਵਿੰਗੀ ਟੇਢੀ ਚਾਲ ਬਈ।

ਮੌਮੋਠੱਗ ਹਰ ਵੇਲੇ, ਲੱਭਦੇ ਨੇ ਉੱਧਿਆਂ ਨੂੰ,
ਦਿਨ ਰਾਤ ਉਹ ਨੇ ਸਾਰੇ, ਪਾਂਵਦੇ ਭੁਚਾਲ਼ ਬਈ।

ਚਤਰ ਤੂੰ ਭਾਵੇਂ ਬਣ, ਲੱਖ 'ਤੇ ਕਰੋੜ ਵਾਰੀ,
ਟੱਪਣ ਨਾ ਦੇਣਗੇ, ਤੈਨੂੰ ਕੋਈ ਖਾਲ਼ ਬਈ।

ਈਮੇਲਾਂ, ਟੈਕਸਟਾਂ, ਟਿਕ ਟੌਕ, ਫੇਸ ਬੁੱਕਾਂ,
ਵਟਸਐਪ, ਫ਼ੋਨਾਂ ਉੱਤੇ, ਬੁਣਦੇ ਨੇ ਜਾਲ਼ ਬਈ।

ਮਖੌਟਿਆਂ ਦੇ ਪਿੱਛੇ ਅੱਜ, ਲੁਕੇ ਹੋਏ ਭੇੜੀਏ,
ਪੁੱਠੇ ਸਿੱਧੇ ਪੁੱਛਣਗੇ, ਤੈਨੂੰ ਉਹ ਸਵਾਲ ਬਈ।

ਨਜ਼ਾਰੇ ਸਬਜ਼ ਬਾਗਾਂ ਵਾਲੇ, ਪਰੋਸਣਗੇ ਤੇਰੇ ਅੱਗੇ,
ਖੋਹਣਗੇ ਉਹ ਤੇਰੇ ਹੱਥੋਂ, ਆਖਰੀ ਨਿਵਾਲ ਬਈ।

ਬਚਣ ਦਾ ਤੇਰਾ ਕੋਈ, ਚਾਰਾ ਨਾ ਉਹ ਛੱਡਣਗੇ,
ਰੱਖ ਭਾਵੇਂ ਜਿੰਨਾ ਵੀ ਤੂੰ, ਆਪਣਾ ਖਿਆਲ ਬਈ।

ਮੁੰਨਣਗੇ ਤੈਨੂੰ ਸਾਰੇ, ਚੰਗੀ ਭਾਰੀ ਭੇਡ ਵਾਂਗੂੰ,
ਛੱਡਣਗੇ ਤੇਰੇ ਉੱਤੇ, ਕੋਈ ਨਾ ਉਹ ਵਾਲ ਬਈ।

ਬਚ ਲੈ ਜੇ ਬਚ ਹੁੰਦਾ, ਤੇਰੇ ਕੋਲੋਂ ਮਿੱਤਰਾ ਉਏ,
ਨਹੀਂ ਤੇ ਬਿਤਾਂਵੇਂਗਾ, ਮੰਦੜੇ ਤੂੰ ਹਾਲ ਬਈ।


ਗਠੜੀ ਸੰਭਾਲ ਭਾਈ, ਗੁਥਲੀ ਸੰਭਾਲ ਬਈ,
ਲੁੱਟਣ ਨੂੰ ਫਿਰਦੇ ਨੇ, ਤੇਰਾ ਸਾਰਾ ਮਾਲ ਬਈ।

## ਬੰਦ ਕਮਰੇ- ਬੰਦ ਲਫਾਫੇ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਹੁੰਦੀ ਲੋੜ ਨਾ ਉਨ੍ਹਾਂ ਨੂੰ ਪਰਦਿਆਂ ਦੀ
ਪੱਲੇ ਜਿਨ੍ਹਾਂ ਦੇ ਹੁੰਦਾ ਏ 'ਸੱਚ' ਯਾਰੋ।
ਬੱਜਰ ਪਾਪ ਜੋ ਕਰੇ ਛੁਪਾਉਣ ਖਾਤਰ
ਬੇਸ਼ਰਮ ਹੀ ਪਾਉਂਦੇ ਐ ਖੱਚ ਯਾਰੋ।
ਦੇਖ ਦੇਖ ਕੇ ਕਪਟ 'ਦੁਰਕਾਰਿਆਂ' ਦੇ
ਗੁੱਸਾ ਲੋਕਾਂ ਦਾ ਪੈਂਦਾ ਫਿਰ ਮੱਚ ਯਾਰੋ।
ਪਿਉ ਤੋਂ ਮਿਲੀ ਪ੍ਰਧਾਨਗੀ ਮਾਨਣੇ ਦਾ
ਪੈ ਗਿਆ 'ਭਰਦਾਨ ਨੂੰ 'ਲੱਚ' ਯਾਰੋ।
ਭੰਬਲ਼ ਭੂਸਾ ਵਧਾਇਆ ਏ ਕੌਮ ਅੰਦਰ
ਬੰਦ ਕਮਰੇ ਵਿੱਚ ਹੁੰਦੀਆਂ ਮੀਟਿੰਗਾਂ ਨੇ।
ਤੇਲ ਬਲਦੀ 'ਤੇ ਪਾਉਣ ਦਾ ਕੰਮ ਕੀਤਾ
ਬੰਦ ਲਫਾਫਿਆਂ ਵਾਲੀਆਂ ਚੀਟਿੰਗਾਂ ਨੇ।
-ਤਰਲੋਚਨ ਸਿੰਘ 'ਦੁਪਾਲ ਪੁਰ'



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



**ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ**

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. contact on email: s2009king@gmail.com or reply to ref. 844 (3044)

A British born gentleman mid 40s looking for sincere homely female 38+ divorcee and over stayer considered any cast please contact 07882 379881 or reply to ref. 843 (3038)

## CHANGE OF NAME

I, MINDHO, WIFE OF LAMBER SINGH, WHOSE PERMANENT ADDRESS IN INDIA IS VPO SANG DHESIAN, TEHSIL PHILLAUR, DISTT JALANDHAR, PUNJAB AND IS NOW LIVING AT 44 BARNHURST LANE, WOLVERHAMPTON, WV8 1XB, UK HEREBY GIVE NOTICE OF MY INTENTION TO CHANGE MY NAME TO MINDO KAUR. (U/I)

I, JAGGIR KAUR D/O LATE TARA SINGH WHOSE PERMANENT ADDRESS IN INDIA IS VPO KANG SABHU, TEH NAKODAR, DISTT JALANDHAR, PUNJAB 144630 AND NOW LIVING AT 24 BRANDHALL ROAD, OLDBURY, WEST MIDLANDS B68 8DP HEREBY GIVE NOTICE OF MY INTENTION TO CHANGE MY NAME TO JAGGIR KAUR (GIVEN NAME) JOHAL (SURNAME). (U/I)

# ਹਾਸਾ ਕਲੀਨਿਕ

**ਅਧਿਆਪਕ,** ਭਾਰਤੀ ਪਰਿਵਾਰਾਂ ਵਿੱਚ ਸਾਰੇ ਮੈਂਬਰ ਇਕ ਦੂਜੇ ਦੀ ਪ੍ਰਵਾਹ ਕਰਦੇ ਹਨ, ਕੋਈ ਉਦਾਹਰਣ ਦਿਉ।

ਪ੍ਰਿੰਸ, ਸਰ ਪਰਿਵਾਰ ਵਿੱਚ ਬਿਮਾਰ ਕੋਈ ਇਕ ਹੁੰਦਾ ਹੈ ਅਤੇ ਖਿੱਚੜੀ ਪੂਰਾ ਪਰਿਵਾਰ ਖਾਂਦਾ ਹੈ।

*---*---*

**ਪਤੀ** ਨੇ ਪਤਨੀ ਦਾ ਹਾਲ-ਚਾਲ ਜਾਣਨ ਲਈ ਮੈਸੇਜ ਟਾਈਪ ਕੀਤਾ- ਹੁਣ ਕੀ ਹਾਲ ਹੈ ਸਿਰਦਰਦ ਦਾ ?

ਪਰ ਟਾਈਪ ਕਰਨ ਵਿੱਚ ਗਲਤੀ ਲੱਗ ਗਈ ਅਤੇ ਟਾਈਪ ਹੋ ਗਿਆ- "ਹੁਣ ਕੀ ਹਾਲ ਹੈ ਸਿਰਦਰਦ ?"

ਬੱਸ ਉਦੋਂ ਤੋਂ ਪਤੀ ਲਾਪਤਾ ਹੈ।

*---*---*

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**


Account Name: Punjab Times Trust Ltd
Account No: 20853011 Sort Code: 20-25-85

# ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ ਚੌਥੀ ਪੰਜਾਬੀ ਕਾਨਫਰੰਸ 2024 ਦਾ ਆਯੋਜਨ ਸਫਲਤਾ ਪੂਰਵਕ ਸੰਪੰਨ-ਸਾਹਿਤ, ਵਿਗਿਆਨ ਤੇ ਪੰਜਾਬੀ ਬੋਲੀ ਦਾ ਇਤਿਹਾਸ ਵਿਸ਼ੇ ਰਹੇ ਖਿੱਚ ਦਾ ਕੇਂਦਰ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ ਲੈਸਟਰ ਵਿਖੇ ਕਰਵਾਈ ਗਈ ਚੌਥੀ ਪੰਜਾਬੀ ਕਾਨਫਰੰਸ ਯੂਕੇ 2024 ਸਫਲਤਾ ਪੂਰਵਕ ਸੰਪੰਨ ਹੋਈ। ਜੋ ਪੰਜਾਬੀ ਸਿੱਖਿਆ ਤੇ ਸਾਹਿਤ, ਪੰਜਾਬੀ ਬੋਲੀ, ਧਾਰਮਿਕ, ਸਮਾਜਿਕ, ਰਾਜਨੀਤਕ ਤੇ ਵਿਗਿਆਨਕ ਅਤੇ ਤਕਨੀਕ ਦੇ ਸੰਦਰਭ ਵਿੱਚ ਕਰਵਾਈ ਗਈ। ਕਾਨਫਰੰਸ ਦੇ ਪਹਿਲੇ ਦਿਨ ਵਿੱਚ ਉਦਘਾਟਨੀ ਰਸਮ ਦੌਰਾਨ ਕੰਵਰ ਸਿੰਘ ਬਰਾੜ ਨੇ ਜਾਣਕਾਰੀ ਸਾਂਝੀ ਕੀਤੀ, ਜੀ ਆਇਆਂ ਨੂੰ ਸੁਖਦੇਵ ਸਿੰਘ ਬਾਂਸਲ ਨੇ ਕਿਹਾ ਅਤੇ ਉਦਘਾਟਨੀ ਭਾਸ਼ਨ ਵਿੱਚ ਡਾ ਪਰਗਟ ਸਿੰਘ ਨੇ ਕਾਨਫਰੰਸ ਦੇ ਉਦੇਸ਼ ਅਤੇ ਕਾਰਵਾਈਆਂ ਬਾਰੇ ਚਾਨਣਾ ਪਾਇਆ। ਇਸ ਕਾਨਫਰੰਸ ਦੀ ਪਹਿਲੀ ਬੈਠਕ ਵਿੱਚ ਪੰਜਾਬੀ ਅਧਿਆਪਨ ਵਿਧੀਆਂ ਤੇ ਸਿੱਖਿਆ ਬੈਠਕ ਵਿੱਚ ਦਵਿੰਦਰ ਲਾਲੀ, ਕੁਲਬੀਰ ਮਾਂਗਟ ਅਤੇ ਹਰਵਿੰਦਰ ਸਿੰਘ ਨੇ ਭਾਗ ਲਿਆ। ਦੂਸਰੀ ਬੈਠਕ ਵਿੱਚ ਪੰਜਾਬੀ ਭਾਸ਼ਾ ਦਸ਼ਾ ਤੇ ਦਿਸ਼ਾ ਬਾਰੇ ਕੁੰਜੀਵਤ ਪਰਚਾ ਡਾ ਬਲਦੇਵ ਸਿੰਘ ਕੰਦੋਲਾ ਨੇ ਪੇਸ਼ ਕੀਤਾ। ਤੀਸਰੀ ਬੈਠਕ ਵਿੱਚ ਪੰਜਾਬੀ ਭਾਸ਼ਾ ਦੀ ਸਿੱਖਿਆ-ਪੰਜਾਬ ਤੋਂ ਬਾਹਰ ਤੇ ਤਕਨੀਕੀ ਸੰਦਰਭ ਵਿੱਚ ਬਲਵਿੰਦਰ ਕੌਰ ਨਾਰਵੇ, ਡਾ ਜਸਵੀਰ ਕੌਰ ਪੰਜਾਬੀ ਯੂਨੀ ਪਟਿਆਲਾ ਅਤੇ ਡਾ ਅਮਜਦ ਅਲੀ ਭੱਟੀ ਇਸਲਾਮਾਬ-ਾਦ ਨੇ ਭਾਗ ਲਿਆ। ਚੌਥੀ ਬੈਠਕ ਜਿਸ ਵਿੱਚ ਪੰਜਾਬੀ ਭਾਸ਼ਾ-ਪਿਛੋਕੜ ਤੇ ਵਿਕਾਸ ਵਿੱਚ ਦਲਜਿੰਦਰ ਸਿੰਘ ਰਹਿਲ ਨੇ ਪੰਜਾਬੀ ਭਾਸ਼ਾ ਦੇ ਇਤਿਹਾਸ 'ਤੇ ਪਰਚਾ ਪੇਸ਼ ਕੀਤਾ। ਇਸ ਉਪਰੰਤ ਸਾਹਿਤਕ ਬੈਠਕ ਵਿੱਚ ਨੁਜਹਤ ਅੱਬਾਸ ਨੇ ਵੱਖਰੇ ਅੰਦਾਜ਼ ਵਿੱਚ ਬੋਲੀ ਨੂੰ ਸਮਰਪਿਤ ਕਲਾ ਕ੍ਰਿਤ ਪੇਸ਼ ਕੀਤੀ। ਜਿਸ ਦੇ ਬਾਅਦ ਗੱਲਬਾਤ ਤੇ ਵਿਚਾਰ ਚਰਚਾ ਮੰਚ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਹਰਵਿੰਦਰ ਸਿੰਘ ਚੰਡੀਗੜ੍ਹ, ਡਾ ਅਮਜਦ ਅਲੀ ਭੱਟੀ ਇਸਲਾਮਾਬਾਦ, ਡਾ ਜਸਵੀਰ ਕੌਰ ਪਟਿਆਲਾ ਅਤੇ ਹਰਵਿੰਦਰ ਸਿੰਘ ਲੰਡਨ ਨੇ ਭਾਗ ਲਿਆ, ਇਸ ਬੈਠਕ ਨੂੰ ਬਲਵਿੰਦਰ ਸਿੰਘ ਚਾਹਲ ਵੱਲੋਂ ਸੰਚਾਲਨ ਕੀਤਾ ਗਿਆ। ਉਪਰੰਤ ਇੱਕ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਆਏ ਕਵੀਆਂ ਵੱਲੋਂ ਭਾਗ ਲਿਆ ਗਿਆ ਜਿਹਨਾਂ ਵਿੱਚ ਡਾ ਕਰਨੈਲ ਸ਼ੇਰਗਿੱਲ, ਸੰਤੋਖ ਹੇਅਰ, ਸੁਰਿੰਦਰਪਾਲ ਸਿੰਘ, ਕੁਲਵੰਤ ਸਿੰਘ ਢੇਸੀ, ਕਿਰਪਾਲ ਸਿੰਘ ਪੂਨੀ, ਦਲਜਿੰਦਰ ਸਿੰਘ ਰਹਿਲ, ਰੁਪਿੰਦਰਜੀਤ ਕੌਰ, ਸ਼ਿੰਦਰਪਾਲ ਸਿੰਘ, ਕਿਹਰ ਸਿੰਘ, ਸ਼ਿੰਗਾਰਾ ਸਿੰਘ, ਅਜਾਇਬ ਸਿੰਘ ਗਰਚਾ, ਡਾ ਭੱਟੀ, ਕੰਵਰ ਸਿੰਘ ਬਰਾੜ ਤੇ ਬਲਵਿੰਦਰ ਸਿੰਘ ਚਾਹਲ ਨੇ ਭਾਗ ਲਿਆ। ਕਾਨਫਰੰਸ ਦੇ ਦੂਸਰੇ ਦਿਨ ਦੀ ਸ਼ੁਰੂਆਤ ਪੰਜਾਬੀ ਭਾਸ਼ਾ-ਪਿਛੋਕੜ ਤੇ ਵਿਕਾਸ ਵਿਸ਼ੇ ਨਾਲ ਕੀਤੀ ਬੈਠਕ ਨਾਲ ਹੋਈ, ਜਿਸ ਵਿੱਚ ਡਾ ਅਵਤਾਰ ਸਿੰਘ, ਬਲਵਿੰਦਰ ਸਿੰਘ ਚਾਹਲ, ਡਾ ਨਰਿੰਦਰ ਸਿੰਘ ਪਟਿਆਲਾ ਨੇ ਭਾਗ ਲਿਆ। ਉਸ ਤੋਂ ਅਗਲੀ ਬੈਠਕ ਪੰਜਾਬੀ ਭਾਸ਼ਾ ਅਜੋਕੀਆਂ ਸਥਿਤੀਆਂ ਅਤੇ ਚਿੰਤਨ ਵਿਸ਼ੇ ਬਾਰੇ ਪ੍ਰੋ ਜਸਪਾਲ ਸਿੰਘ ਇਟਲੀ, ਨੁਜਹੱਤ ਅੱਬਾਸ ਆਕਸਫੌਰਡ ਅਤੇ ਡਾ ਸੁਜਿੰਦਰ ਸਿੰਘ ਸੰਘਾ ਨੇ ਭਾਗ ਲਿਆ। ਪੰਜਾਬੀ ਭਾਸ਼ਾ- ਸਮਾਜਿਕ ਧਾਰਮਿਕ ਤੇ ਰਾਜਨੀਤਕ ਸੰਦਰਭ ਬੈਠਕ ਵਿੱਚ ਡਾ ਪਰਗਟ ਸਿੰਘ ਨੇ ਆਪਣਾ ਪਰਚਾ ਪੇਸ਼ ਕੀਤਾ। ਜਿਸਦੇ ਬਾਅਦ ਆਖਰੀ ਬੈਠਕ ਵਿੱਚ ਪੰਜਾਬੀ ਭਾਸ਼ਾ ਤੇ ਕ੍ਰਿਤਮ ਬੁੱਧੀ (ਆਰਟੀਫਿਸ਼ਲ ਇੰਟੈਲੀਜੈਂਸ) ਬਾਰੇ ਡਾ ਰਾਜਵਿੰਦਰ ਸਿੰਘ ਪੰਜਾਬੀ ਯੂਨੀ ਪਟਿਆਲਾ ਨੇ ਬੜੇ ਵਿਸਥਾਰ ਨਾਲ ਆਪਣਾ ਪਰਚਾ ਪੇਸ਼ ਕੀਤਾ। ਅੰਤ ਵਿੱਚ ਡਾ ਪਰਗਟ ਸਿੰਘ ਨੇ ਆਪਣੇ ਧੰਨਵਾਦੀ ਭਾਸ਼ਨ ਵਿੱਚ ਪੰਜਾਬੀ ਕਾਨਫਰੰਸ ਯੂਕੇ ਦੀਆਂ ਪ੍ਰਾਪਤੀਆ, ਇਸਦੇ ਅਤੇ ਹੋਰ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਅਗਲੇ ਸਾਲ ਕਰਵਾਈ ਜਾਣ ਵਾਲੀ ਪੰਜਾਬੀ ਕਾਨਫਰੰਸ 2025 ਦਾ ਵੀ ਐਲਾਨ ਕੀਤਾ।

# ਕੱਪੜੇ ਦੇ ਵੱਡੇ ਸਟੋਰਾਂ ਚੋਂ 5 ਲੱਖ ਪੌਂਡ ਦੇ ਲੱਗਭੱਗ ਚੋਰੀ ਕਰਨ ਵਾਲੀ ਨਰਿੰਦਰ ਕੌਰ ਨੀਨਾ ਨੂੰ 10 ਸਾਲਾਂ ਦੀ ਜੇਹਲ



ਨਰਿੰਦਰ ਕੌਰ ਨੀਨਾ

ਲੰਡਨ - ਚੈਲਟਨਹੈਮ, ਮਾਲਵਰਨ, ਸੋਲੀਹੁਲ, ਡਰੋਇਵਿਚ, ਕਿਡਰਮਨਿਸਟਰ, ਡਡਲੀ ਅਤੇ ਸਮੈਦਿਕ ਦੇ ਵੱਡੇ ਵੱਡੇ ਸਟੋਰਾਂ ਬੂਟਸ, ਡੈਬਨਹੈਮ, ਜੋਹਨ ਲੂਈਸ, ਮੌਨਸੂਨ, ਹਾਊਸ ਆਫ਼ ਫਰੇਜ਼ਰ ਅਤੇ ਟੀ ਕੇ ਮੈਕਸ ਵਰਗੇ ਸਟੋਰਾਂ ਵਿੱਚੋਂ ਚਲਾਕੀ ਨਾਲ ਲੱਖਾਂ ਪੌਂਡਾਂ ਦੇ ਕੱਪੜੇ ਚੋਰੀਂ ਕਰਕੇ 5 ਲੱਖ ਦੇ ਲੱਗਭੱਗ ਧੰਨ ਇਕੱਠਾ ਕਰਨ ਵਾਲੀ ਨਰਿੰਦਰ ਕੌਰ ਉਰਫ਼ ਨੀਨਾ ਤਿਆਰਾ ਨੂੰ ਆਖਰ 10 ਸਾਲ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ।

54 ਸਾਲਾ ਨੀਨਾ ਨਰਿੰਦਰ ਕੌਰ ਨੇ ਪਿਛਲੇ ਕਈ ਸਾਲਾਂ ਵਿੱਚ ਇਸ ਚੋਰੀ ਨੂੰ ਅੰਜ਼ਾਮ ਦਿੱਤਾ। ਉਹ ਕਿਸੇ ਚੁਣੀਂਦਾ ਸਟੋਰ ਵਿੱਚ ਚਲੇ ਜਾਂਦੀ, ਉਥੋਂ ਮਨਪਸੰਦ ਵਧੀਆ ਕੱਪੜੇ ਚੋਰੀ ਕਰ ਲੈਂਦੀ ਅਤੇ ਬਾਅਦ ਵਿੱਚ ਉਹ ਕੱਪੜੇ ਸਟੋਰ ਵਿੱਚ ਲਿਜਾ ਕੇ ਬਾਅਦ ਵਿੱਚ ਉਹ ਕੱਪੜੇ ਵਾਪਸ ਕਰਕੇ ਪੈਸੇ ਰਿਫੰਡ ਕਰ ਲੈਂਦੀ ਸੀ।

MANAK
SOLICITORS

**Nosheen Bukhari**
Wills & Probate Director

Nosheen is an experienced Private Client Solicitor, specialising in all matters connected to Wills, Lasting Powers of Attorney, Court of Protection applications, Probate and Trust work. She is renowned as friendly, approachable, respectful and empathetic to clients.



Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਅਤੇ ਬ੍ਰਮਿੰਘਮ ਕਬੱਡੀ ਕਲੱਬ ਵੱਲੋਂ ਕਰਵਾਇਆ ਗਿਆ ਬ੍ਰਮਿੰਘਮ ਸ਼ਹੀਦੀ ਕਬੱਡੀ ਕੱਪ 2024 ਟੈਲਫੋਰਡ ਨੇ ਜਿੱਤਿਆ, ਲੈਸਟਰ/ਡਰਬੀ ਉੱਪ ਜੇਤੂ ਰਹੀ

## ਐਮ ਪੀ ਗੁਰਿੰਦਰ ਸਿੰਘ ਜੋਸਨ ਸਥਾਨਿਕ ਕੌਂਸਲਰਾਂ ਸਮੇਤ ਉਚੇਚੇ ਤੌਰ ਤੇ ਸ਼ਾਮਿਲ ਹੋਏ - ਸਾਬਕਾ ਕਬੱਡੀ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ



## ਜਾਰੀ ਕਰਤਾ – ਸਮੂਹ ਪ੍ਰਬੰਧ ਕਮੇਟੀ ਗੁਰੂ ਨਾਨਕ ਗੁਰਦੁਆਰਾ, ਹਾਈ ਸਟ੍ਰੀਟ ਸਮੈਦਿਕ


**128-130 HIGH STREET, SMETHWICK, WEST MIDLANDS B66 3AP TEL: 0121 558 2527 FAX: 0121 555 5926**

**www.gngsmethwick.com Email:info@gngsmethwick.com www.facebook.com/GNGSmethwick https://twitter.com/gngsmethwick**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਠੱਗ ਅਖੌਤੀ ਬਾਬਿਆਂ ਦੇ ਸ਼ਿਕਾਰ ਅੰਧ ਵਿਸ਼ਵਾਸ਼ੀ ਲੋਕ !

ਬਲਰਾਜ ਸਿੰਘ ਸਿੱਧੂ




ਬਾਬੇ ਆਪਣੇ ਭਗਤਾਂ 'ਤੇ ਅਜਿਹਾ ਕੀ ਜਾਦੂ ਕਰ ਦਿੰਦੇ ਹਨ ਕਿ ਉਹ ਉਨ੍ਹਾਂ ਖ਼ਾਤਰ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਹਨ? ਅਖੌਤੀ ਬਾਬਾ ਚਾਹੇ ਬਲਾਤਕਾਰ ਦੇ ਕੇਸ ਵਿਚ ਜੇਲ੍ਹ ਜਾਵੇ ਜਾਂ ਕਤਲ ਕੇਸ ਵਿਚ, ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਕੋਈ ਕਮੀ ਨਹੀਂ ਆਉਂਦੀ। ਇਸ ਦੀ ਤਾਜ਼ਾ ਮਿਸਾਲ ਸੱਤ ਜੁਲਾਈ ਨੂੰ ਉੱਤਰ ਪ੍ਰਦੇਸ਼ ਦੇ ਫੁਲਰਈ ਪਿੰਡ (ਜ਼ਿਲ੍ਹਾ ਹਾਥਰਸ) ਵਿਚ ਸੂਰਜ ਪਾਲ ਉਰਫ਼ ਭੋਲੇ ਬਾਬਾ ਉਰਫ਼ ਨਾਰਾਇਣ ਸਾਕਾਰ ਵਿਸ਼ਵ ਹਰੀ ਦੇ ਸਮਾਗਮ ਵਿਚ ਮਚੀ ਭਾਜੜ ਤੋਂ ਮਿਲਦੀ ਹੈ ਜਿਸ ਵਿਚ ਬੱਚਿਆਂ ਤੇ ਔਰਤਾਂ ਸਮੇਤ 123 ਵਿਅਕਤੀ ਮਾਰੇ ਗਏ ਤੇ 150 ਜ਼ਖ਼ਮੀ ਹੋ ਗਏ।

ਵੱਡੇ ਰਾਜਨੀਤਕ ਪ੍ਰਭਾਵ ਵਾਲੇ ਬਾਬੇ 'ਤੇ ਤਾਂ ਕਿੱਥੋਂ ਮੁਕੱਦਮਾ ਦਰਜ ਹੋਣਾ ਸੀ, ਇਸ ਕਾਂਡ ਵਿਚ ਆਪਣੇ ਧੀਆਂ-ਪੁੱਤਰ ਗੁਆ ਚੁੱਕੇ ਉਸ ਦੇ ਸ਼ਰਧਾਲੂਆਂ ਦੇ ਪ੍ਰਤੀਕਰਮ ਵੀ ਹੈਰਾਨ ਕਰ ਦੇਣ ਵਾਲੇ ਸਨ। ਇਕ ਸ਼ਰਧਾਲੂ ਜਿਸ ਦੀ ਪਤਨੀ ਅਤੇ ਇਕ ਬੇਟਾ ਮਾਰੇ ਗਏ ਸਨ, ਕਹਿ ਰਿਹਾ ਸੀ ਕਿ ਚਾਹੇ ਮੈਂ ਤੇ ਮੇਰੇ ਬਚੇ ਹੋਏ ਦੋਵੇਂ ਬੱਚੇ ਵੀ ਮਰ ਜਾਂਦੇ, ਭੋਲੇ ਬਾਬਾ ਸਾਡੇ ਲਈ ਭਗਵਾਨ ਹੈ। ਇਹੋ ਜਿਹੇ ਵਿਚਾਰ ਹੀ ਬਾਕੀ ਸਭ ਲੋਕਾਂ ਦੇ ਸਨ। ਉਹ ਗੱਲ ਵੱਖਰੀ ਹੈ ਕਿ ਬਾਬਾ ਅਜੇ ਤੱਕ ਨਾ ਤਾਂ ਜ਼ਖ਼ਮੀਆਂ ਜਾਂ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਅਫ਼ਸੋਸ ਕਰਨ ਗਿਆ ਹੈ ਅਤੇ ਨਾ ਹੀ ਉਨ੍ਹਾਂ ਦੀ ਕੋਈ ਆਰਥਿਕ ਮਦਦ ਕੀਤੀ ਹੈ। ਭਾਰਤ ਵਿਚ ਹਫ਼ਤੇ-ਦਸਾਂ ਦਿਨਾਂ ਬਾਅਦ ਕੋਈ ਨਾ ਕੋਈ ਅਜਿਹਾ ਬਾਬਾ, ਧਰਮ ਪ੍ਰਚਾਰਕ ਅਤੇ ਅਵਤਾਰ ਪ੍ਰਗਟ ਹੁੰਦਾ ਹੀ ਰਹਿੰਦਾ ਹੈ ਜੋ ਲੱਖਾਂ ਲੋਕਾਂ ਨੂੰ ਆਪਣੇ ਮਗਰ ਲਗਾ ਕੇ ਕੁਝ ਹੀ ਮਹੀਨਿਆਂ ਵਿਚ ਫਾਈਵ ਸਟਾਰ ਆਸ਼ਰਮਾਂ, ਵਿਦੇਸ਼ੀ ਮਹਿੰਗੀਆਂ ਗੱਡੀਆਂ ਤੇ ਸੁੰਦਰੀਆਂ ਦਾ ਮਾਲਕ ਬਣ ਜਾਂਦਾ ਹੈ।

ਇਹ ਬਾਬੇ ਵੱਖ-ਵੱਖ ਜਾਤਾਂ ਵਿੱਚੋਂ ਆਉਂਦੇ ਹਨ ਤੇ ਇਨ੍ਹਾਂ ਦੇ ਸ਼ੁਰੂਆਤੀ ਚੇਲੇ ਆਪਣੀ ਹੀ ਜਾਤ ਦੇ ਹੁੰਦੇ ਹਨ। ਜਦੋਂ ਧੰਦਾ ਚੱਲ ਨਿਕਲਦਾ ਹੈ ਤਾਂ ਬਾਬੇ ਦੇ ਚਮਤਕਾਰਾਂ ਬਾਰੇ ਚੇਲਿਆਂ ਦੁਆਰਾ ਫੈਲਾਏ ਗਏ ਕੁਫਰ ਕਾਰਨ ਹੋਰ ਜਾਤਾਂ-ਧਰਮਾਂ ਦੇ ਲੋਕ ਵੀ ਉਸ ਦੇ ਪਿੱਛੇ ਲੱਗ ਜਾਂਦੇ ਹਨ। ਜ਼ਿਆਦਾਤਰ ਬਾਬੇ ਪੱਛੜਿਆਂ ਅਤੇ ਦਲਿਤਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਸਮਾਜ ਦੇ ਇਹ ਘੱਟ ਪੜ੍ਹੇ-ਲਿਖੇ ਤੇ ਗ਼ਰੀਬ ਵਰਗ ਸਦੀਆਂ ਤੋਂ ਸਾਡੀਆਂ ਰੂੜੀਵਾਦੀ ਕਥਿਤ ਉੱਚੀਆਂ ਜਾਤਾਂ ਤੇ ਪੁਜਾਰੀਆਂ ਵੱਲੋਂ ਦੱਬੇ-ਕੁਚਲੇ ਜਾਂਦੇ ਰਹੇ ਹਨ।

ਇਹ ਲੋਕ ਸਿਰਫ਼ ਇਸ ਕਾਰਨ ਖੇਖਣਹਾਰੀ ਬਾਬਿਆਂ ਦੇ ਮਗਰ ਲੱਗ ਜਾਂਦੇ ਹਨ ਕਿ ਸ਼ਾਇਦ ਬਾਬੇ ਦਾ ਕੋਈ ਚਮਤਕਾਰ ਉਨ੍ਹਾਂ ਦੀ ਜ਼ਿੰਦਗੀ ਬਦਲ ਦੇਵੇ। ਇਸ ਸਬੰਧੀ ਜੈ ਗੁਰੂਦੇਵ ਅਤੇ ਨਾਰਾਇਣ ਸਾਕਾਰ ਹਰੀ ਆਦਿ ਬਾਬਿਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਸਾਕਾਰ ਹਰੀ ਖ਼ੁਦ ਜਾਟਵ ਜਾਤ ਦਾ ਹੈ ਜੋ ਸ਼ਡਿਊਲਡ ਕਾਸਟ ਵਿਚ ਆਉਂਦੀ ਹੈ। ਇਸ ਕਾਰਨ ਹੀ ਇਸ ਦਾ ਜ਼ਿਆਦਾ ਪ੍ਰਭਾਵ ਪੱਛਮੀ ਯੂਪੀ ਦੇ ਜਾਟਵ ਅਤੇ ਹੋਰ ਪੱਛੜੀਆ ਜਾਤੀਆਂ ਵਿਚ ਜ਼ਿਆਦਾ ਹੈ।

ਇਹ ਨਹੀਂ ਕਿ ਬਾਬਿਆਂ ਦਾ ਪ੍ਰਭਾਵ ਸਿਰਫ਼ ਗ਼ਰੀਬਾਂ ਅਤੇ ਅਨਪੜ੍ਹਾਂ ਵਿਚ ਹੈ ਸਗੋਂ ਲੱਖਾਂ-ਕਰੋੜਾਂਪਤੀ, ਅਫ਼ਸਰ ਅਤੇ ਨੇਤਾ ਇਨ੍ਹਾਂ ਦੇ ਪੈਰਾਂ ਵਿਚ ਲੇਟਦੇ ਹਨ। ਇਸ ਦਾ ਕਰਨ ਇਹ ਹੈ ਕਿ ਜ਼ਿਆਦਾਤਰ ਅਫ਼ਸਰ ਅਤੇ ਲੀਡਰ ਗ਼ਰੀਬ ਜਾਂ ਮੱਧ ਵਰਗੀ ਪਰਿਵਾਰਾਂ ਵਿੱਚੋਂ ਆਉਂਦੇ ਹਨ। ਗ਼ਰੀਬ ਆਦਮੀ ਜਦੋਂ ਤਰੱਕੀ ਕਰ ਜਾਂਦਾ ਹੈ ਤਾਂ ਉਸ ਨੂੰ ਹਮੇਸ਼ਾ ਇਹ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਉਹ ਦੁਬਾਰਾ ਪਹਿਲਾਂ ਵਾਲੇ ਹਾਲਾਤ ਵਿਚ ਨਾ ਪਹੁੰਚ ਜਾਵੇ। ਬਾਬੇ ਦੀਆਂ ਕਥਿਤ ਚਮਤਕਾਰੀ ਸ਼ਕਤੀਆਂ ਕਾਰਨ ਉਸ ਨੂੰ ਹੌਸਲਾ ਰਹਿੰਦਾ ਹੈ ਕਿ ਬਾਬੇ ਦੀ ਮਿਹਰ ਸਦਕਾ ਸਭ ਠੀਕ ਰਹੇਗਾ।



ਜ਼ਿਆਦਾਤਰ ਬਾਬੇ ਮਾਨਵ ਧਰਮ ਅਤੇ ਬਰਾਬਰੀ ਦਾ ਉਪਦੇਸ਼ ਦੇਂਦੇ ਹਨ। ਜਦੋਂ ਸਾਧਾਰਨ ਲੋਕ ਇਨ੍ਹਾਂ ਦੇ ਸਮਾਗਮਾਂ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਾਕੀ ਸਮਾਜ ਨਾਲ ਬਰਾਬਰੀ ਦੀ ਭਾਵਨਾ ਮਹਿਸੂਸ ਹੁੰਦੀ ਹੈ। ਭਾਰਤ ਵਿਚ ਇਸ ਵੇਲੇ ਇਲਾਜ ਬਹੁਤ ਮਹਿੰਗਾ ਹੋ ਗਿਆ ਹੈ। ਗ਼ਰੀਬ ਲੋਕਾਂ ਨੂੰ ਲੱਗਦਾ ਹੈ ਕਿ ਬਾਬਾ ਆਪਣੀਆਂ ਚਮਤਕਾਰੀ ਸ਼ਕਤੀਆਂ ਨਾਲ ਉਨ੍ਹਾਂ ਦੇ ਕਿਸੇ ਸਰੀਰਕ ਜਾਂ ਮਾਨਸਿਕ ਬਿਮਾਰੀ ਨਾਲ ਜਕੜੇ ਹੋਏ ਪਰਿਵਾਰਕ ਮੈਂਬਰ ਨੂੰ ਠੀਕ ਕਰ ਦੇਵੇਗਾ ਤੇ ਉਨ੍ਹਾਂ ਦਾ ਖ਼ਰਚਾ ਬਚ ਜਾਵੇਗਾ। ਪਿਛਲੇ ਸਾਲ ਡੇਢ ਸਾਲ ਤੋਂ ਪ੍ਰਸਿੱਧ ਹੋਇਆ ਇਕ ਨੌਜਵਾਨ ਬਾਬਾ ਅਜਿਹੇ ਪਾਖੰਡ ਕਰ ਕੇ ਹੀ ਲੋਕਾਂ ਨੂੰ ਲੁੱਟ ਰਿਹਾ ਹੈ। ਕਿਸੇ ਦੇ ਭੂਤ ਕੱਢ ਦੇਂਦਾ ਹੈ ਤੇ ਕਿਸੇ ਦਾ ਉਸ ਦੀ ਫੇਸਬੁੱਕ ਵੇਖ ਕੇ ਹੀ ਅਗਲਾ-ਪਿਛਲਾ ਹਿਸਾਬ ਦੱਸ ਦੇਂਦਾ ਹੈ।

ਲੋਕਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਬਾਬੇ ਦੀ ਅਲੌਕਿਕਤਾ ਉਨ੍ਹਾਂ ਦੇ ਸ਼ਾਦੀ, ਵਿਆਹ, ਜੀਵਨ, ਮਰਨ 'ਚ ਮਦਦ ਕਰੇਗੀ। ਸਾਕਾਰ ਹਰੀ ਦੇ ਸਮਾਗਮ 'ਚ ਮਰਨ ਵਾਲੇ ਅਨੇਕ ਲੋਕਾਂ ਕੋਲੋਂ ਉਨ੍ਹਾਂ ਦੇ ਬੱਚਿਆਂ ਦੇ ਵਿਆਹ ਦੇ ਕਾਰਡ ਜਾਂ ਫੋਟੋਆਂ ਮਿਲੀਆਂ ਸਨ ਜਿਨ੍ਹਾਂ ਵਾਸਤੇ ਬਾਬੇ ਤੋਂ ਅਸ਼ੀਰਵਾਦ ਲੈਣਾ ਸੀ। ਅਮੀਰ ਸ਼ਰਧਾਲੂਆਂ ਨੂੰ ਆਪਣੇ ਕਾਬੂ ਵਿਚ ਰੱਖਣ ਲਈ ਬਾਬੇ ਇਕ ਹੋਰ ਹਰਬਾ ਵਰਤਦੇ ਹਨ।

ਕਿਉਂਕਿ ਉਨ੍ਹਾਂ ਦੀ ਪਹੁੰਚ ਸਿੱਧੀ ਵੱਡੇ ਨੇਤਾਵਾਂ, ਮੁੱਖ ਮੰਤਰੀਆਂ ਤੇ ਮੰਤਰੀਆਂ ਤੱਕ ਹੁੰਦੀ ਹੈ, ਇਸ ਲਈ ਉਹ ਆਪਣੇ ਭਗਤਾਂ ਲਈ ਸਰਕਾਰੀ ਠੇਕੇ ਲੈਣ, ਨੌਕਰੀ ਪ੍ਰਾਪਤ ਕਰਨ, ਬਦਲੀਆਂ ਅਤੇ ਪੋਸਟਿੰਗ ਆਦਿ ਵਿਚ ਮਦਦ ਕਰ ਦੇਂਦੇ ਹਨ। ਪੰਜਾਬ ਪੁਲਿਸ ਦਾ ਇਕ ਚੋਟੀ ਦਾ ਅਫ਼ਸਰ ਪੰਜਾਬ ਦੇ ਇਕ ਜ਼ਿਲ੍ਹੇ ਦੇ ਬਾਬੇ ਦਾ ਪਰਮ ਭਗਤ ਸੀ। ਉਸ ਦੀ ਵੇਖਾ-ਵੇਖੀ ਕਈ ਜੂਨੀਅਰ ਅਫ਼ਸਰ ਵੀ ਉਸ ਬਾਬੇ ਦੇ ਗੋਡੇ ਘੁੱਟਣ ਲੱਗ ਪਏ ਤੇ ਉਸ ਅਫ਼ਸਰ ਦੇ ਗੁਰ ਭਾਈ ਬਣ ਬੈਠੇ।

ਜਦ ਤੱਕ ਉਹ ਅਫ਼ਸਰ ਰਿਟਾਇਰ ਨਾ ਹੋਇਆ, ਉਹ ਬਾਬੇ ਦੀ ਕਿਰਪਾ ਨਾਲ ਮਲਾਈਦਾਰ ਪੋਸਟਾਂ ਦਾ ਸੁੱਖ ਮਾਣਦੇ ਰਹੇ। ਅਜਿਹੇ ਲੋਕਾਂ ਲਈ ਤਾਂ ਬਾਬਾ ਰੱਬ ਦਾ ਰੂਪ ਹੁੰਦਾ ਹੈ ਤੇ ਉਸ ਦੇ ਮੂੰਹੋਂ ਨਿਕਲਿਆ ਹਰ ਸ਼ਬਦ ਇਲਾਹੀ ਹੁਕਮ ਹੁੰਦਾ ਹੈ। ਸਮਾਗਮਾਂ ਤੋਂ ਇਲਾਵਾ ਇਨ੍ਹਾਂ ਬਾਬਿਆਂ ਦੀਆਂ ਰਿੱਧੀਆਂ, ਸਿੱਧੀਆਂ ਅਤੇ ਚਮਤਕਾਰਾਂ ਬਾਰੇ ਰੱਜ ਕੇ ਮੌਖਿਕ, ਸੋਸ਼ਲ ਮੀਡੀਆ ਅਤੇ ਟੀਵੀ ਚੈਨਲਾਂ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ। ਹਰੀ ਚਟਨੀ, ਲਾਲ ਚਟਨੀ ਤੇ ਸਮੋਸੇ ਆਦਿ ਖਵਾ ਕੇ ਵਿਗੜੇ ਕੰਮ ਸੰਵਾਰਨ ਦਾ ਦਾਅਵਾ ਕਰਨ ਵਾਲੇ ਨਿਰਮਲ ਬਾਬਾ ਵਰਗੇ ਕਈ ਹੋਰ ਪਾਖੰਡੀ ਸਾਧ ਸੋਸ਼ਲ ਮੀਡੀਆ ਤੇ ਟੀਵੀ ਚੈਨਲਾਂ ਦੀ ਹੀ ਪੈਦਾਇਸ਼ ਹਨ।

ਲੋਕ ਅਜਿਹੇ ਬਾਬਿਆਂ ਦੀਆਂ ਕਰਤੂਤਾਂ ਬਹੁਤ ਜਲਦੀ ਭੁੱਲ ਜਾਂਦੇ ਹਨ। ਬਹੁਤ ਸਾਲ ਪਹਿਲਾਂ ਝਬਾਲ ਨੇੜੇ ਇਕ ਡੇਰੇ ਦਾ ਬਾਬਾ ਬਲਾਤਕਾਰ ਦੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂ ਪੁਲਿਸ ਉਸ ਨੂੰ ਡੇਰੇ ਤੋਂ ਲਿਜਾ ਰਹੀ ਸੀ ਤਾਂ ਜ਼ਨਾਨੀਆਂ ਭੱਜ-ਭੱਜ ਕੇ ਉਸ ਦੇ ਪੈਰਾਂ ਨੂੰ ਚਿੰਬੜ ਰਹੀਆਂ ਸਨ।

ਇਸੇ ਤਰ੍ਹਾਂ ਸਾਕਾਰ ਹਰੀ ਦੇ ਖ਼ਿਲਾਫ਼ ਵੀ ਦੋ-ਤਿੰਨ ਸਾਲ ਪਹਿਲਾਂ ਡਰੱਗਜ਼ ਐਂਡ ਰੈਮੇਡੀਜ਼ ਐਕਟ ਅਧੀਨ ਮੁਕੱਦਮਾ ਦਰਜ ਹੋਇਆ ਸੀ। ਉਸ ਨੇ ਆਪਣੇ ਕੁਝ ਮੁਸ਼ਟੰਡੇ ਚੇਲਿਆਂ ਨਾਲ ਇਕ ਲੜਕੀ ਦੇ ਸਸਕਾਰ ਸਮੇਂ ਇਹ ਕਹਿ ਕੇ ਖਰੂਦ ਮਚਾਇਆ ਸੀ ਕਿ ਉਹ ਇਸ ਲੜਕੀ ਨੂੰ ਜ਼ਿੰਦਾ ਕਰ ਸਕਦਾ ਹੈ। ਲੋਕ ਅਜੇ ਵੀ ਮੰਨਦੇ ਹਨ ਕਿ ਜੇ ਕਿਤੇ ਪੁਲਿਸ ਦਖ਼ਲਅੰਦਾਜ਼ੀ ਨਾ ਕਰਦੀ ਤਾਂ ਬਾਬੇ ਨੇ ਉਹ ਲੜਕੀ ਜ਼ਿੰਦਾ ਕਰ ਦੇਣੀ ਸੀ। ਭਗਤਾਂ ਦਾ ਬਾਬੇ 'ਤੇ ਅਟੱਲ ਵਿਸ਼ਵਾਸ ਹੁੰਦਾ ਹੈ ਕਿ ਉਹ ਉਨ੍ਹਾਂ ਦੀਆਂ ਮੁਸੀਬਤਾਂ ਹੱਲ ਕਰ ਸਕਦਾ ਹੈ।

ਬਾਬੇ ਦੀ ਛੋਹ, ਉਸ ਦੀ ਚਰਨ ਧੂੜ, ਫੂਕ ਮਾਰ ਕੇ ਦਿੱਤਾ ਪਾਣੀ ਜਾਂ ਪ੍ਰਸ਼ਾਦ ਉਨ੍ਹਾਂ ਦੇ ਸਾਰੇ ਦੁੱਖ-ਦਲਿੱਦਰ ਚੁੱਕ ਦੇਵੇਗਾ। ਸਾਕਾਰ ਹਰੀ ਦੀ ਚਰਨ ਧੂੜ ਲੈਣ ਦੀ ਹੋੜ ਨੇ ਹੀ 125 ਭਗਤਾਂ ਦੀ 'ਮੁਕਤੀ' ਕੀਤੀ ਹੈ। ਇਕ ਹੋਰ ਬਹੁਤ ਵੱਡਾ ਪਾਖੰਡ ਚੱਲਦਾ ਹੈ ਕਿ ਬਾਬੇ ਨੇ ਫਲਾਣੇ ਦਾ ਕਸ਼ਟ ਆਪਣੇ 'ਤੇ ਲੈ ਲਿਆ ਜਿਸ ਕਾਰਨ ਉਹ ਬਿਮਾਰ ਹੋ ਗਿਆ ਹੈ।

ਭਾਵੇਂ ਮੁਫ਼ਤ ਦਾ ਦੇਸੀ ਘਿਓ ਵੱਧ ਮਾਤਰਾ ਵਿਚ ਖਾਣ ਨਾਲ ਬਾਬੇ ਨੂੰ ਮਰੋੜ ਹੀ ਲੱਗੇ ਹੋਣ। ਸੰਨ 1998-99 ਵਿਚ ਮੈਂ ਡੀਐੱਸਪੀ ਵਜੋਂ ਪਾਇਲ 'ਚ ਤਾਇਨਾਤ ਸਾਂ। ਉੱਥੇ ਡੇਰਿਆਂ ਦੀ ਭਰਮਾਰ ਹੈ। ਉਨ੍ਹਾਂ ਡੇਰਿਆਂ ਦੀ ਕੜਕ-ਮੜਕ ਵੇਖ ਕੇ ਇਕ ਅਨਪੜ੍ਹ ਜਿਹੇ ਬਾਬੇ ਨੇ ਵੀ ਨਹਿਰ ਕਿਨਾਰੇ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਕੇ ਆਪਣਾ ਡੇਰਾ ਕਾਇਮ ਕਰ ਲਿਆ। ਜੈਸਾ ਬਾਬਾ, ਵੈਸੇ ਹੀ ਬਾਬੇ ਦੇ ਚੇਲੇ-ਚਾਟੜੇ ਬਣ ਗਏ। ਇਕ ਦਿਨ ਇਕ ਚੇਲਾ ਆਪਣੀ ਨਵੀਂ ਖ਼ਰੀਦੀ ਨਵੀਂ ਜੀਪ 'ਚ ਬਾਬੇ ਦੇ ਚਰਨ ਪਵਾਉਣ ਲਈ ਡੇਰੇ ਪਹੁੰਚ ਗਿਆ।

ਬਾਬੇ ਨੂੰ ਤਾਂ ਸਕੂਟਰ ਵੀ ਨਹੀਂ ਸੀ ਚਲਾਉਣਾ ਆਉਂਦਾ। ਉਸ ਨੇ ਬਿਨਾਂ ਕੁਝ ਸੋਚੇ-ਸਮਝੇ ਡਰਾਈਵਰ ਸੀਟ 'ਤੇ ਬੈਠ ਕੇ ਸੈਲਫ ਮਾਰ ਦਿੱਤੀ। ਗੱਡੀ ਪਹਿਲਾਂ ਹੀ ਗੇਅਰ ਵਿਚ ਪਈ ਹੋਈ ਸੀ। ਬਾਬੇ ਨੇ ਬਰੇਕ ਦੀ ਬਜਾਏ ਰੇਸ ਦੱਬ ਦਿੱਤੀ ਤੇ ਗੱਡੀ ਖਤਾਨਾਂ ਵਿਚ ਜਾ ਡਿੱਗੀ। ਚੇਲਿਆਂ ਨੂੰ ਥੋੜ੍ਹੀਆਂ-ਬਹੁਤੀਆਂ ਸੱਟਾਂ ਲੱਗੀਆਂ ਪਰ ਬਾਬੇ ਦੀ ਸੱਜੀ ਬਾਂਹ ਟੁੱਟ ਗਈ। ਸਾਰੇ ਪਾਸੇ ਬਾਬੇ ਦੀ ਬੱਲੇ-ਬੱਲੇ ਹੋ ਗਈ ਕਿ ਉਸ ਨੇ ਭਗਤ 'ਤੇ ਆਉਣ ਵਾਲਾ ਕਸ਼ਟ ਆਪਣੇ 'ਤੇ ਲੈ ਲਿਆ, ਨਹੀਂ ਤਾਂ ਭਗਤ ਦੀ ਕਿਸੇ ਐਕਸੀਡੈਂਟ 'ਚ ਮੌਤ ਹੋ ਜਾਣੀ ਸੀ।

ਇੱਥੇ ਬਾਬਾ ਸੀਚੇਵਾਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ ਅਤੇ ਖਾਲਸਾ ਏਡ ਆਦਿ ਵਰਗੇ ਸੱਚੇ ਲੋਕ ਸੇਵਕ ਵੀ ਹਨ ਤੇ ਲੋਕਾਂ ਦੇ ਦੁੱਖਾਂ ਤੋਂ ਫ਼ਾਇਦਾ ਚੁੱਕਣ ਵਾਲੇ ਠੱਗ ਵੀ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਮਨੁੱਖਤਾ ਦੇ ਸੱਚੇ ਸੇਵਕਾਂ ਦੀ ਪਛਾਣ ਕਰਨ ਤੇ ਠੱਗਾਂ ਤੋਂ ਬਚ ਕੇ ਰਹਿਣ।

(ਲੇਖਕ ਸਾਬਕਾ ਏਆਈਜੀ ਹੈ)।
ਮੋਬਾਈਲ : 95011-00062

## ਖਸਮੁ ਵਿਸਾਰਹਿ ਤੇ ਕਮਜਾਤਿ

# ਪਤੀ-ਪਤਨੀ ਵਿਚ ਪਰਾਏ ਰਿਸ਼ਤੇ ਦੀ ਐਂਟਰੀ ਖਤਰਨਾਕ

**ਸਿਮਰਜੀਤ ਸਿੰਮੀ**



ਗੁਰਬਾਣੀ ਮਨੁੱਖ ਨੂੰ ਜੀਵਨ-ਜਾਚ ਸਿਖਾਉਂਦੀ ਹੈ। ਇਹ ਮਨੁੱਖ ਨੂੰ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਚਾਨਣਾ ਪਾਉਂਦੀ ਹੈ। ਪ੍ਰੰਤੂ ਅਜੋਕੇ ਸਮੇਂ ਵਿੱਚ ਜੇਕਰ ਸਮਾਜ ਵਿੱਚ ਵਿਚਰਿਆ ਜਾਵੇ ਤਾਂ ਬੇਹੱਦ ਹੈਰਾਨੀ ਹੁੰਦੀ ਹੈ ਕਿ ਅੱਜ- ਕੱਲ੍ਹ ਲੋਕਾਂ ਦਾ ਇੱਕ- ਦੂਜੇ ਨਾਲ ਵਿੱਚ ਵਿਚਰਨਾ ਬਿਲਕੁੱਲ ਬਦਲ ਗਿਆ ਹੈ। ਲੱਗਦਾ ਜਿਵੇਂ ਕਿਸੇ ਵੀ ਰਿਸ਼ਤੇ ਦੀ ਕੋਈ ਤਵੱਜੋ ਨਹੀਂ, ਸਗੋਂ ਸਾਰਿਆਂ ਨੂੰ ਇੱਕ-ਦੂਜੇ ਨਾਲ ਥੋੜ੍ਹ-ਚਿਰੀ ਵਰਤੋਂ ਹੀ ਚੰਗੀ ਲੱਗਦੀ ਹੈ। ਸਾਰੇ ਇੱਕ- ਦੂਜੇ ਤੋਂ ਨਿੱਕੀ ਮੋਟੀ ਗੱਲ ਤੇ ਹੀ ਜਲਦੀ ਤੋੜ -ਵਿਛੋੜਾ ਕਰ ਲੈਂਦੇ ਹਨ, ਜੋ ਕਿ ਸਮਾਜ 'ਤੇ ਵਧੀਆ ਪ੍ਰਭਾਵ ਨਹੀਂ ਪਾਉਂਦਾ।

ਭਾਵੇਂ ਕਿ ਸਾਰਾ ਕੁੱਝ ਇਸ ਨਿੱਕੀ ਜਿਹੀ ਡਿਵਾਈਸ ਭਾਵ ਮੋਬਾਈਲ ਸਦਕਾ ਹੀ ਹੋਇਆ ਹੈ, ਕਿਉਂਕਿ ਹੁਣ ਲੋਕ ਇਸ ਦੀ ਵਰਤੋਂ ਨਹੀਂ ਕਰ ਰਹੇ ਸਗੋਂ ਇਹ ਉਹਨਾਂ ਨੂੰ ਵਰਤ ਰਿਹਾ ਹੈ। ਕਾਢ ਤਾਂ ਜ਼ਿੰਦਗੀ ਨੂੰ ਸੌਖਾ ਕਰਨ ਲਈ ਸੀ, ਪਰ ਅਸੀਂ ਗ਼ਲਤ ਵਰਤੋਂ ਕਰਕੇ ਆਪਣੇ -ਆਪ ਹੀ ਜੀਵਨ ਔਖ਼ਾ ਕਰ ਲਿਆ। ਇਸ ਦੀ ਅਜੋਕੀ ਦੁਰ-ਵਰਤੋਂ ਬਹੁਤ ਹੀ ਜਿਆਦਾ ਦੁੱਖਦਾਈ ਹੈ ,ਇਸ ਤੇ ਸਰੀਰਕ -ਮਾਨਸਿਕ ਤਾਂ ਮਾੜੇ ਪ੍ਰਭਾਵ ਹਨ ਹੀ ਜਿਨ੍ਹਾਂ ਤੋਂ ਹਰ ਕੋਈ ਭਲੀ-ਭਾਂਤ ਜਾਣੂ ਹੈ ਪਰ ਸਮਾਜਿਕ ਹੁੰਦੇ ਮਾੜੇ ਪ੍ਰਭਾਵ ਤੋਂ ਵੀ ਜਾਣੂ ਹੋਣਾ ਬਹੁਤ ਜ਼ਰੂਰੀ ਹੈ ।

ਇਸ ਨਾਲ਼ ਪਰਿਵਾਰ ਦਾ ਹਰੇਕ ਰਿਸ਼ਤਾ ਪ੍ਰਭਾਵਿਤ ਹੋਇਆ, ਭਾਵੇਂ ਉਹ ਮਾਤਾ -ਪਿਤਾ, ਭੈਣ- ਭਰਾ ਬੱਚੇ ਜਾਂ ਪਤੀ- ਪਤਨੀ ਹੋਣ। ਜੇ ਸੋਚਿਆ ਜਾਵੇ ਤਾਂ ਸਾਰੇ ਰਿਸ਼ਤਿਆਂ ਦੀ ਜੜ੍ਹ ਪਤੀ- ਪਤਨੀ ਦਾ ਰਿਸ਼ਤਾ ਸਭ ਤੋਂ ਵਧੇਰੇ ਪ੍ਰਭਾਵਿਤ ਹੋਇਆ ਹੈ। ਜਿਸ ਨਾਲ਼ ਤਾਂ ਸਾਰਾ



ਪਰਿਵਾਰ ਹੀ ਹਿੱਲ ਜਾਂਦਾ। ਪਤਾ ਨਹੀਂ ਕਿਉਂ ਉਮਰ ਵਧਣ ਦੇ ਨਾਲ਼ ਤਜਰਬੇ ਹੋਣ 'ਤੇ ਜਿਹੜੇ ਰਿਸ਼ਤੇ ਨੂੰ ਹੋਰ ਮਜ਼ਬੂਤ ਹੋਣਾ ਚਾਹੀਦਾ ਸੀ ,ਉਹ ਏਨਾ ਕਮਜ਼ੋਰ ਕਿਵੇਂ ਹੋ ਜਾਂਦਾ??

ਅੱਜ ਕੱਲ ਤਾਂ ਬਹੁਤ ਹੀ ਗਲਤ ਸਿਸਟਮ ਚੱਲ ਪਿਆ ਹੈ ਜੋ ਕਿ ਸਾਡੀ ਸੱਭਿਆਚਾਰ ਅਤੇ ਅਮੀਰ ਵਿਰਸੇ ਨੂੰ ਹੀ ਕਲੰਕਿਤ ਕਰ ਰਿਹਾ। ਸਾਡਾ ਸਮਾਜ ਭਾਵੇਂ ਕਿੰਨਾ ਵੀ ਅਗਾਂਹ-ਵਧੂ ਕਿਉਂ ਨਾ ਕਹਿਲਾਉਣ ਲੱਗ ਪਵੇ, ਇਸ ਤਰ੍ਹਾਂ ਦੇ ਰਿਸ਼ਤਿਆਂ ਨੂੰ ਕਦੇ ਪ੍ਰਵਾਨ ਨਹੀਂ ਕਰਦਾ। ਉਹ ਵੱਖਰੀ ਗੱਲ ਹੈ ਕਿ ਹੁਣ ਕੋਈ ਵੀ ਕਿਸੇ ਦੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਨਹੀਂ ਕਰਨਾ ਚਾਹੁੰਦਾ ਤੇ ਨਾ ਹੀ ਕੋਈ ਕਿਸੇ ਨਾਲ ਬਿਨ੍ਹਾਂ ਮਤਲਬ ਤੋਂ ਵਰਤਣਾ ਚਾਹੁੰਦਾ। ਸਗੋਂ ਸਾਰੇ ਸੋਚਦੇ ਹਨ ਕਿ "ਜਿਸ ਦੀਆਂ ਅੱਖਾਂ ਦੁਖਣਗੀਆਂ ਉਹ ਆਪੇ ਪੱਟੀ ਬਨ੍ਹੂ ।" ਪਰ ਕਈ ਵਾਰ ਵਖ਼ਤ ਅਜਿਹੇ ਜਖਮਾਂ ਤੇ ਪੱਟੀਆਂ ਬੰਨ੍ਹਣ ਦਾ ਸਮਾਂ ਵੀ ਨਹੀਂ ਦਿੰਦਾ।

ਪਤੀ-ਪਤਨੀ ਦੋਹਾਂ ਲਈ ਬੇਹੱਦ ਸ਼ਰਮਨਾਕ ਗੱਲ ਹੁੰਦੀ ਹੈ ਕਿ ਉਹ ਬਾਹਰ ਇੱਕ ਨਵਾਂ ਰਿਸ਼ਤਾ ਸਿਰਜਣ, ਜੋ ਕਿ ਬਿਲਕੁੱਲ ਵੀ ਕਿਸੇ ਪਿਆਰ-ਪਿਓਰ ਤੇ ਅਧਾਰਿਤ ਨਹੀਂ ਹੁੰਦਾ। ਸਗੋਂ ਨਵੀਆਂ ਸਮੱਸਿਆਵਾਂ ਦੀ ਨੀਂਹ ਹੁੰਦਾ। ਅਜਿਹੇ ਨਵੇਂ ਬਣਾਏ ਰਿਸ਼ਤੇ ਦੂਸਰੇ ਅਪਣੱਤ ਭਰੇ ਰਿਸ਼ਤਿਆਂ ਦਾ ਵੀ ਘਾਣ ਕਰ ਦਿੰਦੇ ਹਨ। ਇਹ ਦੂਸਰੇ ਰਿਸ਼ਤਿਆਂ 'ਤੇ ਬਹੁਤ ਹੀ ਮਾੜੇ ਪ੍ਰਭਾਵ ਪਾਉਂਦੇ ਹਨ। ਜਿਸ ਦਾ ਕਿ ਅਜਿਹਾ ਕਰਨ ਵਾਲੇ ਨੂੰ ਅੰਦਾਜ਼ਾ ਵੀ ਨਹੀਂ ਹੁੰਦਾ, ਕਿਉਂਕਿ ਉਹ ਆਪਣੇ ਆਪ ਨੂੰ ਬਹੁਤ ਸ਼ਾਤਰ ਦਿਮਾਗ ਸਮਝਦਾ ਹੈ। ਉਸਨੂੰ ਲੱਗਦਾ ਹੈ ਕਿ ਕਿਹੜਾ ਕਿਸੇ ਨੂੰ ਪਤਾ ਲੱਗਣਾ??

ਤੁਹਾਡੇ ਇਸ ਤਰ੍ਹਾਂ ਕਰਨ ਨਾਲ਼ ਹੋਰ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਪ੍ਰੰਤੂ ਤੁਹਾਡੇ ਨਜ਼ਦੀਕੀ ਨੂੰ ਇਸ ਦਾ ਬੇਹੱਦ ਫ਼ਰਕ ਪੈਂਦਾ। ਉਸ ਦੀਆਂ ਭਾਵਨਾਵਾਂ ਮਰ ਹੀ ਜਾਂਦੀਆਂ ਹਨ, ਉਸ ਨੂੰ ਆਪਣੇ ਜਿਉਣ ਦਾ ਮਕਸਦ ਹੀ ਨਹੀਂ ਸਮਝ ਆਉਂਦਾ। ਉਹ ਵਿਚਾਰਾ ਜਾਂ ਵਿਚਾਰੀ ਇਸ ਕਦਰ ਟੁੱਟ ਜਾਂਦੇ ਹਨ ਕਿ ਕੋਈ ਤਾਂ ਧੋਖਾ ਖਾ ਕੇ ਦੁਬਾਰਾ ਜੁੜਨ ਦੀ ਹਿੰਮਤ ਹੀ ਨਹੀਂ ਕਰ ਪਾਉਂਦੇ ਤੇ ਸੰਸਾਰ ਛੱਡ ਕੇ ਚਲੇ ਜਾਂਦੇ ਹਨ, ਜਿਹੜੇ ਹਿੰਮਤ ਕਰ ਲੈਂਦੇ ਹਨ ਉਹਨਾਂ ਦੇ ਰਿਸ਼ਤਿਆਂ ਵਿੱਚ ਗੰਢ ਪੈ ਜਾਂਦੀ ਹੈ। ਜਿਹੜੀ ਸਾਰੀ ਜਿੰਦਗੀ ਰੜਕਦੀ ਰਹਿੰਦੀ ਹੈ।

ਸੋਚਣਾ ਚਾਹੀਦਾ ਕਿ ਇਨ੍ਹਾਂ ਹਰਕਤਾਂ ਦਾ ਅਸਰ ਤੁਹਾਡੇ ਬੱਚਿਆਂ ਤੇ ਜ਼ਰੂਰ ਪੈਂਦਾ। ਉਹ ਬੇਕਸੂਰ ਹੋ ਕੇ ਵੀ ਕਸੂਰਵਾਰ ਹੋ ਜਾਂਦੇ ਹਨ। ਉਹਨਾਂ ਨੂੰ ਆਪਣੇ ਮਾਪਿਆਂ ਦੀਆਂ ਜਿਹੀਆਂ ਕਰਤੂਤਾਂ ਦਾ ਪਤਾ ਲੱਗਦਾ ਹੈ ਤਾਂ ਉਹ ਅੰਤਹਿਕਰਨ ਤੱਕ ਦੁਖੀ ਹੁੰਦੇ ਹਨ। ਸਾਰੀ ਉਮਰ ਉਹ ਇਨਸਾਨ ਨੂੰ ਨਫ਼ਰਤ ਦਾ ਪਾਤਰ ਹੀ ਸਮਝਦੇ ਹਨ। ਅਜਿਹੇ ਮਾਪਿਆਂ ਦੇ ਬੱਚੇ ਵੀ ਜ਼ਿੰਦਗੀ ਆਪਣੀ ਜ਼ਿੰਦਗੀ ਨਾਲ ਕਦੇ ਸਾਵੇ-ਪੱਧਰੇ ਨਹੀਂ ਹੋ ਸਕਦੇ ਕ਼ਈ ਵਾਰ ਇੱਕ ਦੀ ਕੀਤੀ ਗ਼ਲਤੀ ਕਾਰਨ ਦੂਸਰਾ ਵੀ ਗੁਮਰਾਹ ਹੋ ਕੇ ਉਹੀ ਗ਼ਲਤੀ ਕਰਨ ਬਾਰੇ ਸੋਚ ਲੈਂਦਾ, ਫਿਰ ਅਜਿਹੀ ਦਲਦਲ ਵਿੱਚ ਦੋਵੇਂ ਬੁਰੀ ਤਰ੍ਹਾਂ ਫ਼ਸ ਜਾਂਦੇ ਹਨ। ਜਿੱਥੋਂ ਨਿਕਲਣਾ ਨਾ ਮੁਮਕਿਨ ਹੁੰਦਾ। ਅਜਿਹੇ ਪਰਿਵਾਰਾਂ ਲਈ ਜ਼ਿੰਦਗੀ ਧਰਤੀ ਉੱਤੇ ਹੀ ਨਰਕ ਵਾਂਗਰ ਬਤੀਤ ਹੁੰਦੀ ਹੈ।

ਕੀ ਲਾਭ ਅਜਿਹੇ ਦੁਰਾਚਾਰ ਕਰਨ ਦਾ??? ਕਾਸ਼ ਤੁਸੀਂ ਉਹੀ ਸਮਾਂ ਆਪਣੇ ਪਰਿਵਾਰ ਨੂੰ ਦੇ ਕੇ ਵੇਖੋ ਜਿਹੜੀਆਂ ਤਰੀਫਾਂ ਦੇ ਪੁੱਲ ਬਾਹਰ ਬੰਨ੍ਹ ਦੇ ਥੱਕਦੇ। ਉਹ ਆਪਣੇ ਲਾਈਫ਼-ਪਾਟਨਰ ਨਾਲ਼ ਕਰਕੇ ਤਾਂ ਵੇਖੋ। ਸਭ ਤੋਂ ਵੱਡੀ ਗੱਲ ਲਾਵਾਂ -ਫੇਰਿਆਂ ਦੀ ਅਹਿਮੀਅਤ ਸਮਝੋ। ਬਾਹਰ ਜਿੰਨਾ ਮਰਜ਼ੀ ਭੱਜ ਲਓ , ਕੋਈ ਲਾਭ ਨਹੀਂ। ਹੁਣ ਅਜਿਹੇ ਰਿਸ਼ਤੇ ਬਣਾਉਣੇ ਫ਼ੋਨ ਕਰਕੇ ਬਹੁਤ ਸੌਖੇ ਹਨ। ਜਿੰਨੇ ਮਰਜ਼ੀ ਬਣਾ ਲਓ। ਪ੍ਰੰਤੂ ਪਰਿਵਾਰ ਤੋਂ ਵੱਧ ਕੇ ਤੁਹਾਡੇ ਨੇੜੇ ਕੋਈ ਨਹੀਂ ਹੋ ਸਕਦਾ। ਕੋਸ਼ਿਸ਼ ਕਰੋ ਕਿ ਜੇਕਰ ਕੋਈ ਮਨ ਮਿਟਾ ਹੋਇਆ ਤਾਂ ਘਰ ਬੈਠ ਕੇ ਹੀ ਦੂਰ ਕਰ ਲਿਆ ਜਾਵੇ, ਨਾ ਕਿ ਅਜਿਹੀਆਂ ਨਵੀਆਂ ਮੁਸੀਬਤਾਂ ਖੜ੍ਹੀਆਂ ਕਰੀਆਂ ਲਈਆਂ ਜਾਣ। ਜਿਨ੍ਹਾਂ ਵਿੱਚ ਤੁਹਾਡਾ ਕੋਈ ਸਾਥੀ ਨਹੀਂ ਰਹਿ ਜਾਂਦਾ। ਵੈਸੇ ਵੀ ਸਾਡੇ ਗੁਰੂਆਂ -ਪੀਰਾਂ ਦੇ ਉਪਦੇਸ਼ ਨੂੰ ਮੰਨਣਾ ਚਾਹੀਦਾ ਕਿ ਅਜਿਹਾ ਕੰਮ ਕਰਨ ਵਾਲੇ ਲੋਕ ਕਮਜਾਤਿ ਬਰਾਬਰ ਹਨ। ਭਲੇ ਲੋਕ ਬਣੋ, ਆਪਣੇ ਪਰਿਵਾਰ ਅਤੇ ਸਮਾਜ ਲਈ ਚੰਗੇ ਸਹਾਇਕ ਬਣੋ।

* * * * * * *

## ਪ੍ਰਭਾਸ ਤੇ ਦੀਪਿਕਾ ਪਾਦੁਕੋਣ ਦੀ ਫਿਲਮ 'ਕਲਕੀ 2898 ਈ.' ਬਾਕਸ ਆਫਿਸ 'ਤੇ ਕਰ ਰਹੀ ਏ ਚੰਗੀ ਕਮਾਈ

ਪ੍ਰਭਾਸ ਅਤੇ ਦੀਪਿਕਾ ਪਾਦੁਕੋਣ ਦੀ ਫਿਲਮ ਕਾਲਕੀ2898 ਏਡੀ ਬਾਕਸ ਆਫਿਸ 'ਤੇ ਚੰਗੀ ਕਮਾਈ ਕਰ ਰਹੀ ਹੈ। ਜਿੱਥੇ ਅਮਿਤਾਭ ਬੱਚਨ ਨੇ 'ਅਸ਼ਵਥਾਮਾ' ਦਾ ਕਿਰਦਾਰ ਨਿਭਾ ਕੇ ਪਰਦੇ 'ਤੇ ਦਬਦਬਾ ਬਣਾਇਆ, ਉੱਥੇ ਹੀ ਪ੍ਰਭਾਸ ਨੂੰ ਵੀ ਭੈਰਵ ਦੇ ਕਿਰਦਾਰ 'ਚ ਪ੍ਰਸ਼ੰਸਕਾਂ ਦਾ ਕਾਫੀ ਪਿਆਰ ਮਿਲਿਆ। ਨਾਗ ਅਸ਼ਵਿਨ ਦੇ ਨਿਰਦੇਸ਼ਨ ਹੇਠ ਬਣੀ ਇਸ ਭਵਿੱਖਮੁਖੀ ਫਿਲਮ ਨੂੰ ਲੋਕਾਂ ਵੱਲੋਂ ਕਾਫੀ ਪਸੰਦ ਕੀਤਾ ਗਿਆ ਹੈ, ਇਹੀ ਕਾਰਨ ਹੈ ਕਿ ਇਹ ਫਿਲਮ ਇਕ ਤੋਂ ਬਾਅਦ ਇਕ ਮੀਲ ਪੱਥਰ ਹਾਸਲ ਕਰ ਰਹੀ ਹੈ ਅਤੇ ਨਵੇਂ ਰਿਕਾਰਡ ਕਾਇਮ ਕਰ ਰਹੀ ਹੈ। ਕਲਕੀ ਨੇ ਸਾਰੀਆਂ ਭਾਸ਼ਾਵਾਂ ਦੇ ਘਰੇਲੂ ਬਾਕਸ ਆਫਿਸ 'ਤੇ ਲਗਪਗ 622 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਹੈ। ਹਿੰਦੀ ਭਾਸ਼ਾ 'ਚ ਵੀ ਪ੍ਰਭਾਸ ਦੀ ਇਹ ਫਿਲਮ ਹੁਣ 300 ਕਰੋੜ ਰੁਪਏ ਦੇ ਕਰੀਬ ਪਹੁੰਚ ਚੁੱਕੀ ਹੈ।

ਕਲਕੀ ਨੇ ਬਾਕਸ ਆਫਿਸ 'ਤੇ 29 ਦਿਨਾਂ ਤੱਕ ਦਬਦਬਾ ਬਣਾਇਆ-ਪ੍ਰਭਾਸ ਦੀ




ਫਿਲਮ 'ਕਲਕੀ' ਤੋਂ ਕਈ ਫਿਲਮਾਂ ਸਾਹਮਣੇ ਆਈਆਂ ਅਤੇ ਸਿਨੇਮਾਘਰਾਂ ਤੋਂ ਹਟਾ ਦਿੱਤੀਆਂ ਗਈਆਂ ਪਰ ਇਹ ਫਿਲਮ ਬਾਕਸ ਆਫਿਸ 'ਤੇ ਕੋਈ ਕਮਾਲ ਨਹੀਂ ਕਰ ਸਕੀ। ਫਿਲਮ ਤੇਲਗੂ 'ਚ ਤਾਂ ਚੰਗੀ ਕਮਾਈ ਕਰ ਰਹੀ ਹੈ ਪਰ ਹਿੰਦੀ 'ਚ ਵੀ ਇਸ ਫਿਲਮ ਨੇ ਬੁਲੇਟ ਟਰੇਨ ਦੀ ਰਫਤਾਰ ਫੜ ਲਈ ਹੈ। ਟ੍ਰੇਡ ਐਨਾਲਿਸਟ ਤਰਣ ਆਦਰਸ਼ ਨੇ ਆਪਣੇ ਐਕਸ ਅਕਾਊਂਟ 'ਤੇ ਫਿਲਮ ਦੇ ਹਿੰਦੀ ਭਾਸ਼ਾ ਦੇ ਅੰਕੜੇ ਸਾਂਝੇ ਕੀਤੇ ਹਨ। ਇਸ ਫਿਲਮ ਨੇ ਸ਼ੁੱਕਰਵਾਰ ਤੋਂ ਐਤਵਾਰ ਤੱਕ ਕੁੱਲ 9.75 ਕਰੋੜ ਰੁਪਏ ਦੀ ਕਮਾਈ ਕੀਤੀ ਸੀ। ਫਿਲਮ ਨੇ ਸੋਮਵਾਰ ਨੂੰ 1 ਕਰੋੜ ਰੁਪਏ, ਮੰਗਲਵਾਰ ਨੂੰ 1.10 ਕਰੋੜ ਰੁਪਏ, ਬੁੱਧਵਾਰ ਨੂੰ 1 ਕਰੋੜ ਰੁਪਏ ਅਤੇ ਵੀਰਵਾਰ ਨੂੰ 85 ਲੱਖ ਰੁਪਏ ਦੀ ਕਮਾਈ ਕੀਤੀ ਹੈ।

ਫਿਲਮ 300 ਕਰੋੜ ਦੇ ਕਰੀਬ ਪਹੁੰਚੀ-ਕਾਲਕੀ 2898 ਏਡੀ ਨੇ ਹਿੰਦੀ ਭਾਸ਼ਾ ਵਿੱਚ ਪਹਿਲੇ ਹਫ਼ਤੇ 163.25 ਕਰੋੜ, ਦੂਜੇ ਹਫ਼ਤੇ 69.95 ਕਰੋੜ, ਤੀਜੇ ਹਫ਼ਤੇ 34.45 ਕਰੋੜ ਅਤੇ ਚੌਥੇ ਹਫ਼ਤੇ ਕੁੱਲ 3.70 ਕਰੋੜ ਦੀ ਕਮਾਈ ਕੀਤੀ ਹੈ। ਹਿੰਦੀ ਵਿੱਚ ਫਿਲਮ ਦਾ ਕੁਲ ਕਲੈਕਸ਼ਨ 281.35 ਕਰੋੜ ਤੱਕ ਪਹੁੰਚ ਗਿਆ ਹੈ ਅਤੇ ਇੱਕ ਮਹੀਨੇ ਬਾਅਦ ਵੀ ਫਿਲਮ ਦਾ ਕ੍ਰੇਜ਼ ਜਾਰੀ ਹੈ। ਫਿਲਮ ਨੂੰ 300 ਕਰੋੜ ਰੁਪਏ ਤੱਕ ਪਹੁੰਚਣ ਲਈ ਸਿਰਫ 19 ਕਰੋੜ ਰੁਪਏ ਹੋਰ ਇਕੱਠੇ ਕਰਨ ਦੀ ਲੋੜ ਹੈ।



ਹਾਸ ਵਿਅੰਗ

ਸ਼ਿਵਚਰਨ ਜੱਗੀ ਕੁੱਸਾ

# ਕਾਨੂੰਨ ਦੀ ਵਾੜ



1986 ਵਿਚ ਮੈਂ ਤੀਜੀ ਵਾਰ ਭਾਰਤ ਗਿਆ। ਧੂੜ ਭਰੇ ਰਸਤੇ ਅਤੇ ਭੋਲੇ ਚਿਹਰਿਆਂ ਦੀਆਂ ਮੁਸਕਾਨਾਂ ਤੱਕਣ ਲਈ ਮਨ ਹਾਬੜ ਗਿਆ ਸੀ। ਗੁੱਲੀ-ਡੰਡਾ ਖੇਡਣ ਵਾਲੇ ਰੌੜ ਹਵੇਲੀਆਂ ਵਿੱਚ ਬਦਲੇ ਪਏ ਸਨ। ਗੁੱਡੀਆਂ-ਪਟੋਲਿਆਂ ਨਾਲ ਖੇਡਣ ਵਾਲੀਆਂ ਬੱਚੀਆਂ ਜਵਾਨ ਹੋ ਗਈਆਂ ਸਨ। ਬਾਂਹ ਨਾਲ ਨਲੀ ਪੂੰਝਣ ਵਾਲੇ ਮੁੰਡੇ ਅੱਜ-ਕੱਲ੍ਹ ਕਾਲਜੀਏਟ ਪੜ੍ਹਾਕੂ ਬਣੇ ਫਿਰਦੇ ਸਨ। ਕਾਫ਼ੀ ਕੁਝ ਬਦਲ ਗਿਆ ਸੀ। ਪਰ ਮੈਂ ਹੀ ਸੀ, ਜੋ ਅਜੇ ਵੀ ਉਹੀ ਸੀ ਸ਼ਾਇਦ। ਦੋ ਕੁ ਦਿਨ ਪਿੰਡ ਰਹਿਣ ਮਗਰੋਂ ਨਾਨਕੀਂ ਜਾਣ ਦਾ ਮਨ ਬਣਿਆਂ। ਮੈਂ ਸ਼ਾਮ ਜਿਹੇ ਨੂੰ ਬਾਪੂ ਜੀ ਦੀ ਕਾਰ ਲਈ ਅਤੇ ਨਾਨਕਿਆਂ ਨੂੰ ਚਾਲੇ ਪਾ ਦਿੱਤੇ।

ਜਦੋਂ ਮੈਂ ਪੰਜ ਕੁ ਕਿਲੋਮੀਟਰ ਗਿਆ ਤਾਂ ਹਿੰਮਤਪੁਰੇ ਵਾਲੇ ਪੁਲ਼ 'ਤੇ ਪੁਲੀਸ ਨੇ ਨਾਕਾ ਲਾਇਆ ਹੋਇਆ ਸੀ। ਮਜਬੂਰਨ ਮੈਨੂੰ ਵੀ ਰੁਕਣਾ ਪਿਆ। ਜੀਪ ਅਤੇ ਇੱਕ ਟਰੈਕਟਰ ਦਾ ਚਲਾਣ ਕਰ ਦਿੱਤਾ ਗਿਆ ਸੀ।

ਮੈਥੋਂ ਅੱਗੇ ਇੱਕ ਮਾਰੂਤੀ ਕਾਰ ਅਤੇ ਇੱਕ ਜੀਪਾ ਖੜ੍ਹੇ ਸਨ। ਜੀਪਾ ਵੀ ਕਾਹਦਾ ਸੀ? ਬਾਡੀ ਹੀ ਜੀਪ ਦੀ ਸੀ। ਜਿਸ ਵਿਚ ਪੀਟਰ ਇੰਜਣ ਰੱਖ ਕੇ ਮਿਸਤਰੀ ਨੇ ਆਪਣੇ ਬੱਚਿਆਂ ਦਾ ਪੇਟ ਭਰਨ ਲਈ ਸਵਾਰੀਆਂ ਢੋਣ ਲਈ 'ਸੰਦ' ਬਣਾਇਆ ਹੋਇਆ ਸੀ। ਕਾਰ ਵਾਲੇ ਨੇ ਤਾਂ ਪੁਲੀਸ ਦੇ ਮੂੰਹ 'ਹੱਡ' ਦੇ ਕੇ ਆਪਣਾ ਖਹਿੜਾ ਛੁਡਵਾ ਲਿਆ ਸੀ। ਹੁਣ ਜੀਪੇ ਵਾਲੇ ਦੀ ਵਾਰੀ ਸੀ। ਸ਼ਾਇਦ ਜੇਬ ਵਿਚ ਕੁਝ ਨਾ ਹੋਣ ਕਰਕੇ ਉਹ ਪਾੜ ਵਿਚ ਫੜੇ ਚੋਰ ਵਾਂਗ ਝਾਕ ਰਿਹਾ ਸੀ।

-"ਇਹਦੇ ਕਾਗਜ ਪੱਤਰ ਕਿੱਥੇ ਐ ਉਏ?" ਮੁੰਨਿਆਂ ਮੂੰਹ ਬਘਿਆੜ ਵਾਂਗ ਖੋਲ੍ਹ ਕੇ ਇਕ ਸਿਪਾਹੀ ਨੇ ਪੁੱਛਿਆ।

-"ਜੀ ਕਾਗਤ ਪੱਤਰ ਤਾਂ ਹੈਨ੍ਹੀ।" ਮਿਸਤਰੀ ਕੁੰਗੜ ਕੇ ਗਿੱਠ ਕੁ ਦਾ ਬਣ ਗਿਆ।

-"ਇਹਨੂੰ ਪਿਉ ਨੂੰ ਬਿਨਾ ਕਾਗਜਾਂ ਪੱਤਰਾਂ ਤੋਂ ਈ ਦਬੱਲੀ ਫਿਰਦੈਂ?"

-"..........।" ਮਿਸਤਰੀ ਚੁੱਪ ਸੀ।

-"ਨਾ ਥੋਨੂੰ ਮਾਂਚੋ ਕਾਨੂੰਨ ਦਾ ਡਰ ਈ ਨ੍ਹੀ ਰਿਹਾ?" ਦੂਜੇ ਨੇ ਕਾਨੂੰਨ ਦਾ ਨਾਂ ਲੈ ਕੇ ਫ਼ੀਸ ਦੀ ਕੀਮਤ ਵਧਾਈ। ਪੈਰ ਹੇਠ ਆਇਆ ਬਟੇਰਾ ਉਹ ਸੁੱਕਾ ਨਹੀਂ ਨਿਕਲਣ ਦੇਣਾ ਚਾਹੁੰਦਾ ਸੀ।

-"ਕਾਨੂੰਨ ਨੂੰ ਤਾਂ ਵਾੜੀ ਜਾਂਦੇ ਐ, ਜਿੱਥੋਂ ਨਿਕਲਿਐ!" ਤੀਜੇ ਨੇ ਹਿਲਦਾ ਕਿੱਲਾ ਠੋਕਿਆ।

-"ਮਾਪਿਓ ਬੰਨ੍ਹ-ਸੁੱਬ ਕਰਕੇ ਘਰੇ ਈ ਵਾਨਸ ਕੀਤੈ ਜੀ, ਮੈਂ ਕਿਹੜਾ ਕਿਸੇ ਅਜੰਸੀ ਤੋਂ ਲਿਐ?" ਡਰਦੇ ਮਿਸਤਰੀ ਨੇ ਕਿਹਾ।

-"ਉਏ ਇਹਦਾ ਚਲਾਣ ਪਾ ਕੇ ਗਾਂਹਾਂ ਤੋਰੋ! ਆਪਾਂ ਲੋਕਾਂ ਮਾਂਗੂੰ ਵਿਹਲੇ ਨ੍ਹੀ, ਚਲਾਣ ਕਾਹਤੋਂ ਨ੍ਹੀ ਕਰਦੇ?" ਦੂਰ ਨਿੰਮ ਹੇਠ ਕੁਰਸੀ 'ਤੇ ਬੈਠੇ ਠਾਣੇਦਾਰ ਨੇ ਹੋਕਰਾ ਮਾਰਿਆ। ਫ਼ਿਕਸੋ ਲਾ ਕੇ ਉਸ ਨੇ ਆਪਣੀਆਂ ਪਤਲੀਆਂ ਮੁੱਛਾਂ ਲੜਾਕੇ ਜਹਾਜ ਦੀ 'ਤੂਈ' ਵਰਗੀਆਂ ਬਣਾਈਆਂ ਹੋਈਆਂ ਸਨ।

-"ਸਰਦਾਰ ਜੀ! ਜੀਪ ਇਹ ਨ੍ਹੀ, ਕਾਰ ਇਹ ਨ੍ਹੀ, ਇਹਦਾ ਗਰੜਪੌਂਕ ਜਿਹੇ ਦਾ ਕਾਹਦੇ 'ਤੇ ਚਲਾਣ ਕਰੀਏ?" ਸਿਪਾਹੀ ਨੇ ਘੋਰ ਮਾਯੂਸੀ ਪ੍ਰਗਟਾਈ।

-"ਲਿਖੋ ਜੀ ਘੜੁੱਕਾ...!" ਮਿਸਤਰੀ ਨੇ ਆਪਣੇ ਵੱਲੋਂ ਨਾਂ ਦੱਸਿਆ।

-"ਤੇਰੀ ਮਾਂ ਦਾ ਕੜਛਾ! ਸਾਲਿਆ ਕੁੱਤਿਆਂ ਦਿਆ! ਘੜੁੱਕਾ ਤੇਰੇ ਕਿਹੜੇ ਪਿਉ ਆਲੀ ਕਾਨੂੰਨ ਦੀ ਕਿਤਾਬ 'ਚ ਲਿਖਿਐ ਉਏ?" ਸਿਪਾਹੀ ਨੇ ਮਿਸਤਰੀ ਦੇ ਸੋਟੀ ਮਾਰੀ।

-"ਨਾਲੇ ਤੂੰ ਤਾਂ ਕਹੇਂਗਾ ਇਹਨੂੰ ਮਾਂ ਦਾ ਖਸਮ ਲਿਖੋ?" ਦੂਜਾ ਸਿਪਾਹੀ ਬੋਲਿਆ। ਮੁਫ਼ਤ ਵਿਚ ਮਿਲੀ ਮੁਰਗੀ ਉਸ ਤੋਂ ਮਰੋੜੀ ਨਹੀਂ ਜਾ ਰਹੀ ਸੀ, ਜਿਸ ਕਰਕੇ ਉਸ ਦੇ ਲੂਹਰੀਆਂ ਉਠੀ ਜਾ ਰਹੀਆਂ ਸਨ।

-"ਮਾਪਿਓ! ਹੋਰ ਨ੍ਹੀ ਕਿਮੇਂ ਗੱਲ ਬਣਦੀ?" ਅੰਤ ਮਿਸਤਰੀ ਨੇ ਜਾਂਦੀ ਗੱਲ ਹੱਥ ਵਿਚ ਲੈਣੀ ਚਾਹੀ।

-"ਤੇ ਹੋਰ ਅਸੀਂ ਐਥੇ ਚਾਅ ਨੂੰ ਖੜ੍ਹੇ ਐਂ?" ਮਾਯੂਸ ਸਿਪਾਹੀ ਟਹਿਕ ਪਿਆ ਸੀ। ਉਸ ਦੀ ਬੋਕ ਦਾਹੜੀ ਕਾਟੋ ਦੀ ਪੂਛ ਵਾਂਗ ਲਟਕ ਜਿਹੀ ਰਹੀ ਸੀ।

ਮਿਸਤਰੀ ਨੇ ਸਾਰੇ ਦਿਨ ਦੀ ਕਮਾਈ ਜੇਬ ਵਿਚੋਂ ਕੱਢ ਲਈ। ਜਿਸ ਨੂੰ ਸਿਪਾਹੀ ਝਬੁੱਟ ਮਾਰ ਕੇ ਲੈ ਗਿਆ।

-"ਮਾਪਿਓ ਤੇਲ ਵਾਸਤੇ ਤਾਂ ਰਹਿਣ ਦਿਓ। ਟੈਂਕੀ ਖਾਲੀ ਹੋਣ ਆਲੀ ਐ।" ਮਿਸਤਰੀ ਪਿਆਸੇ ਕਾਂ ਵਾਂਗ ਝਾਕਿਆ।

-"ਸਾਲ਼ਿਆ ਤੇਲ ਦਿਆ! ਤੈਨੂੰ ਹੁਣੇਂ ਨਾ ਮੈਂ ਗਿਣ ਕੇ ਦੇ ਦਿਆਂ। ਜਾਹ ਚਾਰ ਸਵਾਰੀਆਂ ਵੱਧ ਲੱਦ ਲਈਂ। ਖੁੱਲ੍ਹੀ ਛੁੱਟੀ!" ਆਪਣੇ ਵੱਲੋਂ ਸਿਪਾਹੀ ਨੇ ਉਸ ਦਾ ਖੱਭਾ ਕੱਢ ਦਿੱਤਾ।

-"ਤੂੰ ਸ਼ੁਕਰ ਕਰ ਚੌਲਾਂ 'ਚ ਈ ਸਰ ਗਿਆ, ਨਹੀਂ ਤਾਂ ਅਗਲੇ ਪਿਛਲੇ ਸਾਰੇ ਕਚਿਹਰੀ 'ਚ ਈ ਲੱਗ ਜਾਣੇਂ ਸੀ!" ਦੂਜੇ ਸਿਪਾਹੀ ਨੇ ਆਪਣਾ ਅਹਿਸਾਨ ਮਿਸਤਰੀ 'ਤੇ ਜਤਾਇਆ।

ਪਰ ਮਿਸਤਰੀ ਖੜ੍ਹਾ ਨੋਟਾਂ ਵੱਲ ਝਾਕ ਰਿਹਾ ਸੀ।

-"ਹੁਣ ਤੁਰਦੈਂ ਕਿ ਚਾਰਾਂ ਬੱਕਲ? ਮੇਰੀਆਂ ਗਾਲ੍ਹਾਂ ਰਾਕਟ ਲਾਂਚਰਾਂ ਅਰਗੀਆਂ ਹੁੰਦੀਐਂ, ਦੋ ਛੱਡਤੀਆਂ ਤਾਂ ਡਰ-ਡਰ ਉਠਿਆ ਕਰੇਂਗਾ। ਸਾਲਾ ਕੁੱਕੜੂੰ-ਘੜੂੰ ਜਿਆ!" ਪਾਸਿਓਂ ਤੀਜੇ ਨੇ ਕੜੀ 'ਚ ਕੜੀ ਅੜਾ ਕੇ ਦਬਕਾ ਮਾਰਿਆ।

ਸਲੋਕ ਸੁਣ ਕੇ ਮਿਸਤਰੀ ਆਪਣਾ ਘੜੁੱਕਾ ਲੈ ਕੇ ਵਿਦਾਅ ਹੋ ਗਿਆ।

ਦੋ ਸਿਪਾਹੀ ਮੇਰੇ ਦੁਆਲੇ ਹੋ ਗਏ।

-"ਹਾਂ ਬਈ, ਕਾਗਜ਼ ਪੱਤਰ?" ਮੇਰੇ ਕਾਲ਼ੀਆਂ ਐਨਕਾਂ ਲੱਗੀਆਂ ਦੇਖ ਕੇ ਸ਼ਾਇਦ ਸਿਪਾਹੀ ਕੁਝ ਧੀਮਾਂ ਬੋਲਿਆ।

ਮੈਂ ਕਾਗਜ਼ ਪੱਤਰ ਦੇ ਦਿੱਤੇ ਅਤੇ ਇਕ ਸਿਪਾਹੀ ਕਾਗਜ਼ ਪੱਤਰਾਂ 'ਤੇ ਸਰਸਰੀ ਜਿਹੀ ਨਜ਼ਰ ਮਾਰਨ ਲੱਗ ਪਿਆ।

ਇਤਨੇ ਨੂੰ ਇਕ ਅਮਲੀ ਨੇ ਸਾਡੇ ਕੋਲ ਸਾਈਕਲ ਆ ਰੋਕਿਆ। ਉਸ ਨੇ ਸਾਈਕਲ ਨੂੰ ਤੇਲ ਲਾ ਕੇ ਲਿਸ਼ਕਾ ਰੱਖਿਆ ਸੀ। ਰਿੰਮਾਂ ਵਿਚ ਫੁੱਲ ਪੁਆਏ ਹੋਏ ਸਨ ਅਤੇ ਚੈਨ-ਕਵਰ 'ਤੇ ਦੁੱਧ ਚਿੱਟੇ ਅੱਖਰਾਂ ਵਿਚ "ਸਰਦਾਰ ਕਰਨੈਲ ਸਿੰਘ" ਲਿਖਿਆ ਹੋਇਆ ਸੀ। ਸਾਈਕਲ ਦੇ ਡੰਡਿਆਂ ਵਿਚ ਉਸ ਨੇ ਵੱਡੀ ਕਿਰਪਾਨ ਫ਼ਸਾਈ ਹੋਈ ਸੀ।

-"ਆਹ ਮਗਰਲੇ ਦੀ ਵੀ ਖ਼ਬਰ ਲੈ ਲਓ!" ਦੂਰੋਂ ਦੈਂਗੜ ਚੂਹਿਆਂ ਦੀ ਬਿੱਲੀ ਮਾਸੀ, ਠਾਣੇਦਾਰ ਨੇ ਹੋਕਰਾ ਮਾਰਿਆ।

-"ਕੀ ਨਾਂ ਐਂ ਉਏ ਤੇਰਾ?" ਇਕ ਸਿਪਾਹੀ ਅਮਲੀ ਦੁਆਲੇ ਹੋ ਗਿਆ।

-"ਜੀ ਕਰਨੈਲ ਸਿਉਂ!"

-"ਪਿਉ ਦਾ ਨਾਂ?"

-"ਜੀ ਜਰਨੈਲ ਸਿਉਂ!"

-"ਪਿੰਡ ਕਿਹੜੈ?"

-"ਜੀ ਯੁੱਧ ਸਿੰਘ ਆਲਾ।"

-"ਬੱਲੇ!" ਸਿਪਾਹੀ ਨੇ ਵਿਅੰਗਮਈ ਮੂੰਹ ਬਣਾ ਲਿਆ।

-"ਇਹਦਾ ਨਾਂ ਕਰਨੈਲ ਸਿਉਂ, ਬੁੜ੍ਹੇ ਦਾ ਨਾਂ ਜਰਨੈਲ ਸਿਉਂ, ਤੇ ਪਿੰਡ ਯੁੱਧ ਸਿੰਘ ਆਲਾ.. ਬੁੜ੍ਹੀ ਦਾ ਨਾਂ ਤਾਂ ਫੇਰ ਏ. ਕੇ. ਸੰਤਾਲੀ ਈ ਹੋਊ?"

ਸਾਰੇ ਸਿਪਾਹੀ ਬੁੱਚੜਾਂ ਵਾਂਗ ਹੱਸੇ।

-"ਤੇ ਆਇਆ ਕਿੱਥੋਂ ਐਂ ਉਏ, ਚੌਰਿਆ?" ਇਕ ਨੇ ਹੱਸਦੇ-ਹੱਸਦੇ ਨੇ ਮੂੰਹ ਭਿਆਨਕ ਬਣਾ ਲਿਆ।

-"ਜੀ ਤੇਲ ਨ੍ਹੀ ਮਿਲਦਾ, ਜਨਾਬ ਕਣਕ ਸੁੱਕੀ ਜਾਂਦੀ ਐ, ਕਾਲ਼ੇ ਤੇਲ ਦਾ ਪਤਾ ਕਰਕੇ ਆਇਐਂ।" ਅਮਲੀ ਨੇ ਮਜਬੂਰੀ ਵਿਚ ਹੱਥ ਜੋੜੇ।

-"ਆਇਆ ਤੇਲ ਦਾ ਪਤਾ ਕਰਕੇ ਐਂ, ਤੇ ਟੰਗੀ ਫਿਰਦੈਂ ਸੈਕਲ ਨਾਲ ਕਿਰਪਾਨ? ਇਹ ਮਾਂ ਕਾਹਦੇ ਆਸਤੇ ਟੰਗੀ ਐ ਉਏ?" ਸਿਪਾਹੀ ਦਾ ਬੁੱਚੜ ਦਾਗਲ਼ ਚਿਹਰਾ ਜਿਵੇਂ ਅਮਲੀ ਨੂੰ ਖਾਣ ਆ ਰਿਹਾ ਸੀ।

-"ਮਾਪਿਓ ਇਹ ਤਾਂ ਕੁੱਤੇ ਬਿੱਲੇ ਦੇ ਡਰੋਂ ਐਂ।" ਅਮਲੀ ਕੰਬੀ ਜਾ ਰਿਹਾ ਸੀ।

-"ਇਹ ਤਾਂ ਕੋਈ ਅੱਤਵਾਦੀ ਲੱਗਦੈ। ਇਹਨੂੰ ਜੀਪ 'ਚ ਲੱਦੋ!" ਦੂਰੋਂ ਠਾਣੇਦਾਰ ਦੇ ਘਣ ਵਰਗੇ ਹੁਕਮ ਨੇ ਅਮਲੀ ਨੂੰ ਪਰਾਲ਼ ਕਰ ਦਿੱਤਾ।

-"ਰਾਤ ਆਲੇ ਸਰਪੈਂਚ ਦਾ ਕਤਲ ਫਿਰ ਏਸੇ ਨੇ ਈ ਕੀਤਾ ਹੋਣੈਂ। ਇਹਨੂੰ ਮੂਧਾ ਪਾਓ!" ਇਕ ਸਿਪਾਹੀ ਆ ਰਹੇ ਟਰੱਕ ਨੂੰ ਹੱਥ ਦਿੰਦਾ ਬੋਲਿਆ। ਫਿਰ ਉਸ ਨੇ ਵਿਸਲ ਮੂੰਹ ਵਿਚ ਤੁੰਨ ਲਈ।

ਟਰੱਕ ਕਿਸੇ ਬਾਰਸੂਖ਼ ਸਾਬਕਾ ਐੱਮ. ਐੱਲ. ਏ. ਦਾ ਸੀ, ਜਿਸ ਨੂੰ ਸਿਪਾਹੀ ਨੇ ਗਲਤੀ ਨਾਲ ਰੋਕ ਲਿਆ ਸੀ। ਪਰ ਡਰਾਈਵਰ ਨੇ ਪੁੱਛ-ਗਿੱਛ ਤੋਂ ਪਹਿਲਾਂ ਹੀ ਦੱਸ ਦਿੱਤਾ। ਇਸ ਲਈ ਸਿਪਾਹੀ ਨੇ ਡਰਾਈਵਰ ਤੋਂ ਮੁਆਫ਼ੀ ਮੰਗੀ ਅਤੇ ਜਨਾਬ ਐੱਮ. ਐੱਲ. ਏ. ਸਾਹਿਬ ਨੂੰ 'ਮੱਥਾ ਟੇਕਣਾ' ਵੀ ਕਿਹਾ।

ਇਤਨੇ ਨੂੰ ਅਮਲੀ ਸਾਈਕਲ ਛੱਡ ਕੇ ਭੱਜ ਚੁੱਕਾ ਸੀ।

-"ਉਏ ਆਹ ਸੈਕਲ ਆਲ਼ਾ ਤਾਂ ਭੱਜ ਗਿਆ!" ਇਕ ਸਿਪਾਹੀ ਚੌਂਕਿਆ।

-"ਤੂੰ ਸਾਨੂੰ ਦੱਸਿਆ ਨਾ ਉਏ?" ਦੂਜਾ ਮੇਰੇ ਵੱਲ ਕੌੜ ਬੋਤੇ ਵਾਂਗ ਝਾਕਿਆ। ਉਸ ਨੇ ਅੱਕੀ ਹੋਈ ਬਾਂਦਰੀ ਵਾਂਗ ਦੰਦ ਪੀਹੇ।

-"ਉਏ ਕੋਈ ਬੰਦਾ ਕੁਬੰਦਾ ਵੀ ਦੇਖ ਲਿਆ ਕਰੋ! ਸਭ ਨੂੰ ਇੱਕੋ ਰੱਸੇ ਨਰੜਦੇ ਐਂ?" ਸ਼ਾਇਦ ਟਰੱਕ ਵਾਲਾ ਸਿਪਾਹੀ ਕੋਈ ਦੂਜੀ ਬਲਾਅ ਗਲ ਨਹੀਂ ਪਾਉਣੀ ਚਾਹੁੰਦਾ ਸੀ।

-"ਚੱਲੋ ਰਹਿਣ ਦਿਓ ਨਾਕੇ ਨੂੰ, ਅੱਜ ਨ੍ਹੀ ਕੁਛ ਬਣਦਾ ਦੀਂਹਦਾ।" ਇਕ ਸਿਪਾਹੀ ਮੇਰੇ ਕਾਗਜ਼ ਪੱਤਰ ਮੋੜਦਾ ਕਹਿ ਰਿਹਾ ਸੀ।

-"ਚੱਲੋ ਉਤੋਂ 'ਨ੍ਹੇਰਾ ਵੀ ਹੋ ਚੱਲਿਐ। ਕਿਤੇ 'ਉਹ' ਨਾ ਆ ਜਾਣ। ਅੰਧਾਧੁੰਦ ਫ਼ਾਇਰ ਵੀ ਪਤੰਦਰ ਏ. ਕੇ. ਸੰਤਾਲੀ ਦਾ ਈ ਖੋਲ੍ਹਦੇ ਐ।" ਦੂਜਾ ਬੋਲਿਆ।

-"ਚਲੋ ਮੈਨੂੰ ਤਾਂ ਆਹ ਅਮਲੀ ਆਲਾ ਸੈਕਲ ਮਿਲ ਗਿਆ, ਜੁਆਕ ਨੂੰ ਸਕੂਲ ਤੋਰਿਆ ਕਰਾਂਗੇ। ਕਦੋਂ ਦਾ ਸੈਕਲ-ਸੈਕਲ ਕਰਦਾ ਸੀ।" ਤੀਜਾ ਆਪਣੀ ਜਿੱਤ 'ਤੇ ਖੁਸ਼ ਸੀ।

-"ਆਹ ਕਿਰਪਾਨ ਚੱਕ ਕੇ ਜੀਪ 'ਚ ਰੱਖੋ, ਕਿਸੇ ਕਤਲ ਕੇਸ 'ਚ ਕੰਮ ਆਊ।"

-"ਬਣ ਗਏ ਦੋ ਬੋਤਲਾਂ ਜੋਗੇ ਕਿ ਨਹੀਂ?"

-"ਅੱਜ ਦਾ ਕੰਮ ਈ ਸਰੂ।"

-"ਚੱਲ ਰਾਤ ਤਾਂ ਸੌਖੀ ਲੰਘੂ।"

ਕਾਰ ਸਟਾਰਟ ਕਰਕੇ ਤੁਰਦੇ ਦੇ ਮੇਰੇ ਕੰਨੀਂ ਗੱਲਾਂ ਪੈ ਰਹੀਆਂ ਸਨ। ਮੇਰੀ 'ਘਿਰਰ-ਘਿਰਰ' ਜਿਹੀ ਕਰਦੀ ਕਾਰ ਪਤਾ ਨਹੀਂ ਕਿਸ ਦੀ ਜਾਨ ਨੂੰ ਰੋ ਰਹੀ ਸੀ?

jaggikussa@yahoo.de

# ਕਾਰਗਿਲ ਦੇ ਸ਼ਹੀਦ ਹੋਣ ਦੇ ਬਾਵਜੂਦ 25 ਸਾਲ ਬਾਅਦ ਵੀ ਪਰਿਵਾਰ ਨੇ ਪੁੱਤ ਨੂੰ ਜ਼ਿੰਦਾ ਰੱਖਿਆ !

### ✪ ਘਰ ਵਿਚ ਬਣਾਇਆ ਵੱਖਰਾ ਕਮਰਾ

ਫਾਜ਼ਿਲਕਾ-ਕਾਰਗਿਲ ਦੇ ਸ਼ਹੀਦ ਹੋਏ ਬਲਵਿੰਦਰ ਸਿੰਘ ਦਾ ਪਰਿਵਾਰ 25 ਸਾਲਾਂ ਤੋਂ ਆਪਣੇ ਪੁੱਤਰ ਦੀ ਸ਼ਹਾਦਤ ਨੂੰ ਨਹੀਂ ਭੁੱਲਿਆ ਹੈ। ਸ਼ਹੀਦ ਦੇ ਪਰਿਵਾਰ ਨੇ ਆਪਣੇ ਪੁੱਤਰ ਦੀ ਯਾਦ ਵਿੱਚ ਆਪਣੇ ਘਰ ਵਿੱਚ ਹੀ ਵੱਖ ਤੋਂ ਕਮਰਾ ਬਣਾਇਆ ਹੈ, ਜਿਸ ਵਿੱਚ ਉਸ ਦੀਆਂ ਯਾਦਾਂ ਰੱਖਿਆ ਹਨ। ਉਸ ਦੀ ਸ਼ਹਾਦਤ ਦੇ ਸਮੇਂ ਦਾ ਸਾਰਾ ਸਮਾਨ ਅੱਜ ਵੀ ਸੰਭਾਲ ਕੇ ਰੱਖਿਆ ਗਿਆ ਹੈ। ਸ਼ਹੀਦ ਦੇ ਪਰਿਵਾਰ ਲਈ ਉਨ੍ਹਾਂ ਦਾ ਪੁੱਤਰ ਅੱਜ ਵੀ ਜ਼ਿੰਦਾ ਹੈ, ਰੋਜ਼ਾਨਾ ਉਸ ਦੇ ਕਮਰੇ ਨੂੰ ਸਾਫ ਕੀਤਾ ਜਾਂਦਾ ਹੈ ਅਤੇ ਅਰਦਾਸ ਹੁੰਦੀ ਹੈ। ਹਰ ਸਾਲ ਜ਼ਮੀਨ ਦੇ ਠੇਕੇ ਦਾ ਹਿੱਸਾ ਵੀ ਦਿੱਤਾ ਜਾਂਦਾ ਹੈ। 1999 ਦੀ ਕਾਰਗਿਲ ਦੀ ਜੰਗ ਦੇ ਸ਼ੁਰੂਆਤੀ ਦੌਰ ਵਿੱਚ ਫਾਜ਼ਿਲਕਾ ਦੇ ਪਿੰਡ ਸਾਬੂਆਨਾ ਦਾ ਬਲਵਿੰਦਰ ਸਿੰਘ ਦੁਸ਼ਮਣਾ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਿਆ ਸੀ। ਦੇਸ਼ ਦੀ ਸੁਰੱਖਿਆ ਕਰਦੇ ਸਮੇਂ ਬਲਵਿੰਦਰ ਸਿੰਘ ਨੇ ਆਪਣੀ ਛਾਤੀ 'ਤੇ ਗੋਲੀਆਂ ਖਾਧੀਆਂ ਸੀ। ਉਸ ਦਾ ਪਰਿਵਾਰ ਪਿੰਡ ਛੱਡ ਕੇ ਫਾਜ਼ਿਲਕਾ ਦੇ ਆਵਾ ਕਲੋਨੀ ਦਾ ਰਹਿ ਰਿਹਾ ਹੈ।



ਸ਼ਹੀਦ ਦੀ ਮਾਤਾ ਬਚਨ ਕੌਰ ਅਤੇ ਭਾਬੀ ਜਸਵਿੰਦਰ ਕੌਰ ਦੱਸਦੀ ਹੈ ਕਿ ਉਨ੍ਹਾਂ ਨੂੰ ਆਪਣੇ ਪੁੱਤਰ 'ਤੇ ਮਾਣ ਹੈ। ਉਨ੍ਹਾਂ ਦੱਸਿਆ ਕਿ 25 ਸਾਲ ਬਾਅਦ ਵੀ ਉਨ੍ਹਾਂ ਦਾ ਪੁੱਤਰ ਜ਼ਿੰਦਾ ਹੈ। ਉਨ੍ਹਾਂ ਕਿਹਾ ਘਰ ਵਿੱਚ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਸ਼ਹੀਦ ਬਲਵਿੰਦਰ ਸਿੰਘ ਦੇ ਕਮਰੇ ਵਿੱਚ ਜਾਕੇ ਮੱਥਾ ਟੇਕਿਆ ਜਾਂਦਾ ਹੈ ਹਰ ਸਾਲ ਅਖੰਡ ਪਾਠ ਕਰਵਾਇਆ ਜਾਂਦਾ ਹੈ। ਮਾਤਾ ਬਚਨ ਕੌਰ ਦੱਸਦੀ ਹੈ ਕਿ ਉਨ੍ਹਾਂ ਦੇ ਪੁੱਤਰ ਨੇ ਦੁਸ਼ਮਣਾ ਦੇ ਨਾਲ ਸਿੱਧਾ ਮੁਕਾਬਲਾ ਕੀਤਾ। 5 ਘੰਟੇ ਦੁਸ਼ਮਣਾਂ ਦਾ ਸਾਹਮਣਾ ਕਰਦੇ ਹੋਏ ਉਨ੍ਹਾਂ ਦਾ ਪੁੱਤਰ ਛਾਤੀ 'ਤੇ ਗੋਲੀਆਂ ਖਾ ਕੇ ਦੇਸ਼ ਦੇ ਲਈ ਸ਼ਹੀਦ ਹੋ ਗਿਆ ਸੀ।

### -ਮਾਮਲਾ ਜਿਨਸੀ ਸ਼ੋਸ਼ਣ ਦਾ-

# ਸੰਦੀਪ ਸਿੰਘ ਖ਼ਿਲਾਫ਼ ਦੋਸ਼ ਤੈਅ, ਅਗਲੀ ਸੁਣਵਾਈ 17 ਅਗਸਤ ਨੂੰ

### ✪ ਅਦਾਲਤ ਨੇ ਮਾਮਲੇ 'ਚ ਧਾਰਾ 376 ਜੋੜਨ ਸਬੰਧੀ ਸ਼ਿਕਾਇਤਕਰਤਾ ਦੀ ਅਪੀਲ ਖਾਰਜ ਕੀਤੀ



ਚੰਡੀਗੜ੍ਹ-ਇਕ ਜੂਨੀਅਰ ਮਹਿਲਾ ਕੋਚ ਦੀ ਸ਼ਿਕਾਇਤ 'ਤੇ ਦਰਜ ਕਥਿਤ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਇੱਥੋਂ ਦੀ ਇੱਕ ਅਦਾਲਤ ਨੇ ਹਰਿਆਣਾ ਦੇ ਸਾਬਕਾ ਮੰਤਰੀ ਤੇ ਭਾਜਪਾ ਆਗੂ ਸੰਦੀਪ ਸਿੰਘ ਖ਼ਿਲਾਫ਼ ਦੋਸ਼ ਤੈਅ ਕੀਤੇ ਹਨ। ਸ਼ਿਕਾਇਤਕਰਤਾ ਦੇ ਵਕੀਲ ਦੀਪਾਂਸ਼ੂ ਬਾਂਸਲ ਨੇ ਦੱਸਿਆ ਕਿ ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਰਾਹੁਲ ਗਰਗ ਦੀ ਅਦਾਲਤ ਨੇ ਸੰਦੀਪ ਸਿੰਘ ਵੱਲੋਂ ਦੋਸ਼ ਰੱਦ ਕਰਨ ਸਬੰਧੀ ਦਾਇਰ ਪਟੀਸ਼ਨ ਵੀ ਖਾਰਜ ਕਰ ਦਿੱਤੀ ਹੈ।ਉਨ੍ਹਾਂ ਦੱਸਿਆ ਕਿ ਸੰਦੀਪ ਸਿੰਘ ਖ਼ਿਲਾਫ਼ ਆਈਪੀਸੀ ਦੀ ਧਾਰਾ 354, 354 ਏ, 506 ਅਤੇ 509 ਤਹਿਤ ਦੋਸ਼ ਤੈਅ ਕੀਤੇ ਗਏ ਹਨ। ਅਦਾਲਤ ਨੇ ਮਾਮਲੇ 'ਚ ਧਾਰਾ 376 (ਜਬਰ ਜਨਾਹ) ਜੋੜਨ ਸਬੰਧੀ ਸ਼ਿਕਾਇਤਕਰਤਾ ਦੀ ਅਪੀਲ ਵੀ ਖਾਰਜ ਕਰ ਦਿੱਤੀ ਅਤੇ ਮਾਮਲੇ ਦੀ ਅਗਲੀ ਸੁਣਵਾਈ 17 ਅਗਸਤ ਨੂੰ ਤੈਅ ਕੀਤੀ ਹੈ। ਇਹ ਕੇਸ ਹਰਿਆਣਾ ਦੀ ਇੱਕ ਜੂਨੀਅਰ ਅਥਲੈਟਿਕ ਕੋਚ ਵੱਲੋਂ ਭਾਜਪਾ ਆਗੂ ਖ਼ਿਲਾਫ਼ ਲਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨਾਲ ਸਬੰਧਤ ਹੈ। ਸਾਬਕਾ ਭਾਰਤੀ ਹਾਕੀ ਕਪਤਾਨ ਸੰਦੀਪ ਸਿੰਘ ਨੇ ਕਿਹਾ ਸੀ ਕਿ ਉਸ ਨੂੰ ਇਸ ਮਾਮਲੇ 'ਚ ਝੂਠਾ ਫਸਾਇਆ ਗਿਆ ਹੈ। 31 ਦਸੰਬਰ 2022 ਨੂੰ ਇੱਥੇ ਸੈਕਟਰ-26 ਦੇ ਥਾਣੇ 'ਚ ਮਹਿਲਾ ਦੀ ਸ਼ਿਕਾਇਤ ਦਰਜ ਹੋਣ ਮਗਰੋਂ ਉਸ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਪਹਿਲੀ ਵਾਰ ਵਿਧਾਇਕ ਬਣਿਆ ਸੰਦੀਪ ਸਿੰਘ ਉਸ ਸਮੇਂ ਮੰਤਰੀ ਸੀ ਜਦੋਂ ਉਸ ਖ਼ਿਲਾਫ਼ ਸ਼ਿਕਾਇਤ ਦਰਜ ਕੀਤੀ ਗਈ ਸੀ। ਆਪਣੀ ਸ਼ਿਕਾਇਤ 'ਚ ਸਬੰਧਤ ਮਹਿਲਾ ਨੇ ਦੋਸ਼ ਲਾਇਆ ਸੀ ਕਿ ਉਹ ਆਪਣੀ ਭਰਤੀ ਤੋਂ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਸੰਦੀਪ ਸਿੰਘ ਦੇ ਸੰਪਰਕ 'ਚ ਆਈ ਸੀ। ਉਸ ਨੇ ਕਿਹਾ ਕਿ ਮੁਲਜ਼ਮ ਨੇ 2 ਮਾਰਚ 2022 ਤੇ 1 ਜੁਲਾਈ 2022 ਨੂੰ ਉਸ ਨੂੰ ਆਪਣੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਸੱਦਿਆ ਅਤੇ ਉਸ ਨਾਲ ਛੇੜਛਾੜ ਕੀਤੀ। ਉਸ ਨੇ ਇਹ ਦੋਸ਼ ਵੀ ਲਾਇਆ ਕਿ ਮੁਲਜ਼ਮ ਨੇ ਪੰਚਕੂਲਾ 'ਚ ਟਰੇਨਿੰਗ ਦੌਰਾਨ ਵੀ ਉਸ ਲਈ ਪ੍ਰੇਸ਼ਾਨੀਆਂ ਖੜ੍ਹੀਆਂ ਕੀਤੀਆਂ।

### -ਮਾਮਲਾ ਪੈਸਿਆਂ ਦੇ ਲੈਣ ਦੇਣ ਦਾ-

# ਪੱਟੀ ਸ਼ਹਿਰ ਵਿਚ ਨਿਹੰਗਾਂ ਵਲੋਂ ਇਕ ਵਿਅਕਤੀ ਦੀ ਹੱਤਿਆ, ਦੋ ਜ਼ਖ਼ਮੀ



ਪੱਟੀ-ਪੱਟੀ ਸ਼ਹਿਰ ਵਿਚ 6 ਨਿਹੰਗਾਂ ਵਲੋਂ ਪੈਸਿਆਂ ਦੇ ਲੈਣ ਦੇਣ ਕਰਕੇ ਇਕ ਵਿਅਕਤੀ ਦਾ ਕਤਲ ਤੇ ਦੋ ਨੌਜਵਾਨ ਜ਼ਖ਼ਮੀ ਕਰ ਦਿੱਤੇ। ਜਾਣਕਾਰੀ ਅਨੁਸਾਰ ਉਕਤ ਨਿਹੰਗਾਂ ਵਲੋਂ ਘਰ ਵਿਚ ਜਾ ਕੇ ਕੀਤੇ ਗਏ ਹਮਲੇ ਵਿਚ ਸ਼ਮੀ ਪੁਰੀ ਪੁੱਤਰ ਓਮ ਪ੍ਰਕਾਸ਼ ਪੁਰੀ ਵਾਸੀ ਵਾਰਡ ਨੰਬਰ 6 ਪੱਟੀ ਦੀ ਮੌਤ ਹੋ ਗਈ ਹੈ। ਜਦਕਿ ਉਸਦਾ ਲੜਕਾ ਕਰਨ ਪੁਰੀ ਗੰਭੀਰ ਜ਼ਖ਼ਮੀ ਤੇ ਭਤੀਜਾ ਅਮਨਪ੍ਰੀਤ ਪੁਰੀ ਵੀ ਜ਼ਖ਼ਮੀ ਹੋਇਆ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵਲੋਂ ਗਾਂਧੀ ਸੱਥ ਪੱਟੀ ਵਿਚ ਧਰਨਾ ਲਗਾ ਦਿੱਤਾ ਗਿਆ ਹੈ। ਉਕਤ ਮੁਲਜ਼ਮਾਂ ਦੇ ਫੜੇ ਜਾਣ ਤੱਕ ਸਸਕਾਰ ਨਾ ਕਰਨ ਦਾ ਫੈਸਲਾ ਲਿਆ ਗਿਆ ਹੈ।

ਇਸ ਸਬੰਧੀ ਮਿਬਕ ਸ਼ਮੀ ਪੁਰੀ ਦੇ ਭਤੀਜੇ ਅਮਨ ਪੁਰੀ ਨੇ ਦੱਸਿਆ ਕਿ ਬੀਤੇ ਦਿਨੀਂ ਛੇ ਵਿਅਕਤੀ ਨਿਹੰਗ ਸਿੰਘਾਂ ਦੇ ਬਾਣੇ ਵਿਚ ਉਸਦੇ ਚਾਚੇ ਸ਼ਮੀ ਪੁਰੀ ਦੇ ਘਰ ਆਏ ਤੇ ਪੈਸਿਆਂ ਦੀ ਮੰਗ ਕਰਨ ਲੱਗ ਪਏ। ਇਨ੍ਹਾਂ ਦੀ ਅਗਵਾਈ ਨਿਹੰਗ ਪਰਮਿੰਦਰ ਸਿੰਘ ਵਾਸੀ ਵਲਟੋਹਾ ਹਾਲ ਵਾਸੀ ਗੋਇੰਦਵਾਲ ਸਾਹਿਬ ਕਰ ਰਿਹਾ ਸੀ। ਇਸ ਮੌਕੇ ਉਕਤ ਨਿਹੰਗ ਸਿੰਘਾਂ ਨੇ ਪਰਿਵਾਰਕ ਮੈਂਬਰਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਵਿਚ ਸ਼ਮੀ ਪੁਰੀ ਦਾ ਕਿਰਪਾਨ ਨਾਲ ਗੁੱਟ ਵੱਢ ਦਿੱਤਾ ਤੇ ਹੋਰ ਵੀ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਹਮਲੇ ਵਿਚ ਉਹ ਖੁਦ ਤੇ ਉਸਦਾ ਚਚੇਰਾ ਭਰਾ ਕਰਨ ਪੁਰੀ ਗੰਭੀਰ ਜ਼ਖ਼ਮੀ ਹੋ ਗਿਆ। ਇਸ ਹਮਲੇ ਉਪਰੰਤ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਪੱਟੀ ਵਿਖੇ ਦਾਖ਼ਲ ਕਰਵਾਇਆ, ਜਿੱਥੇ ਇਲਾਜ ਦੌਰਾਨ ਸ਼ਮੀ ਪੁਰੀ ਦੀ ਮੌਤ ਹੋ ਗਈ। ਜਿਸ ਨੂੰ ਲੈ ਕੇ ਪਰਿਵਾਰਕ ਮੈਂਬਰਾਂ ਤੇ ਸ਼ਹਿਰ ਵਾਸੀਆਂ ਨੇ ਰੋਸ ਵਜੋਂ ਗਾਂਧੀ ਸੱਥ ਵਿਚ ਧਰਨਾ ਦਿੱਤਾ 'ਤੇ ਸੜਕ ਜਾਮ ਕਰ ਦਿੱਤੀ। ਇਸ ਮੌਕੇ ਅਮਨਪ੍ਰੀਤ ਪੁਰੀ ਨੇ ਦੱਸਿਆ ਕਿ ਮੇਰੇ ਚਾਚੇ ਸ਼ਮੀ ਪੁਰੀ ਨੂੰ ਤੀਸਰੀ ਪਾਰਟੀ ਨੇ 1 ਲੱਖ 75 ਹਜ਼ਾਰ ਰੁਪਏ ਗੂਗਲ ਪੇਅ ਕੀਤੇ ਸਨ ਤੇ ਅਸੀਂ ਉਸ ਕੋਲੋਂ 2 ਲੱਖ 10 ਹਜ਼ਾਰ ਰੁਪਏ ਰੁਪਏ ਲੈਣੇ ਸਨ। ਇਨ੍ਹਾਂ ਪੈਸਿਆਂ ਨਾਲ ਇਨ੍ਹਾਂ ਨਿਹੰਗ ਸਿੰਘਾਂ ਦਾ ਕੋਈ ਵੀ ਲੈਣ ਦੇਣ ਨਹੀਂ ਹੈ, ਪਰ ਫਿਰ ਵੀ ਰੰਜਿਸ਼ ਵਸ ਅੱਜ ਉਕਤ ਨਿਹੰਗਾਂ ਵਲੋਂ ਘਰ ਵਿਚ ਦਾਖ਼ਲ ਹੋ ਕੇ ਪਰਿਵਾਰਕ ਮੈਂਬਰਾਂ 'ਤੇ ਹਮਲਾ ਕਰ ਦਿੱਤਾ। ਇਸ ਘਟਨਾ ਉਪਰੰਤ ਗਾਂਧੀ ਸੱਥ ਪੱਟੀ ਵਿਖੇ ਲਗਾਏ ਗਏ ਧਰਨੇ ਵਿਚ ਭਾਜਪਾ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ, ਵਰਿੰਦਰ ਸਿੰਘ ਹੀਰਾ ਭੁੱਲਰ, ਵਿਨੋਦ ਖੰਨਾ, ਰਾਕੇਸ਼ ਕਮਲ, ਹਰਪ੍ਰੀਤ ਸਿੰਘ ਸਿੱਧ ਬਾਜ, ਸ਼ਿਵ ਸੋਨੀ, ਸੁਰਜੀਤ ਸਾਗਰ, ਦਵਿੰਦਰ ਕੁਮਾਰ ਰਿੰਕੂ, ਪਦਮ ਕਿਸ਼ੋਰ ਪੱਟੀ ਤੇ ਵੱਡੀ ਗਿਣਤੀ ਵਿਚ ਸ਼ਹਿਰ ਵਾਸੀ ਹਾਜ਼ਰ ਸਨ।

ਇਸ ਘਟਨਾ ਦੀ ਸੂਚਨਾ ਮਿਲਣ 'ਤੇ ਐੱਸ.ਪੀ. (ਡੀ) ਤਰਨ ਤਾਰਨ ਅਜੇਰਾਜ ਸਿੰਘ, ਡੀ.ਐੱਸ.ਪੀ ਪੱਟੀ ਕੰਵਲਪ੍ਰੀਤ ਸਿੰਘ ਮੰਡ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ। ਇਸ ਮੌਕੇ ਧਰਨਾਕਾਰੀਆਂ ਨੂੰ ਭਰੋਸਾ ਦਿੱਤਾ ਕਿ ਇਸ ਕੇਸ ਸਬੰਧੀ ਵੱਖ-ਵੱਖ ਤਿੰਨ ਟੀਮਾਂ ਗਠਿਤ ਕਰਕੇ ਛਾਪੇਮਾਰੀ ਲਈ ਭੇਜ ਦਿੱਤੀਆਂ ਗਈਆਂ ਹਨ ਤੇ ਤਿੰਨ ਦਿਨਾਂ ਦੇ ਵਿਚ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

# • ਪੰਜਾਬੀ ਫ਼ਿਲਮ ਦਰਪਣ •

## "ਮਾਏ ਨੀਂ ਮੈਂ ਇੱਕ ਸ਼ਿਕਰਾ ਯਾਰ ਬਣਾਇਆ-ਦਰਸ਼ਨ ਔਲਖ



ਅਨੇਕਾਂ ਪੰਜਾਬੀ ਤੇ ਹਿੰਦੀ ਫ਼ਿਲਮਾਂ ਦੇ ਅਦਾਕਾਰ ਤੇ ਪਾਲੀਵੁੱਡ ਤੋਂ ਹਾਲੀਵੁੱਡ ਤੱਕ ਫ਼ਿਲਮਾਂ ਦੇ ਲਾਈਨ ਨਿਰਮਾਤਾ ਦਰਸ਼ਨ ਔਲਖ ਲਈ ਸ਼ੁੱਭ ਆਇਆ ਏ ਨਵਾਂ ਸਾਲ ਤੇ ਮਿਲੀ ਏ ਨਵੀਂ ਫਿਲਮ। ਇਹ ਹੈ ਜੱਸੀ ਮਾਨ ਦੀ "ਮਾਏ ਨੀਂ ਮੈਂ ਇੱਕ ਸ਼ਿਕਰਾ ਯਾਰ ਬਣਾਇਆ" ਜਿਸ ਵਿੱਚ ਉਹ ਅਸੀਸ ਦੁੱਗਲ, ਸੁਨੀਤਾ ਧੀਰ ਨਾਲ ਅਦਾਕਾਰੀ ਕਰਨਗੇ। ਦਰਸ਼ਨ ਦੇ ਦਰਸ਼ਨ ਫ਼ਿਲਮਾਂ ਵਿੱਚ ਹੁੰਦੇ ਰਹਿਣ ਤੇ ਲਾਇਨ ਨਿਰਮਾਤਾ ਬਣ ਔਲਖ ਕਰੇ ਹੋਰ ਤਰੱਕੀ 2024 ਵਿੱਚ ਦਰਸ਼ਨ ਔਲਖ ਦੇ ਚਹੇਤੇ ਇਹੀ ਚਾਹੁੰਦੇ ਹਨ। ਨਰਗਿਸ ਫਾਖਰੀ ਨੇ ਨਵੇਂ ਸਾਲ ਦਰਸ਼ਨ ਔਲਖ ਨੂੰ ਖਾਸ ਵਧਾਈ ਵੀ ਦਿੱਤੀ ।

## ਮਿਸ ਪੂਜਾ ਕਹਿੰਦੀ ਇਸ ਸਾਲ ਵੀ ਵਾਰੇ ਨਿਆਰੇ



ਖ਼ੂਬ ਦੋਗਾਣੇ ਚਲਦੇ ਰਹੇ ਮਿਸ ਪੂਜਾ ਦੇ ਤੇ ਅੱਜ ਵੀ ਮਿਸ ਪੂਜਾ ਦਾ ਆਕਰਸ਼ਣ ਕਾਫ਼ੀ ਹੱਦ ਤੱਕ ਬਰਕਰਾਰ ਹੈ। ਪੈਸੇ ਵਾਧੂ ਕਮਾਏ ਹਨ ਤੇ ਨਵੇਂ ਤੋਂ ਨਾਮਵਰ ਗਾਇਕ ਤੱਕ ਉਸ ਨਾਲ ਗਾ ਕਿ ਆਪਣਾ ਧੰਨਭਾਗ ਸਮਝਦੇ ਰਹੇ ਤੇ ਮਿਸ ਪੂਜਾ ਦੀ ਬੱਲੇ ਬੱਲੇ ਫ਼ਿਲਮ ਤੱਕ ਪਹੁੰਚੀ ਤੇ ਨਾਇਕਾ ਬਣ ਵੀ ਸ਼ੋਹਰਤ ਲਈ। ਮਿਸ ਪੂਜਾ ਇਸ 24 ਸੰਨ ਦੌਰਾਨ ਅਮਰੀਕਾ ਵਿਖੇ ਸਟੇਜ ਸ਼ੋ ਲਾ ਰਹੀ ਏ ਨਾਲ ਗੀਤਾ ਜ਼ੈਲਦਾਰ ਹੈ ਤੇ ਪੂਜਾ ਦੀ ਪੂਜਾ ਅਜੇ ਵੀ ਸੰਗੀਤ ਪਿਆਰੇ ਕਰਦੇ ਹਨ ,ਇਹ ਸਾਫ਼ ਦਿਖਾਈ ਦੇ ਰਿਹਾ ਹੈ।

## ਕਰੇਗਾ ਫ਼ਿਲਮ ਜੱਗ ਤੋਂ ਵੱਖਰੀ ਇਸ ਸਾਲ-ਰਾਜ ਕਾਕੜਾ

ਪੰਜਾਬੀਆਂ ਦਾ ਚਹੇਤਾ ਗੀਤਕਾਰ ਹੈ ਰਾਜ ਕਾਕੜਾ ਜਿਸ ਦੀ ਸ਼ਾਇਰੀ ਤੇ ਪੰਜਾਬ ਪ੍ਰਤੀ ਮੋਹ ਜਰਮਨੀ, ਇਟਲੀ, ਯੂਰਪ, ਅਮਰੀਕਾ ਹਰ ਥਾਂ ਸਰੋਤੇ ਤੇ ਦਰਸ਼ਕ ਦੇਖ ਸੁਣ ਅਸ਼ਕੇ ਬਈ ਅਸ਼ਕੇ ਰਾਜ ਦੇ ਆਖਦੇ ਹਨ। ਹੁਣੇ ਜਿਹੇ ਕਨੇਡਾ ਤੇ ਆਸਟ੍ਰੇਲੀਆ ਸਨਮਾਨ ਲੈਣ ਉਪਰੰਤ ਗੀਤਕਾਰ ਤੋਂ ਗਾਇਕੀ ਬਣੇ ਰਾਜ ਨੇ ਕਿਹਾ ਕਿ ਲੋਕ ਓਹਨਾਂ ਨੂੰ ਫ਼ਿਲਮ ਕਰਨ ਲਈ ਕਹਿ ਰਹੇ ਹਨ ਤੇ ਇਸ ਸਾਲ ਓਹ



ਜ਼ਰੂਰ ਕੋਈ ਫ਼ਿਲਮ ਕਰਨਗੇ। "ਪੱਤਾ ਪੱਤਾ ਸਿੰਘਾਂ ਦਾ ਵੈਰੀ" ਕੌਮ ਦੇ ਹੀਰੇ" "ਧਰਮਯੁੱਧ ਮੋਰਚੇ" ਦੇ ਨਾਇਕ ਰਾਜ ਕਾਕੜਾ ਨੂੰ ਪੰਜਾਬੀਅਤ ਦਾ ਨਾਇਕ ਬਣ ਦਰਸ਼ਕ ਦੇਖਣ ਲਈ ਬੇਤਾਬ ਹਨ। ਵਿਦੇਸ਼ ਵਿਖੇ ਅੱਜਕਲ ਸ਼ੋ ਲਾ ਰਹੇ ਰਾਜ ਕਾਕੜਾ ਤੋਂ ਇਸ ਪ੍ਰਤੀ ਐਲਾਨ ਜਲਦੀ ਹੋਏਗਾ।

## ਪੰਜਾਬੀ ਤੇ ਹਿੰਦੀ ਸੰਗੀਤ ਦੇ ਚੋਟੀ ਦੇ ਸਿਤਾਰੇ ਆਪਣੇ ਨਾਲ-ਰਾਮ ਭੋਗਪੁਰ



ਕਿਸਮਤ ਜਦ ਚਮਕਦੀ ਏ ਤਦ ਰਾਤੋਂ ਦਿਨ ਨਹੀਂ ਚੜ੍ਹਨ ਦਿੰਦੀ ਤੇ ਰਾਤੋ ਰਾਤ ਰਾਮ ਭੋਗਪੁਰ ਦੀ ਤਕਦੀਰ ਦੇ ਟਿਮਕਣੇ ਐਸੇ ਚਮਕੇ ਕਿ ਕਦੇ ਸੁਰੇਸ਼ ਵਦੇਕਰ ਓਸ ਲਈ ਗਾ ਰਿਹਾ ਤੇ ਕਦੇ ਸਾਧਨਾ ਸਰਗਮ,ਕਦੇ ਕੰਵਰ ਗਰੇਵਾਲ ਤੇ ਕਦੇ ਹਰਗੁਣ ਕੌਰ। ਗੱਲ ਕਿ ਰਾਮ ਭੋਗਪੁਰ ਨੇ ਚੋਟੀ ਦੇ ਕਲਾਕਾਰਾਂ ਦੇ ਗਾਣੇ ਆਰ ਜੇ ਬੀਟ ਵਿਚੋਂ ਰਲੀਜ਼ ਕੀਤੇ ਹਨ। ਮਿਹਨਤ ਵੀ ਬਹੁਤ ਕੀਤੀ ,ਕਦੇ ਪੰਜਾਬ ਵਿੱਚ ਸਟੇਜ ਤੇ ਜਾਣ ਲਈ ਹਾੜੇ ਤੇ ਹੁਣ ਕਲਾਕਾਰ ਹਾੜੇ ਕੱਢਣ ਕਿ ਸਾਡਾ ਨੰਬਰ ਰਲੀਜ਼ ਕਰੋ। ਫ਼ੈਰ ਤ੍ਰਿਪਤੀ ਸਕਿਆ, ਜਸਪਿੰਦਰ ਨਰੂਲਾ ਤੇ ਅੱਗੇ ਲਾਇਨ ਲੰਬੀ ਹੈ। ਸਾਥ ਪੂਰੀ ਸਾਥ। ਮੁਨੀਸ ਤੇ ਬਾਬਾ ਕਮਲ ਦਾ ਤੇ ਸਿਤਾਰੇ ਚਮਕਣ ਰਾਮ ਭੋਗਪੁਰ ਦੇ ਵਾਹ ਵਾਹ।

## ਹਰ ਕਿਸੇ ਨੂੰ ਨਾਜ ਇਸ ਸਾਲ ਹੋਊ, ਪੱਕੀ ਗੱਲ-ਹਰਨਾਜ ਸੰਧੂ

ਮਿਸ ਸੰਸਾਰ ਬਣ ਜਾਣਾ,ਮਿਸ ਯੂਨੀਵਰਸ ਬਣ ਜਾਣਾ ਆਮ ਜਿਹੀ ਗੱਲ ਨਹੀਂ ਹੈ ਪਰ ਕੋਹਾਲੀ ਪਿੰਡ ਗੁਰਦਾਸਪੁਰ ਦੀ ਜਾਈ ਹਰਨਾਜ ਸੰਧੂ ਨੇ ਬਣ ਦਿਖਾ ਦਿੱਤਾ। ਸੋਹਣੀ ਰੱਜ ਕਿ ਹੈ ਤੇ ਫ਼ਿਲਮਾਂ ਵਾਲੇ ਮਗਰ ਮਗਰ ਪੈਣੇ ਹੀ ਹਨ। ਲੰਬੀ ਬਹੁਤ ਤੇ ਛਮਕ ਜਿਹੀ ਪਤਲੀ, ਪਿਆਰੀ ਹਰਨਾਜ ਨੇ ਹੁਣ ਪੰਜਾਬੀ ਸਿਨੇ ਸੰਸਾਰ ਵਿੱਚ ਆਪਣੇ ਕੂਲੇ ਕੂਲੇ ਪੈਰ ਧਰ ਲਏ ਹਨ। "ਬਾਈ ਜੀ



ਕੁੱਟਣਗੇ" ਫ਼ਿਲਮ ਓਸ ਨੇ ਨਾਇਕਾ ਬਣ ਕੀਤੀ ਹੈ। ਇੱਕ ਹੋਰ ਫ਼ਿਲਮ "ਯਾਰਾਂ ਦੀਆਂ ਪੌ ਬਾਰਾਂ" ਵੀ ਕੀਤੀ ਹੈ ਤੇ ਇਸ ਸਾਲ ਆਖਦੀ ਏ 4 ਫ਼ਿਲਮਾਂ ਹੋਰ ਹਨ। ਵਾਕਿਆ ਹੀ ਹਰ ਤੇ ਨਾਜ ਪਾਲੀਵੁੱਡ ਕਰ ਰਹੀ ਤੇ ਓਹ ਵੀ ਚਾਹੁੰਦੀ ਏ ਕਿ ਬਾਲੀਵੁੱਡ ਵੀ ਇਸ ਤਰਾਂ ਨਾਜ ਕਰੇ ਤਾਂ ਓਹ ਵੀ ਐਸ਼ਵਰਿਆ ਬਣ ਦਿਖਾਏ। ਬਾਕੀ ਗੱਲ ਤਕਦੀਰ ਦੀ ਪਰ ਹਰ ਕਿਸੇ ਨੂੰ ਨਾਜ ਏ ਕਿ ਪੰਜਾਬਣ ਸੰਧੂਆਂ ਦੀ ਕੁੜੀ ਧਮਾਲ ਪਾਏਗੀ।

## ਹਾਲੀਵੁੱਡ ਸਟਾਰ ਪਾਲੀਵੁੱਡ ਲਿਆਉਣੇ ਹੀ ਲਿਆਉਣੇ ਨੇ-ਇੰਦਰ. ਜੇ. ਕੁਮਾਰ

ਬਹੁਤ ਵੱਡੀ ਗੱਲ ਇਸ ਸਾਲ ਪਾਲੀਵੁੱਡ ਲਈ ਹੋਣ ਵਾਲੀ ਏ ਤੇ ਵਿਨ



ਮਰਅਲੇ, ਐਮਾ ਵਾਟਸਨ, ਵਿਨ ਡੀਜ਼ਲ ਜਿਹੇ ਹਾਲੀਵੁੱਡ ਸਟਾਰ ਪੰਜਾਬੀ ਫ਼ਿਲਮ ਵਿੱਚ ਦਿਖਾਈ ਦੇਣਗੇ। ਇੰਦਰ ਜੇ.ਕੁਮਾਰ 15 ਸਾਲ ਤੋਂ ਹਾਲੀਵੁੱਡ ਲਈ ਕੰਮ ਕਰ ਰਹੇ ਨੇ ਤੇ ਓਹਨਾਂ ਲਈ ਸਟੰਟ ਤੱਕ ਕਰਦੇ ਹਨ। ਆਪਣੀ ਭਾਸ਼ਾ ਪ੍ਰਤੀ ਪਿਆਰ ਕਿ ਓਹ ਇੱਕ ਅੰਗਰੇਜ਼ੀ ਤੇ ਪੰਜਾਬੀ ਫ਼ਿਲਮ ਤਿਆਰ ਕਰਨ ਦੀ ਕਥਾ ਪਟਕਥਾ ਤਿਆਰ ਕਰ ਰਹੇ ਹਨ। ਨਾਲ ਹੀ ਇੱਕ ਬਾਲੀਵੁੱਡ ਸ਼ੋ ਤਾਂ ਕਿ ਇਹ ਅਮਰੀਕਨ ਫ਼ਿਲਮਾਂ ਦੇ ਸਿਤਾਰੇ ਭਾਰਤ ਆਓਣ ਤੇ ਇਥੇ ਹੀ ਓਹਨਾਂ ਦੇ ਦ੍ਰਿਸ਼ ਲਏ ਜਾਣ। ਕੰਮ ਬਹੁਤ ਵੱਡਾ ਪਰ ਇੰਦਰ ਲਈ ਕੋਈ ਦਿੱਕਤ ਨਹੀਂ ਓਹ 155 ਹਾਲੀਵੁੱਡ ਫ਼ਿਲਮਾਂ ਕਰ ਚੁੱਕੇ ਹਨ। ਇੰਦਰ ਨੇ ਪੰਜਾਬੀ ਗਾਇਕ ਕਾਕਾ ਤੇ ਬਾਲੀਵੁੱਡ ਗਾਇਕ ਬੀ ਪ੍ਰਾਕ ਦੇ ਸ਼ੋ ਕਰਵਾਏ ਹਨ। ਇਸ ਤਰਾਂ ਇੱਕ ਵੱਡੇ ਪੱਧਰ ਦੀ ਪੰਜਾਬੀ ਫ਼ਿਲਮ ਹਾਲੀਵੁੱਡ ਸਿਤਾਰਿਆਂ ਨਾਲ ਸੱਜੀ ਹੋਈ ਇਸ ਸਾਲ ਆਏ, ਕਾਮਨਾ ਕਰਦੇ ਹਾਂ, ਇਹ ਬਹੁਤ ਮਾਣ ਵਾਲੀ ਗੱਲ ਪਾਲੀਵੁੱਡ ਲਈ ਹੋਏਗੀ।

## "ਮਣਕੇ ਮਣਕੇ, ਗੱਲ ਚਾਂਦੀ ਦੇ ਰੁਪਏ ਵਾਂਗੂੰ ਛਣਕੇ, ਯਾਰ ਅਣਮੁੱਲੇ ਟੀ ਸੀਰੀਜ਼ ਤੋਂ ਪੰਜਾਬੀ ਸੰਗੀਤ ਜਗਤ ਨੂੰ ਦੇਣਾਂ ਦੇਣ ਵਾਲੇ ਦੀ ਨਾਮ-ਬੰਨੀ ਸ਼ਰਮਾ




ਬੰਨੀ ਸ਼ਰਮਾ ਪੰਜਾਬੀ ਮਿਊਜ਼ਿਕ ਇੰਡਸਟਰੀ ਦਾ ਓਹ ਨਾਮ ਏ ਜਿਸ ਪਰਦੇ ਪਿੱਛੇ ਕੰਮ ਕਰ ਕਿ ਕਈ ਗਾਇਕ ਚਮਕਾਏ ਤੇ ਨਾਲ ਹੀ ਕਈ ਕੈਸਟਾਂ, ਸੀ ਡੀ ਤੇ ਟਰੈਕ ਦਾ ਪੇਸ਼ਕਾਰ ਬੰਨੀ ਸ਼ਰਮਾ ਜਿਸ ਦੀ ਇੱਜ਼ਤ ਗੁਰਦਾਸ ਮਾਨ ਸਾਹਿਬ ਵੀ ਕਰਦੇ ਨੇ ਦੀਪਕ ਬਾਲੀ ਜਿਹੇ ਦਿੱਗਜ ਵੀ ਕਰਦੇ ਹਨ। "ਝਾਂਜਰ", "ਝਾਂਜਰ ਦੀ ਛਨਕਾਰ" ਜਿਹੇ ਦੂਰਦਰਸ਼ਨ ਲਈ ਹਿੱਟ ਵਰਾਇਟੀ ਪ੍ਰੋਗਰਾਮ ਓਹਨਾਂ ਬਣਾਏ ਅਸਲ ਵਿੱਚ ਦੂਰਦਰਸ਼ਨ ਤੇ ਗੁਰਦਾਸ ਮਾਨ ਜੀ ਦੇ ਗੀਤਾਂ ਦੇ ਪ੍ਰਸਾਰਣ ਲਈ "ਮਣਕੇ" ਗੀਤ ਵਿੱਚ "ਚਾਂਦੀ ਦਾ ਤਵੀਤ" ਬੰਨੀ ਹੀ ਲਿਆਂਦਾ ਸੀ। ਦੂਰਦਰਸ਼ਨ ਨਾਲ ਰੁੱਸ ਚੁੱਕੇ ਮਾਨ ਸਾਬ ਨੂੰ ਬੰਨੀ ਨੇ ਸਹੀ ਕਰ ਮਸਲਾ ਹੱਲ ਕਰਵਾਇਆ ਸੀ। "ਹੁਣ ਤੈਨੂੰ ਕੀ ਆਖਾਂ" ਮਾਨ ਜੀ ਨੇ ਪਹਿਲਾਂ ਬੰਨੀ ਸ਼ਰਮਾ ਨੂੰ ਸੁਣਾਇਆ ਸੀ ਹੰਸ ਰਾਜ ਹੰਸ ਜੀ ਦਾ "ਆਸ਼ਕਾਂ ਦੀ ਕਾਹਦੀ ਜ਼ਿੰਦਗੀ" ਬੰਨੀ ਨੇ ਰਲੀਜ਼ ਕਰਵਾਇਆ ਸੀ ਦੂਰਦਰਸ਼ਨ ਜਲੰਧਰ ਤੇ "ਮਾਣ ਪੰਜਾਬ ਦੇ" ਗੋਲਡਨ ਜੁਬਲੀ ਹੋਇਆ ਤੇ ਮੰਨਤ ਸਿੰਘ ਨੂੰ ਐਂਕਰ ਤੌਰ ਤੇ ਓਹਨਾਂ ਹੀ ਚਮਕਾਇਆ। ਸਭ ਤੋਂ ਵੱਡੀ ਗੱਲ ਨਾਮ ਕਮਾਉਣਾ ਪੈਸੇ ਤਾਂ ਬਹੁਤ ਲੋਕਾਂ ਕੋਲ ਪਰ ਓਹ ਕਿੱਤਾ ਜਿਹੜਾ ਨਾਮ ਬਣਾਏ ਤਾਂ ਸੰਗੀਤ ਇੰਡਸਟਰੀ ਵੱਲ ਆਏ ਦੇਖੋ ਸਿੱਧੀ ਦਿੱਲੀ ਗੁਲਸ਼ਨ ਕੁਮਾਰ ਟੀ ਸੀਰੀਜ਼ ਨਾਲ ਮਿਲਣੀ ਤੇ ਓਹਨਾਂ ਕਿਹਾ ਤਨਖਾਹ ਕਿ ਕਮਿਸ਼ਨ ਤਾਂ ਬੰਨੀ ਦਾ ਜਵਾਬ ਸੀ ਦੋਨੋਂ ਨਹੀਂ ਬਸ ਟੀ ਸੀਰੀਜ਼ ਦੇ ਪੋਸਟਰ ਤੇ ਗੁਲਸ਼ਨ ਕੁਮਾਰ ਤੇ ਬੰਨੀ ਸ਼ਰਮਾ ਆ ਜਾਏ, ਅਜਿਹਾ ਹੋਇਆ। ਗੱਲ ਕਿ ਬੰਨੀ ਨੇ ਸਵਰਗੀ ਗੁਰਪ੍ਰੀਤ ਢੱਟ ਨੂੰ ਪਹਿਲੀ ਵਾਰ ਹਵਾਈ ਯਾਤਰਾ ਮੁੰਬਈ ਦੀ ਕਾਰਵਾਈ ਸੀ। ਮੰਗਲ ਹਠੂਰ ਦੇ ਪਹਿਲੇ ਗੀਤ ਜਦ ਓਹ ਆਮ ਲੇਖਕ ਬਣ ਆਇਆ ਤਾਂ ਬੰਨੀ ਨੇ ਹੀ ਰਿਕਾਰਡ ਕਰਵਾਏ ਸੀ। ਮਨਮੋਹਨ ਵਾਰਿਸ ਤੇ ਦੀਪਕ ਬਾਲੀ ਨਾਲ ਭਰਾ ਜਿਹਾ ਪਿਆਰ ਬਣ ਗਿਆ। ਸ਼੍ਰੀ ਹਰੀ ਰਮ ਸ਼ਰਮਾ ਤੇ ਤਾਰਾ ਵੰਤੀ ਦੇ ਇਸ ਸਪੁੱਤਰ ਨੇ ਅੱਜ ਤੱਕ ਪੰਜਾਬੀ ਮਿਊਜ਼ਿਕ ਇੰਡਸਟਰੀ ਤੇ ਰਾਜ ਕੀਤਾ ਅੱਜ ਵੀ ਹੈ। ਰਹਿਣ। ਰਘੂ ਤੇ ਸਵੀ ਸ਼ਰਮਾ ਓਸ ਦੇ ਦੋ ਪੁੱਤਰ ਕਨੇਡਾ ਸਥਾਪਿਤ ਹਨ,ਕਿਰਪਾ ਅ ਵਾਹਿਗੁਰੂ ਦੀ ਤੇ ਅੰਗ ਸੰਗ ਚਲੀ ਰਜਨੀ ਸ਼ਰਮਾ ਓਸ ਦਾ ਪ੍ਰੇਰਕ ਸਰੋਤ ਬਣ ਅੱਜ ਵੀ ਨਾਲ ਖੜੀ ਹੈ। ਕਰਨ ਮੱਲ੍ਹੀ, ਦੀਪਕ ਬਾਲੀ, ਗਗਨ ਕੋਕਰੀ, ਹੰਸ ਰਾਜ ਹੰਸ, ਗੁਰਦਾਸ ਮਾਨ ਤੇ ਅਮਰ ਨੂਰੀ ਅਨੇਕਾਂ ਕਲਾਕਾਰ ਨੇ ਜਿਹਨਾਂ ਨਾਲ ਬੰਨੀ ਸ਼ਰਮਾ ਦਾ ਸੰਬੰਧ ਰਿਹਾ ਹੈ ਤੇ ਰਹੇਗਾ। ਬੰਨੀ ਸ਼ਰਮਾ ਯਾਰ ਅਣਮੁੱਲੇ ਤੋਂ ਵੀ ਉੱਪਰ ਹੈ। ਰੱਬ ਲੰਬੀ ਉਮਰ ਦੇਵੇ ਬੰਨੀ ਸ਼ਰਮਾ ਅਜੇ ਹੋਰ ਸੰਗੀਤਕ ਪ੍ਰਾਪਤੀਆਂ ਦੇਵੇ ਪੰਜਾਬੀਆਂ ਨੂੰ ਬੰਨੀ ਸ਼ਰਮਾ ਲਈ ਇਹ ਲਿਖੇ ਫੀਚਰ ਵਿੱਚ ਭੁੱਲ ਚੁੱਕ ਲਈ ਮਾਫ਼ੀ।

-ਅੰਮ੍ਰਿਤ ਪਵਾਰ

# ਜਦੋਂ ਸੰਤ ਜਰਨੈਲ ਸਿੰਘ ਜੀ ਦੇ ਮੋਰਚੇ ਦੀ ਵਾਂਗਡੋਰ ਅਕਾਲੀ ਦਲ ਨੇ ਸੰਭਾਲ ਲਈ...

## ਧਰਮ ਯੁੱਧ ਮੋਰਚੇ 'ਤੇ ਵਿਸ਼ੇਸ਼

ਸੁਖਵਿੰਦਰ ਸਿੰਘ ਮੁੱਲਾਂਪੁਰ
9914184794



ਸਮੇਂ ਸਮੇਂ ਸਿੱਖ ਕੌਮ ਤੇ ਸੰਕਟ ਪੈਂਦੇ ਰਹੇ। ਸਮੇਂ ਸਮੇਂ ਇਸ ਦਲੇਰ ਕੌਮ ਨੇ ਸੰਘਰਸ਼ ਕਰ ਕੇ ਮੋਰਚੇ ਲਾ ਕੇ ਸ਼ਹੀਦੀਆਂ ਪਾ ਕੇ ਗ੍ਰਿਫਤਾਰੀਆਂ ਦੇ ਕੇ ਜਬਰ ਜ਼ੁਲਮ ਦਾ ਟਾਕਰਾ ਕਰਕੇ ਸਿੱਖ ਧਰਮ ਨੂੰ ਚੜ੍ਹਦੀ ਕਲਾਂ ਵਿੱਚ ਰੱਖਿਆ। ਸਿੱਖ ਕੌਮ ਨੂੰ ਜ਼ਾਲਮ ਸਰਕਾਰਾਂ ਨਾਲ ਨਿਪਟਣ ਲਈ ਕਈ ਮੋਰਚੇ ਲਾਉਣੇ ਪਏ ਜਿਸ ਤਰ੍ਹਾਂ ਗੁਰੂ ਕੇ ਬਾਗ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਜੈਤੋ ਦਾ ਮੋਰਚਾ, ਆਦਿ ਇਸ ਤਰਾਂ ਹੀ ਸਮੇ ਦੇ ਸੰਕਟ ਨਾਲ ਨਿਪਟਣ ਲਈ ਧਰਮ ਯੁੱਧ ਮੋਰਚਾ ਲੱਗਿਆ।

13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਨਾਲ ਹੋਏ ਟਾਕਰੇ ਵਿੱਚ 13 ਸਿੰਘ ਸ਼ਹੀਦ ਹੋਣ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਚਰਚਾ ਵਿੱਚ ਆ ਗਏ ਸਨ। ਉਸ ਟਾਇਮ ਤੋਂ ਹੀ ਸਿੱਖ ਕੌਮ ਨੇ ਸੰਤ ਭਿੰਡਰਾਂ ਵਾਲਿਆਂ ਨੂੰ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਨਿਧੱੜਕ ਆਗੂ ਮੰਨਣਾ ਸ਼ੁਰੂ ਕਰ ਦਿੱਤਾ ਸੀ।

18 ਜੁਲਾਈ 1982 ਨੂੰ ਦਮਦਮੀ ਟਕਸਾਲ ਦੇ ਤਿੰਨ ਵਿਆਕਤੀ ਇੱਕ ਥਾਣੇਦਾਰ ਦੇ ਕਤਲ ਕੇਸ ਦੇ ਸਬੰਧ ਵਿੱਚ ਗ੍ਰਿਫ਼ਤਾਰ ਕਰ ਲਏ। 19 ਜੁਲਾਈ ਨੂੰ ਭਾਈ ਅਮਰੀਕ ਸਿੰਘ ਬਾਬਾ ਠਾਰਾ ਸਿੰਘ ਅਤੇ ਇਕ ਹੋਰ ਸਿੰਘ ਉਹਨਾਂ ਦੀ ਜਮਾਨਤ ਕਰਵਾਉਣ ਲਈ ਅੰਮ੍ਰਿਤਸਰ ਕੋਰਟ ਵਿੱਚ ਗਏ ਉੱਥੇ ਭਾਈ ਅਮਰੀਕ ਸਿੰਘ ਨੂੰ ਜੋਗਿੰਦਰ ਸ਼ਾਂਤ ਦੇ ਕਤਲ ਕੇਸ ਵਿਚ ਅਤੇ ਬਾਬਾ ਠਾਰਾ ਸਿੰਘ ਨੂੰ 29 ਨਵੰਬਰ 1981 ਨੂੰ ਮਹਿਤ ਚੌਕ ਵਿਖੇ ਹੋਏ ਬੰਬ ਧਮਾਕੇ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਕੇ ਕੇਸ ਪਾ ਦਿੱਤੇ ਅਤੇ ਅੰਨਾ ਤਸ਼ੱਦਦ ਕੀਤਾ।

ਸੰਤ ਜਰਨੈਲ ਸਿੰਘ ਜੀ ਨੇ ਉਸ ਸ਼ਾਮ ਹੀ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਹਿਤਾ ਚੌਂਕ ਛੱਡ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਗੁਰੂ ਨਾਨਕ ਨਿਵਾਸ ਵਿੱਚ ਰਹਿਣਾ ਅਰੰਭ ਕਰ ਦਿੱਤਾ। ਉਸ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਸਿੰਘਾਂ ਦੀ ਰਿਹਾਈ ਲਈ ਮੋਰਚਾ ਅਰੰਭ ਕਰ ਦਿੱਤਾ ਪਹਿਲੇ ਦਿਨ 51 ਸਿੰਘਾਂ ਨੇ ਗ੍ਰਿਫ਼ਤਾਰੀ ਦਿੱਤੀ। ਰੋਜ਼ਾਨਾਂ ਜੱਥੇ ਗ੍ਰਿਫ਼ਤਾਰੀ ਦੇਣ ਲੱਗੇ। ਸੰਤ ਜੀ ਨੇ ਕਿਹਾ ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ।

25 ਜੁਲਾਈ ਨੂੰ ਸ੍ਰ. ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਹਰਜਿੰਦਰ ਸਿੰਘ ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਆਦਿ ਨੇ ਮੋਰਚੇ ਦੀ ਅਗਲੀ ਰੂਪ ਰੇਖਾ ਤਿਆਰ ਕਰਕੇ ਜੋ ਸੰਤ ਜੀ ਨੇ ਸੰਗਤਾਂ ਨੂੰ ਦੇਣੀ ਸੀ ਉਸ ਨੂੰ ਪਾਸ ਕਰਵਾਉਣ ਲਈ ਹਰਿਮੰਦਰ ਸਿੰਘ ਸੰਧੂ ਕੋਲ ਸੰਤ ਜਰਨੈਲ ਸਿੰਘ ਜੀ ਪਾਸ ਭੇਜ ਦਿੱਤੀ। ਉਸ ਟਾਇਮ ਜੱਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਸ੍ਰ. ਭਾਨ ਸਿੰਘ ਸੰਤ ਜੀ ਕੋਲ ਚਲੇ ਗਏ। ਉਹਨਾਂ ਸੰਤ ਜਰਨੈਲ ਸਿੰਘ ਜੀ ਨੂੰ ਯਕੀਨ ਦਿਵਾਇਆ ਕੱਲ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਫਤਿਹਗੜ੍ਹ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਤੁਹਾਡੇ ਮੋਰਚੇ ਨੂੰ ਅਪਨਾ ਲਿਆ ਜਾਵੇਗਾ। ਗੁਰਚਰਨ ਸਿੰਘ ਟੋਹੜਾ ਤੇ ਯਕੀਨ ਕਰਕੇ ਸੰਤ ਜੀ ਨੇ ਤਿਆਰ ਕੀਤਾ ਐਲਾਨ ਰੋਕ ਲਿਆ ਅਤੇ ਐਲਾਨ ਕਰ ਦਿੱਤਾ ਮੋਰਚਾ ਕਾਮਯਾਬੀ ਤੱਕ ਚਲਦਾ ਰਹੇਗਾ।





ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਰਾਜਨੀਤਕ ਲੀਡਰਾਂ ਨੂੰ ਆਪਣਾ ਭਵਿੱਖ ਡੁੱਬਦਾ ਨਜ਼ਰ ਆਇਆ। ਉਨ੍ਹਾਂ ਕਿਹਾ ਸਿੱਖਾਂ ਨੇ ਸੰਤ ਭਿੰਡਰਾਂ ਵਾਲਿਆਂ ਦੇ ਮੋਰਚੇ ਵਿੱਚ ਰੁੱਚੀ ਵਧਾ ਲੈਣੀ ਹੈ ਸਾਡੀ ਪੁੱਛ ਪ੍ਰਤੀਤ ਖ਼ਤਮ ਹੋ ਜਾਣੀ ਹੈ ਰਾਜਨੀਤਕ ਲੀਡਰ ਹਮੇਸ਼ਾਂ ਪਹਿਲਾਂ ਆਪਣਾ ਸਿਆਸੀ ਭਵਿੱਖ ਵੇਖਦੇ ਹਨ ਬਾਕੀ ਬਾਅਦ ਵਿੱਚ ਦੇਖਿਆ ਜਾਂਦਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਸਨ। ਸੰਤ ਲੌਂਗੋਵਾਲ ਨੇ ਪਹਿਲਾਂ ਹੀ ਆਪਣੀਆਂ 15 ਮੰਗਾਂ ਸਰਕਾਰ ਨੂੰ ਲਿਖ ਕੇ ਦਿੱਤੀਆਂ ਹੋਈਆਂ ਸਨ ਉਹ ਮੰਗਾਂ 30 ਸਤੰਬਰ 1981 ਤੱਕ ਨਾਂ ਮੰਨੇ ਜਾਣ ਤੋਂ ਬਾਅਦ ਮੋਰਚਾ ਲਾਉਣ ਦਾ ਐਲਾਨ ਕੀਤਾ ਹੋਇਆ ਸੀ। ਪਰ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿਚ ਸੰਤ ਭਿੰਡਰਾਂ ਵਾਲਿਆਂ ਨੂੰ ਸਰਕਾਰ ਨੇ ਗ੍ਰਿਫ਼ਤਾਰ ਕੀਤੇ ਜਾਣ ਕਰਕੇ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਮੋਰਚਾ ਲਾਉਣ ਦਾ ਕੰਮ ਵਿੱਚ ਹੀ ਰਹਿ ਗਿਆ ਸੀ।

ਹੁਣ ਅਕਾਲੀ ਦਲ ਨੇ ਆਪਣੀਆਂ ਉਹ ਮੰਗਾਂ ਮੰਨਵਾਉਣ ਲਈ ਸਿਆਸੀ ਚਾਲ ਖੇਡਦੇ ਹੋਏ 26 ਜੁਲਾਈ ਨੂੰ ਕਾਹਲੀ ਨਾਲ ਅਕਾਲੀ ਦਲ ਦੀ ਕਾਰਜਕਰਨੀ ਦੀ ਮੀਟਿੰਗ ਫਤਿਹਗੜ੍ਹ ਸਾਹਿਬ ਸੱਦ ਲਈ ਤਾਂ ਕੇ ਸੰਤ ਭਿੰਡਰਾਂ ਵਾਲਿਆਂ ਦੇ ਮੋਰਚੇ ਨੂੰ ਆਪਣੀਆਂ ਮੰਗਾਂ ਵਾਲੇ ਮੋਰਚੇ ਦੀ ਲਪੇਟ ਵਿਚ ਲੈ ਸਕਣ। ਮੀਟਿੰਗ ਵਿੱਚ ਨਹਿਰ ਰੋਕੂ ਮੋਰਚਾ ਜੋ ਪਟਿਆਲੇ ਜ਼ਿਲ੍ਹੇ ਵਿੱਚ ਕਪੂਰੀ ਦੇ ਅਸਥਾਨ ਤੇ ਧੀਮੀ ਰਫ਼ਤਾਰ ਨਾਲ ਚੱਲ ਰਿਹਾ ਸੀ ਉਸ ਨੂੰ ਠੱਪ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਮੋਰਚੇ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਜੋ ਰਾਜਨੀਤੀ ਤੋਂ ਅਤੇ ਰਾਜਨੀਤੀਕ ਚਾਲਾਂ ਤੋਂ ਕੋਹਾਂ ਦੂਰ ਸਨ ਉਹਨਾਂ ਆਪਣੇ ਮੋਰਚੇ ਦੀ ਕਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦੇ ਦਿੱਤੀ ਅਤੇ ਐਲਾਨ ਕਰ ਦਿੱਤਾ ਮੈਂ ਆਪਣਾ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਲਗਾਏ ਮੋਰਚੇ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਮੋਰਚੇ ਦਾ ਨਾਮ 'ਧਰਮ ਯੁੱਧ ਮੋਰਚਾ' ਰੱਖ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਡਿਕਟੇਟਰਸ਼ਿਪ ਹੇਠ ਸ਼੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ 4 ਅਗਸਤ 1982 ਨੂੰ ਮੋਰਚਾ ਅਰੰਭ ਕਰਨ ਦਾ ਐਲਾਨ ਕਰ ਦਿੱਤਾ। ਜਦੋਂ ਸਾਰੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਨਾਲ ਲੈ ਕੇ ਇੱਕ ਮੰਚ ਤੇ ਇਕੱਠੀ ਹੋਈ ਤਾਂ ਸਿੱਖ ਸੰਗਤਾਂ ਵਿੱਚ ਇੱਕ ਦਮ ਸਰਕਾਰ ਦੇ ਜਬਰ ਤੇ ਜ਼ੁਲਮ ਵਿਰੁੱਧ ਰੋਸ ਭਰ ਗਿਆ। ਸੰਗਤਾਂ ਵਲੋਂ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣ ਦਾ ਉਤਸ਼ਾਹ ਅਤੇ ਜੋਸ਼ ਠਾਠਾ ਮਾਰ ਰਿਹਾ ਸੀ। ਸਿੱਖ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ। ਸਿੱਖ ਲਹਿਰ ਬਣੀ ਦੇਖ ਕੇ ਅਖੰਡ ਕੀਰਤਨੀ ਜੱਥੇ ਅਤੇ ਚੀਫ ਖਾਲਸਾ ਦੀਵਾਨ ਨੇ ਵੀ ਧਰਮ ਯੁੱਧ ਮੋਰਚੇ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। 23 ਦਸੰਬਰ ਨੂੰ ਦਰਬਾਰ ਸਾਹਿਬ ਵਿੱਚ ਹੋਈ ਸਾਬਕਾ ਫ਼ੌਜੀਆਂ ਦੀ ਕਨਵੈਂਸ਼ਨ ਵਿਚ ਵੀ ਬਹੁਤ ਜਿਆਦਾ ਇਕੱਠ ਹੋਇਆ ਸਰਕਾਰ ਦੇ ਡਰਾਵਿਆਂ ਦੀ ਕੋਈ ਪਰਵਾਹ ਨਾ ਕਰਦੇ ਹੋਏ ਸਾਬਕਾ ਫ਼ੌਜੀ ਵੀ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਗਏ। ਜੱਥੇਦਾਰ ਜਗਦੇਵ ਸਿੰਘ ਤਲਵੰਡੀ ਵੀ ਸਾਢੇ ਸਤਾਰਾਂ ਮਹੀਨੇ ਤੋਂ ਦਿੱਲੀ ਵਿਚ ਮੋਰਚਾ ਚੱਲਾ ਰਹੇ ਸਨ ਉਹ ਵੀ ਆਪਣਾ ਮੋਰਚਾ ਬੰਦ ਕਰਕੇ ਧਰਮ ਯੁੱਧ ਮੋਰਚੇ ਵਿੱਚ ਸ਼ਾਮਲ ਹੋ ਗਏ।

4 ਅਗਸਤ 1982 ਨੂੰ ਪਹਿਲਾ 500 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ ਸਿੱਖ ਜੱਥਿਆਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਇੰਨਾ ਜ਼ੋਰ ਫੜ ਗਿਆ ਸੀ ਸਰਕਾਰ ਨੇ ਮੋਰਚਾ ਫੇਲ੍ਹ ਕਰਨ ਖਾਤਰ 26-27 ਅਗਸਤ ਦੀ ਰਾਤ ਨੂੰ 1000 ਦੇ ਕਰੀਬ ਸਿੱਖ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਇਸ ਗ੍ਰਿਫ਼ਤਾਰੀਆਂ ਦੇਣ ਵਾਲੀ ਚਾਲ ਤੇ ਕੋਈ ਅਸਰ ਨਾਂ ਪਿਆ। ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀਆਂ ਦੇਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਨਾਮ ਲਿਖਵਾਉਣ ਵਾਲਿਆਂ ਦੀਆਂ ਲੰਬੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਸਨ। 16 ਅਕਤੂਬਰ ਦੀ ਦੀਵਾਲੀ ਨੂੰ ਮੁੱਖ ਰੱਖਦਿ ਸੰਤ ਹਰਚੰਦ ਸਿੰਘ ਲੋਂਗੋਵਾਲ ਨੇ 11 ਤੋਂ 16 ਅਕਤੂਬਰ ਤੱਕ ਮੋਰਚੇ ਵਿੱਚ ਤੇਜੀ ਲਿਆਉਣ ਲਈ ਦਿਨ ਰਾਤ ਜੱਥੇ ਭੇਜਣੇ ਸ਼ੁਰੂ ਕਰ ਦਿੱਤੇ। ਦਿਵਾਲੀ ਦੇ ਤਿਉਹਾਰ ਨੂੰ ਵੀ ਕਾਲੇ ਦਿਨ ਵਜੋ ਮਨਾਉਣ ਦਾ ਐਲਾਨ ਕਰ ਦਿੱਤਾ।

15 ਤਾਰੀਕ ਨੂੰ ਇੰਦਰਾ ਗਾਂਧੀ ਨੇ ਮੋਰਚੇ ਪ੍ਰਤੀ ਝੂਠਾ ਪ੍ਰਚਾਰ ਕਰਕੇ ਕੁਝ ਅਕਾਲੀ ਲੀਡਰ ਜੇਲ੍ਹਾਂ ਵਿੱਚੋਂ ਧੱਕੇ ਨਾਲ ਬਾਹਰ ਕੱਢ ਦਿੱਤੇ। ਵਿਦੇਸ਼ਾਂ ਦੀਆਂ ਅਖ਼ਬਾਰਾਂ ਵਿੱਚ ਇਹ ਖ਼ਬਰਾਂ ਦਾ ਜ਼ੋਰ ਫੜਿਆ ਹੋਇਆ ਸੀ ਕੇ ਭਾਰਤ ਵਿੱਚ ਸਿੱਖਾਂ (ਘੱਟ ਗਿਣਤੀ) ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ ਉਹਨਾਂ ਦੀ ਕੋਈ ਮੰਗ ਵੀ ਨਹੀ ਮੰਨੀ ਜਾ ਰਹੀ। 19 ਨਵੰਬਰ ਤੋਂ 4 ਦੰਸਬਰ ਤੱਕ ਭਾਰਤ ਵਿੱਚ ਹੋ ਰਹੀਆਂ ਏਸ਼ੀਅਨ ਖੇਡਾ ਵਿੱਚ ਇੰਦਰਾ ਗਾਂਧੀ ਇਸ ਗੱਲ ਤੋਂ ਡਰਦੀ ਸੀ ਕਿਤੇ ਸਿੱਖ ਕੌਮ ਦਾ ਮਸਲਾ ਏਸ਼ੀਅਨ ਖੇਡਾਂ ਵਿਚ ਨਾਂ ਉਠ ਖੜੇ। ਧਰਮ ਯੁੱਧ ਮੋਰਚਾ ਸ਼ੁਰੂ ਹੋਣ ਤੋਂ ਲਗਭਗ ਛੇ ਮਹੀਨੇ ਅੰਦਰ 70,000 ਸਿੱਖਾਂ ਨੇ ਗ੍ਰਿਫ਼ਤਾਰੀਆਂ ਦੇ ਦਿੱਤੀਆਂ 100 ਤੋਂ ਵੱਧ ਸਿੱਖ ਸ਼ਹੀਦ ਹੋ ਗਏ ਸਨ।

ਸਮੇਂ ਸਮੇਂ ਨਾਲ ਸਰਕਾਰ ਵੱਲੋ ਭੇਜੇ ਹੋਏ ਨੁਮਾਇੰਦੇ ਸਰਦਾਰ ਸਵਰਨ ਸਿੰਘ, ਫਾਰੂਕ ਅਬਦੁੱਲਾ, ਐਲ ਕੇ ਅਡਵਾਨੀ, ਮਧੂ ਦੰਡਵਤੇ ਅਮਰਿੰਦਰ ਸਿੰਘ, ਹਰਕ੍ਰਿਸ਼ਨ ਸਿੰਘ ਸੁਰਜੀਤ ਆਦਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੋਹੜਾ, ਪਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਆਦਿ ਨਾਲ ਮੀਟਿੰਗਾਂ ਕਰਦੇ ਰਹੇ। ਉਹ ਮੰਗਾਂ ਮੰਨ ਲੈਣ ਦਾ ਵਿਸ਼ਵਾਸ਼ ਦਿਵਾ ਕੇ ਚਲੇ ਜਾਂਦੇ ਪਰ ਇੰਦਰਾ ਗਾਂਧੀ ਦੇ ਦਿਲ ਵਿੱਚ ਬੇਈਮਾਨੀ ਹੋਣ ਕਰਕੇ ਕੋਈ ਵੀ ਮੰਗ ਸਿਰੇ ਨਾ ਚੜ ਸਕੀ। ਇੱਕ ਵਾਰ ਤਾਂ ਇਸ ਤਰ੍ਹਾਂ ਹੋਇਆ ਇੰਦਰਾ ਗਾਂਧੀ ਨੇ ਅਕਾਲੀ ਦਲ ਨੂੰ ਇਹ ਕਹਿ ਕੇ ਲਾਰਾ ਲਾ ਦਿੱਤਾ ਵਿਰੋਧੀ ਧਿਰ ਤੁਹਾਡੀਆਂ ਮੰਗਾਂ ਤੋਂ ਜਾਣੂੰ ਹੋਣਾ ਚਾਹੁੰਦੀ ਹੈ।

ਜੂਨ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਤੇ ਆਪ੍ਰੇਸ਼ਨ ਬਲਿਊ ਸਟਾਰ ਕਰਵਾ ਦਿੱਤਾ। ਇਸ ਵਿੱਚ ਸਿੱਖਾਂ ਦੇ ਹੱਕ ਜੋ ਮੰਗਾਂ ਦੇ ਰੂਪ ਵਿੱਚ ਧਰਮ ਯੁੱਧ ਮੋਰਚਾ ਲਾ ਕੇ ਮੰਗ ਰਹੇ ਸਨ ਉਹ ਟੈਂਕਾਂ ਨਾਲ ਹੋਏ ਹਮਲੇ ਵਿਚ ਬਰੂਦ ਦੇ ਗੋਲਿਆਂ ਵਿੱਚ ਸਾੜ ਕੇ ਸੁਆਹ ਕਰ ਦਿੱਤੇ। ਧਰਮ ਯੁੱਧ ਮੋਰਚਾ ਅਪ੍ਰੇਸ਼ਨ ਬਲਿਊ ਸਟਾਰ ਦੀ ਭੇਟ ਚੜ੍ਹ ਗਿਆ ਸੀ।

# ਮਹਿੰਗਾਈ ਕੋਈ ਕੁਦਰਤੀ ਵਰਤਾਰਾ ਨਹੀ; ਇਹ ਹਾਕਮਾਂ ਦੀ ਦੇਣ ਹੈ ?

**ਰਾਜਿੰਦਰ ਕੌਰ ਚੋਹਕਾ**
91-98725-44738
001-403-285-4208
EMail: chohkarajinder@gmail.com



ਕੇਂਦਰ ਦੀ ਬੀ.ਜੇ.ਪੀ. (ਹੁਣ ਐਨ.ਡੀ.ਏ.) ਦੀ ਮੋਦੀ ਸਰਕਾਰ ਪਿਛਲੇ ਕਈਆਂ ਸਾਲਾਂ ਤੋਂ ਇਹ ਪ੍ਰਚਾਰ ਕਰਦੀ ਆ ਰਹੀ ਹੈ ਕਿ ਦੇਸ਼ ਦੇ ਅੰਦਰ ਕੀਮਤਾਂ ਕਾਬੂ ਹੇਠ ਹਨ ਅਤੇ 'ਮਹਿੰਗਾਈ'' ਘੱਟ ਰਹੀ ਹੈ। ਪਰ: ਇਨ੍ਹਾਂ ਬਿਆਨਾਂ ਦੇ ਉਲੱਟ 'ਰਿਜ਼ਰਵ ਬੈਂਕ' ਦਾ ਇਹ ਕੱਥਨ ਹੈ, ਕਿ ਖੁਦਰਾ ਦੀ ਮਹਿੰਗਾਈ 4-ਫੀ-ਸੱਦ ਤੋਂ ਹੇਠਾਂ ਲਿਆਉਣ ਲਈ ਪੂਰੀਆਂ ਕੋਸ਼ਿਸ਼ਾਂ ਜਾਰੀ ਹਨ। ਪਰ ! ਜਮੀਨੀ ਸਚਾਈ ਕੁਝ ਹੋਰ ਹੀ ਹੈ। ਜੂਨ, 2024 ਦੇ ਮਹੀਨੇ ਵਿਚ ਅਨਾਜ ਦੀਆਂ ਕੀਮਤਾਂ ਵਿੱਚ 8.75-ਫੀ-ਸਦ, ਫਲਾਂ ਦੀਆਂ ਕੀਮਤਾਂ ਵਿੱਚ 7.15-ਫੀ ਸੱਦ, ਸਬਜ਼ੀਆਂ ਦੀਆਂ ਕੀਮਤਾਂ ਵਿੱਚ 29.32-ਫੀ ਸਦ ਅਤੇ ਦਾਲਾਂ ਦੀਆਂ ਕੀਮਤਾਂ ਵਿੱਚ 16.07-ਫੀ ਸਦ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਤੋਂ ਬਿਨਾਂ ਇਕ ਗਰੀਬ ਨੂੰ ਚੁੱਲ੍ਹਾ ਤਪਾਉਣ ਲਈ ਰਸੋਈ ਗੈਸ, ਬਾਲਣ ਅਤੇ ਪਾਣੀ ਦੀ ਲੋੜ ਹੁੰਦੀ ਹੈ। ਰਸੋਈ ਗੈਸ ਦੀਆਂ ਕੀਮਤਾਂ ਵੀ ਕਈ ਗੁਣਾਂ, ਵਾਰ-ਵਾਰ ਵਧਾਈਆਂ ਗਈਆਂ ਹਨ। ਅੱਜ ! ਪੰਜ ਜੀਆਂ ਦਾ ਪ੍ਰੀਵਾਰ ਜਿਹੜਾ ਇਕ ਦਿਨ 'ਚ 2 ਤੋਂ 2.5 ਡਾਲਰ ਕਮਾਉਂਦਾ ਹੈ, ਉਸ ਦਾ ਚੁੱਲ੍ਹਾ ਤੱਪਣਾ ਬਹੁਤ ਹੀ ਮੁਸ਼ਕਿਲ ਹੋ ਰਿਹਾ ਹੈ। ਭਾਵੇਂ ਦੇਸ਼ ਦੇ ਪ੍ਰਧਾਨਮੰਤਰੀ ਵਲੋਂ ਦੇਸ਼ ਦੀ ਆਰਥਿਕ ਵਿਕਾਸ ਦਾ ਘੋੜਾ ਦੁਨੀਆਂ ਵਿੱਚ ਫਸਟ ਆਉਣ ਵਾਲੀ ਲਾਈਨ ਦੇ ਨੇੜੇ-ਤੇੜੇ ਪੁੱਜਣ ਦੀਆਂ ਸੀਟੀਆਂ ਵਜਾਈਆਂ ਜਾ ਰਹੀਆਂ ਨ, ਪਰ ! ਦੇਸ਼ ਦੇ 80 ਕਰੋੜ ਤੋਂ ਵੀ ਵੱਧ ਅਵਾਮ ਅਤਿ ਦੀ ਇਸ ਮਹਿੰਗਾਈ ਵਿਚ ਦੋ ਟੁੱਕ ਦੀ ਰੋਟੀ ਤੋਂ ਆਤੁਰ ਹੁਣ ''ਸਰਕਾਰੀ ਰੋਟੀ ਵੱਲ ਝਾਕਦੇਂ ਨਜ਼ਰ ਆਉਂਦੇ ਹਨ। ਅੱਜ ਮਹਿੰਗਾਈ ਵਿਚ ਇਹ ਵਾਧਾ ਉਪੱਰ ਨੂੰ ਟੀਸੀ ਵੱਲ ਜਾ ਰਿਹਾ ਹੈ। ਪਰ ! ਹਾਕਮੀ ਦਾਅਵੇ ਮਹਿੰਗਾਈ ਰੋਕਣ ਅਤੇ ਕਾਬੂ ਕਰਨ ਵਿਚ ਅਸਫਲ ਹੋਏ ਨਜ਼ਰ ਆਉਂਦੇ ਹਨ।

ਮੋਦੀ ਸਰਕਾਰ ਦੀਆਂ ਮੌਜੂਦਾ ਨੀਤੀਆਂ ਜੋ ਪੂੰਜੀਵਾਦੀ ਕਾਰਪੋਰੇਟੀ ਅਤਿ ਦੀ ਫਿਰਕਾ ਪ੍ਰਸਤ ਪੱਖੀ ਲੀਹਾਂ 'ਤੇ ਚਲ ਰਹੀਆਂ ਹਨ, ਉਹ ਹੁਣ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਅਤੇ ਮਹਿੰਗਾਈ ਨੂੰ ਕਾਬੂ ਰੱਖਣ ਵਿੱਚ ਅਸਫਲ ਨਜਰ ਆ ਰਹੀਆਂ ਹਨ। ਸਗੋਂ 'ਤੇ ਸਰਕਾਰ ਦੀਆਂ ਇਨ੍ਹਾਂ ਨੁਕਸਦਾਰ ਨੀਤੀਆਂ ਕਾਰਨ ਹੀ ਦੇਸ਼ ਦੀ ਇਕ ਟ੍ਰਿਲੀਅਨ ਡਾਲਰ ਦੀ ਸਮੁੱਚੀ ਸੰਪਤੀ 71-ਅਰਬਪਤੀਆਂ ਦੇ ਕਬਜ਼ੇ ਵਿਚ ਇਕੱਠੀ ਹੋ ਗਈ ਹੈ। ਦੇਸ਼ ਦੀ ਪੂੰਜੀ ਦਾ ਵਹਾਅ ਇਨ੍ਹਾਂ ਅਰਬਪਤੀਆਂ ਦੇ ਹੱਕਾਂ 'ਚ ਇਕੱਠਾ ਹੋਣ ਕਾਰਨ, ਦੇਸ਼ ਦੀ ਮੰਡੀ ਵੀ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੈ। ਇਹੀ ਮੁੱਖ ਕਾਰਨ ਹੈ ਕਿ, ਕਿ ਦੇਸ਼ ਅੰਦਰ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਗ੍ਰਾਫ ਦਾ ਉਪਰ ਜਾਣਾ ਅਤੇ ਵੱਧਣਾ ਇਨ੍ਹਾਂ ਦੇ ਹੱਥਾਂ ਵਿੱਚ ਹੈ। ਮੰਡੀ ਅੰਦਰ ਕਾਬਜ਼ ਇਹ ਪੂੰਜੀਪਤੀ ਇਨਪੁੱਟ ਲਾਗਤਾਂ 'ਚ ਬੇ-ਵਹਾ ਵਾਧਾ ਕਰਕੇ ਮਹਿੰਗਾਈ ਦਾ ਇਕ ਚਕਰ ਚਲਾ



ਰੱਖਦੇ ਹਨ। ਜਿਸ ਨਾਲ ਥੋਕ ਮੁੱਲ-ਸੂਚਕ ਅੰਕ ਮਹਿੰਗਾਈ ਉਪੱਰ ਹੀ ਜਾਂਦੀ ਰਹਿੰਦੀ ਹੈ। ਕਿਉਂਕਿ ? ਹਾਕਮਾਂ ਦੀ ਸਰਪ੍ਰਸਤੀ ਹੇਠ ਇਹ ਲੋਕ ਮਨਮਾਨੀਆਂ ਕਰਦੇ ਹਨ ਅਤੇ ਅਥਾਹ ਮੁਨਾਫ਼ਿਆਂ ਲਈ ਅਵਾਮ (ਆਮ ਲੋਕਾਂ) ਦਾ ਹਰ ਤਰ੍ਹਾਂ ਸ਼ੋਸ਼ਣ ਕਰਦੇ ਹਨ। ''ਰਿਜ਼ਰਵ ਬੈਂਕ'' ਦਾ ਮੰਨਣਾ ਹੈ, ਕਿ ਆਉਂਦੇ ਕੁਝ ਹਫਤਿਆਂ ਦੇ ਬਾਦ ਮਹਿੰਗਾਈ ਘੱਟ ਸਕਦੀ ਹੈ। ਜਦਕਿ ''ਕੌਮੀ ਅੰਕੜਾ ਵਿਭਾਗੋਂ ਦੇ ਅਨੁਸਾਰ ਖਾਧ (ਖੁਰਾਕੀ ਵਸਤਾਂ) ਮਹਿੰਗਾਈ 9.36 ਫੀ-ਸਦ ਤੱਕ ਪਹੁੰਚ ਗਈ ਹੈ, ਜੋ ਮਈ-2024 ਵਿਚ 8.69- ਫੀ-ਸੱਦ ਸੀ। ਥੋਕ ਮਹਿੰਗਾਈ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਵੱਧ ਰਹੀ ਹੈ। ਅਜਿਹੀ ਮਹਿੰਗਾਈ ਨਾਲ ਤਰਾਹ-ਤਰਾਹ ਕਰ ਰਹੀ ਜਨਤਾ ਨੂੰ ਕਦੋਂ ਰਾਹਤ ਮਿਲੇ ਅਤੇ ਕਦੋਂ ਤੱਕ ਸੁਧਾਰ ਦੀਆਂ ਸੰਭਾਵਨਾਵਾਂ ਹੋਣਗੀਆਂ, ਦਾ ਸਰਕਾਰ ਨੇ ਕੋਈ ਵੀ ਤੇ ਕਿਸੇ ਵੀ ਪ੍ਰਕਾਰ ਦੀਆਂ ਕਿਆਸ ਅਰਾਈਆਂ ਦਾ ਕੋਈ ਵੀ ਪੇਸ਼ਬੰਦੀਆਂ ਨਹੀਂ ਕੀਤੀਆਂ ਹਨ ਅਤੇ ਨਾ ਹੀ ਸਰਕਾਰ ਨੂੰ ਅਜੇ ਇਸ ਦੀ ਕੋਈ ਵੀ ਚਿੰਤਾ ਜਾਪਦੀ ਹੈ। ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ ਕਦੋਂ ਘੱਟਣਗੀਆਂ ਦਾ ਵੀ ਕੋਈ ਪਤਾ ਨਹੀ ਹੈ ? ਸੰਸਾਰ ਵਿੱਚ ਅੱਜ ਜਿਸ ਤਰ੍ਹਾਂ ਸੰਘਰਸ਼ਾਂ ਦਾ ਹਾਲਾਤ 'ਤੇ ਮੰਦੀ ਦੀ ਦੌਰ ਮੰਡਰਾ ਰਿਹਾ ਹੈ, ਦੇ ਦੌਰਾਨ ਵੀ ਹਾਕਮਾਂ ਵਲੋਂ ਕੀਮਤਾਂ ਨੂੰ ਘਟਾਉਣ ਦਾ ਕੋਈ ਵੀ ਦਾਅਵਾ ਨਹੀ ਕੀਤਾ ਜਾ ਰਿਹਾ ਹੈ।

ਸਨਅਤੀ, ਉਸਾਰੀ ਖੇਤਰ ਅਤੇ ਬਿਜਲੀ ਖੇਤਰ ਵਿੱਚ ਵੀ ਮਹਿੰਗਾਈ ਵੱਧਣ ਦੇ ਆਸਾਰ ਸਾਫ਼ ਦਿਸ ਰਹੇ ਹਨ। ਇਸੇ ਤਰ੍ਹਾਂ ਕੋਲੇ ਦੇ ਉਤਪਾਦਨ ਵਿੱਚ ਵੀ ਵਿਕਾਸ ਦੀ ਦਰ ਸੁਸਤ ਹੀ ਹੈ। ਜਦੋਂ ਕਿ ਕੋਲੇ ਦੀ ਮੰਗ ਵਧੀ ਹੈ, ਤਾਂ ਇਹੋ ਜਿਹੇ ਸਮੇਂ ਵਿੱਚ ਬਿਜਲੀ ਦੇ ਉਤਪਾਦਨ ਉਪਰ ਇਸਦਾ ਦੂਰ-ਅਸਰ ਪੈਣਾ ਵੀ ਲਾਜ਼ਮੀ ਹੈ। ਉਸਾਰੀ ਸਨਅਤ ਵਿੱਚ ਲਾਗਤ 'ਤੇ ਖੁਦਰਾ ਮਹਿੰਗਾਈ ਤੇ ਅਸਰ ਪੈਣਾ ਵੀ ਲਾਜ਼ਮੀ ਹੈ। ਉਸਾਰੀ ਸਨਅਤ ਦੀ ਲਾਗਤ ਵੱਧਣ ਕਰਕੇ ਸਮੁੱਚੀ ਖੁਦਰਾ ਮਹਿੰਗਾਈ ਵੀ ਵੱਧਣੀ ਹੈ। ਜਦ ਕਿ ਕੋਲੇ 'ਤੇ ਬਿਜਲੀ ਦੀਆਂ ਕੀਮਤਾਂ ਵਧਣ ਦੇ ਨਾਲ ਵੀ, ਦੂਸਰੇ ਖੇਤਰਾਂ ਵਿੱਚ ਵੀ ਮਹਿੰਗਾਈ ਵੱਧਦੀ ਹੈ। ਇਸ ਤੋਂ ਪਤਾ ਚਲਦਾ ਹੈ, ਕਿ ਆਉਣ ਵਾਲੇ ਸਮੇਂ ਵਿਚ ਵੀ ਇਨ੍ਹਾਂ ਹਾਲਾਤਾਂ ਵਿਚ ਮਹਿੰਗਾਈ ਵਿਚ ਕੋਈ ਵੀ ਸੁਧਾਰ ਆਉਣ ਦੀ ਉਮੀਦ ਨਹੀ ਹੈ 'ਤੇ ਨਾ ਹੀ ਹਾਕਮ ਚਿੰਤਤ ਨਜ਼ਰ ਆਉਂਦੇ ਹਨ। ਕੀਮਤਾਂ ਵਿੱਚ ਹੋਰ ਵਾਧਾ ਹੋਵੇਗਾ ?

ਮਹਿੰਗਾਈ ਦਾ ਵੱਡਾ ਕਾਰਨ ਵਿਕਾਸ ਦਰ ਵਿੱਚ (ਅਸੰਤੁਲਨ) ਅਸਾਵਾਂਪਨ ਵੀ ਹੈ। ਕੁਝ ਖੇਤਰਾਂ ਵਿਚ ਵਿਕਾਸ ਦਰ ਕਾਫੀ ਉੱਚੀ ਹੈ 'ਤੇ ਕੁਝ ਵਿੱਚ ਬਿਲਕੁਲ ਹੇਠਾਂ ਹੈ ਜੋ ਥੋਕ ਮਹਿੰਗਾਈ ਵੱਧਣ ਦਾ ਕਾਰਨ ਹੈ ਜਿਸ ਦਾ ਖੁਦਰਾ ਮਹਿੰਗਾਈ ਉਪਰ ਉਸਦਾ ਸਿੱਧਾ ਅਸਰ ਪਏਗਾ। ਪ੍ਰਤੂੰ, ਜੇਕਰ ਚੀਜ਼ਾ ਦੇ ਉਤਪਾਦਨ 'ਤੇ ਲਾਗਤ ਵਧੇਗੀ ਤਾਂ ! ਖੁਦਰਾ ਵਸਤੂਆਂ (ਚੀਜਾਂ) ਦੇ ਭਾਅ (ਕੀਮਤਾਂ) ਵੀ ਉਸ ਦੇ ਅਨੁਪਾਤ ਵਿੱਚ ਹੋਰ ਵੀ ਜ਼ਿਆਦਾ ਉਪਰ ਜਾਣਗੀਆਂ 'ਤੇ ਫਿਰ ਮਹਿੰਗਾਈ ਵੱਧੇਗੀ। ਮਹਿੰਗਾਈ ਦਾ ਵੱਧਣਾ ਕਿਆਸੀ ਥੋਕ ਮੁੱਲ ਸੂਚਕ ਅੰਕ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਜਦ ਕਿ ਮਹਿੰਗਾਈ ਉਸ ਤੋਂ ਵੱਧ ਹੁੰਦੀ ਹੈ। ਇਸ ਲਈ ਜਦੋਂ ਸਰਕਾਰੀ ਅੰਕੜਿਆ ਵਿੱਚ ਮਹਿੰਗਾਈ ਦੀ ਦਰ ਦਾ ਸਤਰ ਘੱਟਿਆ ਹੋਇਆ ਦਰਜ ਹੁੰਦਾ ਨਜ਼ਰ ਆਉਂਦਾ ਹੈ ਤੱਦ ਵੀ ਆਮ ਖਪਤਕਾਰ ਨੂੰ ਕੋਈ ਵੀ ਰਾਹਤ ਮਹਿਸੂਸ ਨਹੀਂ ਹੁੰਦੀ। ਭਾਵ ਮਹਿੰਗਾਈ ਘੱਟੀ ਹੋਈ ਨਹੀ ਲੱਗਦੀ। ਕਿਉਂਕਿ ? ਅਮਲ ਵਿੱਚ ਅਜਿਹਾ ਸਾਹਮਣੇ ਨਹੀਂ ਹੁੰਦਾ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਮਹਿੰਗੀਆਂ ਹੀ ਹੁੰਦੀਆਂ ਹਨ।

18-ਵੀਂ ਲੋਕ ਸਭਾ ਦੀ 2024 ਦੀਆ ਦੀਆਂ ਚੋਣਾ ਵਿੱਚ ਵਿਰੋਧੀ ਧਿਰ ਵਲੋਂ ''ਮਹਿੰਗਾਈ ਅਤੇ ਬੇਰੁਜ਼ਗਾਰੀ'' ਦੇ ਮੁੱਦੇ ਨੂੰ ਚੁੱਕਿਆ ਗਿਆ ਹੈ 'ਤੇ ਮੋਦੀ ਸਰਕਾਰ ਤੋਂ ਪਿਛਲੇ ਦਸਾਂ ਸਾਲਾਂ ਵਿੱਚ 'ਮਹਿੰਗਾਈ 'ਤੇ ਬੇਰੁਜ਼ਗਾਰੀ' ਨੂੰ ਨਾ ਰੋਕ 'ਤੇ ਕਾਬੂ ਕਰ ਸਕਣ ਦੇ ਕਾਰਨਾਂ ਨੂੰ ਪੁਛਿਆ ਜਾਂਦਾ ਰਿਹਾ ਹੈ। ਇਸ ਤੋਂ ਪਤਾ ਲਗਦਾ ਹੈ, ਕਿ ਇਸ ਨਵੀਂ ਸੰਸਦ ਵਿਚ ਵਿਰੋਧੀ ਧਿਰਾਂ ਇਸ ਮੁੱਦੇ ਨੂੰ ਲੈ ਕੇ ਮੋਦੀ ਸਰਕਾਰ ਦੇ ਵਿਰੁੱਧ ਵੱਧ ਰਹੀ ਮਹਿੰਗਾਈ ਅਤੇ ਬੇਰੁਜ਼ਗਾਰੀ ਵਿਰੁੱਧ ਫਿਰ ਤਿੱਖੇ ਵਾਰ ਕਰੇਗੀ। ਅੱਜ ! ਦੇਸ਼ ਵਿਚ ਇਕ ਅਜੀਬ ਜਿਹਾ ''ਸੰਤੁਲਨ'' ਹੈ ? ਇਕ ਪਾਸੇ ਮੋਦੀ ਸਰਕਾਰ ਕਹਿ ਰਹੀ ਹੈ, 'ਕਿ ਦੇਸ਼ ਦੀ ਅਰਥ-ਵਿਵਸਥਾ ਅੱਗੇ ਵੱਧ ਰਹੀ ਹੈ; ਜਦ ਕਿ ਦੇਸ਼ ਵਿਚ 'ਮਹਿੰਗਾਈ ਤੇ ਬੇਰੁਜ਼ਗਾਰੀ' ਦਾ ਮੁੱਦਾ ਸਮੁੱਚੇ ਲੋਕਾਂ ਲਈ ਇਕ ਚੁਨੌਤੀ ਬਣਿਆ ਹੋਇਆ ਹੈ। ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਨੂੰ ਹੇਠਾਂ ਲਿਆਉਣਾ ਬਹੁਤ ਜ਼ਰੂਰੀ ਹੈ ! ਕਿ; ਬਜ਼ਾਰ ਵਿੱਚ (ਵਸਤਾਂ) ਚੀਜ਼ਾਂ ਦੇ ਪ੍ਰਵਾਹ 'ਚ ਵਾਧਾ ਹੋਵੇ। ਪ੍ਰਤੂੰ-ਬੇਰੁਜ਼ਗਾਰੀ ਵੱਧਣੀ, ਪ੍ਰਤੀ ਵਿਅਕਤੀ ਆਮਦਨ ਘਟਣੀ ਤੇ ਕਿਰਤੀ ਸ਼ਕਤੀ ਦੇ ਘੱਟ ਜਾਣ ਨਾਲ ਵੀ ਬਜ਼ਾਰ ਵਿਚ ਸੰਤੁਲਨ ਨਹੀਂ ਬਣ ਰਿਹਾ ਹੈ। ਜਦੋਂ ਕਿਰਤ ਮੰਡੀ ਵਿਚ ਰੁਜ਼ਗਾਰ ਹੀ ਨਹੀਂ ਮਿਲ ਰਿਹਾ, ਕਿਰਤੀ ਦੇ ਜੇਬ ਵਿਚ ਪੈਸਾ ਨਹੀਂ ਆ ਰਿਹਾ, ਤਾਂ ਮੰਡੀ ਦਾ ਮਾਲ ਕੌਣ ਖਰੀਦੇਗਾ ? ਮੰਦਾ ਸਾਹਮਣੇ ਦਿੱਸੇਗਾ ! ਮਹਿੰਗਾਈ 'ਤੇ ਮੁਨਾਫਾ ਅੱਗੇ ਵੱਧੇਗਾ। ਦੂਸਰਾ ਜਦੋਂ ਮੌਸਮ ਦੇ ਮੁਤਾਬਿਕ ਫਸਲ ਪੱਕਦੀ ਹੈ 'ਤੇ ਮੰਡੀ ਵਿੱਚ ਵੇਚੀ ਜਾਣ ਸਮੇਂ ਵੀ 'ਤੇ ਖਾਣ-ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦਾ ਵੱਧਣਾ ਵੀ ਜਾਰੀ ਰਹਿੰਦਾ ਹੋਵੇ। ਦੂਸਰੇ ਪਾਸੇ ਕਿਸਾਨ ਵੀ ਆਪਣੀਆਂ ਫਸਲਾਂ ਦੀਆਂ ਕੀਮਤਾਂ ਪੂਰੀਆਂ ਅਤੇ ਸਮੇਂ ਸਿਰ ਪੈਸੇ ਨਾ ਮਿਲਣ ਨਾਲ ਵੀ ਪਰੇਸ਼ਾਨ ਰਹਿੰਦੇ ਹੋਣ। ਮੌਸਮ ਦੀ ਖਰਾਬੀ ਕਾਰਨ ਫਸਲਾਂ ਦੇ ਤਬਾਹ ਹੋਣ ਕਾਰਨ, ਇਕ ਪਾਸੇ ਕਿਸਾਨ ਆਰਥਿਕ ਮੰਦੀ ਦਾ ਸ਼ਿਕਾਰ ਹੋ ਜਾਂਦਾ ਹੈ 'ਤੇ ਦੂਸਰਾ ਉਸਨੂੰ ਫਸਲ ਦੇ ਨੁਕਸਾਨ ਹੋਣ ਦੇ ਬਰਾਬਰ ਮੁਆਵਜ਼ਾ ਨਾ ਮਿਲਣ ਕਾਰਨ 'ਤੇ ਤੀਸਰਾ ਵੱਧ ਰਹੀ ਮਹਿੰਗਾਈ ਕਾਰਨ ਆਪਣੇ ਪ੍ਰੀਵਾਰਾਂ ਦਾ ਗੁਜ਼ਾਰਾ ਵੀ ਮੁਸ਼ਕਿਲ ਨਾਲ ਕਰਦਾ ਹੋਵੇ ? ਫਿਰ ਦੇਸ਼ ਵਿਚ ਮੰਦੀ ਦੀਆਂ ਨਿਸ਼ਾਨੀਆਂ ਫਿਰ ਹੋਰ ਕੀ ਹੋ ਸਕਦੀਆਂ ਹਨ। ਦੇਸ਼ ਨੂੰ ਆਰਥਿਕ ਸਮਰੱਥ ਕਿਵੇਂ ਕਹਿ ਸਕਦੇ ਹਾਂ ?

ਦੇਸ਼ ਵਿਚ ਮਹਿੰਗਾਈ ਵੱਧਣ ਦੇ ਨਾਲ ਕੰਪਨੀਆਂ ਦੇ ਮਾਲ ਸਾਬਣ, ਹੇਅਰ ਆਇਲ 'ਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦੋ ਮਹੀਨਿਆਂ ਦੇ ਵਿਚ ਹੀ 2 ਤੋਂ 17-ਫੀ-ਸੱਦ ਤਕ ਵੱਧ ਗਈਆਂ ਹਨ। ਟਾਟਾ, ਡਾਬਰ ਅਤੇ ਇਮਾਮੀ ਜਿਹੀਆਂ ਕੰਪਨੀਆਂ ਨੇ ਵੀ ਆਪਣੀ ਪ੍ਰੋਡੈਕਟਸ ਦੀਆਂ ਚੀਜ਼ਾਂ ਦੇ ਭਾਅ (ਕੀਮਤਾਂ) ਵਧਾਉਣ ਦੇ ਇਸ਼ਾਰੇ ਦਿੱਤੇ ਹਨ। ਇਹ ਕੰਪਨੀਆਂ ਕੱਚੇ ਤੇਲ ਦੀਆਂ ਕੀਮਤਾਂ ਦੇ ਵੱਧਣ ਕਰਕੇ ਆਪਣੇ ਮਾਲ ਦੀਆਂ ਕੀਮਤਾਂ ਵਧਾਉਣ ਦਾ ਇਸ਼ਾਰਾ ਕਰ ਰਹੀਆਂ ਹਨ। ਕਿਉਂਕਿ ਹਾਕਮਾਂ ਨੇ ਮੰਡੀ ਨੂੰ ਖੁਲ੍ਹਾ ਛੱਡਿਆ ਹੁੰਦਾ ਹੈ। 'ਆਈ.ਸੀ.ਆਈ.ਸੀ.ਆਈ. ਸਕਿਉਰਟੀ' ਨੇ ਰਿਪੋਰਟ ਵਿੱਚ ਲਿਖਿਆ ਹੈ, ਕਿ ਇਸ ਚਾਲੂ ਸਾਲ 2024-25 ਵਿਚ (ਕੀਮਤਾਂ) ਭਾਅ ਔਸਤਨ ਇਕ ਫੀ ਸੱਦ ਤੋਂ ਤਿੰਨ ਫੀ-ਸੱਦ ਤੱਕ ਵੱਧ ਸਕਦੇ ਹਨ। ਉੱਥੇ ਹੀ ''ਨੁਵਾਮਾ'' ਇਨਸਟੀਟਿਊਸ਼ਨਲ ਇਕਵੀਟੀਜ਼'' ਦਾ ਮੰਨਣਾ ਹੈ, ਕਿ ''ਐਫ.ਐਮ.ਸੀ. ਪ੍ਰੋਡੱਕਟ'' ਦੀਆ ਕੀਮਤਾਂ ਵੀ ਫਿਰ ਵੱਧ ਸਕਦੀਆਂ ਹਨ। ਭਾਵ ! ਤਿਆਰ ਮਾਲ ਹੋਰ ਮਹਿੰਗਾ ਹੋ ਜਾਵੇਗਾ !

''ਰੀਜ਼ਰਵ ਬੈਂਕ ਆਫ ਇੰਡੀਆਂ' ਦਾ ਅਨੁਮਾਨ ਹੈ, ''ਕਿ ਅਜੇ ਤੱਕ ਵੱਧ ਰਹੀ ਮਹਿੰਗਾਈ ਇਸੇ ਤਰ੍ਹਾਂ ਹੀ ਰਹੇਗੀ 'ਤੇ ਉਸ ਵਿਚ ਉਤਰਾਓ-ਚੜ੍ਹਾਓ ਆ ਸਕਦਾ ਹੈ।'' ਭਾਵ ! ਸਰਕਾਰ ਦੇ ਕੋਈ ਸਾਰਥਿਕ ਉਪਰਾਲੇ ਹੋਏ ਨਹੀਂ ਦਿਸ ਰਹੇ ਹਨ। ਆਮ ਤੌਰ 'ਤੇ ਮਹਿੰਗਾਈ ਦਾ ਅਸਰ ਖੁਦਰਾ ਮਹਿੰਗਾਈ 'ਤੇ ਵੀ ਪੈਂਦਾ ਹੈ। (ਵਸਤਾਂ) ਚੀਜ਼ਾਂ ਥੋਕ ਵਿਚ ਮਹਿੰਗੀਆਂ ਹੁੰਦੀਆਂ ਹਨ ਅਤੇ ਖੁਦਰਾ ਕੀਮਤਾਂ ਵੀ ਵੱਧਦੀਆਂ ਹਨ। ਪਰ ! ਬੀਤੇ ਮਈ ਮਹੀਨੇ ਵਿੱਚ ਇਹ ਕੰਮ ਉਲੱਟ ਹੋਇਆ ਹੈ। ਥੋਕ ਮਹਿੰਗਾਈ ਵੱਧੀ ਹੈ 'ਤੇ ਖੁਦਰਾ ਮਹਿੰਗਾਈ ਖੜ੍ਹੀ ਹੈ (ਅੰਕੜਾ)। ਮਹਿੰਗਾਈ ਵੱਧਣ ਦੇ ਕਾਰਨਾਂ ਲਈ ਆਮ ਹੀ ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧੇ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ। ਬਾਕੀ ਹਿਸਾ ਸਫਾ 60 ਤੇ ਪੜ੍ਹੋ

### 59 ਸਫ਼ੇ ਦੀ ਬਾਕੀ

ਪਿਛਲੇ ਦੋ ਸਾਲਾਂ ਵਿਚ "ਰੂਸ-ਯੂਕਰੇਨ ਯੁੱਧ 'ਤੇ ਫਿਰ ਇਜ਼ਰਾਈਲ- ਹਮਾਸ (ਗਾਜ਼ਾ) 'ਚ ਜੰਗ ਦੇ ਕਾਰਨ ਦੁਨੀਆਂ ਭਰ ਵਿੱਚ ਖਾਣ-ਪੀਣ ਦੀਆ ਚੀਜ਼ਾਂ ਦੀ (ਪੈਦਾਵਾਰ) ਘੱਟੀ ਵੀ ਹੈ 'ਤੇ ਕੀਮਤਾਂ ਵੀ ਬਹੁਤ ਮਹਿੰਗੀਆਂ ਹੋਈਆਂ ਹਨ, ਕਿੰਨੀ ਵਿਡੰਬਨਾ ਹੈ।

ਅੱਜ ! ਸੰਸਾਰ ਆਰਥਿਕ ਮੰਦੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਤੋਂ ਪਤਾ ਲਗਦਾ ਹੈ, ਕਿ ਕੱਚੇ ਤੇਲ ਦੀਆ ਕੀਮਤਾਂ ਦੇ ਵੱਧਣ ਕਾਰਨ ਮੁਨਾਫ਼ਾ ਵੀ ਅਤੇ ਮਹਿੰਗਾਈ ਵੀ ਵੱਧਦੀ ਹੈ, ਪਰ ! ਇਹ ਪਹਿਲੀ ਵਾਰ ਨਹੀ ਹੋਇਆ ਹੈ ਜਦੋਂ ਵੀ ਤੇਲ ਦੀਆਂ ਕੀਮਤਾਂ ਵੱਧੀਆਂ ਹਨ ? ਪਰ ! ਭਾਰਤ ਵਿਚ ਤੇਲ ਦੀਆ ਕੀਮਤਾਂ ਵਿਚ ਵਾਧਾ ਕਈਆਂ ਸਾਲਾਂ ਤੋਂ ਹੀ ਹੋ ਰਿਹਾ ਹੈ। ਜਿਸ ਦਾ ਪ੍ਰਭਾਵ ਆਮ ਲੋਕਾਂ ਅਤੇ ਮਾਲ-ਢੁਆਈ 'ਤੇ ਖੱਪਤ 'ਤੇ ਵੀ ਪੈ ਰਿਹਾ ਹੈ। ਮਈ, 2024 ਮਹੀਨੇ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਏਨਾ ਵਾਧਾ ਹੋਇਆ ਹੈ, ਕਿ ਜਿਸ ਦਾ ਪ੍ਰਭਾਵ ਥੋਕ ਮਹਿੰਗਾਈ 'ਤੇ ਵੀ ਪਿਆ ! ਇਹ ਸਵਾਲ ਵੀ ਉਭੱਰ ਕੇ ਸਾਹਮਣੇ ਆ ਰਿਹਾ ਹੈ, ਕਿ ਫਿਰ ਕਿਵੇਂ ਖੁਦਰਾ ਮਹਿੰਗਾਈ ਘੱਟੀ, ਇਹ ਕਿਸ ਤਰ੍ਹਾਂ ਦਰਜ ਕੀਤੀ ਗਈ; ਜਿਵੇਂ ਸਰਕਾਰ ਕਹਿ ਰਹੀ ਹੈ ? ਜਦ ਕਿ, ਇਸ ਦਾ ਅਸਰ ਖੁਦਰਾ ਮਹਿੰਗਾਈ ਤੇ ਵੀ ਪੈਣਾ ਚਾਹੀਦਾ ਸੀ। ਦਰ ਅਸਲ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ (ਅਸਤੁੰਲਨ) ਅਸਮਾਨਤਾ ਦਾ ਵੱਡਾ ਕਾਰਨ "ਅੰਤਰਰਾਸ਼ਟਰੀ" ਵਿਉਪਾਰ ਵੀ ਹੈ ! ਕਿਉਂਕਿ ਪੂੰਜੀਵਾਦੀ ਸਿਸਟਮ ਅੰਦਰ ਅਜੇ ਵੀ ਮੰਦਾ ਹੀ ਚੱਲ ਰਿਹਾ ਹੈ। ਜੋ ਭਾਰਤ ਦੇ ਪੂੰਜੀਵਾਦੀ ਢਾਂਚੇ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਜਿਸ ਕਾਰਨ ਕੀਮਤਾਂ ਦਾ ਵੱਧਣਾ ਅਤੇ ਅਤੇ ਮਹਿੰਗਾਈ ਰਹਿਣਾ ਵੀ ਹੈ।

ਦੇਸ਼ ਅੰਦਰ ਪਿਛਲੇ 16-ਮਹੀਨਿਆ ਦੇ ਅੰਦਰ (ਜੂਨ 2.24) ਥੋਕ ਕੀਮਤਾਂ ਖਾਸ ਕਰਕੇ ਖਾਧ ਪਦਾਰਥਾਂ ਵਿੱਚ 3.36 ਫੀ-ਸੱਦ ਦਾ ਵਾਧਾ ਨੋਟ ਕੀਤਾ ਗਿਆ ਹੈ (ਰਾਇਟਰ) ਜਦ ਕਿ ਪਿਛਲੇ ਸਾਲ ਇਨ੍ਹਾਂ ਮਹੀਨਿਆ 'ਚ 2.61 ਫੀ-ਸਦ ਕੀਮਤਾ ਵਿੱਚ ਵਾਧਾ ਨੋਟ ਕੀਤਾ ਗਿਆ ਸੀ। ਭਾਵ ! ਅੱਜ ਮਹਿੰਗਾਈ ਦਰ ਪਿਛਲੇ ਤਿੰਨਾਂ ਸਾਲਾਂ ਦੀ ਦਰ ਨਾਲੋ ਹੁਣ ਸਿਖਰਾਂ 'ਤੇ ਪੱਜ ਗਈ ਹੈ। ਫਿਰ ਵੀ ਸਰਕਾਰ ਮੂਕ ਦਰਸ਼ਕ ਬਣ ਕੇ ਬੈਠੀ ਹੈ। ਜੁਲਾਈ, 2024 ਦੌਰਾਨ ਖਾਧ ਪਦਾਰਥਾਂ ਦੀਆਂ ਕੀਮਤਾਂ ਧੁੱਰ ਟੀਸੀ ਤੱਕ ਪੁੱਜ ਜਾਣਗੀਆਂ, ਜੇ ਸਰਕਾਰ ਨੇ ਕੋਈ ਉਪਰਾਲੇ ਨਾ ਕੀਤੇ।

ਸੰਸਾਰ ਖਾਧ ਅੰਦਰ ਜਦੋਂ ਭਾਰਤ ਦੇ ਲੋਕਾਂ ਲਈ ਖੁਰਾਕੀ ਵਸਤਾਂ ਅਤੇ ਭੋਜਨ ਅੰਦਰ ਖੁਰਾਕੀ ਤੱਤਾਂ ਦੇ ਮਿਆਰ ਅਤੇ ਉਪੱਲਭਤਾ ਦੀ ਗੱਲ ਆਉਂਦੀ ਹੈ ਤਾਂ ਅਸੀਂ ਸੰਸਾਰ ਭੁੱਖ-ਮਰੀ ਅੰਕਾਂ ਅੰਦਰ ਵੀ 125 ਦੇਸ਼ਾਂ ਅੰਦਰ 111-ਵੀਂ (ਇਕ ਸੌ ਗਿਆਰਵੀਂ) ਥਾਂ ਹੇਠਾ ਵੱਲ ਖੜੇ ਹਾਂ (ਜੀ. ਐਚ. ਆਈ-2023)। ਫਿਰ ਭਾਰਤ ਅੰਦਰ ਅਵਾਮ ਨੂੰ ਅਸੀਂ ਕਿਵੇਂ ਕਹਿ ਦਈਏ, ਕਿ ਉਹ ਵਧੀਆ ਜੀਵਨ ਬਤੀਤ ਕਰਦੇ ਹਨ ? ਮਹਿੰਗਾਈ ਰੋਕਣ ਲਈ ਖੁਰਾਕੀ ਵਸਤਾਂ, ਅਨਾਜ ਅਤੇ ਫੱਲ, ਸਬਜ਼ੀਆਂ ਦੀ ਉਪਲੱਬਧਤਾ ਅਤੇ ਵੰਡ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਪੁੱਜਦਾ ਅਤੇ ਸਟੋਰ ਕਰਨ ਲਈ ਪਹੁੰਚਾਉਣ ਅਤੇ ਟਰਾਂਸਪੋਟੇਸ਼ਨ ਕਰਨ ਦੀ ਸਹੂਲਤ ਲਈ, ਵਿੱਧੀ-ਵੱਧ ਢੰਗ ਨਾਲ ਉਪਰਾਲੇ ਹੋਣੇ ਚਾਹੀਦੇ ਹਨ, ਤਾਂ ਕਿ ਖਾਧ ਪਦਾਰਥ ਅਤੇ ਹੋਰ ਖਾਣ-ਪੀਣ ਵਾਲੀਆਂ ਚੀਜ਼ਾਂ, ਬੁੱਝ ਵਾਲੀਆਂ ਥਾਵਾਂ 'ਤੇ ਤੁਰੰਤ ਪਹੁੰਚਾਈਆਂ ਜਾ ਸਕਣ। ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਅਨਾਜ, ਫੱਲ, ਸਬਜ਼ੀਆਂ, ਆਂਡੇ, ਮੀਟ ਅਤੇ ਹੋਰ ਜ਼ਰੂਰੀ ਚੀਜਾਂ ਦੀਆਂ ਵਾਜਬ ਕੀਮਤਾ ਦੇ ਮੌਕੇ 'ਤੇ ਹੀ ਭੁਗਤਾਨ ਕਰਨਾ, ਜਿਥੋਂ ਮੰਡੀ ਕਰਨ 'ਤੇ ਸਟੋਰ ਕਰਨ ਦੀਆਂ ਸਾਰੀਆਂ ਸਹੂਲਤਾਂ ਵੀ ਪ੍ਰਾਪਤ ਹੋਣਾ ਤਾਂ ! ਕਿ ਜਿਥੋਂ ਲੋੜੀਂਦੀ ਜਿਨਸ ਖਪਤਕਾਰਾਂ ਦੀ ਪਹੁੰਚ ਵਿਚ ਵੀ ਹੋ ਸਕੇ। ਰਾਹ ਵਿਚ ਵਿਚੋਲਿਆਂ ਅਤੇ ਦਲਾਲ ਜੋ ਦੋਨੋ ਹੀ ਕਿਸਾਨ ਜਾਂ ਉਤਪਾਦਕਾਂ ਦਾ ਅਤੇ ਖਪਤਕਾਰ ਦਾ ਸ਼ੋਸ਼ਣ ਕਰਦੇ ਹਨ ਨੂੰ ਸਰਕਾਰੀ ਮੰਡੀ ਕਰਨ ਰਾਹੀਂ ਰੋਕਿਆ ਜਾਵੇ ! ਤਾਂ ਕਿ ਕੀਮਤਾਂ ਸਥਿਰ ਰਹਿ ਸਕਣ।

ਪਰ ਆਜ਼ਾਦੀ ਦੇ 77-ਸਾਲਾਂ ਬਾਦ ਵੀ ਦੇਸ਼ ਅੰਦਰ ਮੌਜੂਦਾ ਹਾਕਮਾਂ ਤੋਂ ਕੀਮਤਾਂ ਨੂੰ ਰੋਕਣ ਅਤੇ ਕਾਬੂ ਰੱਖਣ ਦੀ ਅਜੇ ਤਕ ਕੋਈ ਹਾਂ ਪੱਖੀ ਆਸ ਨਜ਼ਰ ਨਈਂ ਆ ਰਹੀ ਹੈ। ਇਸ ਲਈ ਹਾਕਮੀ ਨੀਤੀਆਂ ਜੋ ਮਹਿੰਗਾਈ ਲਈ ਜ਼ਿੰਮੇਵਾਰ ਹਨ ਉਨ੍ਹਾਂ ਨੂੰ ਮੋੜਾ ਦੇਣ ਅਤੇ ਮਨਸੂਹੀ ਪੈਦਾ ਕੀਤੀ ਮਹਿੰਗਾਈ ਰੋਕਣ ਲਈ ਜਨਤਕ ਦਬਾਅ ਦੀ ਜ਼ਰੂਰਤ ਹੈ। ਲੋਕ ਲਹਿਰਾਂ ਉਸਾਰ ਕੇ ਹੀ ਕੁੱਝ ਹੱਦ ਤੱਕ ਮਹਿੰਗਾਈ ਰੋਕਣ ਲਈ ਹਾਕਮਾਂ ਨੂੰ ਮਜ਼ਬੂਰ ਕੀਤਾ ਜਾ ਸਕਦਾ ਹੈ। ਤਾਂਕਿ ਕਿਸਾਨ ਦੇ ਆਲੂ, ਪਿਆਜ ਅਤੇ ਸਬਜ਼ੀਆਂ ਸੜਕਾਂ ਤੇ ਨਾ ਰੁਲਣ ਅਤੇ ਖਪਤਕਾਰ ਨੂੰ ਵਾਜਬ ਭਾਅ ਤੇ ਪ੍ਰਾਪਤ ਹੋ ਸਕਣ।

* * * * * *

## ਗੀਤ



ਜਸਵੀਰ ਸਿੰਘ ਭਲੂਰੀਆ

ਆ ਗਿਆ ਏ ਸਾਉਣ....
ਆ ਗਿਆ ਏ ਸਾਉਣ, ਪਰ ਦੱਸੇ ਤੈਨੂੰ ਕੌਣ
ਤੂੰ ਤਾਂ ਸਾਗਰਾਂ ਤੋਂ ਪਾਰ,ਗਿਓਂ ਕਾਗਜ਼ ਕਮਾਉਣ
ਆ ਗਿਆ ਏ ਸਾਉਣ....

ਇਹ ਸਾਉਣ ਕਾਹਦਾ ਆਇਆ, ਤੇਰੀ ਯਾਦ ਨੇ ਸਤਾਇਆ
ਚੰਨਾ ਪ੍ਰਦੇਸ ਜਾ ਕੇ, ਖ
ਤ ਇੱਕ ਵੀ ਨਾ ਪਾਇਆ
ਹਰ ਰੋਜ਼ ਹੀ ਆਉਂਦੇ, ਚੰਨਾ ਹੋਰਾਂ ਨੂੰ ਤਾਂ ਫੋਨ
ਆ ਗਿਆ ਏ ਸਾਉਣ....

ਰੁੱਖਾਂ ਬਦਲੇ ਨੇ ਰੰਗ, ਉੱਠੇ ਦਿਲ 'ਚੋਂ ਤਰੰਗ
ਓਦੋਂ ਮੱਲੋਮੱਲੀ ਮੇਰਾ, ਚਿਹਰਾ ਹੋ ਜਾਏ ਝਰੰਗ
ਜਦੋਂ ਬਾਰ ਦੇ ਪਿੱਛੋਂ, ਵਗੇ ਠੰਡੀ-ਮਿੱਠੀ ਪੌਣ
ਆ ਗਿਆ ਏ ਸਾਉਣ....

ਪੰਛੀ ਕਰਦੇ ਕਲੋਲਾਂ, ਬਾਗੀਂ ਕੂਕਦੀਆਂ ਕੋਇਲਾਂ
ਵੇ ਮੈਂ ਦਿਲ ਵਾਲੇ ਭੇਦ, ਦੱਸ ਕੀਹਦੇ ਕੋਲ ਖੋਹਲਾਂ
ਲੈਣ ਲੱਗੈਂ ਇਮਤਿਹਾਨ, ਮੈਨੂੰ ਲੱਗੈਂ ਅਜਮਾਉਣ
ਆ ਗਿਆ ਏ ਸਾਉਣ....

ਹੇ ਭਲੂਰੀਆ ਤੂੰ ਸ਼ਾਇਰ, ਇਹ ਕੀ ਕਰੀ ਜਾਨੈਂ ਕਹਿਰ
ਆਪੇ ਆਖਦਾ ਸੀ ਹੁੰਦਾ, ਸੋਹਣੇ ਸੱਜਣਾਂ ਬਗੈਰ
ਰਹਿ ਕੇ ਸੱਜਣਾਂ ਤੋਂ ਦੂਰ, ਕਾਹਦਾ ਜੱਗ 'ਤੇ ਜਿਉਣ
ਆ ਗਿਆ ਏ ਸਾਉਣ....

ਆ ਗਿਆ ਏ ਸਾਉਣ, ਪਰ ਦੱਸੇ ਤੈਨੂੰ ਕੌਣ
ਤੂੰ ਤੇ ਸਾਗਰਾਂ ਤੋਂ ਪਾਰ, ਗਿਓਂ ਡਾਲਰ ਕਮਾਉਣ
ਆ ਗਿਆ ਏ ਸਾਉਣ....

## ਜਦੋਂ ਮੈਨੂੰ ਛੁੱਟੀ ਵਾਲੇ ਦਿਨ ਪੀ.ਜੀ.ਆਈ. ਦੇ ਡਾਕਟਰ ਨੇ ਅਟੈਂਡ ਕੀਤਾ

ਮੇਜਰ ਸਿੰਘ ਨਾਭਾ (ਪਟਿਆਲਾ)
ਮੋ. 9463553962



ਸਿਹਤ ਦਾ ਖਿਆਲ ਰੱਖਣਾ ਬਹੁਤ ਜਰੂਰੀ ਹੈ ਪਰ ਸਾਡਾ ਖਾਣ-ਪੀਣ ਪੁਰਾਤਨ ਰਵਾਇਤ ਤੋਂ ਹਟ ਕੇ ਸ਼ੁਧ ਨਾ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਹਸਪਤਾਲਾਂ , ਡਾਕਟਰਾਂ ਦੇ ਕਲੀਨਿਕਾਂ ਆਦਿ ਵਿੱਚ ਬਹੁਤਾਤ ਵਿੱਚ ਦਿਖਾਈ ਦੇਂਦੇ ਹਨ।

ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਇਸਦੇ ਟੈਸਟ, ਦਵਾਈਆਂ, ਇੰਜੇਕਸ਼ਨ, ਥਰੈਪੀਆਂ ਆਦਿ ਮਹਿੰਗੀਆਂ ਹਨ। ਡਾਕਟਰ ਸਾਬ੍ਹ ਨੇ ਇੱਕ ਇੰਜੇਕਸ਼ਨ ਨੈੱਟ ਉੱਪਰ ਦੇਖ ਕੇ ਮੈਨੂੰ ਪੁਛਿਆ ਕਿ ਇਹ ਮਹਿੰਗਾ ਹੈ ਕੋਈ ਦਿੱਕਤ ਤਾਂ ਨਹੀਂ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕੋਈ ਗੱਲ ਨਹੀਂ। ਡਾਕਟਰ ਸਾਬ੍ਹ ਦਾ ਮਰੀਜ਼ਾਂ ਪ੍ਰਤੀ ਹਮੇਸ਼ਾਂ ਹਮਦਰਦੀ ਭਰਿਆ ਵਤੀਰਾ ਹੁੰਦਾ ਹੈ ਕਿ ਘੱਟੋ ਘੱਟ ਖਰਚੇ ਨਾਲ ਵਧੀਆ ਇਲਾਜ਼ ਹੋ ਸਕੇ। ਮੈਂ ਇੰਜੈਕਸ਼ਨ ਲੈ ਆਇਆ ਜਦ ਬਿਲ ਦੇਖਿਆ ਤਾਂ ਉਹ ਕੋਈ ਛੇ ਗੁਣਾਂ ਵੱਧ ਐਮ. ਆਰ. ਪੀ. ਪ੍ਰਿੰਟ ਵਾਲਾ ਸੀ ਜਿਸ ਨੂੰ ਦੇਖ ਕੇ ਮੈਨੂੰ ਵੀ ਸ਼ਕ ਹੋਇਆ ਕਿ ਕਿਤੇ ਹੋਰ ਕੰਪਨੀ ਦਾ ਨਾ ਹੋਵੇ ਪਰ ਤਸੱਲੀ ਹੋਣ ਤੇ ਮੈਂ ਆ ਗਿਆ ਜੋ ਕਿ ਠੀਕ ਹੀ ਸੀ। ਡਾਕਟਰ ਸਾਬ੍ਹ ਨੇ ਜਦੋਂ ਰੇਟ ਪੁੱਛਿਆ ਤਾਂ ਮੇਰੇ ਦੱਸਣ ਤੇ ਡਾਕਟਰ ਸਾਬ੍ਹ ਹੈਰਾਨ ਹੋ ਗਏ। ਉਹ ਆਪਣੇ ਜੂਨੀਅਰ ਡਾਕਟਰ ਨੂੰ ਕਹਿ ਰਹੇ ਸੀ ਕਿ ਉਹ ਤਾਂ ਇਹ ਇੰਜੈਕਸ਼ਨ ਮਹਿੰਗਾ ਹੋਣ ਕਾਰਨ ਸਾਰੇ ਮਰੀਜ਼ਾਂ ਨੂੰ ਨਹੀਂ ਲਿਖ ਰਹੇ ਹੁਣ ਅੱਗੇ ਤੋਂ ਇਹ ਇਸ ਸਮੱਸਿਆ ਵਾਲੇ ਨੂੰ ਜਰੂਰ ਲਿਖ ਦਿਆ ਕਰੋ।

ਮੈਂ ਪਿਛਲੇ ਸਾਲ ਦੰਦਾਂ ਦਾ ਟਰੀਟਮੈਂਟ ਲੋਕਲ ਡਾਕਟਰ ਤੋਂ ਕਰਵਾਇਆ। ਇੱਕ ਦੰਦ ਦੀ ਆਰ ਸੀ. ਟੀ. ਕਰਾਉਣ ਦੀ ਲੋੜ ਸੀ। ਮੈਂ ਆਪਣੀ ਬਿਮਾਰੀ ਦੇ ਪੀ.ਜੀ.ਆਈ. ਤੋਂ ਚਲ ਰਹੇ ਇਲਾਜ਼ ਬਾਰੇ ਦੱਸ ਦਿੱਤਾ ਸੀ। ਡੈਂਟਿਸਟ ਡਾਕਟਰ ਕੋਈ ਰਿਸ਼ਕ ਲੈਣਾ ਨਹੀਂ ਚਾਹੁੰਦਾ ਸੀ ਇਸੇ ਕਰਕੇ ਮੈਨੂੰ ਆਪਣੇ ਪੀ ਜੀ ਆਈ ਵਾਲੇ ਡਾਕਟਰ ਤੋਂ ਦੰਦਾਂ ਦੇ ਇਲਾਜ਼ ਕਰਨ ਲਈ ਆਗਿਆ ਲਿਖਵਾ ਕੇ ਲਿਆਉਣ ਲਈ ਕਹਿ ਦਿੱਤਾ ਕਿਉਂ ਕਿ ਜਬਾੜੇ 'ਚ ਟੀਕੇ ਲਾ ਕੇ ਆਰ.ਸੀ.ਟੀ. ਕਰਨੀ ਪੈਣੀ ਸੀ। ਮੈਂ ਪੀ.ਜੀ.ਆਈ. ਜਾ ਕੇ ਡਾਕਟਰ ਸਾਬ੍ਹ ਨੂੰ ਪਰਚੀ ਦਿਖਾ ਕੇ ਗੱਲ ਦੱਸ ਦਿੱਤੀ ਤਾਂ ਡਾਕਟਰ ਸਾਬ੍ਹ ਨੇ ਇਲਾਜ ਕਰਾਉਣ ਲਈ ਹਾਂ ਕਰ ਦਿੱਤੀ ਅਤੇ ਮੇਰੇ ਕਾਰਡ ਉੱਪਰ ਵੀ ਲਿਖ ਕੇ ਐਂਟਰੀ ਕਰ ਦਿੱਤੀ। ਇਸ ਤਰ੍ਹਾਂ ਮੈਂ ਦੰਦ ਦਾ ਇਲਾਜ਼ ਕਰਵਾ ਲਿਆ। ਇਸ ਵਾਰ ਇੱਕ ਹੋਰ ਦੰਦ ਦੀ ਵੀ ਆਰ.ਸੀ.ਟੀ. ਕਰਵਾਉਣੀ ਪੈ ਗਈ ਤਾਂ ਡੈਂਟਿਸਟ ਨੇ ਫਿਰ ਦੁਬਾਰਾ ਪੀ.ਜੀ.ਆਈ. ਦੇ ਡਾਕਟਰ ਤੋਂ ਲਿਖਵਾਉਣ ਲਈ ਕਹਿ ਦਿੱਤਾ। ਮੈਂ ਸਿਹਤ ਪੱਖੋਂ ਕੁਝ ਠੀਕ ਹੋਣ ਕਰਕੇ ਅਤੇ ਛੋਟੇ ਜਿਹੇ ਕੰਮ ਹੋਣ ਕਰਕੇ ਬਸ ਰਾਹੀਂ ਹੀ ਚਲਾ ਗਿਆ। ਮੈਂ ਚੰਡੀਗੜ੍ਹ ਪਹੁੰਚ ਕੇ ਮਨੀਮਾਜਰੇ ਵਾਲੇ ਮਾਮੇ ਅਮਰਜੀਤ ਸਿੰਘ ਨੂੰ ਫੋਨ ਕੀਤਾ ਕਿਉਂ ਕਿ ਉਹ ਅੱਗੋਂ ਪੀ.ਜੀ.ਆਈ ਆ ਜਾਂਦੇ ਹਨ ਅਤੇ ਕਈ ਤਰ੍ਹਾਂ ਦੀ ਮਦਦ ਕਰ ਦਿੰਦੇ ਹਨ ।ਉਨ੍ਹਾਂ ਅੱਗੋਂ ਕਿਹਾ ਕਿ ਅੱਜ ਦੀ ਤਾਂ ਇਥੇ ਬੁੱਧ ਪੂਰਨਿਮਾ ਦੀ ਛੁੱਟੀ ਹੈ। ਇਸ ਛੁੱਟੀ ਬਾਰੇ ਮੈਨੂੰ ਕੋਈ ਪਤਾ ਨਹੀਂ ਸੀ ਕਿਉਂ ਕਿ ਇਹ ਛੁੱਟੀ ਆਮ ਲੋਕਾਂ ਨੂੰ ਪਤਾ ਨਹੀਂ ਹੁੰਦੀ। ਦੂਜੀ ਗੱਲ ਇਨ੍ਹਾਂ ਦਿਨਾਂ ਵਿੱਚ ਸਕੂਲਾਂ 'ਚ ਅਚਾਨਕ ਛੁੱਟੀਆਂ ਹੋ ਗਈਆਂ ਸਨ, ਨਹੀਂ ਤਾਂ ਬੱਚਿਆਂ ਤੋਂ ਜਾਂ ਅਧਿਆਪਕਾਂ ਤੋਂ ਪਤਾ ਲੱਗ ਜਾਣਾ ਸੀ। ਮੈਂ ਇੰਟਰਨੈਟ ਉੱਪਰ ਚੈਕ ਕਰ ਲਿਆ ਪੀ.ਜੀ.ਆਈ. ਵਿੱਚ ਵੀ ਛੁੱਟੀ ਸੀ। ਮੈਂ ਪ੍ਰੇਸ਼ਾਨ ਹੋ ਗਿਆ ਹੁਣ ਤਾਂ ਵਾਪਿਸ ਜਾਣਾ ਪੈਣਾ ਫਿਰ ਦੁਬਾਰਾ ਆਉਣਾ ਪੈਣਾ । ਮੇਰੇ ਦਿਮਾਗ 'ਚ ਡਾਕਟਰ ਸਾਬ੍ਹ ਦੇ ਫੋਨ ਨੰਬਰ ਦੀ ਗੱਲ ਆ ਗਈ, ਫੋਨ ਨੰ. ਮਿਲ ਗਿਆ ਮੈਂ ਸੋਚਿਆ ਚਲੋ ਗੱਲ ਕਰ ਕੇ ਦੇਖ ਲਵਾਂ ਸਾਇਦ ਕੋਈ ਹੱਲ ਹੀ ਮਿਲ ਜਾਵੇ। ਉਨ੍ਹਾਂ ਦਾ ਫੋਨ ਦਫਤਰ ਦਾ ਹੀ ਸੀ, ਮੈਂ ਮਿਲਾ ਲਿਆ। ਘੰਟੀ ਵੱਜਣ ਤੋਂ ਬਾਅਦ ਉੱਧਰੋਂ ਜਾਣੀ ਪਛਾਣੀ ਆਵਾਜ਼ ਆਈ, ਮੈਂ ਆਂਪਣਾ ਨਾਮ ਦੱਸਿਆ ਕਿ ਮੈਂ ਮਿਲਣਾ ਹੈ ਤਾਂ ਡਾਕਟਰ ਸਾਬ੍ਹ ਕਹਿੰਦੇ ਕਿ ਅੱਜ ਤਾਂ ਛੁੱਟੀ ਏ। ਮੈਂ ਕਿਹਾ, "ਮੈਂ ਤਾਂ ਜੀ ਬਸ ਸਟੈਂਡ ਪਹੁੰਚ ਗਿਆ" ਤਾਂ ਡਾਕਟਰ ਸਾਬ੍ਹ ਕਹਿੰਦੇ "ਆ ਜਾਓ"। ਮੈਂ ਪੀ.ਜੀ.ਆਈ. ਲਈ ਲੋਕਲ ਬਸ ਲਈ ਜੋ ਕਾਫੀ ਘੁੰਮ ਘਮਾ ਕੇ ਥਾਂ ਥਾਂ ਰੁਕਦੀ ਜਾ ਰਹੀ ਸੀ ਮੈਨੂੰ ਡਰ ਸੀ ਕਿਤੇ ਡਾਕਟਰ ਸਾਬ੍ਹ ਚਲੇ ਹੀ ਨਾ ਜਾਣ। ਪੀ.ਜੀ.ਆਈ ਪਹੁੰਚ ਕੇ ਜਦੋਂ ਨਿਊਕਲੀਅਰ ਮੈਡੀਸਿਨ ਵਿਭਾਗ ਦੇ ਸ਼ੀਸ਼ੇ ਦੇ ਗੇਟ ਅੱਗੇ ਗਿਆ ਤਾਂ ਗੇਟ ਲਾਕ ਸੀ ਅੰਦਰ ਕੋਈ ਵੀ ਦਿਸ ਨਹੀਂ ਸੀ ਰਿਹਾ। ਮੈਂ ਡਾਕਟਰ ਸਾਬ੍ਹ ਨੂੰ ਫੋਨ ਕੀਤਾ ਤੇ ਦੱਸਿਆ ਕਿ ਮੈਂ ਗੇਟ ਅੱਗੇ ਖੜ੍ਹਾ ਹਾਂ ਉਨ੍ਹਾਂ ਗੇਟ ਖੁਲਵਾਉਣ ਦੀ ਗੱਲ ਕੀਤੀ ਕੁਝ ਸਮੇਂ ਬਾਦ ਹੀ ਇੱਕ ਜੂਨੀਅਰ ਡਾਕਟਰ ਲੜਕੀ ਆਈ ਤਾਂ ਉਸ ਨੇ ਗੇਟ ਖੋਲਿਆ ਅਤੇ ਮੈਂ ਡਾਕਟਰ ਸਾਬ੍ਹ ਦੇ ਕਮਰੇ ਵਿੱਚ ਚਲਾ ਗਿਆ। ਡਾਕਟਰ ਸਾਬ੍ਹ ਆਪਣੇ ਦੋ ਸੀਨੀਅਰ ਰੈਜੀਡੈਂਟ ਤੇ ਇੱਕ ਜੂਨੀਅਰ ਡਾਕਟਰ ਨਾਲ ਮਰੀਜ਼ਾਂ ਦੀਆਂ ਫਾਈਲਾਂ/ਕੇਸ ਡਿਸਕਸ ਕਰ ਰਹੇ ਸੀ। ਮੈਂ ਡਾਕਟਰ ਸਾਬ੍ਹ ਨੂੰ ਕਾਰਡ ਦਿੱਤਾ ਅਤੇ ਸਾਰੀ ਗੱਲ ਦੱਸੀ ਤਾਂ ਡਾਕਟਰ ਸਾਬ੍ਹ ਨੇ ਉਸੀ ਸਮੇਂ ਪਹਿਲਾਂ ਵਾਲੀ ਸਬਦਾਵਲੀ ਕਾਰਡ ਉੱਪਰ ਲਿਖ ਦਿੱਤੀ। ਮੈਂ ਉਨ੍ਹਾਂ ਦਾ 'ਬਹੁਤ ਬਹੁਤ ਧੰਨਵਾਦ' ਕਹਿ ਕੇ ਉਨ੍ਹਾਂ ਦਾ ਸਤਿਕਾਰ ਕੀਤਾ ਪਰ ਉਨ੍ਹਾਂ ਨੇ ਕਿਹਾ 'ਨਹੀਂ ਨਹੀਂ ਕੋਈ ਗੱਲ ਨੀ'। ਮੈਂ ਫਿਰ ਇੱਕ ਵਾਰੀ ਧੰਨਵਾਦ ਕਰਕੇ ਬਾਹਰ ਆ ਗਿਆ। ਮੈਂ ਸੋਚਣ ਲੱਗ ਪਿਆ ਕਿ ਕੋਈ ਵਿਰਲਾ ਡਾਕਟਰ ਹੀ ਛੁੱਟੀ ਵਾਲੇ ਦਿਨ ਦਫਤਰ/ ਹਸਪਤਾਲ ਜਾ ਕੰਮ ਕਰੇਗਾ। ਪਰ ਮਰੀਜ਼ ਨੂੰ ਸਾਇਦ ਹੀ ਦੇਖਣ ਲਈ ਬੁਲਾਵੇ ਕਿਉਂ ਕਿ ਮੈਂ ਕਿਹੜਾ ਦੱਸਿਆ ਸੀ ਮੈਂ ਸਿਰਫ ਲਿਖਵਾਉਣਾ ਹੈ, ਉਨ੍ਹਾਂ ਨੇ ਤਾਂ ਜੇਕਰ ਕੋਈ ਦੇਖਣ ਵਾਲੀ ਗੱਲ ਹੁੰਦੀ ਤਾਂ ਦੇਖਣਾ ਹੀ ਸੀ। ਇਹੋ ਜਿਹੇ ਡਾਕਟਰ ਨੂੰ ਦਿਲੋਂ ਸਲਾਮ। ਜੇ ਸਾਰੇ ਡਾਕਟਰ ਇਸ ਤਰ੍ਹਾਂ ਦੀ ਸੋਚ ਦੇ ਬਣ ਜਾਣ ਤਾਂ ਕਿੰਨਾ ਵਧੀਆ ਹੋਵੇਗਾ।

# ਚਾਚਾ ਬੋਲਦਾ ਹੈ - ਚਾਚੇ ਦਾ ਭਲੇਖਾ

ਰਣਵੀਰ ਸਿੰਘ ਰਾਣਾ

ਚਾਚੇ ਨੇ ਛੋਟੇ ਹੁੰਦੇ ਨੇ ਇੱਕ ਅਖਬਾਰ 'ਚ ਲੇਖ ਪੜ੍ਹਿਆ ਸੀ, ਪੜ੍ਹਿਆ ਕਾਹਦਾ ਉਹ ਚਾਚੇ ਦੇ ਅੰਦਰ ਘਰ ਗਿਆ, "ਲੇਖ ਕੁਝ ਇਸ ਤਰਾਂ ਸੀ।" "ਜਿਸ ਸਰੀਰ ਨੇ ਤੁਹਾਡਾ ਸਾਰੀ ਉਮਰ ਸਾਥ ਦੇਣਾ ਇਸ ਨਾਲ ਲੱਖਾਂ ਕਮਾਉਣਾ ਤੇ ਜੱਗ ਤੇ ਨਾਂ ਵੀ ਚਮਕਾਉਣਾ, ਕਿਉ ਨੀ ਹਰ ਰੋਜ਼ ਇਹਨੂੰ ਅੱਧਾ ਘੰਟਾ ਦੇਂਦੇ?" ਬੱਸ ਚਾਚੇ ਉਸੇ ਦਿਨ 'ਤੋਂ ਸਵੇਰੇ ਉਠਕੇ ਅੱਧਾ ਪੌਣਾ ਘੰਟਾ ਵਰਜ਼ਿਸ ਕਰਦਾ।ਭਾਵੇਂ ਚਾਚਾ ਵਲਾਇਤ ਆ ਗਿਆ ਸੀ।,ਪਰ ਚਾਚੇ ਨੇ ਆਪਣਾ ਨੇਮ ਨਹੀਂ ਛੱਡਿਆਂ ਸੀ। ਕੰਮ ਤੇ ਜਾਣ ਤੋਂ ਪਹਿਲਾ ਅੱਧਾ ਘੰਟਾ ਸੈਰ ਕਰਦਾ।' ਭਾਵੇਂ ਚਾਚੇ ਨੇ ਉਹ ਟਾਊਨ ਛੱਡਕੇ ਇਸ ਟਾਊਨ ਦੁਕਾਨ ਲੈ ਲਈ, ਚਾਚਾ ਕਾਫ਼ੀ ਬਿਜੀ ਵੀ ਹੋ ਗਿਆ, 'ਪਰ ਚਾਚੇ ਦਾ ਸਵੇਰ ਦੀ ਸੈਰ ਦਾ ਨੇਮ ਪੱਕਾ ਸੀ।' ਕਦੇ ਕਦੇ ਚਾਚੇ ਦਾ ਮਨ ਆਪਣੀ ਟੰਗ ਅੜਾਉਂਦਾ, "ਨਾਂ ਚਾਚਾ ਜਦ ਇਸ ਸਰੀਰ ਨੇ ਮਿੱਟੀ ਹੋ ਜਾਣਾ, ਕਾਹਦੇ ਲਈ ਇਹਦਾ ਇੰਨਾ ਖਿਆਲ ਰੱਖਦਾ?" 'ਚਾਚਾ ਅੱਗੋਂ ਹੱਸਕੇ ਜਵਾਬ ਦਿੰਦਾ' "ਨਾ ਮਿੱਤਰਾਂ ਤੂੰ ਚਾਹਨਾ ਕਿ ਮੈਂ ਮਿੱਟੀ ਤੋਂ ਪਹਿਲਾ ਮਿੱਟੀ ਹੋ ਜਾਵਾ?" ਜਿੰਨਾ ਚਿਰ ਸ਼ਾਹ ਚੱਲਦੇ ਨੇ ਉਂਨਾਂ ਚਿਰ ਤਾਂ 'ਚੋਰੀ ਦੀ ਬੰਦੂਕ 'ਵਾਂਗ ਸਾਂਭ ਸਾਂਭ ਰੱਖਾਂਗਾ।'

ਚਾਚੇ ਨੇ ਥੋੜ੍ਹੀ ਦੇਰ ਬਾਅਦ ਦੁਕਾਨ ਤੋਂ ਥੋੜ੍ਹੀ ਦੂਰ ਘਰ ਲੈ ਲਿਆ ਚਾਚੇ ਦੀ ਹੋਰ ਵੀ ਮੌਜ ਲੱਗ ਗਈ। ਘਰ ਦੇ ਪਿਛਲੇ ਪਾਸੇ ਦੀ ਲੰਘਦੀ ਨਹਿਰ,ਚਾਚਾ ਮੂੰਹ ਹਨੇਰੇ,ਬਿਨਾ ਨਾਂਗਾ ਦੁਕਾਨ ਖੋਲਣ ਤੋਂ ਪਹਿਲਾ ਸੈਰ ਕਰਦਾ।'ਇੱਕ ਸਵੇਰ ਦਾ ਵੇਲਾਂ 'ਦੂਜਾ ਨਹਿਰ ਦਾ ਸ਼ਾਤ ਪਾਣੀ,ਚਾਚੇ ਨੂੰ ਵੱਖਰਾ ਜਿਹਾ ਆਨੰਦ ਆਉਂਦਾ। ਚਾਚਾ ਇੱਥੇ ਕਈ ਸਾਲਾ ਤੋਂ ਆ ਰਿਹਾ ਸੀ। ਬਹੁਤ ਘੱਟ ਹੀ ਬੰਦਾ ਮਿਲਦਾ।'ਪਰ ਕੁਝ ਸਮੇਂ ਤੋਂ ਆਪਣੀਆਂ ਬੀਬੀਆਂ 'ਨਹਿਰ ਦੇ ਦੂਜੇ ਪਾਸੇ ਸੈਰ ਕਰਦੀਆਂ।'ਇਹ ਦੋ ਹੀ ਦਿਨ ਆਉਂਦੀਆਂ 'ਮੰਗਲ਼ਵਾਰ ਜਾ ਸਨੀਵਾਰ 'ਚਾਚੇ ਦਾ ਸ਼ੱਕ ਇਹਨਾਂ ਦੇ ਸੂਟ ਤੇ ਸਲਵਾਰ ਵੇਖਕੇ ਯਕੀਨ ਵਿੱਚ ਬਦਲ ਜਾਂਦਾ,ਇਹ ਆਪਣੀਆਂ ਬੀਬੀਆਂ ਹਨ ? ਚਾਚੇ ਦੇ ਆਪ ਮੁਹਾਰੇ ਬੋਲ ਮੂੰਹੋ ਨਿਕਲ ਜਾਂਦੇ .....। "ਨਾਂ ਕੌਣ ਕਹਿੰਦਾ ਸਾਡੀਆਂ ਬੀਬੀਆਂ ਆਪਣੇ ਸਰੀਰ ਦਾ ਖਿਆਲ ਨਹੀਂ ਰੱਖਦੀਆਂ ?"

"ਐਵੇਂ ਇਲਜ਼ਾਮ ਲਾਈ ਜਾਣਗੇ, ਬੀਬੀਆਂ ਸਾਰਾ ਦਿਨ ਸੋਫ਼ਿਆਂ ਤੇ ਬੈਠੀਆਂ, ਸੀਰਅਲ ਦੇਖਦੀਆਂ ਰਹਿੰਦੀਆਂ।" "ਆਹ ਦੇਖੋ "ਜਿਹਨੂੰ ਸਰੀਰ ਨਾਲ ਪਿਆਰ ਆ, ਅਗਲੀਆਂ ਤੜ੍ਹਕੇ ਉਠਕੇ ਸੈਰਾਂ ਕਰਦੀਆਂ। ਚਾਚਾ ਇਹਨੂੰ ਦਿਲੋਂ ਸਤਿਕਾਰ ਦਿੰਦਾ। ਉੱਥੋਂ ਚਾਚੀ ਨੂੰ ਵੀਹ ਵੀਹ ਗਾਲਾਂ ਆਪਣੇ ਮਨ ਵਿੱਚ ਕੱਢਦਾ, ਜਿਹੜੀ ਏਸ ਵੇਲੇ ਤੱਕ ਲੱਤਾਂ ਵਿਸਾਰਕੇ ਸੁੱਤੀ ਰਹਿੰਦੀ ਹੈ। "ਸਿੱਖੋ ਕੁਝ, ਇਹਨਾਂ ਬੀਬੀਆਂ ਤੋਂ।"

ਹੁਣ ਇਹਨਾਂ ਬੀਬੀਆਂ ਦੇ ਸਿਰ ਤੇ,ਕਈਆਂ ਤੇ ਮੋਢਿਆਂ ਤੇ ਕਈਆਂ ਦੇ ਪਿੱਠ ਪਿੱਛੇ, ਝੋਲੇ ਜਾ ਬੈਗ ਲਟਕਾਏ ਹੁੰਦੇ। ਪਹਿਲਾ ਤਾਂ ਚਾਚੇ ਨੂੰ ਇਹ ਮਾਮਲਾ ਸਮਝ ਨਾਂ ਲੱਗਾ ਫਿਰ ਚਾਚਾ ਸਮਝ ਗਿਆ, ਜਿੱਦਾ ਭਲਵਾਨ ਪਹਿਲਾ ਅਖਾੜ੍ਹਾ ਗੁੱਡਕੇ, ਫਿਰ ਬੋਰੀ ਵਿੱਚ ਮਿੱਟੀ ਪਾਕੇ ਕਦੇ ਆਪਣੇ ਮੋਢੇ, ਕਦੇ ਪਿੱਠ ਪਿੱਛੇ ਰੱਖਕੇ ਅਖਾੜੇ ਵਿੱਚ ਗੇੜੇ ਕੱਢਦਾ, ਇੱਦਾ ਸਰੀਰ ਹੋਰ ਤੱਕੜਾਂ ਹੁੰਦਾ ਹੈ। ਸਾਇਦ



ਬੀਬੀਆਂ ਵੀ ਇਹੀ ਤਰੀਕਾ ਵਰਤੀਆਂ ਹੋਣਗੀਆਂ। 'ਯਾਨੀ ਥੌੜੀ ਮਿਹਨਤ,ਫਲ ਬਹੁਤਾ।' ਚਾਚੇ ਨੂੰ ਜਦ ਸਮਝ ਲੱਗੀ, ਚਾਚੇ ਦੇ ਮਨ ਵਿੱਚ ਇਹਨਾਂ ਬੀਬੀਆਂ ਦਾ ਸਤਿਕਾਰ ਹੋਰ ਵੀ ਵੱਧ ਗਿਆ। "ਧੰਨ ਹਨ ਇਹ ਬੀਬੀਆਂ "ਚਾਚਾ ਮਨ 'ਚ ਸੋਚਣ ਲੱਗ ਪਿਆ, ਕਿਉ ਨਾਂ ਇਹਨਾਂ ਬੀਬੀਆਂ ਦਾ ਪਿੱਛਾ ਕੀਤਾ ਜਾਵੇ, ਪਤਾ ਕਰੀਏ, ਕਿੱਥੇ ਰਹਿੰਦੀਆਂ, ਕਿਸੇ ਵੀਕਐਂਡ ਤੇ ਇਹਨਾਂ ਦੇ ਘਰੀ ਜਾਕੇ ਹੌਸਲਾ-ਅਫਸਾਈ ਕੀਤੀ ਜਾਵੇ,ਤਾਂ ਕਿ ਇਹ ਆਦਤ ਹੋਰ ਬੀਬੀਆਂ ਨੂੰ ਵੀ ਪਾਉਣ, ਨਾਲੇ ਇਹਨਾਂ ਦੇ ਪਤੀਆਂ ਨੂੰ ਵੀ ਦੱਸਿਆ ਜਾਵੇ, ਜਿਹੜੇ ਪੰਜ ਪੰਜ ਗਲਾਸ ਬੀਅਰ ਦੇ ਪੀਕੇ ਘੁਰਾੜੇ ਮਾਰਦੇ ਰਹਿੰਦੇ ਹਨ, ਤੁਸੀਂ ਵੀ ਆਪਣੀ ਪਤਨੀਆਂ ਨਾਲ ਸਵੇਰੇ ਸਵੇਰੇ ਸੈਰ ਕਰਿਆ ਕਰੋ, ਹੋਸਲਾ ਤਾਂ ਕਿਸੇ ਮੁਰਦੇ ਨੂੰ ਵੀ ਦਿੱਤਾ ਜਾਵੇ 'ਉਹ ਵੀ ਉਠਕੇ ਬੈਠ ਜਾਂਦਾ 'ਪਰ ਸਾਡੇ 'ਭਾਈ-ਬੰਦ 'ਤਾਂ ਸੌ ਕੰਮ ਚੰਗਾ ਕੀਤਾ ਹੋਵੇ ਇਕ ਕੰਮ ਮਾੜਾ ਹੋ ਜਾਵੇ 'ਉਹਨੂੰ ਫੜਕੇ ਬੈਠ ਜਾਂਦੇ ਨੇ 'ਆ ਗੋਰੇ ਨੇ ਇੱਕ ਕੰਮ ਕੋਈ ਚੰਗਾ ਕਰ ਦੇਵੇ, ਉਹਦੀ 'ਬੱਲੇ ਬੱਲੇ 'ਕਰਵਾ ਦਿੰਦੇ ਨੇ।' ਇਹ ਸੋਚਕੇ ਚਾਚਾ ਇਹਨਾਂ ਬੀਬੀਆਂ ਦੇ ਮਗਰ ਹੋ ਤੁਰਿਆ 'ਹਾਲੇ ਥੋੜ੍ਹੀ ਦੂਰ ਗਿਆਸੀ ਇਹਨਾਂ ਬੀਬੀਆਂ ਨੇ ਆਪਣਾ ਸਮਾਨ,ਸਿਰ,ਮੋਢਿਆਂ,'ਤੇ ਪਿੱਠ, ਪਿੱਛੋਂ ਲਾਹਕੇ ਥੱਲੇ ਰੱਖਿਆਂ ਸੀ, 'ਉਦੋਂ ਹਲਾ-ਲੱਲਾ ਹੋ ਗਈ 'ਨਾਲੇ ਪੁਲੀਸ ਦੀਆ ਕਾਰ ਦੀਆ ਲਾਈਟਾਂ ਫਲੈਸ ਕਰਨ ਲੱਗ ਪਈਆਂ, ਚਾਰ ਪੰਜ ਪੁਲ਼ੀਸ ਵਾਲ਼ਿਆਂ ਬੀਬੀਆਂ ਆ ਢਾਹੀਆਂ, ਚਾਚੇ ਨੇ ਪਹਿਲਾ ਤਾਂ ਸੋਚਿਆ ਜਾਕੇ ਇਹ 'ਮਾਜਰਾ ਕੀ ਹੈ 'ਪਤਾ ਕੀਤਾ ਜਾਵੇ, ਪਰ ਫੇਰ ਇਹ ਸੋਚਕੇ ਪਿੱਛੇ ਹੱਟ ਗਿਆ।' "ਹੋਰ ਨਾਂ ਚੋਰ ਦੇ ਭੁਲੇਖੇ ਸਾਧ ਰਗੜਿਆ ਜਾਵੇ "ਉੱਥੋਂ ਚਾਚੇ ਨੇ ਭੱਜਣ ਦੀ ਕੀਤੀ।

ਇਹ ਮਾਮਲਾ ਚਾਚੇ ਨੂੰ ਅਗਲੇ ਦਿਨ ਸਮਝ ਲੱਗਾ,ਜਦੋਂ ਲੋਕਲ ਪੇਪਰ ਵਿੱਚ ਖ਼ਬਰ ਛੱਪ ਗਈ, ਗੱਲ ਇਸ ਤਰਾਂ ਹੋਈ ! "ਨਹਿਰ ਦੇ ਕਰਮਚਾਰੀ, ਬਹੁਤ ਦੇਰ ਤੋਂ ਕੌਂਸਲ ਕੋਲ ਸ਼ਿਕਾਇਤ ਕਰ ਰਹੇ ਸੀ "ਹਰ ਰੋਜ ਸਾਨੂੰ 'ਕਈ ਕਿੱਲੋ ਮਾਂਹ ਦੀ ਦਾਲ, ਮੂੰਗੀ ਦੀ ਦਾਲ, ਤੇਲ, ਕਈ ਦਰਜਨਾਂ ਕੇਲਿਆਂ ਦੀਆ, ਨਹਿਰ 'ਚ ਕੱਢਣੀਆਂ ਪੈਂਦੀਆਂ, ਇਹਨਾਂ ਦਾ ਇਲਾਜ ਕਰੋ। ਸੋ ਪੁਲੀਸ ਵਾਲੇ ਤੇ ਕੌਂਸਲ ਵਾਲੇ ਕਿੰਨੀ ਦੇਰ ਤੋਂ ਇਹਨਾਂ ਤੇ ਅੱਖ ਰੱਖ ਰਹੇ ਸਨ।'ਮਸੀ ਅੱਜ ਕਿਤੇ ਬੀਬੀਆਂ ਅੱੜ੍ਹਕੇ ਆਈਆ ਸਨ।' ਦੂਜੇ ਵੀਕ ਪੰਜਾਬੀ ਪੇਪਰ ਵਾਲ਼ਿਆਂ ਨੇ ਪੂਰੇ ਮਸਾਲੇ ਲਾਕੇ ਖ਼ਬਰ ਲਾਈ। "ਪੂਰੇ ਭਰੋਸੇ-ਯੋਗ ਵਾਂਸਲੀਆਂ ਤੋਂ ਪਤਾ ਲੱਗਾ," 'ਜਦੋਂ ਬੀਬੀਆਂ ਨੂੰ ਮਾਂਹ ਦੀ ਦਾਲ, ਤੇ ਹੋਰ ਨਿੱਕ-ਸੁੱਕ ਨਹਿਰ ਵਿੱਚ ਸੁੱਟਦੀਆਂ ਨੂੰ ਫੜਿਆਂ 'ਇੱਕ ਬੀਬੀ ਇਕ ਪਾਸੇ ਨੂੰ 'ਮਿਲਖਾਂ ਸਿੰਘ 'ਤੋਂ ਵੀ ਤੇਜ਼ ਭੱਜੀ। ਉਹ ਤਾਂ ਪੁਲੀਸ ਵਾਲ਼ਿਆਂ ਨੇ ਮਗਰੋਂ ਆਵਾਜ਼ ਮਾਰਕੇ ਕਿਹਾ "ਬੀਬੀ ਰੁਕ ਜਾ ""ਨਹੀਂ ਤਾਂ ਅਸੀਂ ਤੈਨੂੰ ਹੈਲੀਕਾਪਟਰ ਨਾਲ ਚੁੱਕ ਲੈਣਾ।'

'ਦੂਜੀ ਬੀਬੀ ਵੀ ਭੱਜੀ 'ਉਹ ਵੀ ਪੁਲੀਸ ਵਾਲ਼ਿਆਂ ਮਗਰ ਕੁੱਤੇ ਭਜਾਕੇ ਫੜ੍ਹੀ 'ਇਹ ਵਿਚਾਰੀਆਂ ਗਈਆਂ ਤਾਂ ਆਪਣਾ "ਗ੍ਰਹਿ - ਚੱਕਰ "ਲਾਹਉਣ ਸੀ 'ਪਰ ਪੁਲ਼ੀਸ ਨੇ ਹੁਣ ਜੁਰਮਾਨੇ ਦਾ "ਗ੍ਰਹਿ -ਚੱਕਰ "ਪਾਕੇ ਘਰ ਬਿਠਾਲ ਦਿੱਤੀਆਂ। ਇਸ ਖ਼ਬਰ ਦੀ ਰੇਡੀਓ ਤੇ ਵੀ ਡੀਬੇਟ, ਕਰਾਈ ਗਈ ਡੀਬੇਟ ਦਾ ਨਾਂ ਰੱਖਿਆਂ ਗਿਆ "ਬੀਬੀਆਂ ਫੜੀਆਂ ਗਈਆਂ "ਚਾਚੇ ਦੀ ਹੈਰਾਨੀ ਦੀ ਉਦੋ ਹੱਦ ਨਾਂ ਰਹੀ, ਇਹਨਾਂ ਬੀਬੀਆਂ 'ਚ ਚਾਚੀ ਦੀ ਭੈਣ ਵੀ ਸੀ। ਚਾਚੇ ਨੇ ਆਪਣੀ ਮੱਤ ਨੂੰ ਲਾਹਣਤਾ ਪਾਈਆ, ਜਿਹੜਾ ਐਵੇਂ ਇੰਨੇ ਚਿਰ 'ਤੋਂ ਇਹਨਾਂ ਨੂੰ ਸ਼ਾਬਸ਼ੇ ਦੇ ਰਿਹਾ ਸੀ।'

ਹਾਲੇ ਇਸ ਗੱਲ ਨੂੰ ਦੋ ਕੁ ਮਹੀਨੇ ਹੋਏ ਸਨ, ਚਾਚੇ ਦੀ ਦੁਕਾਨ ਚੁਰਸਤੇ ਤੇ ਸੀ, ਦੁਕਾਨ ਖੌਲਣ ਲੱਗਾ, 'ਚਾਚਾ ਕੀ ਦੇਖਦਾ 'ਕਿਸੇ ਨੇ ਚਾਚੇ ਦੀ ਦੁਕਾਨ ਮੂਹਰੇ, ਮਾਂਹ ਮੂੰਗੀ ਤੇ ਸੰਧੂਰ, ਖਿਲਾਰਿਆ ਹੋਇਆਂ ਸੀ, ਚਾਚੇ ਨੇ ਚੁੱਕਕੇ ਡਸ਼ਬਿਨ ਵਿੱਚ ਪਾ ਦਿੱਤਾ। ਹੁਣ ਇਹ ਕੰਮ ਸ਼ਨੀਵਾਰ ਤੇ ਮੰਗਲ਼ਵਾਰ ਪੱਕਾ ਹੁੰਦਾ।

ਚਾਚਾ ਦੁਖੀ ਹੋ ਗਿਆ ਚਾਚੇ ਨੇ ਸੋਚਿਆ ਏਹ ਸ਼ਿਕਾਰ ਫੜਨਾ ਪੈਣਾ, ਚਾਚਾ ਆਪਣੇ ਪੂਰੇ ਹਥਿਆਰਾਂ ਸਮੇਤ ਗੱਡੀ ਵਿੱਚ ਬੈਠ ਗਿਆ। ਪਰ ਤੜਕੇ ਤੱਕ ਸ਼ਿਕਾਰ ਨਾਂ ਆਇਆ, 'ਕਰਦੇ ਕਰਾਉਂਦੇ ਦੀ ਚਾਚੇ ਦੀ ਅੱਖ ਲੱਗ ਗਈ, ਜਦੋਂ ਚਾਚਾ ਅਬੜਬਾਹੇ ਉੱਠਿਆ 'ਸ਼ਿਕਾਰ ਆਪਣਾ ਕੰਮ ਕਰਕੇ ਜਾ ਚੁੱਕਾ ਸੀ। ਚਾਚਾ ਹੱਥਾਂ ਤੇ ਦੰਦੀਆਂ ਵੱਡਦਾ ਰਹਿ ਗਿਆ। "ਕਿਹੜੇ ਵਕਤਾ ਨੂੰ ਮੇਰੀ ਅੱਖ ਲੱਗ ਗਈ ?" 'ਚੱਲ ਬੱਚੂ ਅੱਜ ਨਹੀਂ ਤਾਂ ਫੇਰ ਸਹੀ, ਜਾਣਾ ਕਿੱਥੇ ਬੱਚਕੇ ?

ਥੌੜੇ ਦਿਨਾਂ ਬਾਅਦ ਚਾਚਾ ਫਿਰ ਜਾ ਬੈਠਾ ਗੱਡੀ ਵਿੱਚ, ਹਾਲੇ ਬਾਰਾ ਵੱਜੇ ਸਨ, ਸ਼ਿਕਾਰ ਆ ਨਿਕਲਿਆ, ਇਹ ਔਰਤ ਸੀ, ਪਰ ਪਾਇਆ ਇਹਨੇ ਟ੍ਰੈਕ ਸੂਟ ਸੀ, ਪਹਿਲਾ ਇਹਨੇ ਦੁਕਾਨ ਮੂਹਰੇ ਨਿੱਕ ਸੁੱਕ ਰੱਖਿਆਂ, ਫੇਰ ਹੱਥ ਵਿੱਚ ਪਾਣੀ ਦੀ ਕੈਨੀ ਫੜਕੇ ਕੱਪੜੇ ਉਤਾਰਕੇ ਚੁਰਿਸ਼ਤੇ ਵਿੱਚ ਨੰਗੀ ਖੜਕੇ ਨਹਾਉਣ ਲੱਗ ਪਈ, ਚਾਚੇ ਨੇ ਮੌਕਾ ਤਾੜਕੇ ਪਿੱਛੋਂ ਕਲਾਵਾ ਜਾ ਭਰਿਆ, ਜਦੋਂ ਦੋਵਾ ਨੇ ਇੱਕ ਦੂਜੇ ਦਾ ਮੂੰਹ ਦੇਖਿਆਂ, "ਮਾਸੜਾਂ ਤੂੰ?"

ਇਹ ਚਾਚੀ ਦੀ 'ਭੈਣ ਦੀ ਨੂੰਹ 'ਨਿਕਲੀ, ਚਾਚਾ ਥਾਂਏ ਖੜਾ ਠਰ ਗਿਆ, ਔਰਤ ਆਪਣੇ ਕੱਪੜੇ ਪਾਕੇ ਗੱਡੀ 'ਚਉਹ ਗਈ। ਚਾਚੇ ਨੇ ਸਾਰੀ ਗੱਲ ਚਾਚੀ ਨੂੰ ਦੱਸੀ। 'ਤੇਰੀ ਭੈਣ ਤਾਂ ਇਸ ਰਸਤੇ ਤੁਰੀ 'ਉਹਨੇ ਆਪਣਾ ਕੌੜਮਾਂ ਵੀ ਇਸ ਰਸਤੇ ਤੋਰਿਆ ਹੋਇਆਂ।

ਚਾਚਾ ਚਾਚੀ ਨੂੰ ਇੱਕ ਸਾਖੀ ਸੁਨਾਉਣ ਲੱਗ ਪਿਆਂ "ਬਾਬੇ ਨਾਨਕ ਨੇ ਸਮੇਂ ਦੇ ਚੌਧਰੀਆਂ "ਨੂੰ ਦੱਸਿਆ ਬਾਬਰ ਆਪਣੀਆਂ ਫੌਜਾ ਲੈਕੇ ਮਾਰੋ ਮਾਰ ਕਰਦਾ ਆ ਰਹਿਆਂ, ਤੁਸੀਂ ਆਪਣਾ ਪ੍ਰਬੰਧ ਕਰ ਲਵੋ ? ਚੌਧਰੀ ਹੱਸਕੇ ਆਖਣ ਲੱਗੇ "ਬਾਬਾ ਸਾਡੇ ਕੋਲ ਪੰਡਤ ਤੇ ਮੌਲਵੀ ਹੈਨ "ਇਹਨੀਂ ਆਪਣੇ ਤਵੀਤਾਂ ਨਾਲ ਬਾਬਰ ਦੀ ਸਾਰੀ ਫੌਜ ਅੰਨੀ ਕਰ ਦੇਣੀਆਂ ? ਫਿਰ ਅਸੀਂ ਸਾਰੀ ਫੌਜ ਰੱਜ ਕੇ ਕੁੱਟਣੀ ਤੇ ਲੁੱਟਣੀ ਆ ? ਉਹ ਸਾਡਾ ਕੁਝ ਨਹੀਂ ਕਰ ਸਕਦਾ। "ਚੰਗਾ ਭਾਈ ਤੁਹਾਡੀ ਮਰਜ਼ੀ "ਬਾਬੇ ਨੇ ਕਿਹਾ?'

ਹੋਇਆਂ ਇਹਦੇ ਉਲਟ, ਬਾਬਰ ਨੇ ਲਲਕਾਰ ਲਲਕਾਰ ਕੇ ਬੰਦੇ ਵੱਢੇ, ਲਲਕਾਰੇ ਮਾਰ ਮਾਰ ਕੇ ਔਰਤਾਂ ਦੀਆ ਇੱਜਤਾ ਲੁੱਟਈਆ, ਵੱਢ ਵੱਢ ਕੇ ਲਾਸ਼ਾਂ ਦੇ ਢੇਰ ਲਾ ਦਿੱਤੇ ਖ਼ੂਨੋ-ਖ਼ੂਨ ਵਹਾ ਦਿੱਤਾ। ਬਾਬਾ ਉਹਨਾਂ ਚੌਧਰੀਆਂ ਨੂੰ ਪੁੱਛਦਾ ਫਿਰੇ "ਭਾਈ ਮੈਨੂੰ ਇੱਕ ਵੀ ਤੁਰਕ ਦਿਖਾ ਦੇਵੋ, ਜਿਹੜਾ ਅੰਨਾਂ ਜਾ ਕਾਣਾ ਹੋਇਆਂ ਹੋਵੇ ਤਵੀਤਾਂ ਨਾਲ ? "

ਚਾਚਾ ਡੂੰਘੀਆਂ ਸੋਚਾਂ ਵਿੱਚ ਚਲਾ ਗਿਆ, 'ਜੇ ਇੱਦਾ ਮਾਂਹ ਦੀ ਦਾਲ, ਮੂੰਗੀ ਦੀ ਦਾਲ, ਹੋਰ ਖੇਹ ਸੁਆਹ, ਗਾਰਡਨ 'ਚ ਦੱਬਣ ਨਾਲ ਜਾ ਨਹਿਰ 'ਚ ਸੁੱਟਣ ਨਾਲ, ਸਾਰਾ ਕੁਝ ਸੈੱਟ ਹੁੰਦਾ, ਤਦ ਸਾਨੂੰ ਇੰਡੀਆ 'ਚ ਭੱਜਣ ਦੀ ਲੋੜ ਸੀ ? ਉੱਥੇ ਇਹਨਾਂ ਚੀਜ਼ਾਂ ਨਾਲ ਜਾ ਤਵੀਤਾਂ ਨਾਲ ਸੈੱਟ ਕਰ ਲੈਂਦੇ। ਸਾਡੇ ਬੰਦੇ ਜਿੱਥੇ ਮਰਜ਼ੀ ਚਲੇ ਜਾਣ, ਪਰ ਇਹ ਅਲਾਮਤਾਂ ਆਪਣੇ ਨਾਲੇ ਲੈ ਜਾਂਦੇ ਆ, ਇੱਥੋਂ ਦੀਆ ਸਰਕਾਰਾਂ ਨੇ ਇਹੋ ਜਿਹਾ ਸਿਸਟਮ ਬਣਾਇਆ ਹੋਇਆਂ "ਜਨਮ ਤੋਂ ਲੈ ਕੇ ਮਰਨ ਤੱਕ ਸਰਕਾਰ ਦੀ ਜ਼ੁੰਮੇਵਾਰੀ ਹੈ "'ਇਸਤੋਂ ਅੱਗੇ ਪਤਾ ਨੀ ਸਾਡੇ ਲੋਕ ਕੀ ਭਾਲਦੇ ਹਨ ' ਚਾਚਾ ਹੁਣ ਇਸੇ "ਸ਼ੋਸੋਪੰਜ "ਵਿੱਚ ਸੀ। "ਫੇਰ ਕਹਿੰਦੇ ਚਾਚਾ ਬੋਲਦਾ।"

** *****

ਗੁਰਮੀਤ ਸਿੰਘ ਪਲਾਹੀ
9815802070

# ਵੋਟ-ਬਟੋਰੂ ਛਲਾਵੇ ਭਰਪੂਰ ਬਜ਼ਟ-2024



ਦੇਸ਼ ਭਾਰਤ ਵਿੱਚ ਬਣਾਏ-ਉਸਾਰੇ ਜਾ ਰਹੇ ਇਸ ਕਿਸਮ ਦੇ ਮਾਹੌਲ ਦਾ ਜ਼ਿੰਮੇਵਾਰ ਕੌਣ ਹੈ, ਜਿਥੇ ਦੇਸ਼ ਦਾ ਬਜ਼ਟ ਬਨਾਉਣ, ਪੇਸ਼ ਕਰਨ ਵੇਲੇ ਵੀ ਕੁਝ ਸੂਬਿਆਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ ਤੇ ਕੁਝ ਸੂਬਿਆਂ ਨੂੰ ਗੱਫੇ ਦਿੱਤੇ ਗਏ ਹਨ। ਕੀ ਇਹ ਸੰਘੀ ਸਟੇਟ ਭਾਰਤ ਦੇ ਸੰਘੀ ਢਾਂਚੇ 'ਤੇ ਵੱਡੀ ਸੱਟ ਨਹੀਂ ਹੈ? ਸੂਬੇ ਦਾ ਧਰਤੀ ਹੇਠਲਾ ਪਾਣੀ ਘੱਟ ਰਿਹਾ ਹੈ ਅਤੇ ਸੂਬਾ ਆਰਥਿਕ ਐਮਰਜੈਂਸੀ ਦੇ ਕੰਢੇ ਪੁੱਜ ਚੁੱਕਾ ਹੈ, ਇਹੋ ਜਿਹੇ ਹਾਲਤਾਂ 'ਚ ਇਹ ਸੂਬਾ ਜਿਸਨੇ ਸਦਾ ਦੇਸ਼ ਨੂੰ ਵੱਡਾ ਅੰਨ ਭੰਡਾਰ ਦਿੱਤਾ, ਵਿਸ਼ੇਸ਼ ਪੈਕੇਜ ਦਾ ਹੱਕਦਾਰ ਨਹੀਂ?

ਆਪਣੇ ਆੜੀ ਆਂਧਰਾ-ਬਿਹਾਰ ਨੂੰ ਤਾਂ 73,900 ਕਰੋੜ ਰੁਪਏ ਦੀ ਬਜ਼ਟ ਵਿੱਚ ਖ਼ਾਸ ਵਿਵਸਥਾ ਕੀਤੀ ਗਈ ਹੈ, ਪਰ ਸਰਹੱਦੀ ਸੂਬੇ ਪੰਜਾਬ ਅਤੇ ਬੰਗਾਲ ਦੇ ਹੱਥ ਖਾਲੀ ਹਨ। ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕਜ ਦੀ ਝਾਕ ਲਗਾਈ ਬੈਠੇ ਪੰਜਾਬ, ਜੋ ਖੇਤੀ ਸੰਕਟ ਹੰਢਾ ਰਿਹਾ ਹੈ, ਨਾਰਕੋ ਅਤਿਵਾਦ ਦਾ ਜਿਥੇ ਪ੍ਰਕੋਪ ਹੈ, ਸਨਅਤੀ ਖੇਤਰ ਨੂੰ ਜਿਥੇ ਮੁਸ਼ਕਲਾਂ ਦਰਪੇਸ਼ ਹਨ, ਪੱਲੇ ਕੁਝ ਵੀ ਨਹੀਂ ਪਿਆ। ਪੰਜਾਬ 'ਚ ਖੇਤੀ ਕਰਜ਼ਾ ਅਤੇ ਕਿਸਾਨ ਖੁਦਕੁਸ਼ੀਆਂ ਵੱਡੇ ਮਸਲੇ ਹਨ। ਕਿਸਾਨ ਐਮ.ਐਸ.ਪੀ ਗਰੰਟੀ ਕਾਨੂੰਨ ਮੰਗਦੇ ਹਨ, ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਚਾਹੁੰਦੇ ਹਨ।

ਦੇਸ਼ ਦੇ ਮੌਜੂਦਾ ਵੋਟ-ਬਟੋਰੂ ਬਜ਼ਟ-2024 ਦਾ ਫ਼ਾਇਦਾ ਕਿਸ ਨੂੰ ਹੋਵੇਗਾ?

ਕੀ ਆਮ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਗਰੀਬੀ ਹੰਢਾ ਰਹੇ ਹਨ। ਮਹਿੰਗਾਈ ਦੀ ਮਾਰ ਝੱਲ ਰਹੇ ਹਨ।

ਕੀ ਨੌਜਵਾਨਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਬੇਰੁਜ਼ਗਾਰੀ ਦੀ ਦਲਦਲ 'ਚ ਫਸੇ ਹੋਏ ਹਨ। ਹੱਥ ਡਿਗਰੀਆਂ ਹਨ, ਪਰ ਰੁਜ਼ਗਾਰ ਨਹੀਂ। ਬੇਬਸੀ 'ਚ ਪ੍ਰਵਾਸ ਦੇ ਰਾਹ ਹਨ।

ਕੀ ਦੇਸ਼ ਦੇ ਮੱਧ ਵਰਗੀ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਮਹਿੰਗਾਈ 'ਚ ਨਪੀੜੇ ਜਾ ਰਹੇ ਹਨ। ਜਿਹੜੇ ਆਮਦਨ ਕਰ 'ਚ ਛੋਟ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ।

ਜਾਂ ਫਿਰ ਇਸਦਾ ਫ਼ਾਇਦਾ ਸਿਰਫ਼ ਦੇਸ਼ ਦਾ ਕਾਰਪੋਰੇਟ ਸੈਕਟਰ ਲਏਗਾ, ਜਿਸ ਦੀਆਂ ਝੋਲੀਆਂ ਇਸ ਬਜ਼ਟ ਨੇ ਭਰ ਦਿੱਤੀਆਂ ਹਨ ਜਾਂ ਵਿਦੇਸ਼ੀ ਕੰਪਨੀਆਂ ਨੂੰ ਫਾਇਦਾ ਹੋਏਗਾ। ਜਿਹਨਾਂ ਦਾ ਟੈਕਸ ਘਟਾ ਦਿੱਤਾ ਗਿਆ ਹੈ।

ਬਜ਼ਟ ਵਿੱਚ ਅਸਲੀਅਤ ਨਾਲੋਂ ਛਲਾਵਾ ਵੱਧ ਹੈ। ਕਹਿਣ ਨੂੰ ਤਾਂ ਪਹਿਲੀ ਵਾਰ ਰੁਜ਼ਗਾਰ ਪ੍ਰਾਪਤ ਕਰਨ ਵਾਲੇ 50 ਲੱਖ ਨੌਜਵਾਨਾਂ ਨੂੰ ਤਿੰਨ ਕਿਸ਼ਤਾਂ ਵਿੱਚ 15000 ਰੁਪਏ ਪ੍ਰਤੀ ਮਿਲਣਗੇ ਤੇ ਇਹ ਇੱਕ ਲੱਖ ਰੁਪਏ ਦੀ ਮਾਸਿਕ ਨੌਕਰੀ ਵਾਲਿਆਂ ਨੂੰ ਮਿਲਣਗੇ ਪਰ ਦੇਸ਼ ਦੀ ਕੁਲ ਅਸਿਖਿਅਤ ਨੌਜਵਾਨ ਵਸੋਂ, ਜੋ ਕੁੱਲ ਰੁਜ਼ਗਾਰ ਪ੍ਰਾਪਤ ਕਰਨ ਯੋਗ ਆਬਾਦੀ ਦਾ 51.4 ਫ਼ੀਸਦੀ ਹੈ, ਕੀ ਬਣੇਗਾ ? ਇਸ ਬਾਰੇ ਬਜ਼ਟ ਚੁੱਪ ਹੈ।

ਬਜ਼ਟ ਵਿੱਚ ਸਿੱਖਿਆ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਗਈ ਹੈ, ਪਰ ਸਿੱਖਿਆ ਦਾ ਬਜ਼ਟ 9000 ਕਰੋੜ ਘਟਾ ਦਿੱਤਾ ਗਿਆ ਹੈ। ਉਂਜ ਭਾਵੇਂ ਸਿੱਖਿਆ ਪ੍ਰਾਪਤੀ ਦੀ ਦਰ ਯੂਨੀਵਰਸਿਟੀ ਪੱਧਰ ਤੱਕ ਚਾਰ ਗੁਣਾਂ ਵਧੀ ਪਰ ਪਿਛਲੇ ਦਸ ਸਾਲਾਂ ਵਿੱਚ ਬੇਰੁਜ਼ਗਾਰੀ ਦਰ 5.4 ਫ਼ੀਸਦੀ ਤੋਂ ਵਧਕੇ 9.2 ਫ਼ੀਸਦੀ ਹੋ ਗਈ ਹੈ। ਬਜ਼ਟ ਵਿੱਚ ਮੁਢਲੀ ਸਿੱਖਿਆ ਲਈ ਰਕਮ ਥੋੜੀ ਵਧਾਈ ਗਈ ਹੈ, ਪਰ ਉੱਚ ਸਿੱਖਿਆ ਉੱਤੇ ਆਰਾ ਚਲਾ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਤੋਂ ਬਾਹਰ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ 10 ਲੱਖ ਦਾ ਕਰਜ਼ਾ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਕੀ ਦੇਸ਼ ਦੀ ਨੌਜਵਾਨਾਂ ਨੂੰ ਸਿਆਣੇ ਬਨਣ ਤੋਂ ਰੋਕਣ ਲਈ ਕੋਈ ਵਿਉਂਤ ਬੁਣੀ ਜਾ ਰਹੀ ਹੈ? ਅੱਜ ਜਦੋਂ ਦੇਸ਼ ਦਾ ਨੌਜਵਾਨ ਹੁਨਰ ਰਹਿਤ ਹੈ, ਰੁਜ਼ਗਾਰ ਰਹਿਤ ਹੈ, ਸਰਕਾਰ ਦੀ ਵੱਧ ਤਵੱਜੋ ਚਾਹੁੰਦਾ ਹੈ।

ਸਿਹਤ ਦਾ ਬਜ਼ਟ 13 ਫ਼ੀਸਦੀ ਵਧਾਕੇ 90,958 ਕਰੋੜ ਕਰ ਦਿੱਤਾ ਗਿਆ, ਆਯੁਸ਼ਮਾਨ ਭਾਰਤ ਬੀਮਾ ਯੋਜਨਾ ਰਾਸ਼ੀ ਵੀ 1.4 ਫ਼ੀਸਦੀ ਵਧੀ ਹੈ, ਪਰ ਕੋਈ ਨਵੀਂ ਸਿਹਤ ਸਕੀਮ ਚਾਲੂ ਨਹੀਂ ਕੀਤੀ ਗਈ। ਆਯੁਸ਼ਮਾਨ ਭਾਰਤ ਸਿਹਤ ਸਕੀਮ ਪਹਿਲਾਂ ਹੀ ਡਾਕਟਰੀ ਮਾਫੀਆ ਦੀ ਸ਼ਿਕਾਰ ਹੈ ਅਤੇ ਲੋਕ ਸਿਹਤ ਪੱਖੋਂ ਪਹਿਲਾਂ ਹੀ ਸੰਤਾਪ ਹੰਢਾ ਰਹੇ ਹਨ।

ਖੇਤੀ ਖੇਤਰ ਨੂੰ ਨਵੀਆਂ ਸੌਗਾਤਾਂ ਦੇਣ ਦੀ ਗੱਲ ਕੀਤੀ ਗਈ ਹੈ, ਦੋ ਸਾਲਾਂ 'ਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਉਤਸ਼ਾਹਤ ਕਰਨਾ ਮਿਥਿਆ ਗਿਆ ਹੈ। ਪਰ ਕਿਸਾਨਾਂ ਦੇ ਭਲੇ ਵਾਲੀਆਂ ਅਤੇ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ।

ਡਾ: ਸਵਾਮੀਨਾਥਨ ਦੀ ਰਿਪੋਰਟ ਬਾਰੇ ਚੁੱਪੀ ਰੜਕਦੀ ਹੈ ਤੇ ਖੇਤੀ ਬਜ਼ਟ 'ਤੇ ਕਿਸਾਨ ਆਗੂ ਰਾਕੇਸ਼ ਟਕੇਤ ਦੇ ਸ਼ਬਦਾਂ 'ਚ "ਬਜ਼ਟ ਨਾਲ ਕਿਸਾਨਾਂ ਨੂੰ ਖੇਤੀ ਦਾ ਸਮਾਜ ਵੇਚਣ ਵਾਲਿਆਂ ਨੂੰ ਫਾਇਦਾ ਹੋਵੇਗਾ'', ਅਸਲ ਸੱਚਾਈ ਪ੍ਰਗਟ ਕਰਦਾ ਹੈ।

ਦੇਸ਼ ਦੀ ਆਬਾਦੀ 140 ਕਰੋੜ ਤੋਂ ਪਾਰ ਕਰ ਚੁੱਕੀ ਹੈ। ਖੇਡਾਂ 'ਚ ਦੇਸ਼ ਦੀਆਂ ਪ੍ਰਾਪਤੀਆਂ ਵੱਡੀਆਂ ਹੋਣੀਆਂ ਲੋੜੀਂਦੀਆਂ ਹਨ, ਪਰ ਇਸ ਵਰ੍ਹੇ ਖੇਡਾਂ ਦਾ ਬਜ਼ਟ 45 ਕਰੋੜ ਵਧਾਇਆ ਗਿਆ ਹੈ। ਜਦਕਿ ਉਲੰਪਿਕ ਸਿਰ ਉੱਤੇ ਹੈ ਅਤੇ ਖੇਡਾਂ 'ਚ ਦੇਸ਼ ਪਹਿਲਾਂ ਹੀ ਫਾਡੀ ਹੈ। ਐਡੀ ਵੱਡੀ ਆਬਾਦੀ ਦੇ ਖਿਡਾਰੀ ਮਸਾਂ ਦਰਜਨਾਂ ਭਰ ਮੈਡਲ ਲੈਣ 'ਚ ਕਾਮਯਾਬ ਰਹਿੰਦੇ ਹਨ।

ਲੋਕ ਸਭਾ ਵਿੱਚ ਮੌਜੂਦਾ ਸਰਕਾਰ ਦੇ ਹੱਕ ਵਿੱਚ ਚੰਗੇ ਨਤੀਜੇ ਨਹੀਂ ਆਏ ਸਨ, ਕਿਉਂਕਿ ਸਰਕਾਰ ਨੇ ਆਮ ਲੋਕਾਂ ਦੀ ਪਰਵਾਹ ਨਹੀਂ ਸੀ ਕੀਤੀ, ਨਿੱਜੀਕਰਨ ਕਰਦਿਆਂ, ਕਾਰਪੋਰੇਟਾਂ ਨੂੰ ਵੱਧ ਫ਼ਾਇਦਾ ਦਿੱਤਾ ਸੀ।

ਕਹਿਣ ਨੂੰ ਤਾਂ ਭਾਵੇਂ ਦੇਸ਼ ਨੂੰ ਵਿਕਸਤ ਬਨਾਉਣ ਲਈ ਬੁਨਿਆਦੀ ਢਾਂਚਾ ਸੁਧਾਰਣ ਦੀ ਗੱਲ ਸਰਕਾਰ ਕਰਦੀ ਰਹੀ ਹੈ। ਪਰ ਇਸ ਨਾਲ ਆਮ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਇਆ। ਅਮੀਰ ਗਰੀਬ ਦਾ ਪਾੜਾ ਵਧਿਆ ਤੇ ਹੁਣ ਵੀ ਇਹੋ ਨੀਤੀ ਜਾਰੀ ਹੈ।

ਬਜ਼ਟ-2024 ਵਿੱਚ ਕ੍ਰਾਂਤੀਕਾਰੀ ਉਪਾਵਾਂ ਦੀ ਕਮੀ ਦਿਸਦੀ ਹੈ। ਆਮਦਨ ਕਰ ਕਾਨੂੰਨ ਦੀ ਸਮੀਖਿਆ ਦਾ ਬਜ਼ਟ ਵਿੱਚ ਵਾਇਦਾ ਹੈ। ਸ਼ਹਿਰੀਕਰਨ ਦੀ ਤੇਜ਼ ਰਫ਼ਤਾਰ ਕਰਨ ਦੀਆਂ ਗੱਲਾਂ ਵੀ ਕੀਤੀਆਂ ਗਈਆਂ ਹਨ ਪਰ ਦੇਸ਼ ਦੀ ਅਬਾਦੀ ਜੋ ਅਗਲੇ ਪੰਜ-ਛੇ ਸਾਲਾਂ 'ਚ 40 ਫ਼ੀਸਦੀ ਤੱਕ ਹੋ ਜਾਵੇਗੀ ਉਸਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ ਹੈ।

ਪੇਂਡੂ ਵਿਕਾਸ ਯੋਜਨਾਵਾਂ ਦੇ ਮਾਮਲੇ 'ਚ ਸਰਕਾਰੀ ਬਜ਼ਟ ਦੀ ਬੇਰੁਖ਼ੀ ਸਾਹਮਣੇ ਦਿਖਦੀ ਹੈ। ਭਾਵੇਂ ਕਿ ਕਿਹਾ ਗਿਆ ਹੈ ਕਿ ਸਰਕਾਰ ਵੱਡੀਆਂ 20 ਯੋਜਨਾਵਾਂ ਉੱਤੇ 10.76 ਲੱਖ ਕਰੋੜ ਖ਼ਰਚੇਗੀ ਜਿਸ ਵਿੱਚ ਗਰੀਬ ਕਲਿਆਣ ਅੰਨ ਯੋਜਨਾ ਲਈ 2.05 ਲੱਖ ਕਰੋੜ ਰੱਖੇ ਗਏ ਹਨ। ਪਰ ਕੀ ਇਹ ਨੌਜਵਾਨਾਂ ਜਾਂ ਦੇਸ਼ ਦੇ ਆਮ ਆਦਮੀ ਦੀ ਜ਼ਿੰਦਗੀ ਦਾ ਪੱਧਰ ਉੱਚਾ ਕਰਨ ਯੋਗ ਹਨ? ਅਜ਼ਾਦੀ ਦੇ ਵੱਡੇ ਦਹਾਕੇ ਗੁਜ਼ਾਰਨ ਬਾਅਦ ਅੱਜ ਵੀ ਅਸੀਂ ਮੁੱਢਲੀਆਂ ਸਹੂਲਤਾਂ ਦੇਣ ਦੇ ਪੜਾਅ 'ਚ ਹੀ ਘੁੰਮ ਰਹੇ ਹਾਂ।

ਬਜ਼ਟ ਤੋਂ ਮੁਲਾਜ਼ਮ ਪ੍ਰੇਸ਼ਾਨ ਹੈ। ਮਜ਼ਦੂਰ, ਕਿਸਾਨ ਤਬਕੇ ਨੂੰ ਕੋਈ ਰਾਹਤ ਨਹੀਂ ਮਿਲੀ, ਕੋਈ ਉਮੀਦ ਵੀ ਨਹੀਂ ਜਾਗੀ। ਖੇਤੀ/ਕਿਸਾਨਾਂ ਲਈ ਬਜ਼ਟ 3.15ਫੀਸਦੀ ਹੈ, ਜਦਕਿ ਕਿਸਾਨ ਦੇਸ਼ ਦੀ ਅਬਾਦੀ ਦਾ 50ਫੀਸਦੀ ਹਿੱਸਾ ਹਨ। ਕੀ ਮੁੱਠੀ ਭਰ ਇਹੋ ਜਿਹਾ ਰੁਜ਼ਗਾਰ ਨੌਜਵਾਨਾਂ ਨੂੰ ਕੋਈ ਰਾਹਤ ਦੇ ਸਕੇਗਾ?

ਸਬ ਕਾ ਸਾਥ, ਸਬ ਕਾ ਸਾਥ ਨਿਭਾਉਣ ਦਾ ਵਾਇਦਾ ਕਰਨ ਵਾਲੀ ਸਰਕਾਰ ਵੱਲੋਂ ਫੌੜੀਆਂ ਵਾਲੀ ਮੋਦੀ ਸਰਕਾਰ ਨੇ ਆਪਣੀਆਂ ਫੌੜੀਆਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਹੈ। ਸਾਥ ਕਾ ਸਾਥ ਛੱਡ ਕੇ ਮੋਦੀ ਸਰਕਾਰ ਨੇ ਆਪਣੀ ਨਾਕਾਮੀ ਦਾ ਸਬੂਤ ਦਿੱਤਾ ਹੈ। ਔਰਤਾਂ, ਗਰੀਬਾਂ ਲਈ ਬਜ਼ਟ ਦੀ ਚੁੱਪੀ। ਖਾਦਾਂ 'ਤੇ ਸਬਸਿਡੀ 'ਚ ਕਟੌਤੀ ਬਦਲਾ ਖੋਰੀ ਵਾਲਾ ਚਿਹਰਾ ਦਿਖਾਉਂਦੀ ਨਜ਼ਰ ਆ ਰਹੀ ਹੈ।

ਮੋਦੀ ਸਰਕਾਰ ਆਪਣੇ ਬਜ਼ਟ ਨੂੰ ਰੁਜ਼ਗਾਰ ਮੁਖੀ ਹੋਣ ਦਾ ਦਾਅਵਾ ਕਰਦੀ ਹੈ। ਬਜ਼ਟ ਵਿਚ ਅਨੇਕਾਂ ਵਾਰ ਰੁਜ਼ਗਾਰ ਸ਼ਬਦ ਦਾ ਜ਼ਿਕਰ ਹੈ। ਪਰ ਇਹ ਸਿਰਫ਼ ਫੋਕਾ ਖਿਆਲ ਹੈ। ਸਰਕਾਰੀ ਨੌਕਰੀਆਂ ਤਾਂ ਪਹਿਲਾਂ ਹੀ ਗਾਇਬ ਹਨ। ਕੰਪਨੀਆਂ ਦਾ ਢਿੱਡ ਭਰਨ ਲਈ ਅਪ੍ਰੈਂਟਿਸਸ਼ਿਪ ਦੇ ਨਾਮ ਉੱਤੇ ਭਾਰੀ ਰਕਮਾਂ ਉਹਨਾਂ ਨੂੰ ਦੇ ਕੇ ਨੌਜਵਾਨਾਂ ਨੂੰ ਫੁਸਲਾਉਣ ਦਾ ਇਹ ਯਤਨ ਸਾਬਤ ਹੋਏਗਾ।

ਗੱਠਜੋੜ ਦੀਆਂ ਮਜ਼ਬੂਰੀਆਂ ਦੀ ਛਾਪ ਵਾਲਾ ਇਸ ਬਜ਼ਟ ਦੀ ਟੇਕ ਕਹਿਣ ਨੂੰ ਤਾਂ ਖੇਤੀਬਾੜੀ ਉੱਤੇ ਰੱਖੀ ਗਈ ਹੈ, ਪਰ ਇਸ ਵਾਸਤੇ ਵੱਡੀਆਂ ਚੁਣੌਤੀਆਂ ਸਰਕਾਰ ਸਾਹਮਣੇ ਰਹਿਣਗੀਆਂ।

ਆਮ ਤੌਰ 'ਤੇ ਬਜ਼ਟ ਨਵੀਆਂ ਸੇਧਾਂ ਦੀ ਪਟਾਰੀ ਹੁੰਦਾ ਹੈ। (ਦੇਸ਼ ਸਾਹਮਣੇ ਵੱਡੀ ਚੁਣੌਤੀ ਰੁਜ਼ਗਾਰ ਦੀ ਹੈ। ਨਾ ਬਰਾਬਰੀ ਦੀ ਹੈ।) ਨਾਗਰਿਕ ਦੀਆਂ ਮੁਖ ਸਮੱਸਿਆਵਾਂ ਬਜ਼ਟ ਦਾ ਕੇਂਦਰੀ ਧੁਰਾ ਹੋਣਾ ਹੁੰਦਾ ਹੈ। ਪਰ ਜਿਸ ਢੰਗ ਨਾਲ ਓਪਰੇ ਜਿਹੇ 18ਵੀਂ ਲੋਕ ਸਭਾ ਵਿਚ ਬਜ਼ਟ ਪੇਸ਼ ਕੀਤਾ ਗਿਆ, ਉਹ ਨਿਰਾਸ਼ਾਜਨਕ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਦੇਸ਼ ਦੀ ਮੁੱਖ ਸਮੱਸਿਆਵਾਂ ਤੋਂ ਕਿਨਾਰਾ ਕਰਨ ਵਾਲਾ ਹੈ।

ਕੁਝ ਤੱਥ ਵੇਖੋ ਪਰਖੋ। ਪੇਂਡੂ ਵਿਕਾਸ ਬਜ਼ਟ ਵਾਧਾ 3.93 ਫੀਸਦੀ ਹੀ ਹੈ। ਪੇਂਡੂ ਰੁਜ਼ਗਾਰ ਲਈ 8000 ਕਰੋੜ ਹਨ। ਵਿਕਾਸ ਅਤੇ ਖੋਜ ਖਰਚਿਆਂ ਲਈ ਵਾਧਾ 0.8 ਫੀਸਦੀ ਹੈ। ਕਾਰਪੋਰੇਟ ਟੈਕਸ 40ਫੀਸਦੀ ਤੋਂ 35ਫੀਸਦੀ ਕਰ ਦਿੱਤਾ ਗਿਆ ਹੈ। ਸਿਹਤ ਸੇਵਾਵਾਂ ਲਈ ਕੋਈ ਨਵਾਂ ਪ੍ਰਬੰਧ ਨਹੀਂ। ਸਿਹਤ ਬਜ਼ਟ ਵੀ ਘਟਿਆ ਹੈ।

ਪੂਰੀ ਘੋਖ ਉਪਰੰਤ ਇਹ ਬਜ਼ਟ ਪਿਛਲੇ ਬਜ਼ਟਾਂ ਵਾਂਗਰ ਸਿਰਫ਼ ਅੰਕੜਿਆਂ ਦੀ ਖੇਡ ਹੈ। ਭਾਵੇਂ ਤਰਜੀਹਾਂ ਦਾ ਵਿਖਿਆਨ ਬਜ਼ਟ ਵਿਚ ਹੈ। ਪਰ ਛਲਾਵਾ ਭਰਪੂਰ ਇਹ ਬਜ਼ਟ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਵਰਗਾ ਹੈ। ਇਹ ਇਸ ਤੱਥ ਤੋਂ ਸਾਬਤ ਹੁੰਦਾ ਹੈ ਕਿ ਜਿਹੜਾ ਵਿਸ਼ੇਸ਼ ਪੈਕੇਜ ਆਂਧਰਾ ਤੇ ਬਿਹਾਰ ਲਈ ਦਿੱਤਾ ਗਿਆ ਹੈ ਉਹ ਵਿਦੇਸ਼ੀ ਏਜੰਸੀਆਂ ਦੇ ਕਰਜ਼ੇ ਦਿਵਾਉਣ ਤੱਕ ਸੀਮਤ ਹੈ।



# ਸੀਸ ਭੇਟ ਕਰਨ ਦੀ ਪਹਿਲਕਦਮੀ ਕਰਨਵਾਲਾ ਪਿਆਰਾ ਭਾਈ ਦਯਾ ਸਿੰਘ ਜੀ

## ਜਨਮ ਦਿਨ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ

ਪੰਚਮ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਸਿੱਖ ਇਤਿਹਾਸ ਵਿਚ ਇੱਕ ਨਵੀਨ ਅਤੇ ਇਨਕਲਾਬੀ ਮੋੜ ਆਇਆ ਜਿਸ ਤਹਿਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਦੋ ਤਲਵਾਰਾਂ ਇੱਕ ਮੀਰੀ ਅਤੇ ਦੂਸਰੀ ਪੀਰੀ ਦੀ ਧਾਰਨ ਕੀਤੀਆਂ ਜਿਹੜੀਆਂ ਇਸ ਗੱਲ ਦਾ ਸੰਕੇਤ ਸਨ ਕਿ ਸਮੇਂ ਦੀ ਲੋੜ ਦੇ ਮੁਤਾਬਿਕ ਸਿੱਖ ਨੇ ਹੁਣ ਸਿਰਫ਼ ਸੰਤਤਾਈ (ਬੰਦਗੀ) ਤੱਕ ਹੀ ਮਹਿਦੂਦ ਨਹੀਂ ਰਹਿਣਾ ਸਗੋਂ ਧਰਮ ਦੀ ਰਾਖੀ ਲਈ ਉਸ ਨੇ ਸਿਪਾਹੀ ਵੀ ਬਣਨਾ ਹੈ। ਇਸ ਸਿਧਾਂਤ 'ਤੇ ਪਹਿਰਾ ਦਿੰਦਿਆਂ ਛੇਵੇਂ ਪਾਤਸ਼ਾਹ ਨੇ ਵਕਤ ਦੇ ਹਾਕਮਾਂ ਅਤੇ ਗੁਰੂ-ਘਰ ਦੇ ਦੋਖੀਆਂ ਨਾਲ ਚਾਰ ਫ਼ੈਸਲਾਕੁੰਨ ਧਰਮ-ਯੁੱਧ ਵੀ ਲੜੇ।

ਸੱਤਵੀਂ ਅਤੇ ਅੱਠਵੀਂ ਪਾਤਸ਼ਾਹੀ ਦੇ ਸਮੇਂ ਹਲਾਤ ਕੁੱਝ ਸੁਖਾਵੇਂ ਰਹਿਣ ਕਰਕੇ ਸਿੱਖੀ ਆਪਣੀ ਮੰਜ਼ਿਲ ਵੱਲ ਰਵਾਂ-ਰਵੀਂ ਵੱਧਦੀ ਰਹੀ ਪਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਦੀ ਧਾਰਮਿਕ ਆਜ਼ਾਦੀ ਹਿੱਤ ਹੋਈ ਸ਼ਹਾਦਤ ਨੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਬਾਬੇ (ਹਰਗੋਬਿੰਦ ਸਾਹਿਬ) ਦੇ ਮੀਰੀ ਅਤੇ ਪੀਰੀ ਦੇ ਸਿਧਾਂਤ ਦੀ ਲਗਾਤਾਰਤਾ ਨੂੰ ਬਣਾਈ ਰੱਖਣ ਲਈ ਨਵੀਂ ਵਿਉਂਤਬੰਦੀ ਕਰਨੀ ਪਈ। ਇਸ ਵਿਉਂਤਬੰਦੀ ਨੂੰ ਅਮਲ ਵਿਚ ਲਿਆਉਣ ਲਈ ਉਨ੍ਹਾਂ ਨੇ 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਦੀ ਚੋਣ ਕੀਤੀ।ਇਸ ਇਤਿਹਾਸਕ ਦਿਹਾੜੇ 'ਤੇ ਗੁਰੂ ਸਾਹਿਬ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਉਪਰ ਇੱਕ ਵਿਸ਼ਾਲ ਧਾਰਮਿਕ ਇਕੱਠ ਕੀਤਾ ਜਿਸ ਦਾ ਮਨੋਰਥ ਇੱਕ ਅਜਿਹੇ ਖ਼ਾਲਸਾ ਪੰਥ ਦੀ ਸਾਜਨਾ ਕਰਨੀ ਸੀ ਜਿਹੜਾ ਸੱਚ ਕਹਿਣ,ਵਾਧਾ ਨਾ ਸਹਿਣ ਅਤੇ ਜ਼ੁਲਮ ਨਾਲ ਟੱਕਰ ਲੈਣ ਲਈ ਹਮੇਸ਼ਾਂ ਤੱਤਪਰ ਰਹੇ।

ਇਸ ਮਨੋਰਥ ਦੀ ਸਿੱਧੀ ਲਈ ਕਲਗੀਧਰ ਪਾਤਸ਼ਾਹ ਹੱਥ ਵਿਚ ਨੰਗੀ ਕ੍ਰਿਪਾਨ ਲੈ ਕੇ ਸਟੇਜ ਉਪਰ ਆਏ ਅਤੇ ਇਕੱਠ ਨੂੰ ਵੰਗਾਰ ਕੇ ਇੱਕ ਸੀਸ ਦੀ ਮੰਗ ਕਰਨ ਲੱਗੇ।ਪਾਤਸ਼ਾਹ ਦੀ ਇਸ ਅਨੋਖੀ ਅਤੇ ਔਖੀ ਵੰਗਾਰ ਨੂੰ ਸੁਣ ਕੇ ਸੰਗਤ ਵਿਚ ਹਲਚੱਲ ਜਿਹੀ ਮੱਚ ਗਈ ਅਤੇ ਕਈਆਂ ਨੇ ਨੀਵੀਂ ਪਾ ਲਈ।ਕੋਈ ਹੁੰਗਾਰਾ ਨਾ ਮਿਲਿਆ ਦੇਖ ਕੇ ਗੁਰੂ ਸਾਹਿਬ ਨੇ ਆਪਣੀ ਮੰਗ ਨੂੰ ਮੁੜ ਦੁਹਰਾਇਆ।ਇਸ ਵਾਰੀ ਬਚਾਅ ਲਈ ਕੁੱਝ ਖਿਸਕਾ ਵੀ ਹੋਣ ਲੱਗਾ ਅਤੇ ਖਿਸਕਾ ਨਾਲ ਇਕੱਠ ਦਾ ਘਟਾਅ ਵੀ।ਪੰਡਾਲ ਵਿਚ ਹੋ ਰਹੇ ਘਟਾਅ ਨੂੰ ਦੇਖ ਕੇ ਗੁਰੂ ਗੋਬਿੰਦ ਸਿੰਘ ਨੇ ਕਿਹਾ-'ਪਿਆਰਿਓ! ਸਿੱਖੀ ਦੀ ਸ਼ਾਨ ਨੂੰ ਵਧਾਉਣ ਅਤੇ ਅਣਖ ਨਾਲ ਜਿਉਣ ਲਈ ਅੱਜ ਉਨ੍ਹਾਂ ਮਰਜੀਵੜਿਆਂ ਦੀ ਲੋੜ ਹੈ ਜਿਹੜੇ ਸੀਸ ਦੀ ਭੇਟ ਚੜ੍ਹਾ ਕੇ ਮੇਰੀ ਤੇਗ਼ ਦੀ ਪਿਆਸ ਨੂੰ ਬੁਝਾਉਣ ਅਤੇ ਗੁਰੂ-ਘਰ ਦੀਆਂ ਖ਼ੁਸ਼ੀਆਂ ਪਾਉਣ।ਉੱਠੋ! ਕੋਈ ਸੂਰਮਾ ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੋਵੇ।'

ਕਲਗੀਧਰ ਪਾਤਸ਼ਾਹ ਦੇ ਇਹ ਬੋਲ ਭਾਵੇਂ ਦੀਵਾਨ ਵਿਚ ਹਾਜ਼ਰੀ ਭਰ ਰਹੇ ਕਈਆਂ ਦੇ ਕੰਨੀ ਪਏ ਸਨ ਪਰ ਇਨ੍ਹਾਂ ਬਚਨਾਂ ਨੂੰ ਕਮਾਉਣ



ਦੀ ਪਹਿਲ ਕਰਨ ਵਾਲੇ ਪਿਆਰੇ ਦਾ ਨਾਮ ਹੈ ਭਾਈ ਦਯਾ ਸਿੰਘ (ਉਸ ਵੇਲੇ ਦਯਾ ਰਾਮ)। ਸਿੱਖੀ ਨੂੰ ਤਨੋਂ-ਮਨੋਂ ਪਿਆਰ ਕਰਨ ਵਾਲੇ ਭਾਈ ਦਯਾ ਰਾਮ ਜੀ ਦਸਮੇਸ਼ ਪਿਤਾ ਦੇ ਸਨਮੁੱਖ ਹੋਏ ਅਤੇ ਆਪਣਾ ਸੀਸ ਝੁਕਾ ਕੇ ਹੋਈ ਦੇਰੀ ਦੀ ਮੁਆਫ਼ੀ ਮੰਗਣ ਲੱਗੇ।

ਗੁਰੂ ਸਾਹਿਬ ਦੇ ਹੋਰ ਨੇੜੇ ਹੋ ਕੇ ਕਹਿਣ ਲੱਗੇ-"ਸੱਚੇ ਪਾਤਸ਼ਾਹ! ਇਹ ਸੀਸ ਤੁਸਾਂ ਦੀ ਅਮਾਨਤ ਹੈ, ਇਸ ਨੂੰ ਕੱਟ ਕੇ ਧਰਮ ਦੇ ਲੇਖੇ ਲਾ ਦਿਉ।" ਕਲਗੀਧਰ ਪਾਤਸ਼ਾਹ ਨੇ ਪੁੱਛਿਆ, "ਤੇਰਾ ਨਾਮ ਕੀ ਹੈ ਅਤੇ ਕਿਥੋਂ ਆਇਆ ਹੈਂ?" "ਜੀ ਮੇਰਾ ਨਾਮ ਦਯਾ ਰਾਮ ਹੈ ਅਤੇ ਮੈਂ ਲਾਹੌਰ ਤੋਂ ਆਇਆ ਹਾਂ।"

ਭਾਈ ਦਯਾ ਰਾਮ ਦਾ ਜਵਾਬ ਸੁਣ ਕੇ ਪਾਤਸ਼ਾਹ ਪ੍ਰਸਨਚਿੱਤ ਹੋਏ ਅਤੇ ਕਹਿਣ ਲੱਗੇ- 'ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਨੇ ਲਾਹੌਰ ਸ਼ਹਿਰ ਨੂੰ ਕਹਿਰ ਦਾ ਘਰ ਕਿਹਾ ਹੈ,ਜੇਕਰ ਲਾਹੌਰ ਤੋਂ ਦਇਆ ਪੰਥ ਵਿਚ ਸ਼ਾਮਿਲ ਹੋਣ ਲਈ ਆਈ ਹੈ ਤਾਂ ਸਾਡਾ ਯਕੀਨ ਹੈ ਸਿੱਖੀ ਦੀ ਚੜ੍ਹਦੀਕਲਾ ਹੋਵੇਗੀ।" (ਰਾਗੀਆਂ, ਢਾਡੀਆਂ, ਕਵੀਸ਼ਰਾਂ ਅਤੇ ਹੋਰ ਪ੍ਰਚਾਰਕਾਂ ਦੇ ਹਵਾਲੇ ਨਾਲ) ਬਾਂਹੋਂ ਪਕੜ ਕੇ ਗੁਰੂ ਸਾਹਿਬ ਉਸ ਨੂੰ ਤੰਬੂ ਵਿਚ ਲੈ ਗਏ ਕੁੱਝ ਕੁ ਸਮੇਂ ਬਾਅਦ ਭਾਈ ਦਯਾ, ਰਾਮ ਤੋਂ ਸਿੰਘ (ਅੰਮ੍ਰਿਤ ਪਾਨ ਕਰਕੇ) ਬਣਕੇ ਗੁਰੂ ਗੋਬਿੰਦ ਸਿੰਘ ਦਾ ਪਿਆਰਾ ਅਤੇ ਸਿੱਖੀ ਦਾ ਸਿਤਾਰਾ ਬਣ ਚੁੱਕਾ ਸੀ। ਦਸਮ ਪਾਤਸ਼ਾਹ ਦੀ ਕਿਰਪਾ ਨਾਲ ਭਾਈ ਦਯਾ ਸਿੰਘ ਹੁਣ ਉਸ ਖ਼ਾਲਸਾਈ ਫ਼ੌਜ ਦਾ ਸਿਪਾਹੀ ਬਣ ਗਿਆ ਸੀ ਜਿਹੜੀ ਅਕਾਲ-ਪੁਰਖ ਦੇ ਅਧੀਨ ਰਹਿ ਕੇ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆਂ ਦਾ ਤਾਣ ਬਣਨ ਲਈ ਸਾਜੀ ਗਈ ਸੀ।

ਇੱਕ ਹੋਰ ਇਤਿਹਾਸਕ ਹਵਾਲੇ ਅਨੁਸਾਰ ਭਾਈ ਦਯਾ ਰਾਮ (ਸਿੰਘ) ਦਾ ਜਨਮ ਲਾਹੌਰ ਦੇ ਵਸਨੀਕ ਭਾਈ ਸੁਧਾ (ਸੋਬਤੀ) ਜੀ ਅਤੇ ਮਾਤਾ ਦਿਆਲੀ ਦੇ ਘਰ 26 ਅਗਸਤ 1661 ਈ.(ਸੰਮਤ 1718) ਨੂੰ ਹੋਇਆ ਭਾਈ ਸੁਧਾ ਜੀ ਡੱਲਾ ਨਿਵਾਸੀ ਭਾਈ ਪਾਰੋ ਦੀ ਕੁੱਲ ਵਿਚੋਂ ਸਨ, ਜੋ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਪੱਕੇ ਸ਼ਰਧਾਲੂ ਸਨ। ਉਹ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਅਕਸਰ ਸ੍ਰੀ ਆਨੰਦਪੁਰ ਸਾਹਿਬ ਆਉਂਦੇ-ਜਾਂਦੇ ਰਹਿੰਦੇ ਸਨ।

1677 ਈਂ ਵਿਚ ਭਾਈ ਸੁਧਾ ਸੋਬਤੀ ਜੀ ਜਦੋਂ ਸ੍ਰੀ ਆਨੰਦਪੁਰ ਸਾਹਿਬ ਆਏ ਤਾਂ ਨਾਲ ਉਨ੍ਹਾਂ ਦਾ ਫ਼ਰਜੰਦ ਦਯਾ ਰਾਮ ਵੀ ਆਇਆ। ਉਸ ਵਕਤ ਉਸ ਦੀ ਆਯੂ 17 ਕੁ ਸਾਲ ਦੀ ਸੀ।ਆਨੰਦਪੁਰ ਸਾਹਿਬ ਵਿਚ ਰਹਿ ਕੇ ਉਸ ਦਾ ਮਨ ਐਸਾ ਆਨੰਦਿਤ ਹੋਇਆ ਕਿ ਉਸ ਨੇ ਘਰ ਵਾਪਸੀ ਦਾ ਖ਼ਿਆਲ ਹੀ ਤਿਆਗ ਦਿੱਤਾ। ਇਸ ਤੋਂ ਬਾਅਦ ਉਸ ਨੇ ਆਪਣਾ ਸਾਰਾ ਜੀਵਨ ਦਸਮੇਸ਼ ਪਾਤਸ਼ਾਹ ਦੀ ਹਜ਼ੂਰੀ ਵਿਚ ਹੀ ਬਤੀਤ ਕੀਤਾ।ਪੂਰਵ ਖ਼ਾਲਸਾ-ਕਾਲ ਅਤੇ ਉਤਰ ਖ਼ਾਲਸਾ-ਕਾਲ ਦੀਆਂ ਲੜਾਈਆਂ ਵਿਚ ਉਹ ਗੁਰੂ-ਘਰ ਦਾ ਡੱਟਵਾਂ ਸਾਥ ਦਿੰਦਾ ਰਿਹਾ ਅਤੇ ਸਿੱਖੀ ਦਾ ਮਾਣ ਵਧਾਉਂਦਾ ਰਿਹਾ।

ਪੰਜ ਪਿਆਰਿਆਂ ਵਿਚ ਭਾਈ ਦਯਾ ਸਿੰਘ ਦਾ ਅਹਿਮ ਅਤੇ ਬੜਾ ਸਤਿਕਾਰਯੋਗ ਸਥਾਨ ਸੀ। ਉਹ ਗੁਰੂ ਸਾਹਿਬ ਦਾ ਹਮਰਾਜ਼ ਅਤੇ ਸਲਾਹਕਾਰ ਵੀ ਰਿਹਾ ਹੈ।ਉਸ ਨੇ ਤਿੰਨ ਦਹਾਕੇ (31 ਸਾਲ) ਤੋਂ ਵੱਧ ਸਮਾਂ ਗੁਰੂ ਸਾਹਿਬ ਦੀ ਸੰਗਤ ਕੀਤੀ ਅਤੇ ਆਖਰੀ ਸਮੇਂ ਤੱਕ ਵੀ ਉਨ੍ਹਾਂ ਦੇ ਨਾਲ ਹੀ ਰਿਹਾ।

ਭਾਈ ਧਰਮ ਸਿੰਘ ਦੇ ਨਾਲ ਰਲ ਕੇ ਜੇਤੂ ਚਿੱਠੀ (ਜ਼ਫ਼ਰਨਾਮਾ) ਨੂੰ ਔਰੰਗਜ਼ੇਬ (ਔਰੰਗਾਬਾਦ) ਤੱਕ ਪਹੁੰਚਾਉਣ ਵਿਚ ਵੀ ਭਾਈ ਦਯਾ ਸਿੰਘ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। 7 ਅਕਤੂਬਰ 1708 ਈ. ਨੂੰ ਦੱਖਣ ਦੀ ਧਰਤੀ (ਨੰਦੇੜ ਸਾਹਿਬ ਵਿਖੇ) 'ਤੇ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਸਮਾਅ ਗਏ ਭਾਈ ਦਯਾ ਸਿੰਘ ਨੂੰ ਗੁਰੂ ਸਾਹਿਬ ਦਾ ਵਿਛੋੜਾ ਅਸਹਿ ਲੱਗਣ ਲੱਗਾ ਅਤੇ ਕੁੱਝ ਸਮੇਂ ਤੋਂ ਬਾਅਦ ਉਹ ਵੀ ਨੰਦੇੜ ਸਾਹਿਬ ਵਿਖੇ ਹੀ ਅਕਾਲ ਚਲਾਣਾ ਕਰ ਗਏ। ਪੰਜ ਪਿਆਰਿਆਂ ਦੇ ਜਥੇਦਾਰ ਭਾਈ ਦਯਾ ਸਿੰਘ ਜੀ ਦਾ ਜਨਮ ਦਿਹਾੜਾ 26 ਅਗਸਤ ਨੂੰ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ।

#1348/17/1 ਗਲੀ ਨੰ:8 ਰਿਸ਼ੀ ਨਗਰ ਐਕਸਟੈਨਸ਼ਨ (ਲੁਧਿਆਣਾ)
ਮੋਬ:9463132719

# ਜਸਵੀਰ ਸਿੰਘ ਗੜ੍ਹੀ ਬਸਪਾ ਦੇ ਸੂਬਾ ਪ੍ਰਧਾਨ ਬਣੇ ਰਹਿਣਗੇ

ਚੰਡੀਗੜ੍ਹ-ਬਸਪਾ ਪੰਜਾਬ, ਚੰਡੀਗੜ੍ਹ, ਹਰਿਆਣਾ ਦੇ ਮੁੱਖ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਨੇ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਦੇ ਆਦੇਸ਼ਾਂ ਅਨੁਸਾਰ ਪੰਜਾਬ ਦੀ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਅਨੁਸਾਰ ਜਸਵੀਰ ਸਿੰਘ ਗੜ੍ਹੀ ਸੂਬਾ ਪ੍ਰਧਾਨ ਬਣੇ ਰਹਿਣਗੇ, ਡਾ. ਨਛੱਤਰ ਪਾਲ ਪੰਜਾਬ ਦੇ ਸੂਬਾ ਇੰਚਾਰਜ ਵਿਧਾਇਕ ਹੋਣਗੇ ਅਤੇ ਰਾਜਾ ਰਾਜਿੰਦਰ ਸਿੰਘ ਨਨ੍ਹੇੜੀਆਂ ਨੂੰ ਚੰਡੀਗੜ੍ਹ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਬੈਣੀਵਾਲ ਨੇ ਕਿਹਾ ਕਿ ਸੂਬੇ ਦੇ ਉਪ ਪ੍ਰਧਾਨ ਅਜੀਤ ਸਿੰਘ ਭੈਣੀ ਹੋਣਗੇ।



ਸੂਬਾ ਜਨਰਲ ਸਕੱਤਰਾਂ ਦੀ ਸੂਚੀ ਵਿਚ ਬਲਦੇਵ ਮਹਿਰਾ, ਗੁਰਲਾਲ ਸੈਲਾ, ਬਲਵਿੰਦਰ ਕੁਮਾਰ ਐਡਵੋਕੇਟ, ਗੁਰਨਾਮ ਸਿੰਘ ਚੌਧਰੀ, ਹਰਭਜਨ ਸਿੰਘ ਬਜਹੇੜੀ, ਤਰਸੇਮ ਥਾਪਰ, ਚਮਕੌਰ ਸਿੰਘ ਵੀਰ, ਨਿੱਕਾ ਸਿੰਘ ਬਠਿੰਡਾ, ਸੁਖਦੇਵ ਸਿੰਘ ਸ਼ੀਰਾ, ਲਾਲ ਸਿੰਘ ਸੁਲਹਾਨੀ ਅਤੇ ਕੁਲਦੀਪ ਸਿੰਘ ਸਰਦੂਲਗੜ੍ਹ ਸ਼ਾਮਲ ਹਨ।ਸੂਬਾ ਦਫ਼ਤਰ ਦੇ ਸਕੱਤਰ ਜਸਵੰਤ ਰਾਏ ਅਤੇ ਸੂਬਾ ਕੈਸ਼ੀਅਰ ਪਰਮਜੀਤ ਮੱਲ, ਸੂਬਾ ਸਕੱਤਰਾਂ ਦੀ ਸੂਚੀ ਵਿਚ ਮਾਸਟਰ ਰਾਮਪਾਲ ਅਬੀਆਣਾ, ਬਲਵੰਤ ਕੇਹਰਾ ਅੰਮਿਬਸਰ, ਤਾਰਾਚੰਦ ਭਗਤ, ਤੀਰਥ ਰਾਜਪੁਰਾ ਅਤੇ ਮਾ. ਓਮਪ੍ਰਕਾਸ਼ ਸਰੋਆ ਫਿਰੋਜ਼ਪੁਰ ਸ਼ਾਮਲ ਹਨ। ਸੂਬਾ ਕਾਰਜਕਾਰਨੀ ਮੈਂਬਰਾਂ ਦੀ ਸੂਚੀ ਵਿਚ ਸ੍ਰੀਮਤੀ ਸ਼ੀਲਾ ਰਾਣੀ, ਐਡਵੋਕੇਟ ਅਵਤਾਰ ਕ੍ਰਿਸ਼ਨ ਅਤੇ ਲੇਖਰਾਜ ਜਮਾਲਪੁਰੀ ਸ਼ਾਮਿਲ ਹਨ। ਲੋਕ ਸਭਾ ਇੰਚਾਰਜਾਂ ਦੀ ਸੂਚੀ ਵਿਚ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਦੇ ਇੰਚਾਰਜ ਕੁਲਵੰਤ ਸਿੰਘ ਮੈਹਤੋਂ, ਪਟਿਆਲਾ ਲੋਕ ਸਭਾ ਇੰਚਾਰਜ ਜਗਜੀਤ ਸਿੰਘ ਛੜਬੜ, ਸੰਗਰੂਰ ਲੋਕ ਸਭਾ ਇੰਚਾਰਜ ਡਾਕਟਰ ਮੱਖਣ ਸਿੰਘ, ਬਠਿੰਡਾ ਲੋਕ ਸਭਾ ਇੰਚਾਰਜ ਮੀਨਾ ਰਾਣੀ, ਫਰੀਦਕੋਟ ਲੋਕ ਸਭਾ ਇੰਚਾਰਜ ਗੁਰਬਖਸ਼ ਸਿੰਘ ਚੌਹਾਨ, ਲੁਧਿਆਣਾ ਲੋਕ ਸਭਾ ਇੰਚਾਰਜ ਦਵਿੰਦਰ ਸਿੰਘ ਰਾਮਗੜ੍ਹੀਆ, ਫਿਰੋਜ਼ਪੁਰ ਲੋਕ ਸਭਾ ਇੰਚਾਰਜ ਸੁਰਿੰਦਰ ਕੰਬੋਜ, ਲੋਕ ਸਭਾ ਸ੍ਰੀ ਅਨੰਦਪੁਰ ਸਾਹਿਬ ਇੰਚਾਰਜ ਪਰਵੀਨ ਬੰਗਾ, ਹੁਸ਼ਿਆਰਪੁਰ ਲੋਕ ਸਭਾ ਇੰਚਾਰਜ ਐਡਵੋਕੇਟ ਰਣਜੀਤ ਕੁਮਾਰ, ਗੁਰਦਾਸਪੁਰ ਲੋਕ ਸਭਾ ਇੰਚਾਰਜ ਰਾਜ ਕੁਮਾਰ ਜਨੋਤਰਾ, ਅੰਮਿਬਸਰ ਲੋਕ ਸਭਾ ਇੰਚਾਰਜ ਵਿਸ਼ਾਲ ਸਿੱਧੂ ਅਤੇ ਖਡੂਰ ਸਾਹਿਬ ਲੋਕ ਸਭਾ ਇੰਚਾਰਜ ਇੰਜ. ਸਤਨਾਮ ਸਿੰਘ ਤੁੜ ਹੋਣਗੇ।


# ਹਰੀ ਕ੍ਰਿਸ਼ਨ ਮਾਇਰ ਦੀ ਬਹੁ ਮੁੱਖੀ ਪੁਸਤਕ : ਪੰਜਾਬੀ ਖੋਜਕਾਰ

ਰਵਿੰਦਰ ਸਿੰਘ ਸੋਢੀ
001-604-369-2371
ਰਿਚਮੰਡ, ਕੈਨੇਡਾ



ਸਾਹਿਤਕ ਵੰਨਗੀਆਂ ਵਿਚੋਂ ਵਾਰਤਕ ਵਿਧਾ ਦਾ ਵੱਖਰਾ ਸਥਾਨ ਹੈ। ਵਾਰਤਕ ਵਿਚ ਸੰਬੰਧਿਤ ਵਿਸ਼ੇ ਦੀ ਜਾਣਕਾਰੀ ਦੇ ਨਾਲ-ਨਾਲ ਜਾਣਕਾਰ ਕਿਵੇਂ ਮੁਹੱਈਆ ਕਰਵਾਈ ਗਈ ਹੈ, ਵਾਰਤਕ ਸ਼ੈਲੀ ਅਤੇ ਭਾਸ਼ਾ ਦਾ ਆਪਸੀ ਸਮਤੋਲ ਕਿਵੇਂ ਰੱਖਿਆ ਗਿਆ ਹੈ, ਇਸ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੁੰਦਾ ਹੈ। ਲੇਖਕ ਨੂੰ ਇਹ ਦੇਖਣਾ ਪੈਂਦਾ ਹੈ ਕਿ ਉਹ ਕਿਸ ਵਰਗ ਦੇ ਪਾਠਕਾਂ ਲਈ ਲਿਖ ਰਿਹਾ ਹੈ, ਜਿਹੜੇ ਵਿਸ਼ੇ ਤੇ ਲਿਖ ਰਿਹਾ ਹੈ, ਉਸ ਦਾ ਕੀ ਮਹੱਤਵ ਹੈ, ਕੀ ਵਿਸ਼ੇ ਅਨੁਸਾਰ ਭਾਸ਼ਾ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਜੇ ਵਿਸ਼ਾ ਬੱਚਿਆਂ ਨਾਲ ਸੰਬੰਧਿਤ ਹੈ, ਪਰ ਭਾਸ਼ਾ ਔਖੀ ਵਰਤੀ ਗਈ ਹੈ ਤਾਂ ਲਿਖਣ ਦਾ ਮਕਸਦ ਹੀ ਪੂਰਾ ਨਹੀਂ ਹੁੰਦਾ। ਜੇ ਭਾਸ਼ਾ ਵੀ ਬੱਚਿਆਂ ਅਨੁਸਾਰ ਵਰਤੀ ਹੈ, ਪਰ ਲੇਖਕ ਦੀ ਸ਼ੈਲੀ ਵਿਚ ਹੀ ਕੋਈ ਖਿੱਚ ਨਹੀਂ ਤਾਂ ਪਾਠਕਾਂ ਨੂੰ ਉਹ ਲਿਖਤ ਕਦੇ ਵੀ ਪ੍ਰਭਾਵਿਤ ਨਹੀਂ ਕਰ ਸਕਦੀ।

ਪੰਜਾਬੀ ਸਾਹਿਤ ਦੇ ਇਕ ਹਸਤਾਖਰ ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ ਦੀ ਪੁਸਤਕ 'ਪੰਜਾਬੀ ਖੋਜਕਾਰ' ਪੜ੍ਹਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਵਿਦਵਾਨ ਲੇਖਕ ਇਕ ਸਫਲ ਵਾਰਤਾਕਾਰ ਦੇ ਤੌਰ ਤੇ ਆਪਣੀ ਵੱਖਰ ਪਹਿਚਾਣ ਬਣਾਉਣ ਵਿਚ ਸਫਲ ਹੋਇਆ ਹੈ। ਇਸ ਪੁਸਤਕ ਵਿਚ ਪੰਜਾਬ ਨਾਲ ਸਬੰਧਿਤ 22 ਵਿਗਿਆਨਕਾਂ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਇਹਨਾਂ ਵਿਚੋਂ ਕਈ ਵਿਗਿਆਨਕ ਖੋਜੀਆਂ ਨੇ ਪੰਜਾਬ ਜਾਂ ਭਾਰਤ ਨੂੰ ਹੀ ਆਪਣੀ ਕਰਮ ਭੂਮੀ ਬਣਾਉਣ ਵਿਚ ਫਖਰ ਮਹਿਸੂਸ ਕੀਤਾ ਅਤੇ ਕਈਆਂ ਨੇ ਆਪਣੀ ਖੋਜ ਦੇ ਖੇਤਰ ਦੀ ਵਿਸ਼ਾਲਤਾ ਨੂੰ ਪਹਿਚਾਣਦੇ ਹੋਏ ਵਿਦੇਸ਼ਾਂ ਵੱਲ ਉਡਾਨ ਭਰੀ ਅਤੇ ਵਿਸ਼ੇਸ਼ ਪ੍ਰਾਪਤੀਆਂ ਕਰਦੇ ਹੋਏ ਆਪਣਾ ਅਤੇ ਆਪਣੀ ਜਨਮ ਭੂਮੀ ਦੇ ਨਾਂ ਨੂੰ ਚਮਕਾਇਆ। ਪ੍ਰਸਤੁਤ ਪੁਸਤਕ ਦੀ ਇਕ ਵਿਸ਼ੇਸ਼ਤਾ ਹੋਰ ਹੈ ਕਿ ਲੇਖਕ ਨੇ ਇਸ ਪੁਸਤਕ ਵਿਚ ਕਈ ਅਜਿਹੇ ਖੋਜਕਾਰ ਵਿਗਿਆਨੀਆਂ ਨਾਲ ਪਾਠਕਾਂ ਦੀ ਜਾਣ-ਪਛਾਣ ਕਰਵਾਈ ਹੈ ਜਿੰਨਾ ਸੰਬੰਧੀ ਪੰਜਾਬੀ ਵਿਚ ਪਹਿਲਾਂ ਬਹੁਤ ਕੁਝ ਨਹੀਂ ਸੀ ਲਿਖਿਆ ਗਿਆ। ਇਸ ਪੁਸਤਕ ਵਿਚ ਜਿਨ੍ਹਾਂ ਪੰਜਾਬੀ ਵਿਗਿਆਨਕ ਖੋਜੀਆਂ ਸੰਬੰਧੀ ਲੇਖ ਲਿਖੇ ਗਏ ਹਨ, ਉਹ ਹਨ:- ਡਾ. ਰੁਚੀ ਰਾਮ ਸਾਹਨੀ, ਡਾ. ਬੀਰਬਲ ਸਾਹਨੀ, ਡਾ. ਸ਼ਾਂਤੀ ਸਰੂਪ ਭਟਨਾਗਰ, ਡਾ. ਬੈਂਜਾਮਿਨ ਪੀਅਰੀ ਪਾਲ, ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਪਿਆਰਾ ਸਿੰਘ ਗਿੱਲ, ਡਾ. ਹਰਗੋਬਿੰਦ ਖੁਰਾਣਾ, ਮੁਹੰਮਦ ਅਬਦੁਸ ਸਲਾਮ, ਡਾ. ਨਰਿੰਦਰ ਸਿੰਘ ਕੰਪਾਨੀ, ਪ੍ਰੋ. ਯਸ਼ਪਾਲ, ਡਾ. ਓਮ ਪ੍ਰਕਾਸ਼ ਬਹਿਲ, ਡਾ. ਦਿਲਬਾਗ ਸਿੰਘ ਅਟਵਾਲ, ਡਾ. ਖੇਮ ਸਿੰਘ ਗਿੱਲ, ਰਾਜ ਕੁਮਾਰ ਪਥਰੀਆ, ਡਾ. ਗੁਰਦੇਵ ਸਿੰਘ ਖੁਸ਼, ਪ੍ਰੋ. ਕਮਲਜੀਤ ਸਿੰਘ ਬਾਵਾ, ਪ੍ਰੋ. ਵੇਦ ਪ੍ਰਕਾਸ਼ ਸੈਂਡਲਸ, ਡਾ. ਹਰਦੇਵ ਸਿੰਘ ਵਿਰਕ, ਡਾ. ਬਲਦੇਵ ਸਿੰਘ ਢਿੱਲੋਂ, ਡਾ. ਸੁਰੇਸ਼ ਰਤਨ, ਡਾ. ਗਗਨਦੀਪ ਕੰਗ, ਪ੍ਰੋ. ਅਰਵਿੰਦ। ਇਹਨਾਂ ਵਿਚੋਂ ਕੁਝ ਖੋਜਕਾਰਾਂ ਸੰਬੰਧੀ ਤਾਂ ਪੰਜਾਬੀ ਦੇ ਆਮ ਪਾਠਕ ਵੀ ਜਾਣਦੇ ਹਨ, ਪਰ ਕਈ ਖੋਜੀਆਂ ਸੰਬੰਧੀ ਮਾਇਰ ਸਾਹਿਬ ਨੇ ਪਹਿਲੀ ਵਾਰ ਜਾਣਕਾਰੀ ਮੁਹੱਈਆ ਕਰਵਾਈ ਹੈ।




ਸਾਰੇ ਲੇਖਾਂ ਵਿਚ ਲੇਖਕ ਨੇ ਇਕ ਹੀ ਢੰਗ ਵਰਤਿਆ ਹੈ, ਮਸਲਨ ਵਿਗਿਆਨਕ ਬਾਰੇ ਕੁਝ ਸ਼ਬਦ, ਜਨਮ ਅਤੇ ਪਰਿਵਾਰ ਸੰਬੰਧੀ ਜਾਣਕਾਰੀ, ਵਿਦਿਅਕ ਯੋਗਤਾ, ਖੋਜ ਦਾ ਵਿਸ਼ਾ, ਆਪਣੇ ਖੇਤਰ ਦੀਆਂ ਪ੍ਰਾਪਤੀਆਂ, ਖੋਜ ਪੱਤਰ ਅਤੇ ਲਿਖੀਆਂ ਪੁਸਤਕਾਂ ਦਾ ਵੇਰਵਾ, ਇਨਾਮ/ਸਨਮਾਨ, ਸ਼ੌਕ ਅਤੇ ਸਮੇਟਵੀਂ ਟਿੱਪਣੀ ਆਦਿ। ਲੇਖਕ ਨੇ ਇਸ ਢੰਗ ਨਾਲ ਪਾਠਕ ਨੂੰ ਸੰਬੰਧਿਤ ਖੋਜਕਾਰ ਸੰਬੰਧੀ ਮੁੱਢਲੀ ਜਾਣਕਾਰੀ ਦੇ ਕੇ ਇਹਨਾਂ ਮਹਾਨ ਪੰਜਾਬੀ ਖੋਜੀਆਂ ਸੰਬੰਧ ਵਿਸਤਾਰ ਵਿਚ ਜਾਣਕਾਰੀ ਪ੍ਰਾਪਤ ਕਰਨ ਦੀ ਚਿਣਗ ਸੁਲਘਾ ਦਿੱਤੀ ਹੈ। ਇਸ ਨੂੰ ਉੱਚ ਕੋਟੀ ਦੇ ਲੇਖਕ ਅਤੇ ਵਧੀਆ ਲਿਖਤ ਦੀ ਪ੍ਰਾਪਤੀ ਮੰਨਿਆ ਜਾਂਦਾ ਹੈ, ਜਦੋਂ ਪਾਠਕ ਦੇ ਮਨ ਵਿਚ ਸੰਬੰਧਿਤ ਵਿਸ਼ੇ ਪ੍ਰਤੀ ਹੋਰ ਰੁਚੀ ਪੈਦਾ ਹੋਵੇ।

ਲੇਖਕ ਵੱਲੋਂ ਤਕਰੀਬਨ ਹਰ ਲੇਖ ਦਾ ਅੰਤ ਹੀ ਭਾਵਪੂਰਤ ਸ਼ਬਦਾਂ ਨਾਲ ਕੀਤਾ ਗਿਆ ਹੈ। ਇਸ ਦੀਆਂ ਕੁਝ ਉਦਾਹਰਣਾਂ ਹਨ:

1. ਆਓ ਆਪਾਂ ਮਾਂ-ਬੋਲੀ ਪੰਜਾਬੀ ਵਿਚ ਵਿਗਿਆਨਕ ਵਿਸ਼ੇ ਨੂੰ ਪੜ੍ਹਾਉਣ ਦੇ ਡਾ. ਸਾਹਨੀ ਵੱਲੋਂ ਲਏ ਸੁਪਨੇ ਨੂੰ ਹਕੀਕਤ ਵਿਚ ਬਦਲਣ ਲਈ ਯਤਨ ਮੁੜ ਤੋਂ ਅਰੰਭੀਏ। (ਡਾ. ਰੁਚੀ ਰਾਮਸਾਹਨੀ)

2. ਸਚਮੁਚ ਉਹ ਵਿਗਿਆਨ, ਟੈਕਨਾਲੋਜੀ ਅਤੇ ਮੁਲਕ ਦੇ ਵਿਕਾਸ ਵਿਚਕਾਰ ਦ੍ਰਿੜ ਇਰਾਦੇ ਵਾਲਾ ਇਕ ਮਜ਼ਬੂਤ ਪੁਲ ਬਣ ਕੇ ਜਿਉਂਦਾ ਰਿਹਾ ਸੀ। (ਸ਼ਾਂਤੀ ਸਰੂਪ ਭਟਨਾਗਰ)

3. ਉਸ ਦੀ ਨਿਜੀ ਪ੍ਰਯੋਗਸ਼ਾਲਾ 'ਚੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਨੌਜਵਾਨ ਖੋਜੀ ਉਸ ਦੇ ਖੋਜ ਕਾਰਜਾਂ ਨੂੰ ਹੋਰ ਅੱਗੇ ਲੈ ਕੇ ਜਾਣ ਦਾ ਬੀੜਾ ਚੁੱਕਣ ਗੇ। (ਡਾ. ਹਰਗੋਬਿੰਦ ਖੁਰਾਣਾ) ਆਦਿ।

ਹਰੀ ਕ੍ਰਿਸ਼ਨ ਮਾਇਰ ਦੀ ਸ਼ੈਲੀ ਦਾ ਮੀਰੀ ਗੁਣ ਇਹ ਹੈ ਕਿ ਉਹ ਕੁਝ ਸ਼ਬਦਾਂ ਵਿਚ ਹੀ ਬਹੁਤੀ ਜਾਣਕਾਰੀ ਦੇ ਜਾਂਦਾ ਹੈ। ਮੁਹੰਮਦ ਅਬਦੁਸ ਸਲਾਮ ਵਾਲੇ ਲੇਖ ਦੇ ਮੁੱਢ ਵਿਚ ਉਹ ਲਿਖਦਾ ਹੈ, "ਅੰਗ੍ਰੇਜ਼ੀ ਰਾਜ ਵੇਲੇ ਡਾ. ਅਬਦੁਸ ਸਲਾਮ ਭਾਰਤੀ ਪੰਜਾਬ ਦਾ ਇਕ ਸਿਧਾਂਤਕ ਭੌਤਿਕ ਵਿਗਿਆਨੀ ਹੋਇਆ ਹੈ, ਜਿਸ ਨੇ ਅੱਗੇ ਜਾ ਕੇ ਨੋਬਲ ਪੁਰਸਕਾਰ ਵੀ ਹਾਸਿਲ ਕੀਤਾ ਸੀ। ਵੰਡ ਤੋਂ ਪਿੱਛੋਂ ਉਸ ਦੀ ਜੰਮਣ ਭੋਇੰ ਪਾਕਿਸਤਾਨ ਵਿਚ ਚਲੀ ਗਈ ਸੀ। ਉਸ ਨੇ ਸੰਨ 1879 ਵਿਚ ਫਿਜ਼ਿਕਸ ਦਾ ਨੋਬਲ ਪੁਰਸਕਾਰ ਸ਼ੈਲਡਨ ਗਲਾਸ਼ੋ ਅਤੇ ਸਟੀਵਨ ਵੇਨਵਰਗ ਨਾਲ ਸਾਂਝੇ ਤੌਰ ਤੇ ਪ੍ਰਾਪਤ ਕੀਤਾ ਸੀ। ਪਰ ਅਹਿਮਦੀਆ ਪੰਜਾਬੀ ਹੋਣ ਕਰਕੇ ਨੋਬਲ ਪੁਰਸਕਾਰ ਦਾ ਜਸ਼ਨ ਪਾਕਿਸਤਾਨ ਵਿਚ ਨਹੀਂ ਮਨਾਇਆ ਗਿਆ ਸੀ।"

ਵੱਖ-ਵੱਖ ਖੋਜਕਾਰਾਂ ਦੀਆਂ ਖੋਜਾਂ ਸੰਬੰਧੀ ਲੇਖਕ ਨੇ ਦਿਲਚਸਪ ਜਾਣਕਾਰੀ ਮੁਹੱਈਆ ਕਰਵਾਈ ਹੈ:-

ਡਾ. ਬੀਰਬਲ ਸਾਹਨੀ ਜਦੋਂ ਪੜ੍ਹਦਾ ਸੀ, ਉਹ ਟੈਨਿਸ, ਹਾਕੀ ਅਤੇ ਸ਼ਤਰੰਜ ਖੇਡਣ ਦਾ ਸ਼ੌਕੀਨ ਸੀ। ਉਸ ਦੀ ਦਿਲਚਸਪੀ ਸੰਗੀਤ, ਸਿਤਾਰ ਅਤੇ ਵਾਇਲਿਨ ਵਜਾਉਣ ਵੱਲ ਸੀ। ਉਸ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ। ਉਹ ਵਧੀਆ ਲਿਖਾਰੀ ਅਤੇ ਪ੍ਰਭਾਵਸ਼ਾਲੀ ਬੁਲਾਰਾ ਵੀ ਸੀ।

ਡਾ. ਸ਼ਾਂਤੀ ਸਰੂਪ ਭਟਨਾਗਰ ਨੂੰ ਇਕ ਤੇਲ ਕੰਪਨੀ ਦੀ ਸਹਾਇਤਾ ਕਰਨ ਬਦਲੇ ਕੰਪਨੀ ਨੇ ਉਸ ਨੂੰ ਡੇਢ ਲੱਖ ਰੁਪਏ ਦੇਣਾ ਚਾਹੁੰਦੀ ਸੀ, ਪਰ ਉਸ ਨੇ ਇਹ ਪੈਸਾ ਵਿਸ਼ਵ ਵਿਦਿਆਲਿਆ ਨੂੰ ਦੇਣ ਲਈ ਕਿਹਾ ਤਾਂ ਜੋ ਇਸ ਪੈਸੇ ਨਾਲ ਤੇਲ ਅਤੇ ਪੈਟ੍ਰੋਲੀਅਮ ਤੇ ਖੋਜ ਕੀਤੀ ਜਾਵੇ। ਡਾ. ਬੈਂਜਾਮਿਨ ਪੀਅਰੀ ਪਾਲ ਨੇ ਅਠਾਰਾਂ ਸਾਲ ਦੀ ਖੋਜ ਬਾਅਦ ਨਵੀਂ ਕਿਸਮ ਦੀ ਕਣਕ ਦੀ ਖੋਜ ਕੀਤੀ ਜਿਹੜੀ ਕਈ ਰੋਗਾਂ ਦਾ ਟਾਕਰਾ ਕਰ ਸਕਦੀ ਸੀ। ਇਹ ਕਣਕ ਵਿਸ਼ਵ ਭਰ ਵਿਚ ਪ੍ਰਸਿੱਧ ਹੋਈ।

ਪ੍ਰੋ. ਯਸ਼ਪਾਲ ਨੇ ਸਭ ਭਾਰਤ ਵਿਚ ਸਭ ਤੋਂ 'ਬੋਝ ਤੋਂ ਬਿਨਾਂ ਸਿੱਖਣਾ' ਦਾ ਸੁਝਾਅ ਦਿੱਤਾ ਸੀ।

ਡਾ. ਦਿਲਬਾਗ ਸਿੰਘ ਅਟਵਾਲ ਨੇ ਭਾਰਤ ਵਿਚ ਕਣਕ ਦੀ 'ਕਲਿਆਣ' ਕਿਸਮ ਦੀ ਖੋਜ ਕੀਤੀ, ਜਿਸ ਦੀ ਰੋਟੀ ਸੁੱਕਦੀ ਨਹੀਂ ਸੀ। ਆਪਣੇ ਪਿੰਡ ਕਲਿਆਣ ਪੁਰ ਦੇ ਨਾਂ ਤੇ ਕਣਕ ਦੀ ਇਸ ਨਵੀਂ ਕਿਸਮ ਦਾ ਨਾਂ ਰੱਖਿਆ ਸੀ।

ਡਾ. ਖੇਮ ਸਿੰਘ ਗਿੱਲ ਨੇ ਜਿਆਦਾ ਝਾੜ ਦੇਣ ਵਾਲੀਆਂ ਕਣਕ ਦੀਆਂ ਕਿਸਮਾਂ ਦੀ ਖੋਜ ਕਰਕੇ ਭਾਰਤ ਨੂੰ 'ਅੰਨ ਦੇ ਭੰਡਾਰ' ਵੱਜੋਂ ਪ੍ਰਸਿੱਧ ਕੀਤਾ।

ਡਾ. ਹਰਦੇਵ ਸਿੰਘ ਵਿਰਕ ਨੇ 'ਬ੍ਰਹਿਮੰਡ ਦੀ ਰਚਨਾ' ਪੁਸਤਕ ਰਾਹੀਂ ਗੁਰਬਾਣੀ ਦੀ ਵਿਗਿਆਨਕ ਵਿਆਖਿਆ ਕਰਨ ਦੀ ਸ਼ੁਰੂਆਤ ਕੀਤੀ।

ਕਿਤਾਬ ਦੇ ਮੁੱਖ ਬੰਦ ਦੇ ਰੂਪ ਵਿਚ ਲਿਖੀ 'ਜਾਣ-ਪਛਾਣ' ਵਿਚ ਲੇਖਕ ਹਰੀ ਕ੍ਰਿਸ਼ਨ ਮਾਇਰ ਨੇ ਪੁਸਤਕ ਵਿਚ ਦਰਜ ਸਾਰੇ ਵਿਗਿਆਨਕ ਖੋਜੀਆਂ ਬਾਰੇ ਇਕ ਦੋ ਸਤਰਾਂ ਲਿਖ ਕੇ ਪਾਠਕਾਂ ਦੇ ਦਿਲ ਵਿਚ ਪੁਸਤਕ ਨੂੰ ਪੜ੍ਹਨ ਦੀ ਜਿਗਿਆਸਾ ਪੈਦਾ ਕਰ ਦਿੱਤੀ ਹੈ। ਨਿਰਸੰਦੇਹ ਇਸ ਪੁਸਤਕ ਨਾਲ ਪੰਜਾਬ ਦੀਆਂ ਖੋਜੀ ਸਖਸ਼ੀਅਤਾਂ ਨਾਲ ਜਾਣ-ਪਛਾਣ ਕਰਵਾ ਕੇ ਪੰਜਾਬੀ ਪਾਠਕਾਂ ਲਈ ਵਧੀਆ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਕੁਝ ਲੇਖਾਂ ਵਿਚ ਨਿਰੋਲ ਵਿਗਿਆਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਪਰ ਉਸ ਲਈ ਲੇਖਕ ਦੀ ਕੋਈ ਗਲਤੀ ਨਹੀਂ ਬਲਕਿ ਪੰਜਾਬੀ ਵਿਚ ਵਿਗਿਆਨਕ ਸ਼ਬਦਾਵਲੀ ਦੀ ਹੀ ਘਾਟ ਹੈ। ਇਹ ਪੁਸਤਕ ਬੱਚਿਆਂ ਅਤੇ ਵੱਡਿਆਂ ਦੋਹਾਂ ਲਈ ਪੜ੍ਹਨ ਯੋਗ ਹੈ। ਸੌਖੀ ਸ਼ਬਦਾਵਲੀ ਵਿੱਚ ਰਚੀ ਇਹ ਪੁਸਤਕ ਪਾਠ ਪੁਸਤਕ ਬਣਨ ਦੀ ਸਮਰਥਾ ਰੱਖਦੀ ਹੈ। ਗੌਰਕੀ ਪ੍ਰਕਾਸ਼ਨ, ਲੁਧਿਆਣਾ ਵੱਲੋਂ ਪ੍ਰਕਾਸ਼ਿਤ 112 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 140 ਰੁਪਏ ਬਹੁਤ ਵਾਜਬ ਹੈ।

ਹਰੀ ਕ੍ਰਿਸ਼ਨ ਮਾਇਰ ਇਸ ਪੁਸਤਕ ਤੋਂ ਪਹਿਲਾਂ ਵੀ ਭਾਰਤ ਦੇ ਵਿਗਿਆਨੀ(ਦੋ ਭਾਗ), ਮਹਾਨ ਖੋਜਕਾਰ, ਭਾਰਤੀ ਖੋਜਕਾਰ ਸਮੇਤ ਜਾਣਕਾਰੀ ਭਰਪੂਰ 12 ਪੁਸਤਕਾਂ ਦੀ ਰਚਨਾ ਕਰ ਚੁੱਕਿਆ ਹੈ ਅਤੇ ਤਿੰਨ ਕਿਤਾਬਾਂ ਦਾ ਅਨੁਵਾਦ ਵੀ।